Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-4, ਅੰਕ-12, ਨਵੰਬਰ 2014

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਸੰਪਾਦਕੀ



# ਲੋਕ ਕਵੀ ਸੰਤ ਰਾਮ ਉਦਾਸੀ

ਨਕਸਲਵਾੜੀ ਲਹਿਰ ਦਾ ਵਿਸ਼ਲੇਸ਼ਣ ਕਰਿਆਂ ਹੋਰਨਾਂ ਪੱਖਾਂ ਤੋਂ ਤਾਂ ਸ਼ਾਇਦ ਹੀ ਇਕ ਮੱਤ ਹੋਇਆ ਜਾ ਸਕੇ ਪਰ ਇਕ ਗੱਲ ਨੂੰ ਸਭ ਸਵੀਕਾਰਦੇ ਹਨ ਕਿ ਇਸ ਲਹਿਰ ਨੇ ਸਾਹਿਤ ਅੰਦਰ ਇਕ ਵਿਦਰੋਹੀ ਸੁਰ ਅਲਾਪ ਦਿੱਤੀ। ਸਾਹਿਤ ਅੰਦਰ ਇਹ ਮੋੜਾ ਕੱਟਣਾ ਇਸ ਲਹਿਰ ਦੀ ਖਾਸ ਵਿਸ਼ੇਸ਼ਤਾ ਹੈ। ਪੰਜਾਬ ਵਿਚ ਇਸ ਲਹਿਰ ਨੂੰ ਚਲਾਉਣ ਵਾਲੇ ਲੀਡਰ ਤਾਂ ਅੱਜ ਵੀ ਪੀੜ੍ਹੀ ਦੇ ਚੇਤਿਆਂ 'ਚੋਂ ਵਿਸਰ ਚੁੱਕੇ ਹਨ ਪਰ ਇਸ ਲਹਿਰ 'ਚੋਂ ਪੈਦਾ ਹੋਏ ਸਾਹਿਤਕਾਰਾਂ ਦੇ ਨਾਵਾਂ ਤੋਂ ਪੂਰੇ ਵਾਕਫ਼ਕਾਰ ਹਨ ਅਤੇ ਇਨ੍ਹਾਂ ਦਾ ਲਿਖਿਆ ਸਾਹਿਤ ਪ੍ਰੇਰਣਾ ਸਰੋਤ ਵੀ ਬਣਿਆ ਹੋਇਆ ਹੈ। ਕਈ ਲੇਖਕਾਂ ਨੇ ਬੜੀਆਂ ਬੁਲੰਦੀਆਂ ਵੀ ਛੂਹੀਆਂ ਹਨ। ਇਨ੍ਹਾਂ ਵਿਚ ਸੰਤ ਰਾਮ ਉਦਾਸੀ ਦਾ ਨਾਂ ਉਪਰਲੇ ਨਾਵਾਂ ਵਿਚ ਆਉਂਦਾ ਹੈ।

ਪੰਜਾਬੀ ਸਾਹਿਤ ਵਿਚ ਉਸ ਦਾ ਨਾਂਅ ਨਾ ਮਿਟਣਯੋਗ ਬਣ ਗਿਆ ਹੈ। ਉਸ ਦੀ ਕਵਿਤਾ ਦੀ ਸਾਰਥਿਕਤਾ ਹਮੇਸ਼ਾ ਬਣੀ ਰਹੇਗੀ–

ਲੋਕੋ ਬਾਜ਼ ਆ ਜਾਓ ! ਝੂਠੇ ਲੀਡਰਾਂ ਤੋਂ,  
ਇਨ੍ਹਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।  
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨਹੀਂ,  
ਇਹਨਾਂ ਥੋਨੂੰ ਵੀ ਵੇਚ ਕੇ ਖਾਹ ਛੱਡਣੈਂ।

ਇਨ੍ਹਾਂ ਸਤਰਾਂ ਨੂੰ ਪੜ੍ਹਕੇ ਇਉਂ ਲੱਗਦੈ ਜਿਵੇਂ ਉਦਾਸੀ ਅੱਜ ਵੀ ਪਿਛੇ ਖੜ੍ਹਾ ਇਹਨਾਂ ਲੀਡਰ ਲੋਕਾਂ ਦੀਆਂ ਕਰਤੂਤਾਂ ਨੂੰ ਵੇਖ ਰਿਹਾ ਹੋਵੇ। ਉਸ ਨੂੰ ਸਾਥੋਂ ਜੁਦਾ ਹੋਇਆਂ ਬੇਸ਼ੱਕ 28 ਸਾਲ ਹੋ ਗਏ ਹਨ ਪਰ ਸਾਡੇ ਚੇਤਿਆਂ ਵਿਚ ਸਦਾ ਵਸਦਾ ਹੈ। ਉਸ ਦੇ ਬੋਲਾਂ ਦੀ ਆਵਾਜ਼ ਸਾਡੇ ਕੰਨਾਂ ਵਿਚ ਗੂੰਜਦੀ ਹੈ। ਇਹ ਉਹ ਦੀਪ ਹੈ ਜੋ ਬੁਝ ਕੇ ਵੀ ਲੋਆਂ ਵੰਡਦਾ ਹੈ। ਗੁਰਸ਼ਰਨ ਸਿੰਘ ਭਾਅ ਜੀ ਨੇ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਲੋਕਾਂ ਦਾ ਦਰਦ ਪਛਾਨਣ ਵਾਲਾ ਕਵੀ ਆਖਿਆ ਹੈ। ਉਹ ਖਾਸ ਵਿਚਾਰਧਾਰਾ ਦਾ ਪ੍ਰਤੀਬੱਧ ਲੇਖਕ ਸੀ। ਉਸ ਨੇ ਸੱਚ ਆਖਿਆ ਸੀ–

ਮੈਂ ਨਹੀਂ ਹੋਵਾਂਗਾ ਇਸ ਦਾ ਗ਼ਮ ਨਹੀਂ,  
ਗੀਤ ਤਾਂ ਲੋਕਾਂ 'ਚ ਵਸਦੇ ਰਹਿਣਗੇ।

ਉਸ ਦੇ ਗੀਤ ਸੱਚਮੁੱਚ ਲੋਕਾਂ 'ਚ ਵਸਦੇ ਹਨ। ਜਿਉਂਦੇ ਸਮੇਂ ਸੰਤ ਰਾਮ ਉਦਾਸੀ ਸਟੇਜਾਂ ਦਾ ਸ਼ਿੰਗਾਰ ਹੁੰਦਾ ਸੀ, ਅੱਜ ਉਸ ਦੇ ਗੀਤ ਲੋਕਾਂ ਦਾ ਸ਼ਿੰਗਾਰ ਬਣਦੇ ਹਨ। ਉਸ ਦੀ ਮਕਬੂਲੀਅਤ ਦੁਨੀਆ ਦੇ ਹਰ ਕੋਨੇ ਵਿਚ ਜਾਣੀ ਜਾਂਦੀ ਹੈ। ਉਹ ਆਪਣੇ ਆਪ ਨੂੰ ਤੁੱਛ ਸਮਝਣ ਵਾਲਾ ਮਹਾਨ ਕਵੀ ਸੀ। ਉਹ ਕਿੰਨਾ ਨੀਵਾਂ ਬਣ ਜਾਂਦਾ ਹੈ ਜਦ ਲਿਖਦਾ ਹੈ–

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ,  
ਮੈਂ ਇਕ ਅਦਨਾ ਜਿਹਾ ਲਿਖਾਰੀ  
ਸ਼ਬਦਾਂ ਦਾ ਜੰਜਾਲ ਲੈ ਕੇ ਤੇਰੇ ਦੁਆਰ ਆਇਆ ਹਾਂ  
ਤੂੰ ਇਸ ਨੂੰ ਆਪਣੀਆਂ ਮਿੱਠੀਆਂ ਸੁਰਾਂ ਦੀ ਛੁਹ ਦੇਹ  
ਤਾਂ ਜੋ ਇਨ੍ਹਾਂ ਦਾ ਬਣ ਸਕੇ ਕੋਈ ਗੀਤ

ਪੰਜਾਬੀ ਲੋਕਾਂ ਦੇ ਸੁਭਾਅ 'ਤੇ ਸਰੋਦੀ ਕਵਿਤਾ ਹੀ ਪੂਰੀ ਉਤਰਦੀ ਹੈ। ਸੰਤ ਰਾਮ ਉਦਾਸੀ ਨੇ ਬੇਸ਼ੱਕ ਖੁੱਲ੍ਹੀ ਕਵਿਤਾ ਵੀ ਲਿਖੀ ਪਰ ਉਸ ਦੀ ਪ੍ਰਸਿੱਧੀ ਸਰੋਦੀ ਕਵਿਤਾ ਕਰਕੇ ਹੀ ਹੋਈ।

ਸੰਤ ਰਾਮ ਉਦਾਸੀ ਇਸ ਲਹਿਰ ਨਾਲ ਭਾਵਿਕ ਹੋ ਕੇ ਜੁੜਿਆ ਹੋਇਆ ਸਾਹਿਤਕਾਰ ਨਹੀਂ ਸੀ, ਉਸ ਦੇ ਮਨ ਅੰਦਰ ਮਾਰਕਸੀ ਵਿਚਾਰਧਾਰਾ ਦੀ ਰੌਸ਼ਨੀ ਸੀ। ਉਸ ਨੇ ਸਾਰੀ ਰਚਨਾ ਇਸੇ ਦ੍ਰਿਸ਼ਟੀਕੋਣ ਤੋਂ ਕੀਤੀ ਹੈ। ਉਹ ਲਹਿਰ ਦਾ ਕਵੀ ਸੀ, ਲੀਡਰ ਨਹੀਂ। ਪਰ ਉਹ ਜਿਸ ਗਰੁੱਪ ਨਾਲ ਜੁੜਿਆ ਹੋਇਆ ਸੀ, ਉਹ ਉਸ ਨੂੰ ਸਟੇਜਾਂ 'ਤੇ ਇਕ ਲੀਡਰ ਵਾਂਗ ਪੇਸ਼ ਕਰਦੇ ਰਹੇ, ਜਿਸ ਕਾਰਨ ਉਸ ਨੂੰ ਵੱਧ ਨੁਕਸਾਨ ਵੀ ਉਠਾਉਣਾ ਪਿਆ।

ਉਹ ਲੋਕਾਂ ਦਾ ਕਵੀ ਸੀ ਅਤੇ ਲੋਕਾਂ ਦੇ ਹੱਕ ਵਿਚ ਭੁਗਤਿਆ। ਜਿਸ ਨੇ ਹੱਕ, ਸੱਚ ਦੇ ਹੱਕ ਵਿਚ ਗੀਤ ਲਿਖੇ ਹੀ ਨਹੀਂ ਸਗੋਂ ਇਨ੍ਹਾਂ ਰਾਹੀਂ ਬਾਹਾਂ ਚੁੱਕ ਚੁੱਕ ਸਟੇਜਾਂ 'ਤੇ ਹੋਕਾ ਵੀ ਦਿੰਦਾ ਰਿਹਾ। ਇਸ ਕਾਰਨ ਉਸ ਨੂੰ ਦੋ ਵਾਰ ਜੇਲ੍ਹ ਵੀ ਜਾਣਾ ਪਿਆ। ਪਹਿਲੀ ਵਾਰ ਨਕਸਲੀ ਅੰਦੋਲਨ ਦੇ ਮੁਢਲੇ ਸਾਲਾਂ ਵਿਚ ਜਨਵਰੀ 1971 ਤੋਂ ਫਰਵਰੀ 1972 ਤੱਕ ਤੇ ਦੂਜੀ ਵਾਰੀ 1975 ਵਿਚ ਜਦ ਹਿੰਦੁਸਤਾਨ ਵਿਚ ਐਮਰਜੈਂਸੀ ਲੱਗ ਗਈ ਸੀ। ਇਸ ਸਮੇਂ ਇਹ ਅਪ੍ਰੈਲ 1977 ਵਿਚ ਨੌਕਰੀ ਲਈ ਬਹਾਲ ਹੋਇਆ। ਜੇਲ੍ਹ ਸਮੇਂ ਨੂੰ ਲੋਕਾਂ ਦੇ ਹੱਕ ਲਈ ਪੂਰਾ ਵਰਤਿਆ। ਉਸ ਦੀ ਕਵਿਤਾ ਜੇਲ੍ਹ ਵਿਚੋਂ ਹੋਰ ਵੀ ਪ੍ਰਚੰਡ ਹੋ ਕੇ ਨਿਕਲੀ।

ਅਸੀਂ ਸੜਕਾਂ ਤੇ ਡਾਗਾਂ ਦੀ ਅੱਗ ਸੇਕੀ,  
ਐਪਰ ਹੱਕਾਂ ਨੂੰ ਠੰਡ ਲੁਆਈ ਤਾਂ ਨਹੀਂ।  
ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ,  
ਅਸੀਂ ਗੋਲ਼ੀ ਤੋਂ ਕੰਡ ਭੰਵਾਈ ਤਾਂ ਨਹੀਂ।

ਵਤਨ ਨੂੰ ਹੁਣ ਫੇਰ ਖੂਨੀ, ਰੰਗਤਾਂ ਦੀ ਲੋੜ ਹੈ।  
ਦਸਮੇਸ਼ ਦੀ ਤਲਵਾਰ ਨੂੰ, ਹੁਣ ਸੰਗਤਾਂ ਦੀ ਲੋੜ ਹੈ।

– ਹਰਬੰਸ ਸਿੰਘ



15

ਨਵੇਂ ਗ਼ਦਰ ਦੀ ਮਸ਼ਾਲ ਜਗਾਉਣ ਦਾ ਹੋਕਾ ਦੇ ਗਿਆ


23

Joint Nobel Peace Prize for Indo-Pak Nationals.


24

CONDEMN DASTARDLY MASSACRE OF SIKHS ON 30TH ANNIVERSARY!MAY THE CULPRITS BE PUNISHED!



26

ਹਾਂਗ ਕਾਂਗ ਵਿਚ ਹੋ ਰਹੇ ਵਿਰੋਧੀ ਪ੍ਰਦਰਸ਼ਨਾਂ ਦੀ ਹਕੀਕਤ

SUPER VISA INSURANCE

Punjab Insurance Inc PUNJAB INSURANCE INC.

• Life Insurance • Mortgage Insurance  
• Critical Illness Insurance • Disability Insurance  
• RESP, RRSP


Sherjang Singh Rana  
416.910.9000


Ravinder Singh Basra  
416.845.6232

www.punjabinsurance.ca

# 70ਵਿਆਂ ਦੀ ਇਨਕਲਾਬੀ ਲਹਿਰ ’ਚ ਉਦਾਸੀ ਦੀ ਕਵਿਤਾ ਅਤੇ ਅਜੋਕੇ ਦੌਰ ’ਤੇ ਸਾਹਿਤ ਦੀਆਂ ਚੁਣੌਤੀਆਂ

**ਨਰਭਿੰਦਰ**

1967 ਦੇ ਮਈ ਮਹੀਨੇ ’ਚ ਜਦੋਂ ਨਵੀਆਂ ਫਸਲਾਂ ਆਉਂਦੀਆਂ ਨੇ ਬੰਗਾਲ ਦੇ ਲਗਭਗ 274 ਮੀਲ ਦੇ ਦਾਇਰੇ ’ਚ ਜਿਹਨੂੰ ਤਰਾਈ ਦਾ ਇਲਾਕਾ ਕਿਹਾ ਜਾਂਦਾ ਹੈ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਇਨਕਲਾਬੀਆਂ ਨੇ ਇਕ ਲੜਾਕੂ ਅੰਦੋਲਨ ਛੇੜਿਆ ਜਿਸ ’ਚ ਖਾੜੀ ਬਾੜੀ, ਨਕਸਲਬਾੜੀ ਅਤੇ ਫਾਂਸੀਦੇਵਾ ਥਾਣਿਆਂ ਦਾ ਇਲਾਕਾ ਸੀ। ਨਾਅਰਾ ਸੀ ਜਦੋਂ ਜ਼ਮੀਨ ਉਤੇ ਖੇਤੀ ਅਸੀਂ ਕਰਦੇ ਹਾਂ ਤਾਂ ਫਸਲ ਦੀ ਮਾਲਕੀ ਵੀ ਸਾਡੀ ਹੈ। ਅਸੀਂ ਫਸਲ ’ਚੋਂ ਹਿੱਸਾ ਨਹੀਂ ਦੇਣਾ। ਇਸ ਖੇਤਰ ਵਿਚ 70 ਫੀਸਦੀ ਗਰੀਬ ਅਤੇ ਭੂਮੀਹੀਣ ਕਿਸਾਨ ਸਨ 20 ਫੀਸਦੀ ਮੱਧਵਰਗ ਅਤੇ 10 ਫੀਸਦੀ ਅਮੀਰ ਕਿਸਾਨ ਅਤੇ ਜ਼ਮੀਨ ਮਾਲਕ। 55 ਫੀਸਦੀ ਲੋਕ ਠੇਕੇ ’ਤੇ ਹਿੱਸੇ ਉਤੇ ਜ਼ਮੀਨ ਲੈ ਕੇ ਖੇਤੀ ਕਰਦੇ ਸਨ ਭਾਵ ਬਟਾਈਦਾਰ। ਇਕ ਵੱਡਾ ਹਿੱਸਾ ਚਾਹ ਦੇ ਬਾਗਾਂ ’ਚ ਕੰਮ ਕਰਦੇ ਮਜ਼ਦੂਰਾਂ ਦਾ ਸੀ। ਇਸ ਖੇਤਰ ਵਿਚ ਕਮਿਊਨਿਸਟ 1951 ਤੋਂ ਸੰਘਰਸ਼ ਕਰ ਰਹੇ ਹਨ ਅਤੇ ਚਾਹ ਦੇ ਬਾਗ ਦੇ ਮਜ਼ਦੂਰਾਂ ਦੀ ਮਜ਼ਦੂਰੀ ਵਧਾਉਣ ਦੀ ਮੰਗ ਨੂੰ ਲੈ ਕੇ ਸਰਗਰਮ ਸਨ। ਮਾਰਚ 1967 ’ਚ ਮਾਰਕਸਵਾਦੀ ਕਮਿਊਨਿਸਟ ਪਾਰਟੀ ਹੇਠ 14 ਪਾਰਟੀਆਂ ਦਾ ਸਾਂਝਾ ਫਰੰਟ ਬਣਿਆ। ਸਿਲੀਗੁੜੀ ਤਹਿਸੀਲ ’ਚ 18 ਮਾਰਚ 1967 ਨੂੰ ਕਿਸਾਨ ਅੰਦੋਲਨ ਹੋਇਆ ਅਤੇ ਜਿਸ ਵਿਚ ਕਿਸਾਨ ਸੰਮਤੀ ਨੇ ਜ਼ਮੀਨ ਦੀ ਮਾਲਕੀ ਨੂੰ ਤੋੜ ਕੇ ਉਸ ਦੀ ਨਵੇਂ ਸਿਰਿਓਂ ਵੰਡ ਕਰਨ ਦਾ ਸੱਦਾ ਦਿੱਤਾ। ਮਾਰਚ ਤੋਂ ਅਪ੍ਰੈਲ ਤੱਕ ਕਿਸਾਨ ਇਕਜੁਟ ਹੁੰਦੇ ਰਹੇ। ਸੀ. ਪੀ. ਐਮ. ਦੀ ਅਗਵਾਈ ’ਚ ਇਹ ਮੁਹਿੰਮ ਇਸ ਵਿਸ਼ਾਲ ਖਿੱਤੇ ’ਚ ਫੈਲੀ। ਕਿਸਾਨ ਸਭਾ ਦੀ ਮੈਂਬਰਸ਼ਿਪ 5 ਹਜਾਰ ਤੋਂ ਵੱਧ ਕੇ 40 ਹਜ਼ਾਰ ਹੋ ਗਈ, 20 ਹਜ਼ਾਰ ਕਿਸਾਨ ਸਰਗਰਮ ਕਾਰਕੁੰਨ ਬਣ ਗਏ। ਸੈਂਕੜੇ ਰੈਲੀਆਂ, ਮੀਟਿੰਗਾਂ ਤੋਂ ਪਿਛੋਂ 90 ਫੀਸਦੀ ਪੇਂਡੂ ਲੋਕ ਪਾਰਟੀ ਨਾਲ ਜਥੇਬੰਦ ਹੋ ਗਏ। ਕਿਸਾਨਾਂ, ਮਜ਼ਦੂਰਾਂ ਨੇ ਗਰਮਜੋਸ਼ੀ ਨਾਲ ਪਾਰਟੀ ਨੂੰ ਸਹਿਯੋਗ ਦਿੱਤਾ। ਇਸ ਦੌਰਾਨ ਜ਼ਮੀਨ ਉਤੇ ਮਾਲਕੀ ਨੂੰ ਲੈ ਕੇ ਕਿਸਾਨ ਸੰਮਤੀਆਂ ਨੇ ਜ਼ਮੀਨ ਨੂੰ ਮੁੜ ਵੰਡਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਅਤੇ ਵਟਾਈ (ਫਸਲ ਦਾ ਹਿੱਸਾ) ਦੇਣ ਤੋਂ ਨਾਂਹ ਕਰ ਦਿੱਤੀ। 23 ਮਈ 1967 ਨੂੰ ਬੰਗਾਲ ਪੁਲਿਸ ਪਾਰਟੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਆ ਪਹੁੰਚੀ। ਲੋਕਾਂ ਨੇ ਵਿਰੋਧ ਕੀਤਾ। ਸਰਕਾਰ ਪਾਰਟੀ ਦੀ ਤੇ ਪਾਰਟੀ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਕਿਵੇਂ ਪ੍ਰਵਾਨ ਹੁੰਦਾ। ਜਦੋਂ ਪੁਲਿਸ ਨੂੰ ਰੋਕਿਆ ਤਾਂ ਇਸ ਖਹਿਬਾਜ਼ੀ ’ਚ ਆਦਿਵਾਸੀ ਕਿਸਾਨ ਇਲਾਕਿਆਂ ’ਚ ਤਿੰਨ ਪੁਲਿਸ ਵਾਲੇ ਜ਼ਖ਼ਮੀ ਹੋਏ ਅਤੇ ਜਿਨ੍ਹਾਂ ’ਚੋ ਇਕ ਇੰਸਪੈਕਟਰ ਸੋਨਮਬੰਦੀ ਮਰ ਗਿਆ। 25 ਮਈ ਨੂੰ ਵੱਡੀ ਗਿਣਤੀ ’ਚ ਪੁਲਿਸ ਸਬਕ ਸਿਖਾਉਣ ਆਈ। ਹਜ਼ਾਰਾਂ ਕਿਸਾਨ ਰੋਸ ਵਜੋਂ ਇਕੱਠੇ ਗਏ ਇਸ ਉਤੇ ਪੁਲਿਸ ਨੇ ਗੋਲੀ ਚਲਾਈ। 7 ਔਰਤਾਂ ’ਚੋਂ ਬੱਚਿਆਂ ਸਮੇਤ 10 ਲੋਕ ਮਾਰੇ ਗਏ। ਇਸ ਜ਼ੁਲਮ ਨੇ ਕਿਸਾਨ ਸੰਘਰਸ਼ ਨੂੰ ਨਵੀਂ ਦਾਅਵਤੀ ਦਿੱਤੀ। ਨਕਸਲਬਾੜੀ ਥਾਣੇ ਦੇ ਖੇਤਰ ਵਿਚ ਹੋਈ ਇਸ ਘਟਨਾ ਨੇ ਦੇਸ਼ ਵਿਆਪੀ ਅਹਿਮੀਅਤ ਇਸ ਕਰਕੇ ਵੀ ਸੀ ਕਿ ਸੱਤਾ ਵਿਚ ਸੀ. ਪੀ. ਐਮ. ਦੀ ਆਪਣੀ ਸਰਕਾਰ ਸੀ ਜਿਸ ਨੇ ਆਪਣੇ ਹੀ ਪਾਰਟੀ ਦੀ ਅਗਵਾਈ ’ਚ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਬੇਕਿਰਕੀ ਨਾਲ ਕੁਚਲਣ ਦੀ ਕਾਰਵਾਈ ਨੂੰ ਅੰਜਾਮ ਦਿੱਤਾ। ਉਸ ਮੌਕੇ ਸੀ. ਪੀ. ਆਈ. ਵੀ ਗਠਜੋੜ ’ਚ ਸ਼ਾਮਲ ਸੀ। ਉਨ੍ਹਾਂ ਅੰਦੋਲਨ ਵਾਪਸ ਲੈਣ ਦੀ ਅਪੀਲ ਕੀਤੀ ਜਿਸ ਨੂੰ ਤਹਿਸੀਲ ਕਮੇਟੀ ਨੇ ਹੁੰਗਾਰਾ ਦਿੱਤਾ। ਦਰਅਸਲ ਇਸ ਸੰਘਰਸ਼ ਨੇ ਭਾਰਤੀ ਕਮਿਊਨਿਸਟ ਲਹਿਰ ਵਿਚ ਰੇਖਾ ਖਿਚ ਦਿੱਤੀ। ਇਕ ਉਹ ਹਿੱਸਾ ਜਿਹੜਾ ਸੱਤਾ ਨੂੰ ਗਲਤ ਢੰਗ ਨਾਲ ਤਬਦੀਲ ਕਰਨ ਦੇ ਸਿਧਾਂਤ ਨੂੰ ਅਪਣਾ ਬੈਠਾ ਸੀ। ਇਕ ਉਹ ਇਨਕਲਾਬੀ ਵਿਚਾਰ ਜਿਹੜੇ ਸੱਤਾ ਨੂੰ ਲੋਕਾਈ ਦੀਆਂ ਇਛਾਵਾਂ ਅਨੁਸਾਰ ਮੁੜ ਸਿਰਜਨ ਦੇ ਵਿਚਾਰ ਦਾ ਧਾਰਨੀ ਸੀ। ਇਕੱਲੇ ਬੰਗਾਲ ’ਚ ਉਸ ਸਮੇਂ 400 ਪਾਰਟੀ ਦੇ ਕੁਲਵਕਤੀ ਕਾਰਕੁੰਨ ਕੱਢੇ ਗਏ। ਦੇਸ਼ ਭਰ ਵਿਚ ਇਸ ਅੰਦੋਲਨ ਦੀ ਚਰਚਾ ਤੋਂ ਪਿਛੋਂ ਸੀ. ਪੀ. ਐਮ. ਵਿਚੋਂ ਹਜ਼ਾਰਾਂ ਕਾਰਕੁੰਨ ਇਸ ਇਨਕਲਾਬੀ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਨਿੱਤਰ ਆਏ। ਇਕ ਨਵੇਂ ਵਿਚਾਰ ਨੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਨਵੰਬਰ 13, 1967 ਨੂੰ ਕੁਲ ਹਿੰਦ ਇਨਕਲਾਬੀ ਕਮਿਊਨਿਸਟ ਪਾਰਟੀ ਦਾ ਵੀ ਗਠਨ ਹੋਇਆ। ਇਸ ਨੇ ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ ਵਿਚ ਇਕ ਨਵੀਂ ਰੂਹ ਫੂਕੀ। ਸੱਤਾ ਵਿਰੋਧੀ ਸਿੰਬਲ ਦੇ ਤੌਰ ’ਤੇ ਵਿਕਸਤ ਹੋ ਰਹੇ ਇਸ ਕੇਂਦਰ ਨੂੰ ਦੇਸ਼ ਭਰ ਦੇ ਬੇਚੈਨ ਨੌਜਵਾਨਾਂ ਵਲੋਂ ਖਾਸ ਹੁੰਗਾਰਾ ਮਿਲਿਆ।

ਬੰਗਾਲ ਦੇ ਕਾਲਜਾਂ ਤੋਂ ਸ਼ੁਰੂ ਹੋਈ ਇਹ ਮੁਹਿੰਮ ਦੇਸ਼ ਭਰ ਵਿਚ ਫੈਲ ਗਈ। ਬੰਗਾਲ ਸਰਕਾਰ ਦੀ ਪੁਲਿਸ ਨੇ ਸਖ਼ਤ ਰਵੱਈਆ ਅਪਣਾਇਆ। ਦੇਸ਼ ਭਰ ’ਚ ਹਾਕਮਾਂ ਨੇ ਇਸ ਨੂੰ ਤਾਕਤ ਨਾਲ ਕੁਚਲਣ ਦੀ ਨੀਤੀ ਅਪਣਾਈ। ਸੈਂਕੜੇ ਨੌਜਵਾਨਾਂ ਨੂੰ ਪੁਲਿਸ ਨੇ ਭੁੰਨ ਸੁੱਟਿਆ। ਉਨ੍ਹਾਂ ਦੀਆਂ ਜਾਨਾ ਵਿਅਰਥ ਨਹੀਂ ਗਈਆਂ ਉਨ੍ਹਾਂ ਦੇ ਆਦਰਸ਼ ਜੇਤੂ ਹੋ ਕੇ ਨਿਕਲੇ। ਇਸ ਲਹਿਰ ਦਾ ਪਹਿਲਾ ਹਿੱਸਾ ਇਥੇ ਹੀ ਖਤਮ ਹੁੰਦਾ ਹੈ।

1961 ਤੋਂ 71 ਦਰਮਿਆਨ ਭੂਮੀਹੀਣ ਕਿਸਾਨਾਂ ਦੀ ਗਿਣਤੀ ਡੇਢ ਗੁਣਾਂ ਵੱਧ ਗਈ। ਇਸੇ ਦੌਰ ’ਚ ਭੁੱਖਮਰੀ ਦੀ ਹਾਲਤ ਵੀ ਸੀ। ਵਿਕਾਸ ਦੇ ਨਵੇਂ ਭਾਰਤ ਦੇ ਨਿਰਮਾਣ ਦੇ ਦਾਅਵੇ ਖੋਖਲੇ ਹੋ ਗਏ, ਰੋਜ਼ਗਾਰ ਦੇ ਨਵੇਂ ਵਸੀਲੇ ਬੰਦ ਹੋ ਗਏ, ਪੁਰਾਣੇ ਵਸੀਲੇ ਸ਼ੁਰੂ ਹੋ ਗਏ। ਇਕ ਬੇਚੈਨੀ ਵਧੀ, ਇਹ ਬੇਚੈਨੀ ਇਕ ਨਵੀਂ ਦਿਸ਼ਾ ਦੀ ਮੰਗ ਕਰਦੀ ਸੀ। ਇਸ ਮੌਕੇ ਅਗਵਾਈ ਕਮਿਊਨਿਸਟ ਪਾਰਟੀ ਨੇ ਦੇਣੀ ਸੀ। ਦੇਸ਼ ਇਕ ਇਨਕਲਾਬੀ ਬਦਲ ਮੰਗ ਰਿਹਾ ਸੀ। ਇਸ ਮੌਕੇ ਜਦੋਂ ਸੀ. ਪੀ. ਐਮ. ਅਤੇ ਸੀ. ਪੀ. ਆਈ. ਇਸ ਬਦਲ ਨੂੰ ਮਹਿਜ ਪਾਰਲੀਮੈਂਟਰੀ ਬਦਲ ਤੱਕ ਸਮੇਟ ਦਿੱਤਾ ਸੀ ਤਾਂ ਇਸੇ ਮੌਕੇ ਨਕਸਲਬਾੜੀ ਦਾ ਉਨ੍ਹਾਂ ਇਕ ਬਦਲ ਦੇ ਰੂਪ ਉਭਰਿਆ। ਲੁੱਟ ਤੇ ਆਧਾਰ ਇਹ ਪ੍ਰਬੰਧ ਨੂੰ ਸਿਰਫ਼ ਲੋਕਾਈ ਦੀ ਹਥਿਆਰਬੰਦ ਤਾਕਤ




ਨਾਲ ਹੀ ਬਦਲਿਆ ਜਾ ਸਕਦਾ ਹੈ। ਦੇਸ਼ ਭਰ ਵਿਚ ਇਸ ਨਾਅਰੇ ਨੂੰ ਭਰਵਾਂ ਹੁੰਗਾਰਾ ਮਿਲਿਆ। ਦੇਸ਼ ਭਰ ਕੇ ਬੁੱਧੀਜੀਵੀ ਤੇ ਸਾਹਿਤਕਾਰ ਇਸ ਦੇ ਪਿਛੇ ਆ ਖਲੋਤੇ। ਹਰ ਅੰਦੋਲਨ, ਹਰ ਲਹਿਰ ਆਪਣੇ ਗਾਇਕ/ਸਾਹਿਤਕਾਰ ਆਪਣੇ ਨਾਲ ਲਿਆਉਂਦਾ ਹੈ। ਦੇਸ਼ ਭਰ ਵਿਚ ਹਜ਼ਾਰਾਂ ਨਵੀਆਂ ਕਲਮਾਂ ਉਠ ਪਈਆਂ

**ਜਦੋਂ ਤੱਕ ਮੈਂ ਦੇਖ ਸਕਦਾ ਹਾਂ**
**ਮੈਂ ਤਲਾਸ਼ਦਾ ਰਹਾਂਗਾ**
**ਜਦੋਂ ਤੱਕ ਮੈਂ ਚਲ ਸਕਦਾ ਹਾਂ**
**ਅੱਗੇ ਵਧਦਾ ਰਹਾਂਗਾ**
**ਜਦੋਂ ਤੱਕ ਮੈਂ ਖੜ੍ਹਾ ਰਹਿ ਸਕੇਗਾਂ**
**ਲੜਦਾ ਰਹਾਂਗਾ। (ਸੁਬਰਤ ਦੱਤ)**

ਕਈ ਕਲਮਾਂ ਖਾਮੋਸ਼ ਵੀ ਕਰ ਦਿੱਤੀਆਂ ਗਈਆਂ। 70ਵਿਆਂ ਦੇ ਇਸ ਦੇਸ਼ ਭਰ ਵਿਚ ਸਾਹਿਤ ਵਿਸ਼ੇਸ਼ ਕਰਕੇ ਕਵਿਤਾ ਦੇ ਖੇਤਰ ਵਿਚ ਇਕ ਪੁਰਾਣੀਆਂ ਰੋਕਾਂ ਨੂੰ ਤੋੜਿਆਂ ਕਵਿਤਾ ਰਾਤਾਂ ਨਾਲ ਸੰਵਾਦ ਕਰਦੀ ਉਭਰੀ। ਸਾਹਿਤ ਵਿਚ ਇਕ ਨਵੀਂ ਲਾਲ ਲੋਅ ਦਿਖੀ, ਜਿਹਨੇ ਮੁੜ ਚੇਤੰਨ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ ਦੀ ਭੂਮਿਕਾ ਨਿਭਾਈ। ਦੇਸ਼ ਵਿਚ ਬਹੁਤੇ ਕਵੀਆਂ ਨੇ ਆਪਣੀ ਕਵਿਤਾ ਦੀ ਕੀਮਤ ਵੀ ਖ਼ੂਨ ਦੇ ਕੇ ਚੁਕਾਈ।

**ਇਸ ਤਰ੍ਹਾਂ ਮਾਰੋ ਕਿ**
**ਸਿਰ ਤੋਂ ਪੈਰ ਤੱਕ ਕੋੜਿਆਂ ਦੇ**
**ਦਾਮ ਬਣੇ ਰਹਿਣ**
**ਇਸ ਤਰ੍ਹਾਂ ਮਾਰੋ ਕਿ**
**ਦਾਗ ਕਾਫ਼ੀ ਦਿਨਾਂ ਤੱਕ ਬਣੇ ਰਹੇ**
**ਇਸ ਤਰ੍ਹਾਂ ਮਾਰੋ ਕਿ**
**ਤੁਹਾਡੀ ਕੁੱਟ ਦਾ ਦੌਰ ਖਤਮ ਪਿਛੋਂ**
**ਮੈਂ ਧਾਰੀਕਾਰ ਸ਼ੇਰ ਵਾਂਗੂ ਲੱਗਾਂ।**

INSURANCE!
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

(ਵਿਪਲ ਚੱਕਰਵਰਤੀ)

ਦੇਸ਼ ਭਰ ਵਿਚ ਫੈਲੀ ਇਸ ਇਨਕਲਾਬੀ ਸਪਿਰਟ ਨੇ ਪੰਜਾਬ ਅੰਦਰ ਵੀ ਇਕ ਅੰਗੜਿਆਈ ਲਈ। ਪੰਜਾਬ 'ਚ ਕਮਿਊਨਿਸਟ ਇਨਕਲਾਬੀਆਂ ਦਾ ਇਕ ਮੰਚ ਬਣਿਆ ਅਤੇ ਜਮਾਤੀ ਸੰਘਰਸ਼ ਦਾ ਬਿਗਲ ਵੱਜ ਗਿਆ।

ਇਸ ਦੇ ਕੇਂਦਰ ਕਾਲਜ ਬਣੇ ਅਤੇ ਕੁਝ ਫਾਰਮ ਹਾਊਸ। ਹਾਕਮਾਂ ਵਲੋਂ ਲਹਿਰ ਨੂੰ ਕੁਚਲਣ ਦੀ ਦੇਸ਼ ਵਿਆਪੀ ਨੀਤੀ ਵਜੋਂ ਪੰਜਾਬ ਵਿਚ ਵੀ ਜਬਰ ਦਾ ਝਖੜ ਝੁਲਿਆ। ਵੇਲੇ ਦੀ ਅਕਾਲੀ ਸਰਕਾਰ ਦੇ ਸਰਗਨੇ ਬਾਦਲ ਦੇ ਰਾਜ 'ਚ 70 ਦੇ ਕਰੀਬ ਨੌਜਵਾਨ ਘਰਾਂ ਤੋਂ ਫੜਫੜ ਕੇ ਗੋਲੀਆਂ ਨਾਲ ਭੁੰਨ ਦਿੱਤੇ। ਇਸ ਇਨਕਲਾਬੀ ਚਿੰਗਾਰੀ ਤੇ ਸਟੇਟ ਦੇ ਜ਼ਬਰ ਨੇ ਇਕ ਚੁਆਤੀ ਦਾ ਕੰਮ ਕੀਤਾ ਹਜ਼ਾਰਾਂ ਸਿਰਲੱਥ ਇਸ ਲਹਿਰ ਦੀ ਬੁੱਕਲ 'ਚ ਆ ਗਏ। ਇਹੋ ਸਮਾਂ ਸੀ ਜਦੋਂ ਸੰਤ ਰਾਮ ਉਦਾਸੀ ਇਸ ਲਹਿਰ ਦੇ ਨੇੜੇ ਆਇਆ ਸੀ। ਜਿਹਦੇ ਬੋਲਾਂ ਨੇ ਪੰਜਾਬ ਦੀ ਫਿਜ਼ਾ 'ਚ ਇਕ ਨਵਾਂ ਸੰਦੇਸ਼ ਛੱਡਿਆ।

**ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉਤੇ**
**ਤੁਹਾਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਾ**
**ਤੁਹਾਡੀ ਯਾਦ 'ਚ ਬੈਠ ਕੇ ਦੋ ਘੜੀਆਂ**
**ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਾ**
**ਤੁਹਾਨੂੰ ਮਿਲੇ ਹੁੰਗਾਰਾ ਸੰਸਾਰ ਵਿਚੋਂ**
**ਮੁੱਢ ਬੰਨ੍ਹਿਆ ਤੁਸੀਂ ਹਾਣੀਆਂ ਦਾ**
**ਸਹੀ ਖਾਂਦੇ ਹਾਂ ਅਸੀਂ ਜੁਆਨੀਆਂ ਦੀ**
**ਮੁੱਲ ਤਾਰਾਂਗੇ ਉਨ੍ਹਾਂ ਕੁਰਬਾਨੀਆਂ ਦਾ**

ਇਸ ਰੋਹਲੀ ਹੇਕ ਨੇ ਪਿੰਡਾਂ ਦੀਆਂ ਸੱਥਾਂ, ਕਾਲਜਾਂ ਦੀਆਂ ਕਲਾਸਾਂ ਵਿਹੜਿਆਂ 'ਚ ਇਕ ਨਵੀਂ ਧੌਂਕਣੀ ਛੇੜ ਦਿੱਤੀ। ਜਮਾਤੀ ਦੁਸ਼ਮਣ ਪ੍ਰਤੀ ਚੇਤੰਨ ਉਦਾਸੀ ਦੇ ਸ਼ਬਦ ਰੋਹਲੇ ਬੋਲ ਬਣ ਕੇ ਗੂੰਜੇ।

**ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ**
**ਦੂਜਾ ਤੇਰਾ ਸ਼ਾਹਾਂ ਨਾਲ ਜੋੜ**
**ਤੇਰੀ ਨੀਂਦ ਉਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ**
**ਕੁੱਤੇ ਰੱਖਣ ਦੀ ਨਹੀਂ ਲੋੜ।**

ਸੰਤ ਰਾਮ ਉਦਾਸੀ ਦੇ ਇਨ੍ਹਾਂ ਬੋਲਾਂ ਤੇ ਸ਼ਬਦਾਂ ਨੇ ਪੰਜਾਬ ਦੀ ਸਾਹਿਤਕ ਧਰਾਤਲ 'ਚ ਪਸਰੀ ਬੇਚੈਨੀ ਨੂੰ ਤੋੜਿਆ। ਲਹਿਰ ਦੇ ਕਲਾਵੇ ਦਰਜਨਾਂ ਸਾਹਿਤਕਾਰ ਆਏ ਜਿਨ੍ਹਾਂ ਨੇ ਆਪਣੀ ਕਾਵਿ ਰਚਨਾ ਰਾਹੀਂ ਸਮੇਂ ਦੀ ਹਕੂਮਤ ਨੂੰ ਵੰਗਾਰਿਆ ਅਤੇ ਜਬਰ ਰਾਜ ਦਾ ਢੋਂਗ ਨੰਗਾ ਕੀਤਾ, ਲਾਲ ਸਿੰਘ ਦਿਲ, ਹਰਭਜਨ ਹਲਵਾਰਵੀ, ਦਰਸ਼ਨ ਖਟਕੜ, ਪਾਸ਼, ਅਮਰਜੀਤ ਸਿੰਘ, ਗੁਰਦੀਪ ਗਰੇਵਾਲ ਆਦਿ ਨੇ ਕਲਮ ਨੂੰ ਹਥਿਆਰ ਬਣਾ ਲਿਆ। ਹਾਕਮ ਇਨਕਲਾਬੀ ਨੌਜਵਾਨਾਂ ਨੂੰ ਗੋਲੀਆਂ ਨਾਲ ਭੁੰਨ ਰਹੇ ਸਨ ਕਲਮਾਂ ਬੋਲ ਰਹੀਆਂ ਸਨ।

**ਰੋਣ ਵਾਲਿਓ ਲੋਥ ਮੇਰੀ ਉਤੇ ਬੰਨ੍ਹੋ ਕੁਝ ਤਲ ਵਾਂਗ**
**ਜਿਸ ਦੇ ਵਰ ਤੋਂ ਰਾਜੇ ਮੰਗਦੇ ਉਸ ਰੱਬ ਨੂੰ ਲਲਕਾਰਾਂ**
**ਅੱਜ ਹੋਣੀ ਦੀ ਹਾਨਣ ਕਰਕੇ ਜ਼ਿੰਦਗੀ ਪਈ ਹੰਢਾਓ**
**ਅੱਜ ਵਰਗਾ ਕਿਣ ਕਿਤੇ ਨਹੀਂ ਚੜ੍ਹਨਾ ਅੱਜ ਜੇਹੀ ਰਾਤ ਨਹੀਂ ਆਉਣੀ।**

ਨਕਸਲਬਾੜੀ ਇਕ ਵਿਚਾਰ ਸਮੂਹ ਸੀ ਜਿਸ ਨੇ ਸਿਰਫ਼ ਵਿਵਸਥਾ ਨੂੰ ਚੈਲੰਜ ਨਹੀਂ ਕੀਤਾ ਸਗੋਂ ਹਰ ਖੇਤਰ ਵਿਚ ਇਕ ਨਵੇਂ ਵਿਚਾਰਾਂ, ਸਵਾਲਾਂ ਨੂੰ ਸਾਹਮਣੇ ਲਿਆਂਦਾ। ਇਸ ਵਿਦਰੋਹ ਦੇ ਬਿਗਲ ਤੋਂ ਸਿਰਫ਼ ਰਾਜਨੀਤੀ ਪ੍ਰਭਾਵਿਤ ਨਹੀਂ ਸੀ ਹੋਈ। ਹੋਰਾਂ ਖੇਤਰਾਂ ਦੇ ਨਾਲ ਨਾਲ ਸਾਹਿਤ ਦਾ ਖੇਤਰ ਵਿਸ਼ੇਸ਼ ਕਰਕੇ ਕਵਿਤਾ ਨੇ ਉਸ ਸਰਦ ਜਕੜ ਨੂੰ ਤੋੜਿਆ ਜਿਹੜੀ ਰੋਮਾਂਸਵਾਦ ਦੀ ਜਕੜ 'ਚ ਘਟੀ ਹੋਈ ਸੀ। ਕਵਿਤਾ ਜਿਹੜੀ ਸ਼ਰਮੀਲੀ ਵਿਧਾ ਦੇ ਤੌਰ 'ਤੇ ਜਾਣੀ ਜਾਂਦੀ ਸੀ, ਵਿਚ ਅਜਿਹਾ ਜਾਂਬਾਜਤਾ ਅਤੇ ਹਕੂਮਤ ਵਿਰੋਧੀ ਰੋਹਲੀ ਸੁਰ ਵੀ ਹੁੰਦੀ ਹੈ ਉਹ ਇਸ ਦੌਰ ਨੇ ਇਕ ਵਾਰ ਫਿਰ ਸਿੱਧ ਕੀਤੀ ਵਿਸ਼ੇਸ਼ ਕਰਕੇ ਸੰਤ ਰਾਮ ਉਦਾਸੀ ਦੀ ਕਵਿਤਾ ਦੀ ਭਾਸ਼ਾ ਨੇ ਇਨਕਲਾਬੀ ਲਹਿਰ ਲਈ ਵਿਆਪਕ ਲੋਕਾਈ ਨੂੰ ਮਾਨਸਿਕ ਤੇ ਚੇਤੰਨ ਤੌਰ 'ਤੇ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਇਹ ਕਈ ਦਹਾਕਿਆਂ ਪਿਛੋਂ ਵਾਪਰਿਆ ਸੀ ਪੰਜਾਬ ਦਾ ਇਕ ਲੋਕ ਗੀਤ 1857 ਤੋਂ ਪਿਛੋਂ ਚਰਚਿਤ ਸੀ:

**ਅੱਠ ਫਰੰਗੀ, ਨੌਂ ਗੋਰੇ,**
**ਲੜੇ ਨਾਲ ਬਸ ਦੋ ਛੋਹਰੇ।**

ਜਾਂ ਪੰਜਾਬੀ ਲੋਕ ਬੋਲੀ 'ਚ ਇਕ ਟੱਪਾ ਮਿਲਦਾ ਹੈ :

**ਮੌਤ ਮੌਤ ਨਾ ਕਰ ਜੈਕੁਰੇ**
**ਦੇਖ ਮੌਤ ਦੇ ਕਾਰੇ**
**ਪਹਿਲਾਂ ਮੌਤ ਨੇ ਦਿੱਲੀ ਢਾਹੀ**
**ਫੇਰ ਵੜੀ ਪਟਿਆਲੇ**
**ਪਟਿਆਲੇ ਵਾਲੇ ਦੇ ਗੱਭਰੂ ਮਰ ਗਏ**
**ਲਾਲ ਦਾਹੜੀਆਂ ਵਾਲੇ**
**ਨਾਭੇ ਵਾਲੀ ਦੀ ਕੰਜਰੀ ਮਰ ਗਈ**
**ਰੌਣਕਾਂ ਲੈ ਗਈ ਨਾਲੇ**
**ਲੱਡੂ ਜਲੇਬੀਆਂ ਗਲੀਆਂ ਰੁੱਲ ਦੇ**
**ਦੇਖ ਮੌਤ ਦੇ ਕਾਰੇ**
**ਜਲ ਉਤੇ ਫੁੱਲ ਤਰਦੇ,**
**ਚੁੱਕ ਲੈ ਪਤਲੀਏ ਨਾਰੇ**
**ਜਲ ਉਤੇ ਫੁੱਲ ਤਰਦੇ।**

ਇਹ ਲੋਕ ਬੋਲੀ ਦਾ ਬੰਦ ਲਗਭਗ 1880 ਦੇ ਨੇੜੇ ਤੇੜੇ ਦਾ ਲਿਖਿਆ ਹੋਇਆ ਹੈ ਇਹਨੇ 1857 ਤੋਂ ਪਿਛੋਂ ਪੰਜਾਬ ਦੇ ਹਾਲ ਨੂੰ ਵਰਨਣ ਕੀਤਾ ਹੈ। ਇਕ ਭਿਆਨਕ ਸਮੇਂ ਨੂੰ ਲੋਕ ਕਵੀ ਨੇ ਕਿਵੇਂ ਇਹਦੀ ਕਾਵਿ ਕਲਾ 'ਚ ਇਕ ਮਿਸਾਲ ਹੈ। ਇਤਿਹਾਸ ਇਉਂ ਸੀ ਕਿ 1857 'ਚ ਜਦੋਂ ਅੰਗਰੇਜ਼ਾਂ ਵਿਰੋਧ ਪਹਿਲੀ ਬਗਾਵਤ ਹੋਈ ਸੀ, ਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਦਿੱਲੀ ਉਤੇ ਮੁੜ ਕਬਜ਼ਾ ਕਰਨ ਵੇਲੇ ਹਜ਼ਾਰਾਂ ਲੋਕਾਂ ਦਾ ਕਤਲੇਆਮ ਕੀਤਾ ਸੀ। ਐਮਰਜੈਂਸੀ ਦਸਤਾਵੇਜ਼ਾਂ ਮੁਤਾਬਕ 60 ਹਜ਼ਾਰ ਦੀ ਆਬਾਦੀ ਵਾਲੀ ਦਿੱਲੀ ਇਕ ਵਾਰੀ ਖਾਲੀ ਹੋ ਗਈ ਸੀ ਅਤੇ ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਪਟਿਆਲਾ ਦੇ ਰਾਜੇ ਦੀ ਫੌਜ ਅੰਗਰੇਜ਼ਾਂ ਦੀ ਮਦਦ ਲਈ ਗਈ ਸੀ ਜਿਹਦੇ ਸੈਂਕੜੇ ਸਿਪਾਹੀ ਉਥੇ ਮਾਰੇ ਗਏ ਸਨ। ਇਸ ਦੌਰ 'ਚ ਨਾਭੇ ਵਾਲੇ ਰਾਜੇ ਵਲੋਂ ਅੰਗਰੇਜ਼ਾਂ ਦੀ ਮਦਦ ਨਹੀਂ ਸੀ ਕੀਤੀ ਗਈ ਜਿਸ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਰਾਜੇ ਦੇ ਮਹਿਲਾਂ ਦੀ ਰੌਣਕ ਉਜੜ ਗਈ ਸੀ ਜਿਥੇ ਕੋਈ ਗਾਣ ਵਜਾਉਣ ਨਹੀਂ ਸੀ ਹੁੰਦਾ। ਇਸ ਅਸ਼ਾਂਤ ਮਾਹੌਲ 'ਚ ਮਠਿਆਈਆਂ ਖਾਣ ਨੂੰ ਕੀਹਦਾ ਚਿੱਤ ਕਰਦਾ ਸੀ। ਇਨ੍ਹਾਂ ਲੜਾਈਆਂ 'ਚ ਮਾਰੇ ਗਏ ਸਿਮਾਹੀਆਂ ਤੇ ਆਮ ਲੋਕਾਂ ਦੀਆਂ ਅਸਥੀਆਂ (ਫੁੱਲ) ਜਲ ਪ੍ਰਵਾਹ ਹੋ ਰਹੇ ਸਨ। ਜਵਾਨ ਔਰਤਾਂ ਰੰਡੀਆਂ ਹੋ ਰਹੀਆਂ ਸਨ।

ਇਹ ਲੰਬਾ ਹਵਾਲਾ ਇਸ ਲਈ ਦਿੱਤਾ ਹੈ ਕਿ ਪੰਜਾਬੀ ਕਵਿਤਾ ਦੀ ਇਹ ਅਮੀਰ ਪ੍ਰੰਪਰਾ ਸੀ ਜਿਹਨੂੰ ਉਦਾਸੀ ਨੇ ਅਪਣਾਇਆ। ਉਦਾਸੀ ਦੀ ਕਵਿਤਾ ਦੀ ਇਸ ਦੌਰ ਦੀ ਪੀੜਾ ਦੀ ਲੋਕ ਬਾਣੀ ਬਣ ਗਈ। ਕਵਿਤਾ ਵਿਚ ਹਾਉਂਕਾ ਤੇ ਰੁਦਨ ਨਹੀਂ। ਕਵਿਤਾ ਜਬਰ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਅਤੇ ਇਸ ਵਿਰੁੱਧ ਚੇਤੰਨ ਹੁੰਦਿਆਂ ਖਲੋਣ ਦੀ ਸਮਰੱਥਾ ਹੀ ਨਹੀਂ ਰੱਖਦੀ ਸਗੋਂ ਲੋਕਾਈ 'ਚ ਸਮਰੱਥਾ ਪੈਦਾ ਕਰਨ ਦੀ ਭੂਮਿਕਾ ਵੀ ਨਿਭਾਉਂਦੀ ਹੈ। ਮੌਤ ਨੂੰ ਟਿਚ ਜਾਣਦੀ ਕਵਿਤਾ ਮਖੌਲਾਂ ਕਰਦੀ, ਸਿਰ ਕੱਫਣ ਬੰਨ੍ਹਣ ਵਾਲਿਆਂ ਦੀ ਕਤਾਰ ਦੇ ਨਾਲ ਖੜ੍ਹਦੀ ਹੈ। ਇਹ ਉਹਨੇ ਆਪਣੇ ਇਤਿਹਾਸ 'ਚੋਂ ਲਿਆ।

ਸਮੇਂ ਦੀ ਵਿਵਸਥਾ ਵਿਰੁੱਧ ਸੱਚ ਦੇ ਹੱਕ 'ਚ ਲੜਨ ਵਾਲੇ ਲੋਕਾਂ ਦਾ ਇਤਿਹਾਸ ਕਿਸੇ ਖਾਸ ਪਾਵੇ ਨਾਲ ਨਹੀਂ ਬੱਝਾ ਹੁੰਦਾ। ਇਹ ਉਸ ਲਹਿਰ ਦਾ ਵਿਰਸਾ ਹੁੰਦਾ ਹੈ ਜਿਹੜੀ ਸੱਚ ਦੀ ਲੜਾਈ ਨੂੰ ਅੱਗੇ ਲਿਜਾਣਾ ਲੋਚਦੀ ਹੈ।

ਅਜੇ ਕੀ ਹੈ ਸਾਡਾ ਪੰਖੇਰੂਆਂ ਦਾ ਅਸੀਂ ਦਸਾਂਗੇ ਜਦੋਂ ਵੀ ਟਹਿਲਰਾਂਗੇ

**ਅਸੀਂ ਗੱਭਰੂ ਤੂਤ ਦੀ ਛਿੱਟੀ ਵਰਗੇ**
**ਜਿਨ੍ਹਾਂ ਛਾਂਗੋਗੇ ਉਨਾ ਹੀ ਫੈਲਣਗੇ**
**ਅਸੀਂ ਸੜਕਾਂ ਉਤੇ ਡਾਂਗਾਂ ਦੀ ਅੱਗ ਸੇਕੀ**
**ਐਪਰ ਹੱਕਾਂ ਨੂੰ ਠੰਡ ਲੁਆਈ ਤਾਂ ਨਹੀਂ**
**ਸਾਡਾ ਕਾਤਲ ਹੀ ਕੱਚਾ ਨਿਸ਼ਾਨਚੀ ਸੀ**
**ਅਸੀਂ ਗੋਦੀ ਤੋਂ ਕੰਡ ਭਆਈ ਤਾਂ ਨਹੀਂ**
**ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ**
**ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁੱਲ**
**ਮੇਰੀ ਅੰਮੀਏ ਕਿਹਾ ਮੁਕਾਬਲਾ ਸੀ**
**ਸੌ ਬੋਲ ਤੇ ਇਕ ਸੀ ਸਰੋਂ ਦਾ ਫੁੱਲ**

ਇਹ ਲਹਿਰਾਂ ਹੀ ਹੁੰਦੀਆਂ ਨੇ ਜਿਹੜੀਆਂ ਮਨੁੱਖਾਂ ਅੰਦਰ ਅਜਿਹੀ ਸਮਰੱਥਾ ਚੇਤਨਾ ਪੈਦਾ ਕਰਦੀਆਂ ਨੇ। ਉਦਾਸੀ ਦੀ ਕਵਿਤਾ ਕਿਸੇ ਜਜ਼ਬਾਤ 'ਚੋਂ ਨਹੀਂ ਚੇਤੰਨਤਾ ਅਤੇ ਯਥਾਰਥਵਾਦੀ ਉਪਜ ਹੈ। ਚੇਤੰਨਤਾ ਜਿਹੜੀ ਉਨ੍ਹਾਂ ਸਮਾਜ ਤੇ ਲਹਿਰ ਦੀ ਸਿਧਾਂਤਕ ਅਗਵਾਈ 'ਚੋਂ ਲਈ ਅਤੇ ਯਥਾਰਥ ਜਿਹੜਾ ਉਸਨੇ ਜ਼ਿੰਦਗੀ 'ਚ ਆਪਣੇ ਆਲੇ ਦੁਆਲੇ ਦੀ ਜ਼ਿੰਦਗੀ 'ਚੋਂ ਭੋਗਿਆ।

ਇਕ ਕਵੀ ਲੇਖਕ ਸ਼ਬਦਾਂ ਦੀ ਤਾਕਤ ਨਾਲ ਜੋ ਹਾਸਲ ਕਰਨਾ ਚਾਹੁੰਦਾ ਹੈ ਉਹ ਇਹ ਕਿ ਉਹ ਇਕ ਚੁੱਪ ਨੂੰ ਆਵਾਜ਼ ਦਿੰਦਾ ਹੈ। ਕਵਿਤਾ ਤੁਹਾਨੂੰ ਕੁਝ ਮਹਿਸੂਸ ਕਰਵਾਉਂਦੀ ਹੈ। ਰਚਨਾ ਰਾਹੀਂ ਲੇਖਕ ਯਥਾਰਥ ਨੂੰ ਅਜਿਹੇ ਸ਼ਬਦਾਂ ਦਾ ਜਾਮਾ ਪਹਿਨਾਕੇ ਲੋਕਾਈ ਸਾਹਮਣੇ ਪੇਸ਼ ਕਰਦਾ ਹੈ ਕਿ ਚੁੱਪ ਇਕ ਆਵਾਜ਼ ਦਾ ਰੂਪ ਲੈ ਕੇ ਟੁੱਟਦੀ ਹੈ। ਚੁੱਪ ਤੋੜਨਾ ਹੀ ਉਦਾਸੀ ਦੇ ਹਿੱਸੇ ਆਇਆ ਹੈ।

**ਅਜੇ ਨਾ ਆਈ ਮੰਜ਼ਿਲ ਤੇਰੀ**
**ਅਜੇ ਵਧੇਗਾ ਪਾੜਾ ਹੈ।**

**ਹਿੰਮਤ ਕਰ ਅਲਬੇਲਾ ਰਾਹੀ**
**ਅਜੇ ਹਨੇਰਾ ਗਾੜ੍ਹਾ ਏ**
**ਜਾਂ**
**ਮੇਰੀ ਕਿਰਤ ਨੂੰ ਲੁੱਟਣ ਵਾਲਿਓ**
**ਕਿਉਂ ਪੀਓਂ ਰਾਤ ਬਹਾਰਾਂ ਦੀ**
**ਇਹ ਧਰਤੀ ਹੈ ਮਜਦੂਰਾਂ ਦੀ**
**ਇਹ ਨਹੀਂ ਸਰਮਾਏਦਾਰਾਂ ਦੀ**

**ਔਹ ਚੱਕਰ ਖਾ ਕੇ ਡਿੱਗਿਆ ਏ**
**ਤੇ ਕਰਦਾ ਰੰਦ ਜੋਸਾ.ਫ ਤੇਰਾ**
**ਨਹੀਂ ਤਾਕਤ ਪਾਉਂਦਾ ਵੈਦ ਕੋਈ ਆਹ ?**
**ਤੜਪ ਰਿਹਾ ਹੈ ਬਾਪ ਮੇਰਾ**
**ਇਸ ਕਾਰਖਾਨੇ ਦੇ ਬਾਲਣ ਵਿਚ,**
**ਮੇਰੀ ਮਾਂ ਦਾ ਜਿਸਮ ਹੀ ਬਲਦਾ ਏ**
**ਤੇ ਜੋਬਨ ਮੇਰੀਆਂ ਭੈਣਾਂ ਦਾ**
**ਸੜਕਾਂ ਦੇ ਕਿਨਾਰਾ ਢਲਦਾ ਏ।**
**ਇਹ ਧਰਤੀ ਸਾਡੀ ਮਾਂ ਵਰਗੀ**
**ਇਸ ਤੋਂ ਕੁਝ ਵੀ ਨਾ ਭੁਲਿਆ**
**ਇਹ ਸਭ ਜਾਣਦੇ ਨੇ ਖੇਤਾਂ ਵਿਚ ਹੈ**
**ਕਿਸ ਦਾ ਲਹੂ ਡੁੱਲਿਆ ਏ**
**ਫਿਰ ਕਿਉਂ ਨਾ ਅੱਜ ਮਜਦੂਰ ਕਹੇ**
**ਜੋ ਧਰਤੀ ਤੇ ਉਹ ਮੇਰਾ ਹੈ**
**ਜਿਸ ਨੂੰ ਤੂੰ ਆਪਣਾ ਦੇਸ਼ ਕਹੇਂ**
**ਉਹ ਤੇਰਾ ਨਹੀਂ ਉਹ ਮੇਰਾ ਏ।**

ਦੇਸ਼ ਕੀਹਦਾ ਹੈ ? ਦੇਸ਼ ਕੀ ਹੈ ? ਕੀ ਦੇਸ਼ ਉਨ੍ਹਾਂ ਚੰਦ ਕੁ ਘਰਾਣਿਆਂ ਦਾ ਹੈ ਜਿਨ੍ਹਾਂ ਨੇ ਦੇਸ਼ ਦੇ ਪੈਦਾਵਾਰੀ ਸਾਧਨਾਂ ਨੂੰ ਕਪਟੀ ਢੰਗਾਂ ਨਾਲ ਹਥਿਆਇਆ ਹੈ ਜਾਂ ਕਰੋੜਾਂ ਕਰੋੜ ਕਿਰਤੀ ਲੋਕਾਂ ਦਾ ਜਿਹੜੇ ਉਤਪਾਦਨ ਦੇ ਨਿਰਮਾਣ 'ਚ ਲੱਗੇ ਹੋਏ ਹਨ। ਉਦਾਸੀ ਦੀ ਕਵਿਤਾ ਸਾ.ਫ ਕਰਦੀਹੈ ਦੋ ਜਮਾਤਾਂ ਦੇ ਆਪਸੀ ਦਵੰਧ ਨੂੰ, ਦਵੰਧ ਹੀ ਨਹੀਂ। ਆਰ ਪਾਰ ਦੀ ਲੜਾਈ ਨੂੰ ਵੀ। ਉਦਾਸੀ ਕੋਈ ਵਿਚ ਵਿਚਾਲੇ ਵਾਲਾ ਰਾਹ ਨਹੀਂ ਫੜਦਾ। ਇਕ ਪਾਸੇ ਪੂੰਜੀ ਦੀ ਜਮਾਤ ਹੈ ਦੂਸਰੇ ਪਾਸੇ ਕਿਰਤੀ ਮਜਦੂਰ ਉਹ ਮਜਦੂਰ ਵਰਗ ਦੀ ਮਾਲਕੀ ਸਰਦਾਰੀ ਦੀ ਕਾਇਮੀ ਦੇ ਹਿੱਤ ਵਿਚ ਆਵਾਜ਼ ਉਠਾ ਰਿਹਾ ਹੈ।

ਉਦਾਸੀ ਦੀ ਕਵਿਤਾ 'ਚ ਤੁਸੀਂ ਰਾਜ ਦੇਖੋਗੇ, ਜਮਾਤਾਂ ਦੇ ਚਰਿੱਤਰ ਅਤੇ ਰਾਜਕੀ ਸੰਸਥਾਵਾਂ ਨਿਘਾਰ ਦੀਆਂ ਸਿਧਾਂਤਕ ਗਰਬੰਦੀਆਂ ਪੜ੍ਹ ਸਕਦੇ ਹੋ। ਉਦਾਸੀ ਇਕ ਜਮਾਤੀ ਤੌਰ 'ਤੇ ਸੁਚੇਤ ਕਵੀ ਹੈ ਅਤੇ ਉਹ ਲਿਤਾੜੇ ਜਾ ਰਹੇ ਲੋਕਾਂ ਦੀ ਪੀੜਾ ਨੂੰ ਹੀ ਕਵਿਤਾ ਵਿਚ ਪਹੁੰਚ ਰਿਹਾ ਹੈ। ਮੌਜੂਦਾ ਜਮਹੂਰੀ ਨਿਜ਼ਾਮ 'ਚ ਜਿਸ ਦੇ ਜਮਹੂਰੀਅਤ ਵਰਗਾ ਕੁਝ ਵੀ ਨਹੀਂ, ਨੂੰ ਸਖ਼ਤ ਨਫ਼ਰਤ ਕਰਦਾ ਹੈ ਅਤੇ ਇਸ ਦਾ ਮਜ਼ਾਕ ਉਡਾਉਂਦਾ ਹੈ। ਇਹੋ ਕਾਰਨ ਹੈ ਕਿ ਹਾਕਮਾਂ ਨੂੰ ਉਦਾਸੀ ਹਜ਼ਮ ਨਹੀਂ ਸੀ ਉਹਨੂੰ ਵੀ ਲਹਿਰ ਦੇ ਹੋਰਾਂ ਕਾਰਕੁੰਨਾਂ ਵਾਂਗੂ ਤਸੀਹੇ ਝੱਲਣੇ ਪਏ। ਉਦਾਸੀ ਦੀ ਕਵਿਤਾ ਮਜਦੂਰ ਜਮਾਤ ਪ੍ਰਤੀ ਗਹਿਗਚ ਵੀ ਵਫ਼ਾਦਾਰੀ ਨਿਭਾਉਂਦੀ ਹੈ।

ਕੁਝ ਬੌਣਿਆਂ ਨੇ ਉਦਾਸੀ ਨੂੰ ਛੋਟਿਆਂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਦਾਸੀ ਦੀ ਕਵਿਤਾ ਉਨ੍ਹਾਂ ਦੇ ਮੂੰਹ ਉਤੇ ਹੀ ਚੁਪੇੜ ਹੈ। ਉਦਾਸੀ ਤਾਂ ਹਾਕਮਾਂ ਵਲੋਂ ਲੋਕਾਂ ਨੂੰ ਵਿਸ਼ੇਸ਼ ਕਰਕੇ ਕਿਰਤੀ ਵਰਗ ਨੂੰ ਧਰਮਾਂ, ਜਾਤਾਂ ਵਿਚਕਾਰ ਵੰਡਣ ਦੀ ਕੋਝੀ ਚਾਲ 'ਚ ਰਹਿੰਦਾ ਹੈ ਅਤੇ 20ਵਿਆਂ ਦੇ ਦਹਾਕੇ 'ਚ ਇਹ ਵਾਪਰਿਆ ਵੀ। ਉਦਾਸੀ ਚੇਤੰਨ ਰੂਪ ਵਿਚ ਆਪਣੇ ਵਰਗ ਨੂੰ ਸੁਚੇਤ ਕਰਦਾ ਹੈ।

**ਪੂੰਜੀਪਤੀਆਂ ਦੀ ਮਰਜ਼ੀ ਹੈ ਤੂੰ ਲੜਦਾ ਰਹੇਂ ਤੂੰ ਮਰਦਾਂ ਰਹੇ।**
**ਧਰਮ ਕਾਨੂੰਨ ਤੇ ਜਾਤ ਦਾ ਝੰਡਾ ਤੂੰ ਚੁੱਕਦਾ ਰਹੇ ਤੂੰ ਧਾਰਦਾ ਰਹੇਂ।**
**ਫੌਜ ਪੁਲਿਸ ਦੇ ਸਾਏ ਹੇਠ ਰਹਿਣ ਉਸਰਦੇ ਮਹਿਲ ਮੁਨਾਰੇ**
**ਰਹੇ ਰੜਕਦੀ ਬਿਜਲੀ ਬੇਸ਼ੱਕ, ਘਰ ਨਾ ਕੁਸਕਣ ਕੁੱਲੀਆਂ ਚਾਰੇ**
**ਸਾਡੇ ਕਰੋ ਲਹੂ ਤੇ ਮੁੜਕਾ ਤੇ ਲੋਹੇ ਤੇ ਪਹਿਰਾ ਲਾਓ**
**ਇਕ ਹੋ ਜਾਓ। ਇਕ ਹੋ ਜਾਓ**
**ਤੇ ਜਦੋਂ ਉਹਨੇ ਇਹ ਲਿਖਿਆ**
**ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ**
**ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ**
**ਕਿਸ ਨੂੰ ਕਿਸ ਦਾ ਵਤਨ ਕਹਾਂਗੇ**
**ਮੈਂ ਹੁਣ ਕਿਸ ਨੂੰ ਵਤਨ ਕਹਾਂਗਾ।**

ਇਹ ਪੰਜਾਬ ਦਾ ਉਹੀ ਦੌਰ ਸੀ ਜਿਹਨੂੰ ਕਾਲਾ ਦੌਰ ਕਿਹਾ ਜਾਂਦਾ ਹੈ। ਉਦਾਸੀ ਦੀ ਕਵਿਤਾ ਬਾਰੇ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਉਹ ਉਸ ਕਾਲੇ ਦੌਰ ਵਿਚ ਬੇਬਾਕ ਬੋਲ ਰਿਹਾ ਹੈ।

ਉਦਾਸੀ ਦੀ ਕਵਿਤਾ ਦਾ ਦੌਰ 70ਵਿਆਂ ਤੇ 80ਵਿਆਂ ਦਾ ਦੌਰ ਹੈ ਅੱਜ ਸਮਾਂ ਉਸ ਤੋਂ ਅੱਗੇ ਤੁਰ ਚੁੱਕਾ ਹੈ। ਉਹ ਦੌਰ ਮੱਧ ਵਰਗੀ ਇਨਕਲਾਬੀ ਰੋਮਾਂਸ ਦਾ ਭਾਰੂ ਦੌਰ ਸੀ। ਜਿਸ ਵਿਚ ਕਿਰਤੀ ਜਮਾਤ ਪ੍ਰਤੀ ਹਮਦਰਦੀ ਰੱਖਣ ਵਾਲੀ ਇਸ ਜਮਾਤ ਨੇ ਆਪਣੀ ਇਕ ਹਾਂਪੱਖੀ ਭੂਮਿਕਾ ਨਿਭਾਈ। ਅਗਲੇਰਾ ਦੌਰ ਨਿਰੋਲ ਕਿਰਤੀ ਵਰਗ ਦਾ ਦੌਰ ਹੈ।

ਸਮਾਜਿਕ ਆਰਥਿਕ ਸਰੰਚਨਾ ਵਿਚ ਤਿੱਖੀਆਂ ਤਬਦੀਲੀਆਂ ਆ ਚੁੱਕੀਆਂ ਨੇ ਵੈਸੇ 70ਵਿਆਂ ਦੇ ਹਰੇ ਇਨਕਲਾਬ ਨੇ ਹੀ ਪੰਜਾਬ ਦੇ ਸਮਾਜਿਕ ਆਰਥਿਕ ਧਰਾਤਲ ਦਾ ਮੁਹਾਂਦਰਾ ਬਦਲ ਦਿੱਤਾ ਸੀ ਪਰ 1991 ਤੋਂ ਪਿਛੋਂ ਤਾਂ ਪੰਜਾਬ ਸਮੇਤ ਦੇਸ਼ ਦੀ ਕਾਇਆ ਕਲਪ ਹੀ ਬਦਲ ਗਈ ਹੈ। ਪਿਛਲੇਰੇ ਪੂੰਜੀ ਦੇ ਖੁੱਲ੍ਹੇ ਮੁਕਾਬਲੇ ਦੇ ਦੌਰ ਦੇ 30 ਸਾਲਾਂ ਨੇ ਜਿਥੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ, ਉਥੇ ਕਿਰਤੀ ਵਰਗ ਦੀ ਅਗਵਾਈ ਭੂਮਿਕਾ ਪ੍ਰਥਮ ਬਣ ਗਈ ਹੈ।

ਵਿਸ਼ਵੀਕਰਨ ਦੇ ਇਸ ਦੌਰ ਨੇ ਉਸ ਰਾਜਕੀ ਪੂੰਜੀ ਦੇ ਮਾਡਲ ਨੂੰ ਮੁਕੰਮਲ ਤਬਦੀਲ ਕਰਨ ਦੀ ਠਾਣ ਲਈ ਹੈ ਜਿਹਨੂੰ ਕਿਸੇ ਵੇਲੇ ਸੰਕਟਗ੍ਰਸਤ ਪੂੰਜੀਵਾਦ ਨੇ ਅਰਥਸ਼ਾਸਤਰੀ ਕੇਨੇਜ਼ ਦੀਆਂ ਸਿਫਾਰਸ਼ਾਂ ਨਾਲ ਘਟਾਇਆ ਸੀ ਜਾਂ ਭਾਰਤ ਵਰਗੇ ਨਵ ਆਜ਼ਾਦ ਹੋਏ ਦੇਸ਼ਾਂ ਨੇ ਅਖੌਤੀ ਸਮਾਜਵਾਦੀ ਮਾਡਲ ਦੀ ਨਕਲ ਕਰਨੀ ਲੋਚੀ ਸੀ। ਨਹਿਰੂ ਮਾਡਲ ਕੁਝ ਇਸ ਤਰ੍ਹਾਂ ਦਾ ਹੀ ਘਾਲਾਮਾਲਾ ਸੀ ਪਰ ਅੱਜ ਵਿਸ਼ਵ ਦੀ ਪੂੰਜੀ ਦੁਨੀਆ ਦੇ ਆਰਥਿਕ ਸੋਮਿਆਂ ਉਤੇ ਹਵਾਊ ਢੰਗ ਨਾਲ ਕਬਜ਼ੇ ਕਰਨ ਵਲ ਵਧ ਰਹੀ ਹੈ। ਤਾਨਾਸ਼ਾਹ ਪ੍ਰਵਿਰਤੀ ਵਾਲਾ ਇਹ ਪੂੰਜੀਵਾਦ ਇਕ ਤੋਂ ਪਿਛੋਂ ਦੂਸਰੇ ਦੁਨੀਆ ਦੇ ਆਰਥਿਕ ਸ੍ਰੋਤਾਂ ਨੂੰ ਕਬਜ਼ੇ 'ਚ ਲੈਂਦਾ ਜਾ ਰਿਹਾ ਹੈ ਅਤੇ ਉਹ ਵੀ ਅਮਾਨਵੀ ਤੇ ਜ਼ਾਬਰ ਢੰਗਾਂ ਨਾਲ। ਇਸ ਦੇ ਭਿਆਨਕ ਚਿਹਰੇ ਅਫ਼ਗਾਨਿਸਤਾਨ, ਇਰਾਕ, ਇਰਾਨ ਸਪੇਨ ਰਾਜਾ ਪੱਟੀ ਆਦਿ ਕਈ ਅਫਰੀਕੀ, ਲਾਤੀਨੀ ਅਮਰੀਕੀ ਖੇਤਰਾਂ ਵਿਚ ਵੇਖੇ ਜਾ ਸਕਦੇ ਹਨ। ਭਾਰਤੀ ਹਾਕਮ ਜਮਾਤ ਨੇ ਤਾਂ ਇਸ ਸਾਮਰਾਜੀ ਕਾਰਪੋਰੇਟੀ ਪੂੰਜੀ ਮੂਹਰੇ ਗੋਡੇ ਹੀ ਟੇਕ ਦਿੱਤੇ ਹਨ। ਨਵੀਆਂ ਆਰਥਿਕ ਨੀਤੀਆਂ ਦੇ ਨਾਂ ਹੇਠ ਇਸ ਕਾਰਪੋਰੇਟੀ ਪੂੰਜੀ ਨੇ ਆਦਿਮ ਸਮਿਥ ਦੇ ਆਰਥਿਕ ਸਿਧਾਂਤ ਨੂੰ ਅਪਣਾਇਆ ਹੈ, ਜਿਸ ਨੂੰ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਲਟਨ ਫਰਾਈਡਮੈਨ ਅਤੇ ਫਰਾਈਡ ਹਾਈਕ ਨੇ ਵਿਕਸਤ ਕੀਤਾ ਹੈ ਜਿਸ ਦਾ ਕਹਿਣਾ ਹੈ ਕਿ "ਸਰਕਾਰ ਨੂੰ ਆਪਣੀ ਭੂਮਿਕਾ ਘਟਾਉਣੀ ਚਾਹੀਦੀ ਹੈ ਅਤੇ ਸਭ ਕੁਝ ਨੂੰ ਪੂੰਜੀ ਦੀ ਖੁੱਲ੍ਹੀ ਮੰਡੀ ਦੇ ਰਹਿਮੋਕਰਮ ਉਤੇ ਛੱਡ ਦੇਣਾ ਚਾਹੀਦਾ ਹੈ। ਫਰਾਈਡਮੈਨ ਦੀ ਕਿਤਾਬ Who goverment is problem ਵਿਚ ਸਰਕਾਰਾਂ ਦੇ ਵਜੂਦ ਉਤੇ ਹੀ ਸਵਾਲ ਖੜ੍ਹਾ ਕਰਦਿਆਂ ਉਸ ਨੂੰ ਸੁਝਾਅ ਦਿੱਤਾ ਹੈ ਕਿ ਸਰਕਾਰਾਂ ਨੂੰ ਸਮਾਜ ਭਲਾਈ ਖੇਤਰ ਦੇ ਕੰਮਾਂ ਤੋਂ ਪਿਛੇ ਹਟ ਜਾਣਾ ਚਾਹੀਦਾ ਹੈ ਅਤੇ ਉਹਦਾ ਕੰਮ ਸਿਰਫ਼ ਮੈਨੇਜ ਕਰਨਾ ਹੀ ਹੈ। ਪਿਛਲੇਰੇ 30 ਸਾਲਾਂ 'ਚ ਅਰਥਚਾਰੇ 'ਚ ਵਾਪਰੀਆਂ ਇਨ੍ਹਾਂ ਨੀਤੀਆਂ ਦੁਰਪ੍ਰਭਾਵ ਵਿਸ਼ਵ ਵਿਆਪੀ ਪੈਮਾਨੇ ਉਤੇ ਪੈ ਰਹੇ ਹਨ ਦੁਨੀਆ ਵਿਚ ਆਰਥਿਕ ਪਾੜਾ ਬਹੁਤਾ ਜ਼ਿਆਦਾ ਵੱਧ ਗਿਆ ਹੈ। ਅਮਰੀਕਾ ਵਿਚ ਹੀ ਜਿਥੇ 1960 'ਚ 10 ਫੀਸਦੀ ਲੋਕਾਂ ਕੋਲ 35.5 ਫੀਸਦੀ ਤੱਕ ਪਹੁੰਚ ਗਿਆ ਹੈ, 2012 ਵਿਚ ਚੋਟੀ ਦੇ ਇਕ ਫੀਸਦੀ ਘਰਾਣਿਆਂ ਨੇ 22.5 ਫੀਸਦੀ ਆਮਦਨ ਹਥਿਆ ਲਈ। ਪਿਛਲੇ ਸਾਲ 10 ਫੀਸਦੀ ਅਮੀਰ ਪਰਿਵਾਰ ਦੇਸ਼ ਦੀ 70 ਫੀਸਦੀ ਸੰਪਤੀ ਦੇ ਮਾਲਕ ਸਨ। ਇਕ ਫੀਸਦੀ ਕੋਲ ਦੇਸ਼ ਦੀ ਸੰਪਤੀ ਦੀ 35 ਫੀਸਦੀ ਮਾਲਕੀ ਹੈ। ਇਹ ਅਮਰੀਕਾ ਨਹੀਂ ਦੁਨੀਆ ਪੱਧਰ ਉਤੇ ਇਹ ਵਰਤਾਰੇ ਵੇਖੇ ਜਾ ਸਕਦੇ ਹਨ। ਉਧਰ ਤਨਖਾਹਾਂ ਦੇ ਪੱਧਰ ਉਤੇ ਵੇਖਿਆ ਜਾਵੇ ਤਾਂ ਦੁਨੀਆ 'ਚ ਸਭ ਤੋਂ ਵੱਧ ਤਨਖਾਹ ਲੈਣ ਵਾਲਾ ਅਧਿਕਾਰੀ ਲਾਰੇਸ਼ ਜੇ ਇਲ ਲੀਸਨ 78.4 ਮਿਲੀਅਨ ਡਾਲਰ ਭਾਵ 5 ਅਰਬ ਰੁਪਏ ਤਨਖਾਹ ਲੈਂਦਾ ਹੈ ਪ੍ਰਤੀ ਘੰਟਾ 37692 ਡਾਲਰ। ਸਾਡੇ ਦੇਸ਼ ਵਿਚ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ 67 ਕਰੋੜ ਰੁਪਏ ਸਾਲਾਨਾ ਤਨਖਾਹ ਲੈਂਦਾ ਸੀ। ਮਨਮੋਹਨ ਸਿੰਘ ਨੇ ਕਿਹਾ ਕਿ ਕੁਝ ਘਟ ਕਰ ਦਿਓ ਤਾਂ ਪਿਛਲੇ ਸਾਲ ਉਹਨੇ 55 ਕਰੋੜ ਤੋਂ ਥੋੜ੍ਹੀ ਵੱਧ ਤਨਖਾਹ ਲਈ। ਉਧਰ ਇਕ ਮਜਦੂਰ ਨੂੰ 20 ਤੋਂ 35 ਰੁਪਏ ਵਿਚ ਗੁਜ਼ਾਰਾ ਕਰਨਾ ਪੈ ਰਿਹਾ ਹੈ। ਭਾਵ ਸਾ.ਫ ਹੈ ਕਿ ਪੂੰਜੀ ਕੁਝ ਹੱਥਾਂ 'ਚ ਕੇਂਦਰਤ ਹੋ ਚੁੱਕੀ ਹੈ ਅਤੇ ਆਰਥਿਕ ਪਾੜਾ ਵਧ ਰਿਹਾ ਹੈ। ਸਿੱਟੇ ਵਜੋਂ ਸਮਾਜਿਕ ਤਣਾਅ ਪੈਦਾ ਹੋਣ ਦਾ ਆਧਾਰ ਤਿਆਰ ਹੋ ਰਿਹਾ ਹੈ ਜਿਸ ਵਿਕਾਸ ਦੇ ਦਮਗਜੇ ਮਾਰੇ ਜਾ ਰਹੇ ਹਨ ਉਹ ਰੋਜ਼ਗਾਰ ਵਹੀਣ ਹੈ। ਹੋਇਆ ਇਹ ਹੈ ਕਿ ਪਿਛਲੇਰੇ 20 ਸਾਲਾਂ 'ਚ ਨਵੇਂ ਰੋਜ਼ਗਾਰ ਦੇ ਮੌਕੇ ਤਾਂ ਕੀ ਵਿਕਸਤ ਹੋਣੇ ਸਨ ਪੁਰਾਣੇ ਖੋਹੇ ਜਾ ਰਹੇ ਹਨ। ਲੱਖਾਂ ਕਿਰਤੀਆਂ ਪਾਸੋਂ ਰੋਜ਼ਗਾਰ ਖੋਹ ਕੇ ਸੜਕਾਂ ਉਤੇ ਲਿਆ ਖੜ੍ਹਾ ਕੀਤਾ ਹੈ। ਦੇਸ਼ ਦੇ ਬਹੁਮੁੱਲੀ ਖਣਿਜ ਪਦਾਰਥਾਂ ਵਾਲੇ ਜੰਗਲਾਂ ਪਹਾੜਾਂ ਨੂੰ ਦੇਸੀ ਵਿਦੇਸੀ ਕਾਰਪੋਰੇਟ ਘਰਾਣਿਆਂ ਨੂੰ ਦਿੱਤਾ ਜਾ ਰਿਹਾ ਹੈ। ਅਰਬਾਂ ਖਰਬਾਂ ਦੀਆਂ ਸਰਕਾਰੀ ਸੰਪਤੀਆਂ ਕੌਡੀਆਂ ਦੇ ਭਾਅ ਚੰਦ ਕੁ ਅਮੀਰ ਘਰਾਣਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ। ਸਦੀਆਂ ਤੋਂ ਜੰਗਲਾਂ ਪਹਾੜਾਂ 'ਤੇ ਰਹਿ ਰਹੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਲੋਕਾਂ ਦੀਆਂ ਜ਼ਮੀਨਾਂ ਖੋਹਣ ਲਈ ਕਾਨੂੰਨ ਬਣਾਏ ਗਏ ਹਨ, ਪੰਚਾਇਤੀ ਅਤੇ ਹੋਰ ਜ਼ਮੀਨਾਂ ਕਾਰਪੋਰੇਟੀ ਕੰਪਨੀਆਂ ਦੇ ਹੱਥੀ ਸੌਂਪੀਆਂ ਜਾ ਰਹੀਆਂ ਹਨ। ਕੌਮੀ ਸੜਕਾਂ ਦੇ ਨਿਰਮਾਣ ਅਤੇ ਬਹੁਮੁਲੀਆਂ ਵਸਤਾਂ ਦੀਆਂ ਖਾਣਾਂ ਤੋਂ ਲੈ ਕੇ ਰੇਲ, ਬੈਂਕ, ਬੀਮਾ, ਸੰਚਾਰ ਵਿਦਿਆ ਅਤੇ ਸਿਹਤ ਤੱਕ ਇਥੋਂ ਤੱਕ ਕਿ ਫੌਜ (ਡਿਫੈਂਸ) ਵਰਗੇ ਖੇਤਰਾਂ ਵਿਚ ਵਿਦੇਸ਼ੀ ਪੂੰਜੀ ਅਤੇ ਦੇਸੀ ਪੂੰਜੀ ਨੂੰ ਨਿਵੇਸ਼ ਦੀ ਖੁੱਲ੍ਹੀ ਛੁਟੀ ਦਿੱਤੀ ਜਾ ਰਹੀ ਹੈ। ਇਸ ਸਭ ਕਾਸੇ ਦਾ ਸਿੱਟਾ ਇਕ ਪਾਸੇ ਪੂੰਜੀ ਅਤੇ

ਉਤਪਾਦਨੀ ਸਾਧਨਾਂ ਦਾ ਕੁਝ ਹੱਥਾਂ 'ਚ ਕੇਂਦਰਤ ਹੋਣ ਅਤੇ ਦੂਸਰੇ ਪਾਸੇ ਰੋਜ਼ਗਾਰ ਬਾਝੋਂ ਮੁਥਾਜ ਰਹੀ ਭਾਵ ਸਮਾਜਿਕ ਧਰੁਵੀਕਰਨ ਸਿਖਰ ਬਿੰਦੂ ਉਤੇ ਪਹੁੰਚ ਗਿਆ ਹੈ।

ਆਬਾਦੀਆਂ ਦੇ ਵਿਸ਼ਾਲ ਹਿੱਸੇ ਉਜੜ ਰਹੇ ਹਨ। ਜ਼ਿੰਦਗੀ ਬਸਰ ਕਰਨ ਦੀਆਂ ਹਾਲਤਾਂ ਔਖੀਆਂ ਹੁੰਦੀਆਂ ਜਾ ਰਹੀਆਂ ਹਨ। ਆਦਿਵਾਸੀ, ਗਰੀਬ ਕਿਸਾਨਾਂ, ਦਲਿਤਾਂ, ਬੇਸਹਾਰਾ ਸ਼ਹਿਰੀ ਗਰੀਬਾਂ, ਪੀੜਤ ਔਰਤਾਂ, ਘਟ ਗਿਣਤੀਆਂ ਦਾ ਵਿਸ਼ਾਲ ਜਨਸਮੂਹ ਮੁੱਖ ਧਾਰਾ ਦੇ ਰਾਜਸੀ ਦਰਿੰਦਗੀ ਤੋਂ ਹੈਰਾਨ ਪ੍ਰੇਸ਼ਾਨ ਹੈ ਅਤੇ ਉਹਦਾ ਪ੍ਰਬੰਧ ਉਤੋਂ ਭਰੋਸਾ ਉਠਦਾ ਜਾ ਰਿਹਾ ਹੈ। ਕਈ ਥਾਈਂ ਲੋਕਾਂ ਦਾ ਇਹ ਵਿਰੋਧ ਬਿਨਾਂ ਕਿਸੇ ਅਗਵਾਈ ਦੇ ਲੜਦਾ ਅਤੇ ਥਕਦਾ ਨਜ਼ਰ ਆਉਂਦਾ ਹੈ। ਗੈਰ ਸੰਗਠਿਤ, ਬੇਸਹਾਰਾ, ਬੇਚੈਨ ਲੋਕਾਈ, ਬੇਰੁਜ਼ਗਾਰਾਂ ਦੀ ਇਸ ਭੀੜ ਦਾ ਗੁੱਸਾ ਕਈ ਵਾਰੀ ਅਜਿਹੀਆਂ ਤਾਕਤਾਂ ਵੀ ਵਰਤ ਜਾਂਦੀਆਂ ਹਨ ਜਿਹੜੀਆਂ ਸੇਜ ਪਿਛਾਖੜੀ ਵਿਚਾਰਾਂ ਦੀਆਂ ਹੁੰਦੀਆਂ ਹਨ।

ਅਜੋਕੀ ਪੂੰਜੀ ਦੀ ਲੋੜ ਇਸ ਤਾਨਾਸ਼ਾਹ ਰਾਜ ਦੀ ਹੈ। ਕਾਰਪੋਰੇਟ ਘਰਾਣਿਆਂ ਲਈ ਪੁਰਾਣੇ ਢਾਂਚੇ ਜਿਹਨੂੰ ਜਮਹੂਰੀ ਦਿੱਖ ਦਿੱਤੀ ਗਈ ਸੀ ਰਾਸ ਨਹੀਂ ਆ ਰਹੀ। ਉਹ ਅਛੋਪਲੇ ਜਿਹੇ ਤਬਦੀਲੀਆਂ ਕਰ ਰਹੀ ਹੈ ਮਿਸਾਲ ਵਜੋਂ 300 ਕਾਨੂੰਨ ਵੇਲਾ ਵਿਹਾ ਚੁੱਕੇ ਕਹਿ ਕੇ ਖਤਮ ਕੀਤੇ ਜਾ ਰਹੇ ਹਨ। ਲੇਬਰ ਕਾਨੂੰਨਾਂ 'ਚ ਬੁਨਿਆਦੀ ਤਬਦੀਲੀਆਂ ਕਰ ਦਿੱਤੀਆਂ ਹਨ। ਕੰਮ ਦੇ 8 ਘੰਟੇ ਦੀ ਦਿਹਾੜੀ ਨੂੰ 12 ਘੰਟੇ ਕੀਤਾ ਜਾ ਰਿਹਾ ਹੈ ਅਤੇ ਹਰ ਕਿਸਮ ਦੀਆਂ ਸਹੂਲਤਾਂ ਤੋਂ ਮਜ਼ਦੂਰ ਵਾਲਾ ਕੀਤਾ ਜਾ ਰਿਹਾ ਹੈ। ਦੇਸ਼ ਦੇ ਸਨਅਤਕਾਰਾਂ ਦੀ ਸੰਸਥਾ ਹਰ ਕਿਸਮ ਦੇ ਬੰਧੇ ਜਾਂ (ਭਾਵ ਕਾਨੂੰਨਾਂ) ਤੋਂ ਮੁਕਤ ਹੋਣਾ ਚਾਹੁੰਦੀ ਹੈ। ਉਸ ਦੀ ਸੰਤੁਸਟੀ ਕਰਵਾਈ ਜਾ ਰਹੀ ਹੈ। ਹੜਤਾਲ ਕਰਨ ਅਤੇ ਜਥੇਬੰਦ ਹੋਣ ਦੇ ਸੰਵਿਧਾਨਕ ਅਧਿਕਾਰਾਂ ਨੂੰ ਛਾਂਗਿਆ ਜਾ ਰਿਹਾ ਹੈ। ਪੰਜਾਬ ਸਰਕਾਰਤਾਂ ਹੋਰ ਵੀ ਅੱਗੇ ਚਲੀ ਗਈ ਹੈ। ਉਹਨੇ ਜਿਹੜਾ ਕਾਲਾ ਕਾਨੂੰਨ ਲਹਿਰਾਂ ਨੂੰ ਕੁਚਲਣ ਲਈ ਬਣਾਇਆ ਹੈ, ਉਹਨੇ 1857 ਪਿਛੋਂ ਬਣੇ ਅੰਗਰੇਜ਼ਾਂ ਦੇ ਕਾਨੂੰਨਾਂ ਨੂੰ ਹੀ ਮਾਤ ਪਾ ਦਿੱਤਾ ਹੈ। ਦਰਅਸਲ ਦੂਸਰੀ ਸੰਸਾਰ ਜੰਗ ਪਿਛੋਂ ਪੂੰਜੀ ਵਲੋਂ ਪਾਇਆ ਜਮਹੂਰੀਅਤ ਦਾ ਗਲਾਫ ਹੁਣ ਲਾਹਿਆ ਜਾ ਰਿਹਾ ਹੈ।

ਤਾਨਾਸ਼ਾਹ ਰਾਜ ਲਈ ਸਿਰਫ਼ ਰਾਜ ਦੇ ਸੰਵਿਧਾਨਕ ਕਾਇਦੇ ਕਾਨੂੰਨ ਹੀ ਨਹੀਂ ਬਦਲੇ ਜਾ ਰਹੇ ਅਜਿਹੀਆਂ ਵਿਚਾਰਧਾਰਾਵਾਂ ਨੂੰ ਵੀ ਅੱਗੇ ਲਿਆਂਦਾ ਜਾ ਰਿਹਾ ਹੈ ਜਿਹੜੀਆਂ ਇਸ ਨੂੰ ਇਕ ਜਾਬਰ ਸਟੇਟ 'ਚ ਰੂਪਾਂਤਰਤ ਕਰਨ ਦੇ ਸਮਰਥ ਹਨ। ਹਰ ਤਰ੍ਹਾਂ ਦੀ ਤਾਨਾਸ਼ਾਹੀ ਨੂੰ ਲੋਕ ਆਧਾਰ ਚਾਹੀਦਾ ਹੈ। ਲੋਕਾਂ ਦੀ ਗੈਰ ਜਥੇਬੰਦਕ ਬੇਚੈਨੀ ਨੂੰ ਵੱਖ-ਵੱਖ ਨਾਅਰੇ ਦੇ ਕੇ ਇਕ ਫਿਰਕਾਰਾਨਾ ਰਾਜ ਦੀ ਸਥਾਪਤੀ ਵੱਲ ਕਦਮ ਪੁੱਟੇ ਜਾ ਰਹੇ ਹਨ ਅਤੇ ਉਸ ਦੀ (ਐਕਸਰਸਾਈਜ਼) ਕਵਾਇਤ ਵੀ ਸ਼ੁਰੂ ਹੋ ਚੁੱਕੀ ਹੈ। ਭਾਰਤੀ ਸਮਾਜ ਦੀ ਬਨਾਵਟ ਵਿਚਾਰਧਾਰਕ ਮਨ ਤੰਤਰ ਅਤੇ ਰੋਜ਼ਾਨਾ ਸੰਸਕ੍ਰਿਤਕ ਜੀਊਣ ਢੰਗ ਵਿਚ ਨਿਰੰਕੁਸਤਾਵਾਦੀ ਜਾਂ ਫਾਸੀਵਾਦੀ ਤੱਤਾਂ ਦੀ ਮੌਜੂਦਗੀ ਅਤੇ ਸਾਮਰਾਜੀ ਬਹੁਤ ਪੁਰਾਣਾ ਹੈ। ਪਿਛਲੇ ਸਾਲਾਂ ਵਿਚ ਤਾਂ ਇਸ ਉਲਟ ਇਨਕਲਾਬੀ ਰਹਿੰਦ ਖੂੰਹਦ ਦਾ ਇਕ ਵਿਸ਼ਾਲ ਕਾਰੋਬਾਰ ਹੀ ਉਸਰ ਗਿਆ ਹੈ ਅਤੇ ਮੀਡੀਏ ਤੇ ਵਿਵਸਥਾ ਨੇ ਇਸ ਵਿਚ ਨਵੀਂ ਰੂਹ ਫੂਕ ਦਿੱਤੀ ਹੈ। 'ਪਾਪੂਲਰ ਕਲਚਰ' ਦੇ ਪ੍ਰੰਪਰਾਗਤ ਰੂਪਾਂ ਅਤੇ ਮਾਸ ਕਲਚਰ ਦੇ ਨਮੂਨਿਆਂ ਦੀ ਨਵੀਂ ਲੰਪਨ ਬਾਜ਼ਾਰੀ ਸੰਸਕ੍ਰਿਤੀ ਸਾਹਮਣੇ ਆ ਰਹੀ ਹੈ ਜਿਸ ਵਿਚ ਫਾਸੀਵਾਦ ਦੇ ਅਨੇਕਾਂ ਤੱਤ ਕਈ ਰੂਪਾਂ 'ਚ ਕ੍ਰਿਆਸ਼ੀਲ ਹਨ। ਸਾਧੂ, ਸੰਤ, ਮੱਠ, ਆਸ਼ਰਮ, ਧਾਰਮਿਕ ਟੀ. ਵੀ. ਚੈਨਲ ਹਿੰਦੂਤਾਵਾਦੀ ਪ੍ਰਚਾਰ ਤੰਤਰ ਰੂੜੀਵਾਦੀ ਸਮਾਜਿਕ ਅਤੇ ਧਾਰਮਿਕ ਸੀਰੀਅਲ ਦਾ ਇਕ ਵੱਡਾ ਬਾਜ਼ਾਰ ਸਾਹਮਣੇ ਆ ਰਿਹਾ ਹੈ ਜਿਸ ਨੇ ਕਰੋੜਾਂ ਲੋਕਾਂ ਨੂੰ ਆਪਣੀ ਗ੍ਰਿਫ਼ਤ 'ਚ ਲੈ ਲਿਆ ਹੈ। ਸੱਚੀਆਂ ਕਹਾਣੀਆਂ ਅਤੇ ਅਪਰਾਧ ਕਥਾਵਾਂ ਵਾਲੇ ਸੀਰੀਅਲ ਰਾਹੀਂ ਮਨੋਰੰਜਨ ਉਦਯੋਗ ਵੱਧ ਫੁਲ ਰਿਹਾ ਹੈ। ਇਸ ਅਫੀਮ ਤੋਂ ਭੈੜੇ ਨਸ਼ੇ ਦੀ ਗ੍ਰਿਫ਼ਤ ਵਿਚ ਪੜ੍ਹੇ ਲਿਖੇ ਮੱਧ ਵਰਗ ਸਮੇਤ ਆਬਾਦੀ ਦੇ ਵੱਡੇ ਹਿੱਸੇ ਅੰਨ੍ਹੇ ਹੋਏ ਫਿਰਦੇ ਹਨ। ਇਸ ਸਾਰੇ ਕਾਰੋਬਾਰ ਵਿਚ ਫਾਸੀਵਾਦੀ ਤਾਕਤਾਂ ਹੀ ਨਹੀਂ ਵੱਡੀ ਪੱਧਰ ਉਤੇ ਪੂੰਜੀ ਵੀ ਲੱਗੀ ਹੋਈ ਹੈ ਅਤੇ ਇਹ ਇਕ ਪੂਰਾ ਵਾਤਾਵਰਨ ਅਜਿਹਾ ਹੈ ਜਿਹੜਾ ਤਰਕਸ਼ੀਲ ਢੰਗ ਨਾਲ ਸੋਚਣ ਵਾਲਿਆਂ ਨੂੰ ਦਬਾਉਣ 'ਚ ਸਫ਼ਲ ਹੋ ਰਿਹਾ ਹੈ। ਵਿਅਕਤੀ ਦੀ ਆਜ਼ਾਦੀ ਉਤੇ ਹਰ ਸਮੇਂ ਹਮਲੇ ਹੋ ਰਹੇ ਹਨ। ਨਵੀਂ ਹਕੂਮਤ ਆਉਣ ਪਿਛੋਂ ਇਹ ਖੇਤਰ ਨੇ ਨਾਂ ਸਿਰਫ਼ ਹੋਰ ਪੈਰ ਪਸਾਰੇ ਹਨ ਸਗੋਂ ਹੋਰ ਹੈਂਕੜੀ ਵੀ ਆਈ ਹੈ। ਕਿਤਾਬਾਂ ਸਾੜਣਾ ਸਿਨੇਮਾ ਨਾਟਕ ਦਾ ਪ੍ਰਦਰਸ਼ਨ ਰੋਕਣਾ ਚਿੱਤਰ ਪ੍ਰਦਰਸ਼ਨੀਆਂ ਉਤੇ ਹਿੰਸਕ ਹਮਲੇ ਅਜਿਹੀ ਸੋਚ ਵਾਲੇ ਹਿੰਸਕ ਗ੍ਰੋਹਾਂ ਵਲੋਂ ਹੀ ਦਿੱਤੇ ਜਾ ਰਹੇ ਹਨ। ਡਾ. ਦਿਬੋਲਕਰ ਦਾ ਕਤਲ ਇਸ ਦਾ ਸਿਖਰ ਰੂਪ ਹੈ। ਨਵੀਂ ਹਕੂਮਤ ਨੇ ਤਾਂ ਇਸ ਸਭ ਨੂੰ ਹੋਰ ਅਮਲੀਜਾਮਾ ਪਹਿਨਾ ਦਿੱਤਾ ਹੈ। ਭਾਰਤ ਵਿਚ ਇਤਿਹਾਸ ਖੋਜ ਸੰਸਥਾ ਦਾ ਮੁਖੀ ਅਜਿਹੇ ਸ਼ਖਸ਼ ਨੂੰ ਬਣਾ ਦਿੱਤਾ ਹੈ ਜਿਹਦਾ ਇਤਿਹਾਸ ਨਾਲ ਕੋਈ ਵਾਹ ਵਾਸਤਾ ਨਹੀਂ ਸੀ ਸਗੋਂ ਜਿਹਨੇ ਤਰਕਸ਼ੀਲ ਢੰਗ ਨਾਲ ਲਿਖੇ ਇਤਿਹਾਸ ਉਤੇ ਪਾਬੰਦੀ ਲਾਉਣ ਲਈ ਪ੍ਰਦਰਸ਼ਨ ਕੀਤੇ ਸਨ। ਉਹ ਇਤਿਹਾਸ ਨੂੰ ਹਿੰਦੂਵਾਦੀ ਦ੍ਰਿਸ਼ਟੀ ਤੋਂ ਮੁੜ ਲਿਖਣ ਦੀ ਯੋਜਨਾ ਦੁਹਰਾ ਰਿਹਾ ਹੈ। ਵਿਦਿਆ ਦੇ ਖੇਤਰ 'ਚ ਸਲੇਬਸਾਂ ਨੂੰ ਤਬਦੀਲ ਕੀਤਾ ਜਾ ਰਿਹਾ ਹੈ ਅਤੇ ਉਹ ਸਾਰੇ ਪਾਠ ਹਟਾਏ ਜਾ ਰਹੇ ਹਨ ਜਿਹੜੇ ਤਰਕਸ਼ੀਲ ਢੰਗ ਨਾਲ ਸੋਚਣ ਦੀ ਜਾਗ ਲਾਉਂਦੇ ਸਨ।

ਮੁਸਲਮਾਨਾਂ ਪ੍ਰਤੀ ਤਾਂ ਰਾਜ ਦਾ ਰਵੱਈਆ ਦੂਸਰੇ ਦਰਜੇ ਦੇ ਨਾਗਰਿਕਾਂ ਵਾਲਾ ਰਿਹਾ ਹੈ ਅਤੇ ਸੱਤਾ ਬਦਲਣ ਪਿਛੋਂ ਹੋਰ ਵੀ ਜ਼ਰੂਰ ਹੋਣ ਜਾ ਰਿਹਾ ਹੈ। ਅੱਤਵਾਦ ਦੀ ਝੂਠੀ ਆੜ ਹੇਠ ਬੇਕਸੂਰੇ ਮੁਸਲਮਾਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਜਾਂ ਮਾਓਵਾਦੀ ਕਹਿ ਕੇ ਕਿਸੇ ਨੂੰ ਫੜ ਲੈਣਾ ਜਾਂ ਤਸੀਹੇ ਦੇਣਾ ਆਮ ਗੱਲ ਹੀ ਨਹੀਂ, ਨਾਗਰਿਕਾਂ ਦੇ ਸੰਵਿਧਾਨ ਅਧਿਕਾਰਾਂ ਦਾ ਉਲੰਘਣ ਵੀ ਹੈ। ਕੋਈ ਵੀ ਵਰਗ ਜੋ ਆਪਣੀਆਂ ਹੱਕੀ ਮੰਗਾਂ ਲਈ ਪ੍ਰਦਰਸ਼ਨ ਕਰਦਾ ਹੈ ਤਾਂ ਰਾਜ ਵਲੋਂ ਬੇਕਿਰਕੀ, ਬੇਰਹਿਮੀ ਅਤੇ ਗੈਰ ਜਮਹੂਰੀ ਢੰਗਾਂ ਨਾਲ ਉਹਨੂੰ ਦਬਾਇਆ ਜਾਂਦਾ ਜਾਂ ਕੁਚਲਿਆ ਜਾਂਦਾ ਹੈ। ਕਸ਼ਮੀਰ ਅਤੇ ਉਤਰ ਪੂਰਬੀ ਰਾਜਾਂ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਵਿਆਪਕ ਮਿਸਾਲਾਂ ਸਾਹਮਣੇ ਆ ਰਹੀਆਂ ਹਨ ਪਰ ਮੀਡੀਆ ਇਸ ਬਾਰੇ ਚੁੱਪ ਹੈ।

ਸਭ ਤੋਂ ਤਰਸਯੋਗ ਹਾਲਤ ਹੈ ਦਲਿਤ ਵਰਗ ਅਤੇ ਔਰਤ ਵਰਗਾਂ ਦੀ। ਪੂਰੇ ਪ੍ਰਬੰਧ ਨੇ ਇਕ ਅਪਰਾਧ ਮਾਨਸਿਕਤਾ ਨੂੰ ਜਨਮ ਦਿੱਤਾ ਹੈ। ਔਰਤਾਂ ਵਿਰੋਧ ਅਪਰਾਧਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨਾ ਸਿਰਫ਼ ਬਲਾਤਕਾਰ ਛੇੜਛਾੜ ਜਾਂ ਅਪਰਾਧਿਤ ਕਰਨ ਦੀਆਂ ਘਟਨਾਵਾਂ ਬੇਰੋਕ ਟੋਕ ਵੱਧ ਰਹੀਆਂ ਹਨ ਸਗੋਂ ਰੂੜੀਵਾਦੀ ਖਾਪ ਪੰਚਾਇਤਾਂ ਵਲੋਂ ਮੱਧ ਯੁੱਗੀ ਕਾਲ ਨੂੰ ਵੀ ਮਾਤ ਪਾ ਦਿੱਤੀ ਗਈ ਹੈ। ਸ਼ਰਮਾ ਸ਼ਰਮ ਦੀ ਹੱਦ ਤਾਂ ਇਥੇ ਪਹੁੰਚ ਗਈ ਹੈ ਕਿ ਪ੍ਰੇਮ ਵਿਆਹ ਕਾਰਨ ਇਕ ਅਜਿਹੀ ਪੰਚਾਇਤ (ਬੰਗਾਲ ਵਿਚ) ਲੜਕੀ ਨਾਲ ਸਟੇਜ ਉਤੇ ਸਮੂਹਿਕ ਬਲਾਤਕਾਰ ਕਰਨ ਦਾ ਆਦੇਸ਼ ਦਿੰਦੀ ਹੈ ਅਤੇ ਇਉਂ ਵਾਪਰਦਾ ਵੀ ਹੈ। ਹਰਿਆਣੇ 'ਚ ਅਜਿਹੀਆਂ ਘਟਨਾਵਾਂ ਦੀ ਲੰਬੀ ਲਿਸਟ ਹੈ ਜਿਥੇ ਖਾਪ ਪੰਚਾਇਤਾਂ ਮੱਧ ਯੁੱਗੀ ਫਰਮਾਨ ਸੁਣਾਉਂਦੀਆਂ ਹਨ। 'ਲਵ ਜਿਹਾਦ' ਇਕ ਫਿਰਕਾਪ੍ਰਸਤ ਕੂੜਾ ਪ੍ਰਚਾਰ ਇਕ ਕੌੜਾ ਰੂਪ ਹੈ। ਇਸ 'ਚ ਸਭ ਤੋਂ ਵੱਧ ਪ੍ਰਭਾਵਿਤ ਹੁੰਦੀਆਂ ਹਨ ਦਲਿਤ ਔਰਤਾਂ। ਦਲਿਤਾਂ ਪ੍ਰਤੀ ਉਚ ਜਮਾਤਾਂ ਦੇ ਰਵੱਈਏ 'ਚ ਪਿਛਲੇ 60 ਸਾਲਾਂ 'ਚ ਕੋਈ ਤਬਦੀਲੀ ਨਹੀਂ ਆਈ ਸਗੋਂ ਪੂੰਜੀ ਦੇ ਵਿਕਾਸ ਨਾਲ ਇਹ ਨਵਾਂ ਅਤੇ ਹੋਰ ਕੁੱਢਰ ਰੂਪ ਵਿਚ ਸਾਹਮਣੇ ਆ ਰਿਹਾ ਹੈ। ਇਕ ਪਾਸੇ ਦਲਿਤ ਪਹਿਚਾਣ ਦਾ ਸਵਾਲ ਉਭਰ ਰਿਹਾ ਹੈ ਅਤੇ ਦੂਸਰੇ ਪਾਸੇ ਉਚ ਜਾਤਾਂ ਇਸ ਨੂੰ ਪ੍ਰਵਾਨ ਕਰਨ ਲਈ ਤਿਆਰ ਨਹੀਂ। ਪੰਜਾਬ ਵਿਚ ਦਲਿਤਾਂ ਭਾਵ ਮਜ਼ਦੂਰਾਂ ਅਤੇ ਉਚ ਜਾਤੀ ਜੱਟਾਂ ਦਰਮਿਆਨ ਟਕਰਾਅ ਦੀਆਂ ਬਹੁਤ ਥਾਵਾਂ 'ਤੇ ਮਿਸਾਲਾਂ ਸਾਹਮਣੇ ਆਈਆਂ। ਰਾਜ ਉਚ ਵਰਗ ਨਾਲ ਖਲੋਂਦਾ ਹੈ। ਮਸਲਾ ਬੇਸ਼ੱਕ ਮਜਦੂਰੀ 'ਚ ਵਾਧੇ ਦੀ ਮੰਗ ਦਾ ਹੀ ਕਿਉਂ ਨਾ ਹੋਵੇ ਜ਼ਮੀਨ ਵਿਹੂਣੇ ਗਰੀਬ ਕਿਸਾਨ ਵੀ ਜਿਹੜੇ ਖੁਦ ਮਜ਼ਦੂਰੀ ਕਰਦੇ ਹਨ। ਦਲਿਤ ਮਜ਼ਦੂਰਾਂ ਨਾਲ ਨਹੀਂ ਕਿਸਾਨੀ ਨਾਲ ਖਲੋਂਦੇ ਹਨ। ਜਾਤ-ਪਾਤ ਛੂਆ-ਛਾਤ ਇਕ ਭਿਆਨਕ ਬੀਮਾਰੀ ਹੈ। ਉਦਾਸੀ ਖੁਦ ਇਸ ਤੋਂ ਪੀੜਤ ਰਿਹਾ ਹੈ। ਕਮਿਊਨਿਸਟਾਂ ਨੂੰ ਜਿੰਨੀ ਸ਼ਿੱਦਤ ਨਾਲ ਇਹਦੇ ਵਿਰੁੱਧ ਲੜਨਾ ਚਾਹੀਦਾ ਸੀ ਉਸ 'ਚ ਕਿਤੇ ਨਾ ਕਿਤੇ ਕਮੀ ਰਹੀ ਹੈ। ਇਹ ਇਕ ਬੁਨਿਆਦੀ ਸਮਾਜਿਕ ਮਸਲਾ ਹੈ ਜਿਹਦੇ ਪ੍ਰਤੀ, ਸਾਹਿਤ ਦੇ ਖੇਤਰ ਵਿਚ ਕੰਮ ਕਰਦੇ ਲੇਖਕਾਂ ਨੂੰ ਚੇਤੰਨ ਰੂਪ ਵਿਚ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ। ਨਵੀਆਂ ਹਾਲਤਾਂ ਵਿਚ ਤਾਂ ਰਾਜ ਤੇ ਰਾਜ ਦੀ ਮਸ਼ੀਨਰੀ ਦੇ ਨਿਰੰਕੁਸ਼ ਹੋਣ ਪਿਛੋਂ ਦਲਿਤਾਂ ਅਤੇ ਔਰਤਾਂ ਉਤੇ ਅੱਤਿਆਚਾਰਾਂ 'ਚ ਨਾ ਸਿਰਫ਼ ਵਾਧਾ ਹੋਣਾ ਹੈ ਸਗੋਂ ਇਸ ਨੂੰ ਜਾਇਜ਼ ਠਹਿਰਾਉਣ ਦਾ ਬੌਣਾ ਵਿਚਾਰਧਾਰਕ ਆਧਾਰ ਵੀ ਮੁਹੱਈਆ ਹੋਣਾ ਹੈ। ਤੱਥ ਮੁਤਾਬਕ ਵੱਡੀ ਗਿਣਤੀ 'ਚ ਔਰਤਾਂ ਆਰਥਿਕ ਅਤੇ ਹੋਰ ਕਾਰਨਾਂ ਕਰਕੇ ਸਰੀਰ ਵੇਚਣ ਲਈ ਮਜਬੂਰ ਹਨ। ਇਸ ਬੁਰਾਈ ਨੂੰ ਰੋਕਣ ਲਈ ਜਾਂ ਇਹਦੇ ਵਧਣ ਫੁਲਣ ਲਈ ਕਾਨੂੰਨ ਬਣਾਇਆ ਜਾ ਰਿਹਾ ਹੈ। ਅਜੋਕਾ ਪੂੰਜੀਵਾਦ ਇਕ ਅਸਤਿ ਆਚਾਰ ਨੂੰ ਉਤਸਾਹਿਤ ਕਰ ਰਿਹਾ ਹੈ। ਬਾਜ਼ਾਰ ਵਲੋਂ ਪ੍ਰਚਾਰੀ ਪ੍ਰਸਾਰੀ ਜਾਂਦੀ ਜੀਵਨਸ਼ੈਲੀ ਉਪਭੋਗਤਾਵਾਦੀ ਮਾਨਸਿਕਤਾ, ਸੁਰਖੀਆਂ 'ਚ ਰਹਿਣ 'ਤੇ ਚਰਚਿਤ ਹੋਣ ਵਾਲੀ ਮਾਨਸਿਕਤਾ, ਦੂਜੇ ਨੂੰ ਨੀਵਾਂ ਵਿਖਾਉਣ, ਵਿਚਾਰਾਂ ਵਿਹਾਰ ਆਦਿ ਵਿਚ (ਹਿੰਸਕ) ਧੌਂਸ ਪੁਗਾਊ ਪਰਵਿਤਰੀ, ਆਚਰਨ ਅਤੇ ਸੋਚ ਵਿਚ ਕੰਗਾਲੀ, ਵਿਸ਼ਾਲ ਇੱਛਾਵਾਂ ਬੰਧੇਜ ਰਹਿਤ ਜ਼ਿੰਦਗੀ ਤੇ ਆਚਰਨ, ਜ਼ਿੰਦਗੀ ਤੇ ਸੈਕਸ ਮਾਨਣ ਦੀ ਹਿੰਸਕ ਲਾਲਸਾ, ਕਰਤੂਤਾਂ, ਜਾਤੀਵਾਦ, ਫਿਰਕਾਪ੍ਰਸਤ, ਕਲਚਰ ਤੇ ਵਿਚਾਰ, ਤਰਕਹੀਣਤਾ ਦਾ ਪਤਾ ਵਰਨ, ਧਰਮ ਜਾਦੂ ਟੂਣੇ ਤੇ ਰਹੱਸਾਂ ਦਾ ਵਿਆਪਕ ਰੋਮਾਂਸ ਅਜੋਕੀਆਂ ਹਾਲਤਾਂ ਦਾ ਉਹ ਵਾਤਾਵਰਨ ਹੈ ਜਿਸ ਨੇ ਇਕ ਖੰਡਿਤ ਮਨੁੱਖ ਨੂੰ ਸਾਹਮਣੇ ਲਿਆਂਦਾ ਹੈ। ਪੂੰਜੀ ਦੀ ਲੰਬੇਰੀ ਉਮਰ ਲਈ ਅਜਿਹੇ ਸਭਿਆਚਾਰਕ ਮਾਹੌਲ ਦੀ ਹੀ ਲੋੜ ਹੈ ਇਸ ਵਿਚ ਮੀਡੀਏ ਦੀ ਭੂਮਿਕਾ ਬਹੁਤ ਅਹਿਮ ਹੈ। ਇਹ ਸਭ ਕੁਝ ਐਸੀ ਬਾਰੀਕੀ ਅਤੇ ਕਲਾਤਮਕ ਢੰਗ ਨਾਲ ਹੋ ਰਿਹਾ ਹੈ ਕਿ ਇਸ ਦੇ ਵਿਰੋਧ ਦਾ ਦਾਅਵਾ ਕਰਨ ਵਾਲੇ ਵੀ ਕਿਸੇ ਨਾ ਕਿਸੇ ਰੂਪ ਵਿਚ ਇਹਦੀ ਗ੍ਰਿਫ਼ਤ 'ਚ ਆ ਜਾਂਦੇ ਹਨ।

ਮਨੁੱਖ ਸੰਵੇਦਨਹੀਣ ਬਣਾਉਣ 'ਚ ਮੀਡੀਏ ਦੀ ਭੂਮਿਕਾ ਬਹੁਤ ਅਹਿਮ ਹੈ। ਇਕ ਮਿਸਾਲ ਦਿਆਂਗਾ 'ਗਾਰਸ਼ੀਆ ਮਾਰਕੇਜ' ਇਕ ਨਾਵਲ 'ਚ ਲਿਖਦਾ ਹੈ, "ਮਾਕਾਨਡੋਂ ਸ਼ਹਿਰ ਵਿਚ ਬਸਤੀਵਾਦੀ ਦੌਰ 'ਚ 3000 ਹੜਤਾਲੀ ਮਜ਼ਦੂਰਾਂ ਨੂੰ ਕਤਲ ਕਰ ਦਿੱਤਾ ਗਿਆ, ਪਰ ਸੰਚਾਰ ਦੇ ਸਾਰੇ ਸਾਧਨਾਂ ਨੂੰ ਦੇਸ਼ ਭਰ ਵਿਚ ਇਕ ਨਹੀਂ ਹਜ਼ਾਰਾਂ ਹਜ਼ਾਰਾਂ ਵਾਰ ਇਹ ਸਰਕਾਰੀ ਪ੍ਰਚਾਰ ਕੀਤਾ ਕਿ ਕੋਈ ਮਰਿਆ ਨਹੀਂ। "ਕੋਈ ਕਤਲ ਨਹੀਂ ਹੋਇਆ" ਜਿਨ੍ਹਾਂ ਵਿਚ ਕਤਲੇਆਮ ਨੂੰ ਵੇਖਿਆ ਸੀ ਜਾਂ ਗੱਲ ਕਰਨ ਲਈ ਤਿਆਰ ਹੁੰਦੇ ਸਨ, ਉਨ੍ਹਾਂ ਨੂੰ ਲੱਭ ਲੱਭ ਕੇ ਫੌਜ ਨੇ 'ਚੁੱਪ' ਕਰਵਾ ਦਿੱਤਾ। ਫੌਜ ਸਮਝਾਉਂਦੀ ਰਹੀ ਮਾਕਾਨਡੋਂ ਵਿਚ 'ਕੁਝ ਨਹੀਂ ਹੋਇਆ', 'ਕਦੇ ਕੁਝ ਨਹੀਂ ਹੋਇਆ' 'ਕਦੇ ਕੁਝ ਨਹੀਂ ਹੋਵੇਗਾ।' ਤੁਸੀਂ ਸੁਪਨਾ ਵੇਖਿਆ ਹੈ ਇਹ ਖੁਸ਼ਹਾਲ ਸ਼ਹਿਰ ਹੈ। ਸਿਤਮ ਦੀ ਗੱਲ ਇਹ ਕਿ ਜਿਨ੍ਹਾਂ ਇਹ ਕਤਲੇਆਮ ਵੇਖਿਆ ਸੀ ਉਨ੍ਹਾਂ ਵੀ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ। ਭਾਵ ਰਾਜ ਆਪਣੇ ਬਾਰ-ਬਾਰ ਦੁਸ਼ਾਨਚਾਰ ਰਾਹੀਂ ਲੋਕਾਈ ਨੂੰ ਅੰਨਾ ਬਣਾ ਦਿੰਦਾ ਹੈ ਉਨ੍ਹਾਂ ਦਾ ਦਿਮਾਗ ਬੰਦ ਕਰ ਦਿੰਦਾ ਹੈ।

ਪਿਛਲੇ ਦਿਨੀਂ ਤੁਸੀਂ ਰਾਜਾ ਪੱਟੀ ਉਤੇ ਇਜ਼ਰਾਇਲੀ ਹਮਲੇ ਦੀਆਂ ਤਸਵੀਰਾਂ ਵੇਖੀਆਂ ਹੋਣਗੀਆਂ। ਘਰ ਢਹਿ ਰਹੇ ਹਨ, ਬੰਬਾਰੀ ਹੋ ਰਹੀ ਹੈ, ਅੱਗਾਂ ਲੱਗੀਆਂ ਹੋਈਆਂ ਹਨ, ਜਿਸ 'ਚ ਲਗਭਗ 500 ਬੱਚੇ ਵੀ ਮਰ ਗਏ ਪਰ ਕਿਸੇ ਮੀਡੀਆ ਜਾ ਦੁਨੀਆ ਦੀ ਜਮਹੂਰੀਅਤ ਦੇ ਅਲੰਬਰਦਾਰ ਨੇ ਇਸ ਨੂੰ ਬੁਰਾ ਨਹੀਂ ਕਿਹਾ। ਇਸੇ ਦੌਰਾਨ ਇਕ ਗਰਭਵਤੀ ਔਰਤ ਜ਼ਖ਼ਮੀ ਹੋ ਗਈ। ਹਸਪਤਾਲ 'ਚ ਡਾਕਟਰਾਂ ਕਿਹਾ ਕਿ ਮਾਂ ਨਹੀਂ ਬਚ ਸਕਦੀ ਬੱਚਾ ਬਚਾ ਲਵਾਂਗੇ। ਬੱਚਾ ਬਚਾ ਲਿਆ ਗਿਆ ਜਦੋਂ ਉਹਨੂੰ ਆਕਸੀਜਨ ਦਿੱਤੀ ਜਾ ਰਹੀ ਸੀ ਤਾਂ ਇਜ਼ਰਾਇਲੀ ਜਹਾਜ਼ਾਂ ਨੇ ਪਾਵਰ ਗ੍ਰਿਡ ਉਤੇ ਬੰਬ ਸੁੱਟ ਦਿੱਤੇ ਬਿਜਲੀ ਗੁਲ ਹੋ ਗਈ। ਬੱਚੀ ਆਕਸੀਜਨ ਬਾਝੋਂ ਮਰ ਗਈ। ਮਾਨਵਤਾ ਦੇ ਅੰਦਰ ਸੰਵੇਦਨਾਵਾਂ ਹੀ ਮਰ ਰਹੀਆਂ ਹਨ ਤਾਂ ਇਹ ਇਕ ਖਤਰਨਾਕ ਦੌਰ ਹੈ ਪੂੰਜੀ ਦਾ। ਉਹ ਸੰਵੇਦਨਹੀਣ ਮਾਨਵ ਲੋਚਦਾ ਹੈ। ਇਥੇ ਹੀ ਸਾਹਿਤਕਾਰ ਦੀ ਜ਼ਿੰਮੇਵਾਰੀ ਨਿਕਲਦੀ ਹੈ। ਜਦੋਂ ਪਾਸ ਕਹਿੰਦਾ ਹੈ 'ਸੁਪਨਿਆਂ ਦਾ ਮਰ ਜਾਣਾ ਖਤਰਨਾਕ ਹੈ'। ਬੰਦੇ ਦੇ ਅੰਦਰਲੀ ਮਰ ਚੁੱਕੀ ਸੰਵੇਦਨਾ ਮਾਨਵਤਾ ਨੂੰ ਜਗਾਉਣਾ ਹੀ ਸਾਹਿਤਕਾਰ ਦਾ ਕੰਮ ਨਹੀਂ ਉਸ ਚੀਸ ਨੂੰ ਪੀੜ ਨੂੰ ਇਕ ਰੋਹਲੀ ਆਵਾਜ਼ ਦੇਣ ਦੀ ਜ਼ਿੰਮੇਵਾਰੀ ਵੀ ਹੈ। ਉਦਾਸੀ ਤੋਂ ਅਜਿਹੀਆਂ ਹਾਲਤਾਂ 'ਚ ਪ੍ਰੇਰਣਾ ਲੈਣ ਵਾਲੀ ਹੈ।

**ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ**
**ਦੂਜਾ ਤੇਰਾ ਸਾਹਾਂ ਨਾਲ ਜੋੜ**
**ਤੇਰੀ ਨੀਂਦ ਉਤੇ ਪਹਿਰਾ ਤੇਰਿਆਂ ਮੁਕੱਦਰਾਂ ਦਾ**
**ਕੁੱਤੇ ਰੱਖਣ ਦੀ ਤੈਨੂੰ ਕੀ ਲੋੜ**

ਉਦਾਸੀ ਆਪਣੇ ਦੌਰ 'ਚ ਜਿਹੜੀਆਂ ਚੁਣੌਤੀਆਂ ਨੂੰ ਸਵੀਕਾਰਦਾ ਹੈ ਅਤੇ ਨਿਧੜਕ ਆਵਾਮ ਦੀ ਪੀੜਾ ਵਿਚ ਆਪਣੀ ਪੀੜ ਢਾਲ ਕੇ ਇਕ ਵਿਸ਼ਾਲ ਲੋਕਾਈ ਨੂੰ ਆਵਾਜ਼ ਦਿੰਦਾ ਹੈ, ਉਹ ਹੀ ਸਾਡੇ ਲਈ ਪ੍ਰੇਰਣਾਦਾਇਕ ਹੈ। ਅਜੇ ਉਦਾਸੀ ਦੀ ਕਵਿਤਾ ਨੂੰ ਤੇ ਉਦਾਸੀ ਨੂੰ ਰਸਮੀ ਤੌਰ 'ਤੇ ਸੰਬੋਧਨ ਹੋਣ ਦੀ ਲੋੜ ਨਹੀਂ। ਅੱਜ ਲੋੜ ਹੈ ਇਨਕਲਾਬੀ ਲੋਕ ਸਭਿਆਚਾਰਕ ਲਹਿਰ ਦੀ ਇਤਿਹਾਸ ਦਾ ਪੁਨਰ ਮੁਲੰਕਣ ਕਰਨ ਦੀ, ਲੋੜ ਹੈ ਅੱਜ ਦੇ ਸਆਲਾਂ, ਦਲਿਤਾਂ, ਔਰਤਾਂ, ਕਿਰਤੀਆਂ, ਕਿਸਾਨਾਂ ਤੇ ਹੋਰ ਵਰਗਾਂ ਦੇ ਸਵਾਲਾਂ ਨਾਲ ਭਾਸ਼ਾ ਸਾਹਿਤ ਤੇ ਸਭਿਆਚਾਰਾਂ ਦੇ ਸਵਾਲਾਂ ਪ੍ਰਤੀ ਇਤਿਹਾਸਕ ਭੌਤਿਕਵਾਦ ਭਾਵ ਦਵੰਦਵਾਦੀ ਪਹੁੰਚ ਅਪਨਾਉਣ ਦੀ।

70ਵਿਆਂ ਦੇ ਦੌਰ ਨਾਲੋਂ ਅਜੋਕੇ ਦੌਰ ਦੀ ਭਿੰਨਤਾ ਵਿਚ ਇਨਕਲਾਬੀ ਸਾਹਿਤ ਭਾਸ਼ਾ ਤੇ ਸਭਿਆਚਾਰ ਦਾ ਮੁਹਾਂਦਰਾ ਕੀ ਹੋਵੇ? ਸਾਡੇ ਲਈ ਉਹਦੇ ਨਕਸ਼ ਬਣਾਉਣ ਦੀ ਲੋੜ ਹੈ। ਮੌਜੂਦਾ ਦੌਰ 'ਚ ਹਾਕਮ ਧਿਰ ਇਸ ਖੇਤਰ ਵਿਚ ਤਿੱਖੇ ਹਮਲੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਵੇਂ ਦੱਖਣੀ ਅਫ਼ਰੀਕਨ ਲੇਖਕ ਨਿਗੂਗੀ ਕਹਿੰਦਾ ਹੈ। ਰਾਜ ਤੇ ਕਾਬਜ਼ ਧਿਰ ਭਾਵ ਸਾਮਰਾਜ ਸਭ ਤੋਂ ਪਹਿਲਾ ਹਮਲਾ ਤੁਹਾਡੇ ਸਾਹਿਤ ਅਤੇ ਭਾਸ਼ਾ ਉਤੇ ਕਰਦਾ ਹੈ। ਉਤਪਾਦਨ ਦੇ ਹੋਰ ਸਾਧਨਾਂ ਵਾਂਗੂ ਗਿਆਨ [ਜਿਸ 'ਚ ਭਾਸ਼ਾ, ਸਾਹਿਤ ਤੇ ਸਭਿਆਚਾਰ ਵੀ ਆਉਂਦੇ ਹਨ] ਵੀ ਇਕ ਸਮਾਜਿਕ ਸੰਪਤੀ ਹੈ ਤੇ ਸਾਂਝਾ ਉਤਪਾਦ ਹੈ। ਪੂੰਜੀਵਾਦ ਭੌਤਿਕ ਉਤਪਾਦਾਂ ਤੇ ਬੌਧਿਕ ਉਤਪਾਦਾਂ ਦਾ ਨਿੱਜੀਕਰਨ ਕਰਦਾ ਹੈ। ਸੋ ਇਸ ਉਤੇ ਹੋਣ ਵਾਲੇ ਹਮਲਿਆਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ।

ਇਮੋਥੀ ਰੀਸ ਲਿਖਦਾ ਹੈ ਕਿ 17ਵੀਂ ਸਦੀ 'ਚ ਫਰਾਂਸ ਦੇ ਹਾਕਮ ਰਿਸ਼ਲੂ ਨੇ 1635 ਵਿਚ ਇਕ ਅਕਾਦਮੀ ਦਾ ਗਠਨ ਕੀਤਾ ਸੀ ਜਿਹਦਾ ਨਾਂ ਸੀ 'ਫਰਾਂਸਵਾ'। ਰਿਸ਼ਲੂ ਤੀਹ ਸਾਲ ਜੰਗਾਂ ਲੜਦਾ ਰਿਹਾ। ਜਦੋਂ ਇਹ ਅਕਾਦਮੀ 'ਫਰਾਂਸਵਾ' ਦਾ ਗਠਨ ਕੀਤਾ ਤਾਂ ਉਹਦਾ ਮੰਤਵ ਸੀ -ਫਰੈਂਚ ਭਾਸ਼ਾ ਨੂੰ ਵਿਕਸਤ ਕੀਤਾ ਜਾਵੇ।" ਰਿਸ਼ਲੂ ਆਪਣੇ ਆਪ 'ਚ ਸਪਸ਼ਟ ਸੀ ਕਿ ਫਰਾਂਸ ਦੀ ਭਾਸ਼ਾ ਅਤੇ ਉਹਦੀ ਲਿਪੀ ਨੂੰ ਨਵੇਂ ਸਿਰਿਓਂ ਨਵੇਂ ਢੰਗ ਨਾਲ ਕੇਂਦਰੀ ਕ੍ਰਿਤ ਕੌਮੀ ਸੱਤਾ ਅਤੇ ਨੌਕਰਸ਼ਾਹੀ ਉਤੇ ਆਧਾਰਤ ਰਾਜਸ਼ਾਹੀ ਦੀ ਸੇਵਾ ਵਿਚ ਸਹੀ ਢੰਗ ਨਾਲ ਲਾਉਣਾ ਪਵੇਗਾ।" ਭਾਵ ਫਰਾਂਸ ਦੇ ਹਾਕਮ ਲਈ ਆਪਣੇ ਸਾਮਰਾਜ ਦੇ ਵਿਸਥਾਰ ਦੀ ਲੋੜ 'ਚੋਂ ਇਹ ਨਿਕਲਿਆ ਸੀ।

ਅੱਜ ਜਦੋਂ ਦੇਸ਼ ਦੇ ਹਾਕਮ ਭਾਸ਼ਾ ਦੀ ਗੱਲ ਕਰਦੇ ਹਨ ਤਾਂ ਕੁਝ ਅਜਿਹਾ ਹੀ ਹੈ। ਪਹਿਲਾਂ ਵੀ ਕੇਂਦਰੀ ਕ੍ਰਿਤ ਭਾਸ਼ਾ ਹਿੰਦੀ ਨੇ ਅਨੇਕਾਂ ਉਪ ਭਾਖਾਵਾਂ ਅਤੇ ਬੋਲੀਆਂ ਨੂੰ ਹਜ਼ਮ ਕਰ ਲਿਆ ਹੈ। ਹੁਣ ਉਹ ਇਹਦਾ ਇਕ ਸਾਮਰਾਜ ਸਥਾਪਤ ਕਰਨ ਜਾ ਰਹੇ ਹਨ। ਬਿਲਕੁਲ ਫਿਰਕੂ ਜਾਮੇ 'ਚ। ਇਧਰ ਸਾਡੀ ਭਾਸ਼ਾ ਵਿਚ ਉਹ ਗਰਿਮਾ ਗੁੰਮ ਹੋ ਰਹੀ ਹੈ। ਜਿਵੇਂ ਮੈਂ ਕਿਹਾ ਹੈ ਕਿ ਭਾਸ਼ਾ ਦਾ ਵੀ ਵਰਗ ਚਰਿੱਤਰ ਹੁੰਦਾ ਹੈ। ਇਹਦੀ ਸਪਸ਼ਟ ਮਿਸਾਲ ਉਦਾਸੀ ਦੀ ਕਵਿਤਾ ਹੈ। ਉਦਾਸੀ ਦੀ ਕਾਵਿ ਭਾਸ਼ਾ ਰਾਜਾ ਸੱਤਾ ਦੇ ਮੇਚ ਆਉਣ ਵਾਲੀ ਨਹੀਂ। ਉਹ ਲੋਕਾਈ ਦੀ ਅੰਦਰਲੀ ਰੋਹਲੀ ਆਵਾਜ਼ ਹੈ। ਇਸ 'ਚ ਇਕ ਨਫ਼ਰਤ ਹੈ ਬਗਾਵਤ ਹੈ ਅਤੇ ਪ੍ਰਬੰਧ ਨੂੰ ਚੈਲੰਜ ਤਾਂ ਸਾਡੇ ਲੇਖਕਾਂ, ਸਾਹਿਤਕਾਰਾਂ ਨੂੰ ਇਸ ਪ੍ਰਤੀ ਸੁਚੇਤ ਹੋਣਾ ਪਵੇਗਾ। ਅਜੋਕਾ ਦੌਰ ਰੋਮਾਂਟਿਕ ਇਨਕਲਾਬੀ ਲਹਿਰ ਦਾ ਦੌਰ ਨਹੀਂ। ਬੇਕਿਰਕ ਵਰਗ ਸੰਘਰਸ਼ ਦਾ ਦੌਰ ਹੈ।


ਸਾਡੇ ਲਈ ਸਾਹਿਤ ਕੋਈ ਮਾਨਵ ਵਾਲੀ ਚੀਜ਼ ਨਹੀਂ। ਇਹ ਸੰਘਰਸ਼ ਦਾ ਇਕ ਹਥਿਆਰ ਹੈ। ਇਸ ਹਥਿਆਰ ਦੀ ਵਰਤੋਂ ਅਸੀਂ ਵਿਸ਼ਾਲ ਕਿਰਤੀ ਲੋਕਾਈ ਨੂੰ ਇਨਕਲਾਬੀ ਦੇ ਹਿੱਤ 'ਚ ਤਿਆਰ ਕਰਨ ਲਈ ਕਰਦੇ ਹਾਂ। ਸਾਨੂੰ ਸਾਹਿਤ ਦੇ ਹਥਿਆਰ ਦੀ ਵਰਤੋਂ ਉਪਰਲੀਆਂ ਰਾਜ ਕਰ ਰਹੀਆਂ ਜਮਾਤਾਂ ਦੇ ਨੰਗੇਜ ਜਾਹਰ ਕਰਨ ਅਤੇ ਵਿਸ਼ਾਲ ਕਿਰਤੀ ਜਮਾਤ ਨੂੰ ਚੇਤੰਨ ਜਾਗਰੂਕ ਕਰਦਿਆਂ, ਰੋਸ ਪ੍ਰਗਟ ਕਰਨ ਅਤੇ ਨਫ਼ਰਤ ਜਗਾਉਣ ਲਈ ਕਰਨੀ ਪਵੇਗੀ, ਸਾਡੀ ਭਾਸ਼ਾ ਦਾ ਚਰਿੱਤਰ ਵਰਗੀ ਹੋਵੇਗਾ ਅਤੇ ਇਸ ਦੇ ਉਚਾਰ, ਸ਼ੈਲੀ ਅਤੇ ਪ੍ਰਗਟਾਅ ਦਾ ਖਾਸਾ ਵੀ ਵਰਗੀ ਹੋਵੇਗਾ। ਜਦੋਂ ਕਾਰਪੋਰੇਟੀ ਪੂੰਜੀ ਇਕ ਤਾਨਾਸ਼ਾਹ ਰਾਜ ਵੱਲ ਵੱਧ ਰਹੀ ਹੈ ਅਤੇ ਮਜ਼ਦੂਰਾਂ ਦੀ ਇਕ ਇਕ ਬੂੰਦ ਨਿਚੋੜਣ ਤੇ ਆਮਦਾ ਹੈ ਉਹ ਕਿਰਤੀ ਵਰਗ ਸਮੇਤ ਸਮੁੱਚੀ ਮਾਨਵਤਾ ਨੂੰ ਗੁਲਾਮ ਬਣਾਉਣ ਦੇ ਪ੍ਰਬੰਧ ਵੱਲ ਧਕ ਰਹੀ ਹੈ ਤਾਂ ਸਾਡੀ ਭਾਸ਼ਾ ਕਲਾ ਸਾਹਿਤ ਅਤੇ ਸਾਹਿਤ ਦੇ ਹਰ ਰੂਪ ਕਹਾਣੀ ਕਵਿਤਾ, ਨਾਟਕ ਨਾਵਲ ਆਦਿ ਵਿਚ ਪੂੰਜੀ ਵਿਰੋਧੀ ਬੇਕਿਰਕ ਨਫ਼ਰਤ ਉਭਾਰਨ ਦੀ ਸਮਰੱਥਾ ਵਿਕਸਤ ਕਰਨ ਦੀ ਲੋੜ ਹੈ। ਜਿਵੇਂ ਪਾਸ਼ ਕਹਿੰਦਾ ਸੀ ਵਰਗ ਸੰਘਰਸ਼ ਦਾ ਮਤਲਬ ਮਰਨਾ ਜਾਂ ਮਾਰਨਾ ਹੈ ਅਤੇ ਉਦਾਸੀ ਦੇ ਬੋਲ ਹਨ-ਜਾਂ ਤਾਂ ਅਸੀਂ ਰਹਾਂਗੇ ਇਸ ਦੇਸ਼ ਅੰਦਰ ਜਾਂ ਫਿਰ ਰਹੇਗੀ ਇਥੇ ਸਰਮਾਏਦਾਰੀ।"

ਅਤੇ ਇਸ ਕਾਰਪੋਰੇਟੀ ਪੂੰਜੀ ਦਾ ਨਿਜ਼ਾਮ [ਜਿਸ 'ਚ ਸਾਮਰਾਜੀ ਪੂੰਜੀ ਅਤੇ ਦੇਸੀ ਪੂੰਜੀਪਤੀ ਦੇਣੇ ਹਨ] ਸਿਰਫ਼ ਅਤੇ ਸਿਰਫ਼ ਮਜਦੂਰ ਜਮਾਤ ਭਾਵ ਵਿਹੜਿਆਂ ਦੇ ਕਿਰਤੀ ਤੇ ਸਨਅਤੀ ਮਜ਼ਦੂਰ ਹੀ ਬਦਲਣ ਦੇ ਸਮਰੱਥ ਹਨ। ਮੱਧਵਰਗੀ ਜਮਾਤਾਂ ਇਨ੍ਹਾਂ ਦੀਆਂ ਸਹਾਇਕ ਹੋਣਗੀਆਂ। ਸੋ ਇਨ੍ਹਾਂ ਕਿਰਤੀਆਂ ਦੇ ਵਿਹੜਿਆਂ ਦੀ ਹੂਕ ਨੂੰ ਇਕ ਵਾਰ ਫਿਰ ਬੁਲੰਦ ਕਰਨ ਦੀ ਲੋੜ ਹੈ। ਜਿਵੇਂ ਉਦਾਸੀ ਕਹਿੰਦਾ ਹੈ

**ਜਿਥੇ ਬੰਦਾ ਜੰਮਦਾ ਸੀਰੀ ਹੈ**
**ਟਕਿਆਂ ਦੀ ਮੀਰੀ ਪੀਰੀ ਹੈ**
**ਜਿਥੇ ਕਰਜ਼ੇ ਹੇਠ ਪਜੀਰੀ ਹੈ**
**ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ**
**ਤੂੰ ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ**
**ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ,**
**ਮੇਰੇ ਲੋਕ ਉਹ ਮੇਰਾ ਖਆਬ ਹੈਗਾ।**
**ਮੇਰੇ ਮੁਸਲਮਾਨ ਸਿੱਧਾਂ ਹਿੰਦੂਆਂ ਨੇ,**
**ਕਰਨਾ ਸਰਬਹਾਰਾ ਇਨਕਲਾਬ ਹੈਗਾ।**

093544-30211

# ਉਦਾਸੀ, ਨਕਸਲਬਾੜੀ ਲਹਿਰ ਅਤੇ ਤਸੀਹਾ ਕੇਂਦਰਾਂ ਦਾ ਕਹਿਰ




ਨਕਸਲਬਾੜੀ ਲਹਿਰ ਦਾ ਚੇਤੰਨ ਜੁਝਾਰੂ ਕਾਰਕੁੰਨ, ਲੋਕਪੱਖੀ ਕਵੀ, ਗੀਤਕਾਰ, ਸੰਤ ਰਾਮ ਉਦਾਸੀ ਦਾ ਸਮੁੱਚਾ ਸੰਘਰਸ਼ਸ਼ੀਲ ਜੀਵਨ ਤੇ ਉਸਦੀਆਂ ਰਚਨਾਵਾਂ ਬਹੁ-ਪਸਾਰੀ ਅਤੇ ਕਿਰਤੀ ਜਮਾਤ ਦਾ ਕੀਮਤੀ ਸਰਮਾਇਆ ਹਨ। ਉਦਾਸੀ ਦੁਆਰਾ ਰਚਿਤ, ਜੋ ਸਾਡੇ ਕੋਲ ਹਾਸਲ ਹੈ, ਉਹ ਹਨ ਉਸਦੇ ਜਿੰਦਗੀ 'ਚ ਵੱਖ-ਵੱਖ ਲਹਿਰਾਂ ਤੇ ਵਿਚਾਰਧਾਰਾਵਾਂ ਤੋਂ ਪ੍ਰਭਾਵਿਤ ਹੋ ਕੇ ਲਿਖੇ ਗੀਤ, ਚਿੱਠੀਆਂ ਤੇ ਲਿਖਤੀ ਮੁਲਾਕਾਤਾਂ, ਜਿਸਦਾ ਮੁਲਾਂਕਣ ਉਦਾਸੀ ਦੇ ਜੀਵਨ ਕਾਲ ਤੋਂ ਪਹਿਲਾਂ, ਦੌਰਾਨ ਤੇ ਬਾਅਦ ਦੀਆਂ ਰਾਜਨੀਤਿਕ-ਸਮਾਜਕ ਲਹਿਰਾਂ ਦੇ ਸੰਦਰਭ 'ਚ ਰੱਖਕੇ ਕੀਤਾ ਜਾ ਸਕਦਾ ਹੈ। ਦੂਸਰਾ ਉਦਾਸੀ ਦੁਆਰਾ ਆਪਣੇ ਜੀਵਨ, ਰਚਨਾ ਤੇ ਲਹਿਰ ਬਾਰੇ ਆਪਣੇ ਸਮਕਾਲੀਆਂ ਨਾਲ ਕੀਤੀ ਗਈ ਜੁਬਾਨੀ ਵਾਰਤਾ ਨੂੰ, ਉਦਾਸੀ ਦੇ ਜੀਵਨ, ਰਚਨਾ ਤੇ ਵਿਚਾਰਾਂ ਦਾ ਮੁਲਾਂਕਣ ਕਰਨ ਸਮੇਂ; ਇਕ ਖਾਸ ਸੀਮਾਂ ਦੇ ਅੰਤਰਗਤ ਰੱਖਕੇ ਹੀ ਵਾਚਿਆ ਜਾ ਸਕਦਾ ਹੈ, ਅਤੇ ਇੱਥੇ 1960 ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਉਦਾਸੀ ਦੀ ਨਕਸਲਾਈਟ ਕਾਰਕੁੰਨ ਦੇ ਤੌਰ ਤੇ ਰਹੀ ਭੂਮਿਕਾ, ਉਸਦੀ ਵਿਚਾਰਧਾਰਕ ਸਿਆਸੀ ਪਹੁੰਚ ਦੇ ਦਰੁਸਤ ਜਾਂ ਗਲਤ ਹੋਣ ਬਾਰੇ ਅਤੇ ਇਕ ਲੋਕਪੱਖੀ ਕਵੀ ਤੇ ਗੀਤਕਾਰ ਦੇ ਤੌਰ ਤੇ ਉਸਦਾ ਮੁਲਾਂਕਣ ਕਰਨਾ ਹੱਥਲੇ ਲੇਖ ਦਾ ਵਿਸ਼ਾ ਨਹੀਂ ਹੈ। ਬਲਕਿ ਉਦਾਸੀ ਦੇ ਜੀਵਨ ਕਾਲ ਦੌਰਾਨ ਉਸ ਉੱਪਰ ਤਸੀਹਾ ਕੇਂਦਰ ਤੇ ਥਾਣਿਆ ਵਿੱਚ ਹੋਏ ਤਸ਼ੱਦਦ ਦੇ ਕਾਰਨਾਂ, ਇਸ ਦੇ ਉਦਾਸੀ ਉਪਰ ਪਏ ਪ੍ਰਭਾਵ ਤੇ ਉਸਦੀ ਇਸ ਜਬਰ ਤਸ਼ੱਦਦ ਸਬੰਧੀ ਪ੍ਰਤੀਕਿਰਿਆ ਨੂੰ ਉਸ ਸਮੇਂ ਭਾਰਤ ਦੇ ਵੱਡੇ ਹਿੱਸੇ 'ਚ ਚੱਲ ਰਹੀ ਨਕਸਲਬਾੜੀ ਦੀ ਮਹਾਨ ਬਗਾਬਤ ਦੇ ਪ੍ਰਸੰਗ 'ਚ ਰੱਖਕੇ ਵਾਚਣਾ ਹੈ, ਪ੍ਰੰਤੂ ਫਿਰ ਵੀ ਉਦਾਸੀ ਉਪਰ ਹੋਏ ਜ਼ਬਰ ਤਸ਼ੱਦਦ ਨੂੰ ਉਸਦੇ ਨਕਸਲਾਈਟ ਕਾਰਕੁੰਨ ਹੋਣ, ਉਸਦੇ ਗਰੁੱਪ ਦੀ ਤੇ ਸਮੁੱਚੀ ਨਕਸਲਬਾੜੀ ਲਹਿਰ ਦੀ ਰਹੀ ਸਹੀ-ਗਲਤ ਪਹੁੰਚ ਅਤੇ ਕਵੀ ਤੇ ਗੀਤਕਾਰ ਦੇ ਤੌਰ ਤੇ ਉਸਦੀ ਭੂਮਿਕਾ ਨੂੰ ਵਖਰਾਇਆ ਨਹੀਂ ਜਾ ਸਕਦਾ।

ਉਦਾਸੀ ਜਦੋਂ ਆਪਣੀ ਕਲਮ ਨਾਲ ਨਕਸਲਬਾੜੀ ਕਮਿਊਨਿਸਟ ਵਿਚਾਰਧਾਰਾ ਨਾਲ ਲਬਰੇਜ਼ ਹੋ ਕੇ ਭਾਰਤੀ ਸਮਾਜ ਅੰਦਰ ਲੁਟੇਰੀਆਂ ਅਤੇ ਲੁੱਟੀਂਦੀਆਂ ਜਮਾਤਾਂ ਵਿੱਚੋਂ ਜਦੋਂ ਉਹ ਲੁੱਟ ਦੀਆਂ ਸ਼ਿਕਾਰ ਜਮਾਤਾਂ ਦੀ ਮੁਕਤੀ ਦੇ ਕਾਰਜ ਵਿਚ ਆਪਣਾ ਸਰਗਰਮ ਯੋਗਦਾਨ ਪਾਉਣਾ ਸ਼ੁਰੂ ਕਰ ਦਿੰਦਾ ਹੈ, ਤਾਂ ਉਸ ਸਮੇਂ ਭਾਰਤੀ ਹਾਕਮਾਂ ਦੁਆਰਾ ਹਥਿਆਰਬੰਦ ਨਕਸਲਬਾੜੀ ਲਹਿਰ ਨੂੰ ਜਬਰੀ ਕੁਚਲਣ ਵਾਲੀ ਨੀਤੀ ਦਾ ਉਹ ਵੀ ਸ਼ਿਕਾਰ ਹੋ ਜਾਂਦਾ ਹੈ। ਉਸ ਸਮੇਂ ਸਾਮਰਾਜੀ ਤਾਕਤਾਂ ਦੁਨੀਆਂ ਦੇ ਕੋਨੇ ਕੋਨੇ 'ਚ ਉੱਠ ਰਹੀਆਂ ਕੌਮੀ ਮੁਕਤੀ ਲਹਿਰਾਂ ਨੂੰ ਕੁਚਲਨ ਅਤੇ ਕਮਿਊਨਿਜ਼ਮ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਸਨ। ਇਧਰ ਭਾਰਤ ਅੰਦਰ ਦੇਸ਼ ਦੇ ਹਾਕਮ ਸਾਮਰਾਜਵਾਦ ਦੇ ਕਦਮਾਂ ਚਿੰਨ੍ਹਾਂ 'ਤੇ ਚਲਦਿਆਂ ਨਕਸਲਬਾੜੀ ਲਹਿਰ ਦਾ ਤੁਖਮ ਮਿਟਾਉਣ ਲਈ ਝੂਠੇ ਪੁਲਸ ਮੁਕਾਬਲੇ ਬਣਾ ਰਹੇ ਸਨ। ਪਰ ਨਕਸਲਬਾੜੀ ਬਗਾਵਤ ਮੁਲਕ ਭਰ 'ਚ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਪੰਜਾਬ ਅੰਦਰ ਉਦਾਸੀ ਇਸ ਬਗਾਵਤ ਦੀ ਹੇਕ ਬਣ ਕੇ ਉਭਰਿਆ। ਜਿਸ ਭਾਰਤੀ ਰਾਜ ਪ੍ਰਬੰਧ ਨੇ ਉਦਾਸੀ ਨੂੰ ਜੇ. ਬੀ. ਟੀ. ਦੀ ਡਿਗਰੀ ਪ੍ਰਦਾਨ ਕਰਕੇ ਵਿਦਿਆਰਥੀਆਂ ਨੂੰ ਗਿਆਨ ਦੇਣ ਦੇ ਸਤਿਕਾਰਤ ਅਧਿਆਪਕ ਰੁਤਬੇ ਨਾਲ ਨਿਵਾਜਿਆ ਸੀ, ਉਹੀ ਉਦਾਸੀ ਹੁਣ ਆਪਣੇ ਵੱਖਰੇ ਅਜਾਦ ਵਿਚਾਰ ਰੱਖਣ ਅਤੇ ਲੋਕਾਂ ਦੀ ਮੁਕਤੀ ਦਾ ਗੀਤ ਬਣਨ ਕਾਰਨ ਸਰਕਾਰ ਦੀਆ ਨਜ਼ਰ 'ਚ 'ਦਹਿਸ਼ਤਪਸੰਦ ਨਕਸਲੀ' ਬਣ ਚੁੱਕਾ ਸੀ। ਉਸ ਦੇ ਇਨ੍ਹਾਂ ਇਨਕਲਾਬੀ ਵਿਚਾਰਾਂ ਕਾਰਨ ਸਰਕਾਰ ਵੱਲੋਂ ਉਸ ਉੱਪਰ ਨਿਗ੍ਹਾ ਰੱਖੀ ਜਾਣ ਲੱਗ ਪਈ ਸੀ।

11 ਜਨਵਰੀ 1971 ਨੂੰ ਸੰਤ ਰਾਮ ਉਦਾਸੀ ਨੂੰ ਪਹਿਲੀ ਵਾਰ ਗ੍ਰਿਫਤਾਰ ਕੀਤਾ ਗਿਆ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਗ੍ਰਿਫਤਾਰੀ ਤੋਂ ਦੋ ਸਾਲ ਪਹਿਲਾਂ 1969 'ਚ ਉਹ ਸੋਧਵਾਦੀ ਸੁਧਾਰਵਾਦੀ ਲੀਹ 'ਤੇ ਚੱਲਣ ਵਾਲੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨਾਲੋਂ ਵਿਚਾਰਧਾਰਕ ਸਿਆਸੀ ਤੋੜ ਵਿਛੋੜਾ ਕਰਕੇ ਨਕਸਲਬਾੜੀ ਲਹਿਰ ਦਾ ਹਿੱਸਾ ਬਣ ਚੁੱਕਾ ਸੀ। ਸੀ. ਪੀ. ਆਈ. ਤੇ ਸੀ.ਪੀ.ਐੱਮ. ਬੁਰਜੂਆ ਪਾਰਲੀਮਾਨੀ ਚੋਣ ਸਿਆਸਤ ਦੀ ਲੀਹ ਉਪਰ ਪੂਰੀ ਤਰ੍ਹਾਂ ਚੜ੍ਹ ਚੁੱਕੀਆਂ ਸਨ ਅਤੇ ਇਨ੍ਹਾਂ ਨੇ ਭਾਰਤ ਦੀਆਂ ਹਾਕਮ ਜਮਾਤਾਂ ਨਾਲ ਗਲਵਕੜੀ ਪਾ ਲਈ ਸੀ। ਇਸ ਕਰਕੇ ਭਾਰਤੀ ਹਾਕਮਾਂ ਨੂੰ ਇਨ੍ਹਾਂ ਤੋਂ ਕੋਈ ਖ਼ਤਰ੍ਹਾ ਨਹੀਂ ਸੀ। ਇਨ੍ਹਾਂ ਨੂੰ ਹੁਣ ਵੱਧ ਖ਼ਤਰਾ ਹਥਿਆਰਬੰਦ ਬਗਾਵਤ ਜ਼ਰੀਏ ਭਾਰਤ ਵਿਚ ਰਾਜ ਪਲਟਾ ਕਰਨ ਦਾ ਮੱਤ ਲੈ ਕੇ ਚੱਲੀ ਨਕਸਲਬਾੜੀ ਕਮਿਊਨਿਸਟਾਂ ਦੀ ਲੀਹ ਤੋਂ ਸੀ। ਉਦਾਸੀ ਦਾ ਨਕਸਲਬਾੜੀ ਕਾਰਕੁੰਨ ਹੋਣਾ ਤੇ ਉਸ ਦੁਆਰਾ ਤਿੱਖੀ ਹੇਕ ਵਾਲੇ ਸਟੇਟ ਵਿਰੋਧੀ ਗੀਤ ਲਿਖਣ-ਗਾਉਣ ਕਾਰਨ, ਉਸਨੂੰ ਸੀ. ਆਈ. ਏ ਸਟਾਫ ਨੇ 11 ਜਨਵਰੀ 1971 ਨੂੰ ਗ੍ਰਿਫਤਾਰ ਕਰਕੇ ਬਹਾਦਰ ਸਿੰਘ ਵਾਲਾ (ਲੱਡਾ ਕੋਠੀ) ਤਸੀਹਾ ਕੇਂਦਰ ਵਿਚ ਬੇਥਾਹ ਤਸ਼ੱਦਦ ਦਾ ਸ਼ਿਕਾਰ ਬਣਾਇਆ। ਗ੍ਰਿਫਤਾਰੀ ਦੇ ਸਮੇਂ ਤੱਕ ਉਦਾਸੀ ਦੇ, ਪੁਲਿਸ ਨੂੰ ਲੋੜੀਂਦੇ ਬਾਬਾ ਬੂਝਾ ਸਿੰਘ ਸਮੇਤ ਅਨੇਕਾਂ ਨਕਸਲੀਆਂ ਨਾਲ ਨਜਦੀਕੀ ਸਬੰਧ ਬਣ ਚੁੱਕੇ ਸਨ। ਪਰ ਉਦਾਸੀ ਨੇ ਪੁਲਸੀ ਜ਼ਬਰ ਨੂੰ ਆਪਣੇ ਪਿੰਡੇ ਤੇ ਸਹਿੰਦਿਆਂ ਗੁਪਤ ਪਾਰਟੀ ਗਤੀਵਿਧੀਆਂ ਤੇ ਪਾਰਟੀ ਸਾਥੀਆਂ ਦਾ ਇਕ ਵੀ ਭੇਦ ਮੂੰਹੋਂ ਨਹੀਂ ਕੱਢਿਆ। ਉਦਾਸੀ ਦੀ ਇਸ ਪਹਿਲੀ ਗ੍ਰਿਫਤਾਰੀ ਸਬੰਧੀ ਉਹਨਾਂ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਹੋਰਾਂ ਦਾ ਕਹਿਣਾ ਹੈ ਕਿ ਪੁਲਿਸ ਉਦਾਸੀ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਖਪਾ ਦੇਣਾ ਚਾਹੁੰਦੀ ਸੀ ਪ੍ਰੰਤੂ ਕਾਮਰੇਡ ਤੇਜਾ ਸਿੰਘ ਸੁਤੰਤਰ ਵਰਗੇ ਵਿਅਕਤੀਆਂ ਦੀਆਂ ਕੋਸ਼ਿਸ਼ਾਂ ਕਾਰਨ ਉਦਾਸੀ ਨੂੰ ਸਮੇਂ ਸਿਰ ਝੂਠੇ ਪੁਲਿਸ ਮੁਕਾਬਲੇ ਦਾ ਸ਼ਿਕਾਰ ਹੋਣੋ ਬਚਾ ਲਿਆ ਗਿਆ ਸੀ। ਬਦਲੇ ਵਿੱਚ ਉਸ ਉਪਰ ਧਾਰਾ 212/216/217 120 ਜ. ਡ. 9 ਸਕਿਊਰਿਟੀ ਐਕਟ 4/5 ਐਕਸਪਲੂਸਿਵ ਐਕਟ 25 ਅਸਲਾ ਅਧੀਨ ਥਾਣਾ ਕੋਤਵਾਲੀ ਸੰਗਰੂਰ ਵਿੱਚ ਕੇਸ ਦਰਜ ਕਰ ਦਿੱਤਾ ਗਿਆ"।(1) 1972 ਨੂੰ ਮੋਗੇ ਦੇ ਰੀਗਲ ਸਿਨੇਮਾ ਮਾਲਕਾਂ ਅਤੇ ਕਾਲਜ ਵਿਦਿਆਰਥੀਆਂ ਵਿਚਕਾਰ ਸਿਨੇਮਾ ਮਾਲਕਾਂ ਦੁਆਰਾ ਟਿਕਟਾਂ ਦੀ ਬਲੈਕ ਕਰਨ ਦੇ ਮਾਮਲੇ ਵਿਚ ਹੋਏ ਟਕਰਾਅ ਦੌਰਾਨ ਦੋ ਵਿਦਿਆਰਥੀ ਸ਼ਹੀਦ ਹੋ ਗਏ। ਇਸ ਮਾਮਲੇ ਨੂੰ ਲੈ ਕੇ ਵਿਦਿਆਰਥੀਆਂ ਨੇ ਪੂਰੇ ਪੰਜਾਬ ਅੰਦਰ ਰੋਹ ਭਰਪੂਰ ਮੁਜਾਹਰੇ ਜਥੇਬੰਦ ਕੀਤੇ। ਉਦਾਸੀ ਜਿੱਥੇ ਇਹਨਾਂ ਮੁਜਾਹਰਿਆਂ ਵਿੱਚ ਸ਼ਾਮਲ ਹੁੰਦਾ ਰਿਹਾ, ਉਥੇ ਉਸਨੇ ਪੰਜਾਬ ਦੇ ਨੌਜਵਾਨਾਂ-ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਮੋਗਾ ਗੋਲੀ ਕਾਂਡ ਸਬੰਧੀ ਗੀਤ ਲਿਖੇ ਤੇ ਗਾਏ। ਇਸ ਗੋਲੀ ਕਾਂਡ ਵਿਚ ਉਦਾਸੀ ਦੀ ਭੂਮਿਕਾ ਨੂੰ ਲੈ ਕੇ ਪੁਲਿਸ ਲਗਾਤਾਰ ਉਸਦਾ ਪਿੱਛਾ ਕਰਨ ਲੱਗੀ। ਉਦਾਸੀ ਘਰੋਂ ਬਾਹਰ ਰਹਿਣ ਲੱਗ ਪਿਆ। ਕੋਈ ਚਾਰਾ ਨਾ ਚੱਲਦਾ ਵੇਖਕੇ ਸ਼ਹਿਣਾ ਥਾਣੇ ਦੀ ਪੁਲਿਸ ਨੇ ਉਸਦੇ ਵੱਡੇ ਲੜਕੇ ਤੇ ਪਤਨੀ ਨੂੰ ਗ੍ਰਿਫਤਾਰ ਕਰ ਲਿਆ, ਜਿਨ੍ਹਾਂ ਨੂੰ ਬਾਅਦ 'ਚ ਉਦਾਸੀ ਦੀ ਪੇਸ਼ਗੀ ਦੇ ਇਵਜ਼ 'ਚ ਰਿਹਾਅ ਕਰ ਦਿੱਤਾ ਗਿਆ। ਨਵੰਬਰ 1972 ਵਿਚ ਉਦਾਸੀ ਦੀ ਇਹ ਦੂਸਰੀ ਗ੍ਰਿਫਤਾਰੀ ਸੀ। ਮੋਗਾ ਗੋਲੀ ਕਾਂਡ ਸਮੇਂ ਦੀ ਇਸ ਗ੍ਰਿਫਤਾਰੀ ਦੌਰਾਨ ਪੂਰਾ ਇਕ ਸਾਲ ਉਦਾਸੀ ਉਪਰ ਪਹਿਲਾਂ ਸ਼ਹਿਣਾ ਪੁਲਿਸ ਸਟੇਸ਼ਨ ਤੇ ਫਿਰ ਸੰਗਰੂਰ ਜੇਲ੍ਹ ਵਿਚ ਤਸ਼ੱਦਦ ਕੀਤਾ ਗਿਆ। ਤੀਸਰੀ ਵਾਰ, ਜੂਨ 1975 ਵਿੱਚ ਇੰਦਰਾ ਗਾਂਧੀ ਵੱਲੋਂ ਜ਼ਬਰੀ ਥੋਪੀ ਗਈ ਐਮਰਜੈਂਸੀ ਸਮੇਂ ਉਸਨੂੰ ਪੁਲਿਸ ਸਟੇਸ਼ਨ ਸ਼ਹਿਣਾ ਦੀ ਪੁਲਿਸ ਨੇ ਫਿਰ ਗ੍ਰਿਫਤਾਰ ਕੀਤਾ। ਵੱਖ-ਵੱਖ ਥਾਣਿਆ-ਜੇਲ੍ਹਾਂ ਵਿਚ ਉਸਨੂੰ ਮਾਨਸਿਕ ਤੌਰ 'ਤੇ ਜਲੀਲ ਕੀਤਾ ਜਾਂਦਾ ਰਿਹਾ ਤੇ ਉਸਨੂੰ ਸਰਕਾਰੀ ਅਧਿਆਪਕ ਦੀ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਕੁਝ ਸਮੇਂ ਦੀ ਰਿਹਾਈ ਤੋਂ ਬਾਅਦ ਉਦਾਸੀ ਨੂੰ ਅਗਸਤ 1975 ਵਿਚ ਪੋਟਾ ਦੀ ਧਾਰਾ ਡੀ. ਆਈ. ਆਰ. (ਭਾਰਤੀ ਸੁਰੱਖਿਆ ਐਕਟ) ਤਹਿਤ ਆਖਰੀ ਵਾਰ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰੀਆਂ ਦੌਰਾਨ ਜਿੱਥੇ ਵੱਖ-2 ਜੇਲ੍ਹਾਂ-ਥਾਣਿਆਂ ਵਿਚ ਉਦਾਸੀ ਨੂੰ ਮਾਨਸਿਕ-ਸਰੀਰਕ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ, ਉਥੇ ਇਸੇ ਸਮੇਂ ਉਸ ਦੇ ਪਰਿਵਾਰ ਦਾ ਪੇਟ ਪਾਲਣ ਦਾ ਆਸਰਾ ਬਣੀ ਨੌਕਰੀ ਤੋਂ ਮੁਅੱਤਲੀ, ਬਹਾਲੀ ਤੇ ਫਿਰ ਮੁਅੱਤਲੀ ਦੇ ਚੱਕਰ ਵੀ ਕੱਟਣੇ ਪਏ। ਉਸਦੇ ਮਜਦੂਰ ਪਰਿਵਾਰ ਨੂੰ ਅਨੇਕਾਂ ਕਠਨ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਐਮਰਜੈਂਸੀ ਸਮੇਂ ਹੋਈ ਪਹਿਲੀ ਗ੍ਰਿਫਤਾਰੀ (ਜੂਨ 1975) ਵੇਲੇ ਉਦਾਸੀ ਆਪਣੇ ਮਿੱਤਰ ਹਰਦੇਵ ਗਰੇਵਾਲ ਨੂੰ ਕੇਂਦਰੀ ਜੇਲ੍ਹ ਪਟਿਆਲਾ 'ਚੋਂ ਇਕ ਖਤ ਰਾਹੀਂ ਆਪਣੇ ਤੇ ਆਪਣੇ ਪਰਿਵਾਰ ਦੀ ਹਾਲਤ ਬਾਰੇ ਦੱਸਦਾ ਹੈ ਕਿ "..ਜੇਲ੍ਹ ਆ ਕੇ ਮੇਰੀਆਂ ਅੱਖਾਂ ਵਿਚ infection ਹੋ ਗਈ ਹੈ। ਗਾਰਦ ਲਈ ਕਿਹਾ ਹੈ ਪਟਿਆਲਾ ਰਾਜਿੰਦਰਾ ਹਸਪਤਾਲ ਵਾਲਿਆਂ ਦਾ ਆਦੇਸ਼ ਹੈ ਕਿ ਮੈਨੂੰ ਹਸਪਤਾਲ ਦਾਖਲ ਕਰਵਾਇਆ ਜਾਏ ਪਰ ਇਥੇ ਕੋਈ ਮੰਨਦਾ ਸੁਣਦਾ ਨਹੀਂ। ਵੈਸੇ ਦੁਆਈ ਲਿਆ ਦਿੱਤੀ ਅੱਗੇ ਦੇਖੋ। 17/7 ਨੂੰ ਬਰਨਾਲੇ ਪੇਸ਼ੀ ਤੇ ਗਿਆ ਸੀ। ਬੱਚੇ ਮਿਲੇ ਸਨ। ਉਹਨਾਂ ਦਾ ਹਰ ਤਰ੍ਹਾਂ ਬੁਰਾ ਹਾਲ ਹੈ। ਘਰ ਤੇ ਸੀ. ਆਈ. ਡੀ. ਦਾ ਪਹਿਰਾ ਹੈ। ਦੋਸਤ ਮਿੱਤਰ ਵੇਲੇ ਕੁਵੇਲੇ ਆਉਂਦੇ ਹਨ।"

ਲੁਟੇਰੀ ਤੇ ਜ਼ਾਬਰ ਰਾਜ ਵਿਵਸਥਾ ਨੂੰ ਬਦਲਨ ਵਾਲੀ ਲੋਕਪੱਖੀ ਵਿਗਿਆਨਕ ਵਿਚਾਰਧਾਰਾ ਤੇ ਸਿਆਸਤ ਅਤੇ ਉਸ ਵਿਚਾਰਧਾਰਾ-ਸਿਆਸਤ ਦੇ ਪੈਰੋਕਾਰ ਲੋਕਾਂ ਨੂੰ ਸਮੇਂ ਦੀਆਂ ਰਾਜ ਕਰਨ ਵਾਲੀਆਂ ਜਮਾਤਾਂ 'ਦਹਿਸ਼ਤਗਰਦ', 'ਦੇਸ਼ ਧ੍ਰੋਹੀ', 'ਅਨਾਰਕਿਸਟ', 'ਕਮਿਊਨਿਸਟ", 'ਮਾਓਵਾਦੀ' ਆਦਿ ਦਰਜੇ ਦੇ ਕੇ ਬਦਨਾਮ ਕਰਦਿਆਂ, ਲੋਕ ਮਨਾਂ ਵਿਚੋਂ ਉਹਨਾਂ ਦੇ ਅਕਸ ਤੇ ਵਿਚਾਰਾਂ ਨੂੰ ਖਾਰਜ ਕਰਨ ਦਾ ਯਤਨ ਕਰਦੀਆਂ ਹੀ ਰਹਿੰਦੀਆਂ ਹਨ। ਇਥੇ ਉਦਾਸੀ ਵੀ ਭਾਰਤੀ ਸਟੇਟ ਦੀਆਂ ਇਹਨਾਂ ਊਂਜਾ ਦਾ ਸ਼ਿਕਾਰ ਬਣਿਆ। ਲੋਕ ਲਹਿਰਾਂ ਤੇ ਕਾਰਕੁੰਨਾਂ ਉਪਰ ਲਗਾਈਆਂ ਜਾਂਦੀਆਂ ਇਹਨਾਂ ਊਂਜਾ ਤੇ ਢਾਹੇ ਜਾ ਰਹੇ ਅੰਨ੍ਹੇ ਜ਼ਬਰ ਤਸ਼ੱਦਦ ਬਾਰੇ ਉਦਾਸੀ ਦੁਆਰਾ ਪ੍ਰਗਟ ਕੀਤੇ ਗਏ ਮਨੋਭਾਵਾਂ ਤੋਂ ਜਾਪਦਾ ਹੈ ਕਿ ਉਸਨੇ ਸ਼ਹੀਦੇ ਆਜ਼ਮ ਦੇ ਉਹ ਵਿਚਾਰ ਪੂਰੀ ਤਰ੍ਹਾਂ ਆਤਮਸਾਤ ਕਰ ਲਏ ਸਨ ਜੋ ਉਸਨੇ ਮਈ 1928 ਦੇ ਕਿਰਤੀ ਅਖਬਾਰ ਵਿੱਚ ਉਅਨਾਰਕਿਜ਼ਮ ਕੀ ਹੈ?" ਦੀ ਲੇਖ ਲੜੀ ਰਾਹੀਂ ਬੁਰਜੂਆ ਜਮਾਤਾਂ ਵੱਲੋਂ ਲੋਕਪੱਖੀ ਤਾਕਤਾਂ ਪ੍ਰਤੀ ਅਪਣਾਏ ਜਾਂਦੇ ਰਵੱਈਏ ਨਾਲ ਸਾਡਾ ਤੁਆਰਫ ਕਰਵਾਉਂਦਿਆਂ ਕਹੇ ਸਨ ਕਿ "ਲੋਕੀਂ 'ਅਨਾਰਕਿਸਟ' ਨਾਮ ਕੋਲੋਂ ਬੜਾ ਡਰਦੇ ਹਨ। ਜਦ ਕੋਈ ਆਦਮੀ ਆਪਣੀ ਅਜ਼ਾਦੀ ਖਾਤਰ ਕਿਧਰੋਂ ਪਿਸਤੌਲ ਜਾਂ ਬੰਬ ਲੈ ਨਿਕਲਦਾ ਹੈ। ਤਦੋਂ ਹੀ ਸਾਰੇ ਹਾਕਮ ਅਤੇ ਉਹਨਾਂ ਦੇ ਪਿੱਠੂ "ਅਨਾਰਕਿਸਟ" ਕਹਿਕੇ ਦੁਨੀਆਂ ਨੂੰ ਡਰਾ ਦਿੰਦੇ ਹਨ। "ਅਨਾਰਕਿਸਟ" ਇਕ ਬੜਾ ਖੂੰਖਾਰ ਆਦਮੀ ਸਮਝਿਆ ਜਾਂਦਾ ਹੈ, ਜਿਸਦੇ ਦਿਲ ਵਿੱਚ ਕਿ ਜ਼ਰਾ ਭਰ ਵੀ ਤਰਸ ਨਾ ਹੋਵੇ ਅਤੇ ਜੋ ਖੂਨ ਦਾ ਪਿਆਸਾ ਹੋਵੇ ੜੜਅਸੀਂ ਕਹਿ ਰਹੇ ਸਾਂ ਕਿ ਅਨਾਰਕਿਸਟ ਲਫਜ਼ ਬੜਾ ਬਦਨਾਮ ਕੀਤਾ ਗਿਆ ਹੈ ਅਤੇ ਖੁਦਗਰਜ, ਪੂੰਜੀਦਾਰਾਂ ਨੇ ਜਿਸ ਤਰ੍ਹਾਂ 'ਬਾਲਸ਼ਵਿਕ," "ਕਮਿਊਨਿਸਟ", "ਸੋਸ਼ਲਿਸ਼ਟ" ਆਦਿ ਲਫਜ਼ ਬਦਨਾਮ ਕੀਤੇ ਹਨ, ਉਸ ਤਰ੍ਹਾਂ ਏਸ ਲਫਜ਼ ਨੂੰ ਵੀ ਬਦਨਾਮ ਕੀਤਾ, ਹਾਲਾਂ ਕਿ ਅਨਾਰਕਿਸਟ ਸਭ ਤੋਂ ਵਧੀਕ ਦਰਦਮੰਦ ਦਿਲ ਵਾਲੇ ਸਾਰੀ ਦੁਨੀਆਂ ਦਾ ਭਲਾ ਚਾਹੁੰਣ ਵਾਲੇ ਹੁੰਦੇ ਹਨ। ਉਹਨਾਂ ਦੇ ਵਿਚਾਰਾਂ ਨਾਲ ਭੇਦ ਰੱਖਦਿਆਂ ਹੋਇਆਂ ਵੀ ਉਨ੍ਹਾਂ ਦੀ ਗੰਭੀਰਤਾ, ਲੋਕ ਪਿਆਰ, ਤਿਆਗ ਅਤੇ ਉਨ੍ਹਾਂ ਦੀ ਸੱਚਾਈ ਆਦਿ ਉਤੇ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ।" (3) (ਉਂਝ ਅਰਾਜਕਤਾਵਾਦ ਇਕ ਵੱਖਰੀ ਬਹਿਸ ਦਾ ਵਿਸ਼ਾ ਹੈ ਜਿਸ ਬਾਰੇ ਮਾਰਕਸ/ਏਂਗਲਜ਼ ਤੇ ਲੈਨਿਨ ਨੇ ਵਿਸ਼ੇਸ਼ ਧਿਆਨ ਦਿੱਤਾ)* ਇਸੇ ਤਰ੍ਹਾਂ ਨਕਸਲਬਾੜੀ ਦੌਰ ਅੰਦਰ ਭਾਰਤੀ ਹਾਕਮਾਂ ਵੱਲੋਂ ਇਸ ਲਹਿਰ ਦੇ ਵਿਚਾਰਧਾਰਕ ਸਿਆਸੀ ਏਜੰਡੇ ਨੂੰ ਮਿੱਟੀ ਘੱਟੇ 'ਚ ਰੋਲਦਿਆਂ ਭਾਰਤ ਦੀ ਨਕਸਲਬਾੜੀ ਲਹਿਰ, ਉਸਦੇ ਆਗੂਆਂ, ਕਾਰਕੁੰਨਾਂ ਤੇ ਸਮਰਥਕਾਂ ਨੂੰ ਹਿੰਸਕ ਅਤੇ ਖੂੰਖਾਰ ਦਹਿਸ਼ਤਗਰਦ ਦੇ ਤੌਰ ਤੇ ਪੇਸ਼ ਕੀਤਾ ਗਿਆ। ਇੱਥੇ ਸੰਤ ਰਾਮ ਉਦਾਸੀ ਸ਼ਹੀਦੇ ਆਜ਼ਮ ਭਗਤ ਸਿੰਘ ਦੁਆਰਾ ਦਰਸਾਏ ਉਪਰੋਕਤ ਕਥਨ ਅਨੁਸਾਰ ਲੋਟੂ ਰਾਜ ਵਿਵਸਥਾ ਦੇ ਚਰਿੱਤਰ ਨੂੰ ਨੰਗਾਂ ਕਰਦਿਆਂ, ਇਕ ਥਾਂ ਮੁਲਾਕਾਤ ਦੌਰਾਨ ਤਸੀਹਾ ਕੇਂਦਰ ਦੇ ਅਨੁਭਵ ਬਾਰੇ ਦੱਸਦਾ ਹੈ, ਉ ਮੈਂ ਸਮਝਦਾਂ ਹਾਂ ਕਿ ਜਿਹੜੀ ਵੀ ਗੱਲ ਰਾਜ ਸੱਤਾ ਤੇ ਸੱਟ ਮਾਰਦੀ ਹੈ, ਉਹ ਹਰ ਗੱਲ ਇੰਨਟੈਰੋਗੇਟ ਕੀਤੀ ਜਾਵੇਗੀ। ਮੈਂ ਆਪਣੇ ਆਪ ਨੂੰ ਕੇਵਲ ਗੀਤਕਾਰ ਹੀ ਨਹੀਂ ਸਮਝਦਾ ਸਗੋਂ ਇਸ ਸਰਮਾਏਦਾਰ ਨਿਜ਼ਾਮ ਵਿਚ ਪੱਛੜੇ ਹੋਏ ਵਰਗ ਦਾ ਮੈਂਬਰ ਵੀ ਹਾਂ। ਬੁਰਜੂਆਜ਼ੀ ਸੋਚ ਅਨੁਸਾਰ ਜਦ ਵੀ ਕੋਈ ਮਜ਼ਦੂਰ ਤਾਜ ਨੂੰ ਹੱਥ ਪਾਉਣ ਦੀ ਗੱਲ ਕਰਦਾ ਹੈ ਤਾਂ ਸਰਮਾਏਦਾਰ ਉਸਨੂੰ ਅਨੇਕਾਂ ਵਿੰਗ ਵਲੇਵਿਆਂ ਵਿੱਚ ਲਿਆਕੇ ਥਿੜਕਾਉਣ ਦੀ ਕੋਸ਼ਿਸ਼ ਕਰਦਾ ਹੈ। ਸਰਮਾਏਦਾਰੀ ਨਿਜ਼ਾਮ ਦੇ ਹੱਥ ਕੰਢਿਆਂ ਉੱਤੇ ਜ਼ਰਾ ਜਿੰਨੀ ਵੀ ਸੱਟ ਵੱਜੇ ਤਾਂ ਇਸਦਾ ਸਮੁੱਚਾ ਤਾਣਾ ਬਾਣਾ ਝੰਜੋੜਿਆ ਜਾਂਦਾ ਹੈ। ਮੈਂ ਯੂਨੀਅਨ ਵਿਚ ਵੀ ਪ੍ਰਗਤੀਵਾਦ ਦੇ ਗੀਤ ਪੜ੍ਹੇ। ਮਜ਼ਦੂਰਾਂ ਦੀਆਂ ਸਮੱਸਿਆਵਾਂ ਲਈ ਲੜਿਆ। ਧਾਰਮਿਕ ਲੁੱਟ-ਖਸੁੱਟ ਤੇ ਵਹਿਮ ਪ੍ਰਸਤੀ ਦੇ ਖਿਲਾਫ ਅਵਾਜ ਉਠਾਈ, ਮਹਿੰਗਾਈ ਤੇ ਜਗੀਰੂ ਰੁਚੀਆਂ ਦੇ ਖਿਲਾਫ ਬੋਲਿਆ ਤਾਂ ਇੰਨਟੈਰੋਗੇਸ਼ਨ ਦਾ ਰਾਹ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਹੈ, ਮੈਂ ਅਨੁਭਵ ਕਰਦਾ ਹਾਂ ਕਿ ਵਰਤਮਾਨ ਰਾਜ ਸੱਤਾ ਕੋਲ ਲਿਖਾਰੀ ਹੋਣ ਦਾ ਤਾਂ ਕੀ, ਲੋਕ ਧ੍ਰੋਹੀ ਹੋਣ ਦਾ ਦੂਸ਼ਣ ਵੀ ਮੇਰੇ ਤੇ ਲਾ ਸਕਦੀ ਹੈ"।(4) ਉਦਾਸੀ ਸਰਕਾਰੀ ਜਬਰ ਦੀ ਸਿਆਸੀ ਪਿੱਠਭੂਮੀ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਸੀ।

ਉਦਾਸੀ ਦਾ ਪਿਛੋਕੜ ਸਿੱਖ ਧਰਮ ਨਾਲ ਜੁੜਿਆ ਹੋਇਆ ਸੀ ਤੇ ਫਿਰ ਉਹ ਨਾਮਧਾਰੀ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਦੇ ਵਿਚਾਰਾਂ ਤੋਂ ਵੀ ਪ੍ਰਭਾਵਿਤ ਰਿਹਾ। ਉਹ ਸਿੱਖ ਧਰਮ ਤੇ ਨਾਮਧਾਰੀ ਲਹਿਰ ਦੇ ਜੁਝਾਰੂ ਇਤਿਹਾਸਕ ਵਿਰਸੇ ਨੂੰ ਆਪਣੇ ਗੀਤਾਂ ਵਿਚ ਪੇਸ਼ ਕਰਦਾ ਤੇ ਜਬਰ ਖਿਲਾਫ਼ ਲੜਨ ਲਈ ਬਲ ਤੇ ਪ੍ਰੇਰਨਾ ਹਾਸਲ ਕਰਦਾ ਰਿਹਾ। ਇਹ

ਉਸਦੀ ਸਮੁੱਚੀ ਜ਼ਿੰਦਗੀ ਦਾ ਇਕ ਪੜਾਅ ਸੀ। ਆਪਣੀ ਜ਼ਿੰਦਗੀ ਦੇ ਲੰਮੇ ਅਰਸੇ ਦੌਰਾਨ ਉਦਾਸੀ ਮਾਰਕਸਵਾਦੀ ਵਿਚਾਰਧਾਰਾ ਦਾ ਸਿਖਿਆਰਥੀ ਰਿਹਾ। ਉਂਝ ਧਰਮ ਅਤੇ ਫਿਰਕਾਪ੍ਰਸਤੀ ਪ੍ਰਤੀ ਭਾਰਤ ਦੀ ਨਕਸਲਬਾੜੀ ਲਹਿਰ ਦੀ ਦਰੁਸਤ ਤੇ ਨਿਤਰਵੀਂ ਇਕਜੁਟ ਸਪੱਸ਼ਟ ਪਹੁੰਚ ਨਾ ਹੋਣ ਕਾਰਨ ਅਤੇ ਕੁਝ ਫਿਰਕਾਪ੍ਰਸਤ ਕਿਸਮ ਦੀਆਂ ਤਾਕਤਾਂ ਵੱਲੋਂ ਇਸ ਮਸਲੇ ਨੂੰ ਬੇਵਜ੍ਹਾ ਲੋੜੋਂ ਵੱਧ ਤੂਲ ਦੇਣ ਕਾਰਨ ਉਦਾਸੀ ਦੁਆਰਾ ਸਿੱਖ ਵਿਰਸੇ ਦੇ ਜੁਝਾਰੂ ਪੱਖ ਨੂੰ ਆਪਣੇ ਗੀਤਾਂ ਵਿਚ ਵਰਤਣ ਕਾਰਨ ਕਈ ਤਰ੍ਹਾਂ ਦੇ ਵਾਦ-ਵਿਵਾਦ ਲਗਾਤਾਰ ਪੈਦਾ ਹੁੰਦੇ ਆ ਰਹੇ ਹਨ। ਪਰ ਸਮੁੱਚੇ ਤੌਰ ਤੇ ਦੇਖਦਿਆਂ ਇਹ ਸਾਹਮਣੇ ਆਉਂਦਾ ਹੈ ਕਿ ਉਦਾਸੀ ਕਈ ਤਰ੍ਹਾਂ ਦੇ ਉਤਰਾਵਾਂ-ਚੜ੍ਹਾਵਾਂ 'ਚੋਂ ਗੁਜਰਦਿਆਂ ਜ਼ਿਆਦਾਤਰ ਸਮਾਜਵਾਦੀ ਵਿਗਿਆਨਕ ਵਿਚਾਰਧਾਰਾ ਦਾ ਅਨੁਯਾਈ ਹੀ ਰਿਹਾ ਹੈ। ਜ਼ਿੰਦਗੀ, ਕਵਿਤਾ ਤੇ ਲਹਿਰ ਅੰਦਰਲੀਆਂ ਔਕੜਾਂ ਨੂੰ ਉਦਾਸੀ ਕੁਝ ਊਣਤਾਈਆਂ ਦੇ ਹੁੰਦਿਆਂ ਹੋਇਆਂ ਵੀ ਇਸੇ ਅਗਾਂਹਵਧੂ ਵਿਚਾਰਧਾਰਾ ਦੀ ਕਸਵੱਟੀ ਤੇ ਪਰਖਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਰਿਹਾ। ਉਦਾਸੀ ਜੂਲੀਅਸ ਫੂਚਿਕ ਦੇ ਆਖਰੀ ਬੋਲਾਂ ਮੁਤਾਬਕ, "ਹੁਸ਼ਿਆਰ, ਖ਼ਬਰਦਾਰ ਰਹੋ! ਹਕੀਕੀ ਜ਼ਿੰਦਗੀ ਵਿੱਚ ਦਰਸ਼ਕ ਕੋਈ ਨਹੀਂ ਹੁੰਦੇ। ਤੁਸੀਂ ਸਾਰੇ ਜ਼ਿੰਦਗੀ ਵਿਚ ਹਿੱਸੇਦਾਰ ਹੁੰਦੇ ਹੋ", ਅਨੁਸਾਰ ਜ਼ਿੰਦਗੀ ਦਾ ਚੇਤੰਨ ਜੁਝਾਰੂ ਹਿੱਸੇਦਾਰ ਬਣ ਕੇ ਜੀਵਿਆ। ਉਹ ਆਪਣੀ ਮੁਲਾਕਾਤ ਵਿਚ ਦੱਸਦਾ ਹੈ, ਉਮੈਂ ਇਸ ਗੱਲ ਦਾ ਧਾਰਨੀ ਹਾਂ ਕਿ ਜ਼ੁਲਮ, ਤਸ਼ੱਦਦ ਹੱਕੀ ਅਵਾਜ਼ ਨੂੰ ਦਬਾਅ ਤਾਂ ਸਕਦਾ ਹੈ ਪਰ ਕੁਚਲ ਨਹੀਂ ਸਕਦਾ। ਜਿਸ ਸਿਧਾਂਤ ਬਾਰੇ ਕੋਈ ਲਿਖਾਰੀ ਜਿੰਨਾਂ ਹੀ ਜ਼ਿਆਦਾ ਜਾਣਕਾਰ ਹੁੰਦਾ ਹੈ, ਉਹ ਉਸ ਸਿਧਾਂਤ ਦੀ ਰਾਖੀ ਲਈ ਉਨ੍ਹਾਂ ਹੀ ਵੱਧ ਤਸ਼ੱਦਦ ਸਹਿ ਸਕਦਾ ਹੈ ਤੇ ਡਾਂਗਾਂ ਹੇਠੋਂ ਨਰੋਆ ਹੋ ਕੇ ਨਿਕਲਦਾ ਹੈ। ਜੂਲੀਅਸ ਫੂਚਿਕ ਨੇ ਤਸ਼ੱਦਦ ਸਹਿੰਦੇ ਹੋਏ 'ਫਾਂਸੀ ਦੇ ਤਖ਼ਤੇ ਤੋਂ' ਨਾਮ ਦੀ ਕਿਰਤ ਲੋਕਾਂ ਨੂੰ ਦੇ ਦਿੱਤੀ ਤਾਂ ਇਹ ਉਸਦਾ ਤਸ਼ੱਦਦ ਦੇ ਉਲਟ ਉਗਮਿਆਂ ਹੋਇਆ ਰੋਹ ਹੀ ਸੀ।" ਜਿੱਥੇ ਉਦਾਸੀ ਆਪਣੀ ਵਿਚਾਰਧਾਰਾ ਦੀ ਰਾਖੀ ਲਈ ਹੱਸਕੇ ਜਬਰ ਤਸ਼ੱਦਦ ਝੱਲਦਾ ਰਿਹਾ , ਉੱਥੇ ਉਹ ਲਹਿਰ ਦੇ ਅਨੇਕਾਂ ਹੋਰ ਕਾਰਕੁਨਾਂ ਤੇ ਆਗੂਆਂ ਦੇ ਸਟੇਟ ਵਲੋਂ ਜਬਰ ਅਤੇ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰੇ ਜਾਣ 'ਤੇ ਧੁਰ ਅੰਦਰ ਤੱਕ ਝੰਜੋੜਿਆ ਜਾਂਦਾ। ਉਦਾਸੀ ਲਹਿਰ ਦੇ ਆਪਣੇ ਸੰਗੀਆਂ ਸਾਥੀਆਂ ਨਾਲ ਵਿਚਾਰਧਾਰਕ ਸਿਆਸੀ ਮੱਤਭੇਦ ਹੋਣ ਦੇ ਬਾਵਜੂਦ, ਉਹਨਾਂ ਦੇ ਮਾਰੇ ਜਾਣ 'ਤੇ ਕਈ-ਕਈ ਹਫਤੇ ਮਾਨਸਿਕ ਪ੍ਰੇਸ਼ਾਨੀ ਵਿਚ ਰਹਿੰਦਾ। ਉਹ ਇਸ ਮਾਨਸਿਕ ਪੀੜਾਂ ਤੋਂ ਉਪਰ ਉੱਠਦਾ ਤੇ ਲੋਕ ਰੋਹ ਨੂੰ ਜ਼ਾਲਮ ਸਰਕਾਰ ਖਿਲਾਫ਼ ਜੱਥੇਬੰਦ ਕਰਨ ਵਿਚ ਹੋਰ ਵੱਧ ਤੱਦੀ ਨਾਲ ਜੁੱਟ ਜਾਂਦਾ। ਲੋਕ ਰੋਹ ਨੂੰ ਪ੍ਰਚੰਡ ਕਰਦੇ ਉਸਦੇ ਬਹੁਤ ਸਾਰੇ ਗੀਤ ਪੜ੍ਹ ਸੁਣ ਕੇ ਅੱਜ ਵੀ ਲੋਕਾਂ ਦੇ ਜਜ਼ਬਾਤ ਰੋਹ ਨਾਲ ਉਮੜ ਪੈਂਦੇ ਹਨ। ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਜਿਨ੍ਹਾਂ ਸ਼ਹੀਦ ਸਾਥੀਆਂ ਦਾ ਜ਼ਿਕਰ ਉਸਦੇ ਗੀਤਾਂ ਵਿਚ ਮਿਲਦਾ ਹੈ, ਉਹਨਾਂ ਵਿਚ ਪਿਆਰਾ ਦੱਦਾਹੂਰ, ਬਾਬਾ ਬੂਝਾ ਸਿੰਘ, ਬੇਅੰਤ ਮੂੰਮ ਆਦਿ ਅਨੇਕਾਂ ਨਕਸਲੀਆਂ ਦੇ ਨਾਂ ਸ਼ੁਮਾਰ ਹਨ।

ਨਕਸਲਬਾੜੀ ਲਹਿਰ ਦੇ ਅੰਗ ਵਜੋਂ ਐਮਰਜੈਂਸੀ ਸਮੇਂ ਹੋਏ ਪੁਲਿਸ ਤਸ਼ੱਦਦ ਬਾਰੇ ਉਦਾਸੀ, ਸੀ ਮਾਰਕੰਡਾ ਨਾਲ ਮੁਲਾਕਾਤ ਦੌਰਾਨ ਦੱਸਦਾ ਹੈ, "ਖਾਸ ਤੌਰ 'ਤੇ ਮੇਰੇ ਸਿਰ ਤੇ ਮੇਰੇ ਗੁਪਤ ਅੰਗਾਂ ਨੂੰ ਵੱਧ ਟਾਰਚਰ ਕੀਤਾ ਗਿਆ। ਬੁੱਲ੍ਹਡ ਵੀਰਾਂ ਨੇ ਮੇਰੇ ਸਿਰ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਲੋਹੜੀ ਮਨਾਈ। ਘੋਟਨਾ ਫੇਰਨਾ, ਕੁਰਸੀ ਲਾਉਣੀ, ਹੱਥਕੜੀਆਂ ਦੀ ਮਾਰ, ਜੋੜ ਕੁੱਟਣੇ ਆਮ ਜਿਹੀ ਗੱਲ ਹੈ। ਮੇਰੇ ਸਿਰ ਨੂੰ ਇੰਨਾਂ ਕੁਟਿਆ ਕਿ ਜਿਸਦਾ ਇਲਾਜ All India Institute of Medical Sciences ਵੀ ਨਹੀਂ ਕਰ ਸਕਿਆ। ਜਦੋਂ ਪੁਰੇ ਦੀ ਹਵਾ ਵਗਦੀ ਹੈ ਤਾਂ ਇੰਨਟੈਰੋਗੇਸ਼ਨ ਦੀਆਂ ਲਾਸਾਂ ਉਭਰ ਆਉਂਦੀਆਂ ਹਨ। ਦੂਜੀ ਵੇਰ ਵੀ ਮੇਰੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ। ਤੀਸਰੀ ਵਾਰ ਮਾਨਸਿਕ ਤੌਰ ਤੇ ਭੁਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਚੌਥੀ ਵਾਰ ਹਸਪਤਾਲ ਵਿਚ ਹੋਣ ਕਰਕੇ ਬਚ ਗਿਆ"। ਉਸਦੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਲਹਿਰ ਦੇ ਸੰਗੀਆਂ ਸਾਥੀਆਂ ਤੋਂ ਵੀ ਉਸ ਉਪਰ ਢਾਹੇ ਗਏ ਹਕੂਮਤੀ ਜਬਰ ਦੇ ਅਨੇਕਾਂ ਵੇਰਵੇ ਮਿਲਦੇ ਹਨ।

"ਉਦਾਸੀ 'ਲੱਡਾ ਕੋਠੀ' ਜਿਲ੍ਹਾ ਸੰਗਰੂਰ ਦੇ ਬੁੱਚੜਖਾਨੇ (ਇੰਨਟੈਰੋਗੇਟ ਸੈਂਟਰ) ਦੋ-ਤਿੰਨ ਹਫਤੇ ਅਣਮਨੁੱਖੀ ਤਸ਼ੱਦਦ ਝੱਲ ਕੇ ਆਇਆ ਸੀ। ਹਰ ਰਾਤ ਉਸ 'ਤੇ ਅੰਨ੍ਹੇਵਾਹ ਤਸ਼ੱਦਦ ਹੁੰਦਾ ਰਿਹਾ ਸੀ ਜਿਸ ਨਾਲ ਕੰਧਾਂ ਵੀ ਕੁਰਲਾ ਉਠਦੀਆਂ ਸਨ। ਘੋਟਣਾ ਲਾ ਕੇ ਚੱਡੇ ਪਾੜ ਦਿੱਤੇ"। ਉਦਾਸੀ ਦੱਸਦਾ, ਉਹਿ ਕਹਿਕੇ ਮੇਰਾ ਸਿਰ ਕੁੱਟਣਾ, ਤੇਰੇ ਸਿਰ ਵਿਚੋਂ ਤੇਰਾ ਨਕਸਲਬਾੜੀ ਇਨਕਲਾਬ ਦਾ ਭੂਤ ਕੱਢਦੇ ਆਂ। ਆਹ ਜਿਹੜੇ ਗੀਤ ਜੇ ਲਿਖਕੇ ਤੈਂ ਸਰਕਾਰ ਦੀ ਨੀਂਦ ਹਰਾਮ ਕੀਤੀ ਆ, ਤੇਰੇ ਸਿਰ 'ਚੋਂ ਕੱਢਦੇ ਆਂ।"

-ਕਰਮ ਸਿੰਘ ਮਾਨ

"ਘਰ ਦੀ ਹਾਲਤ ਵਾਂਗ ਭਰ ਜਵਾਨੀ ਦੀ ਉਮਰ ਹੀ ਉਹਦੀ ਸਰੀਰਕ ਹਾਲਤ ਵੀ ਭੈੜੀ ਹੋ ਗਈ ਹੈ। ਵਾਰ-ਵਾਰ ਦਿੱਤੇ ਗਏ ਸਰੀਰਕ ਅਤੇ ਮਾਨਸਿਕ ਤਸੀਹਿਆਂ ਕਾਰਨ ਜੋ ਉਹਦੇ ਆਪਣੇ ਸ਼ਬਦਾਂ ਅਨੁਸਾਰ ਉਸ ਕੋਲੋਂ 'ਮੇਰੀ ਕਲਮ ਅਤੇ ਅਵਾਜ਼ ਖੋਹ ਲੈਣ' ਲਈ ਦਿੱਤੇ ਗਏ, ਉਹਦਾ ਸਰੀਰ ਇਲਾਜੋਂ ਪਰ੍ਹੇ ਦੀ ਹੱਦ ਤੱਕ ਨੁਕਸਾਨਿਆਂ ਗਿਆ। ਉਹਦੇ ਭੰਨੇ ਹੋਏ ਸਿਰ ਦਾ ਇਲਾਜ ਮੈਡੀਕਲ ਇੰਸਟੀਚਿਊਟ ਵਿੱਚ ਵੀ ਨਹੀਂ ਹੋ ਸਕਿਆ ਅਤੇ ਸਿਰ ਦੀ ਕੁੱਟ ਕਾਰਨ ਉਹਦੀ ਇਕ ਅੱਖ ਦੀ ਨਜ਼ਰ ਲਾਇਲਾਜ ਹੋ ਕੇ ਜਾਂਦੀ ਰਹੀ ਹੈ ਤੇ ਦੂਜੀ ਘੱਟ ਗਈ ਹੈ। ਤੇ ਜਦੋਂ ਰੁਮਾਂਚਿਕ ਕਵੀਆਂ ਲਈ ਇਸ਼ਕ ਦੇ ਗੀਤਾਂ ਦੀ ਪ੍ਰੇਰਨਾ ਦੇਣ ਵਾਲੀ ਪੁਰੇ ਦੀ 'ਵਾ ਵਗਦੀ ਹੈ, ਉਹਦੇ ਸਰੀਰ ਦਾ ਜੋੜ-ਜੋੜ ਪੁਰਾਣੀਆਂ ਕੁੱਟਾਂ ਕਾਰਨ ਬਹੁੜੀ ਪਾ ਉਠਦਾ ਹੈ।"

-ਗੁਰਬਚਨ ਸਿੰਘ ਭੁੱਲਰ

"ਡੀ. ਐਸ. ਪੀ. ਸਿਕੰਦਰ ਸਿੰਘ ਨੇ ਉਦਾਸੀ ਨੂੰ ਏਨਾ ਮਾਰਿਆ ਸੀ ਕਿ ਉਹ ਤੁਰ ਫਿਰ ਨਹੀਂ ਸਕਦਾ ਸੀ। ਪੁੱਠਾ ਕਰਕੇ ਸਿਰ ਹੀ ਸਿਰ ਕੁੱਟਿਆ ਸੀ। ਨਾਲੇ ਹੇਠਾਂ ਮੋਮਬੱਤੀ ਦਾ ਸੇਕ ਦੇ ਰਿਹਾ ਸੀ। ਦਿਮਾਗ ਦੀ ਮਿੱਝ ਢਾਲ ਕੇ ਕਮਲਾ ਕਰਨਾ ਚਾਹੁੰਦਾ ਸੀ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ-ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ-ਪੁੱਟ ਕੇ ਖੋਪੜੀ ਰੋੜੀ ਕੀਤੀ ਹੋਈ ਸੀ । ਉਸਦੇ ਕਾਲੇ ਵਾਲ ਪੁੱਟਣ ਨਾਲ ਸੋਜਸ਼ ਹੋਈ ਸੀ। ਪੈਰਾਂ ਦੀਆਂ ਤਲੀਆਂ ਵਿਚ ਖੂਨ ਜੰਮਿਆਂ ਹੋਇਆਂ ਸੀ। ਸਾਰੇ ਸਰੀਰ ਦੇ ਜੋੜ ਡੰਡੇ ਮਾਰ-ਮਾਰ ਕੇ ਸੁਜਾਏ ਸਨ। ਉਦਾਸੀ ਮੌਤ ਨੂੰ ਅਵਾਜਾਂ ਮਾਰਦਾ ਹੋਇਆ ਮੂਧੇ ਮੂੰਹ ਬੈਰਕ ਵਿਚ ਬੇਸੁਰਤ ਪਿਆ ਹੋਇਆ ਸੀ।"

-ਗੁਰਦਾਸ ਸਿੰਘ ਘਾਰੂ (ਭਰਾ)

"ਸਰਪੰਚ ਦੀ ਰਿਸ਼ਤੇਦਾਰੀ ਵਿਚੋਂ ਸੀ. ਆਈ. ਏ. ਸਟਾਫ ਵਿਚ ਹਵਾਲਦਾਰ ਹਰਬੰਸ ਸਿੰਘ ਲੱਗਿਆ ਹੋਇਆ ਸੀ। ਸਰਪੰਚ ਨੇ ਪੁੱਛ ਪੜਤਾਲ ਕਰਕੇ ਆਖਿਆ, 'ਘਾਰੂ ਸਾਹਿਬ ਉਦਾਸੀ ਉੱਤੇ ਸੀ. ਆਈ. ਡੀ. ਦੀ ਸਖਤ ਡਾਇਰੀ ਹੈ। ਨਕਸਲਬਾੜੀ ਪਾਰਟੀ ਦੀ ਸੂਬਾ ਕਮੇਟੀ ਮੈਂਬਰ ਹੋਣ ਦਾ ਦੋਸ਼ ਹੈ। ਉਦਾਸੀ ਨੇ ਅਜੇ ਤੱਕ ਕੁਝ ਨਹੀਂ ਦੱਸਿਆ। ਤਸ਼ੱਦਦ ਬਹੁਤ ਹੋ ਚੁੱਕਿਆ ਹੈ। ਹਵਾਲਦਾਰ ਪੂਰਾ ਹੈਰਾਨ ਹੈ ਕਿ ਉਦਾਸੀ ਅਜੇ ਤੱਕ ਸੀਅ ਨਹੀਂ ਕਰਦਾ। ਉਸਨੇ ਆਖਿਆ ਕਿ ਉਹਨਾਂ ਨੂੰ ਆਖ ਦਿਓ ਕਿ ਆਪਣੀ ਪੂਰੀ ਵਾਹ ਲਾਵੋ। ਜੇ ਕੁਝ ਕਰ ਸਕਦੇ ਹਨ ਤਾਂ ਕਰਨ। 19 ਜਨਵਰੀ ਰਾਤ ਨੂੰ ਜਾਂ 20 ਜਨਵਰੀ ਰਾਤ ਨੂੰ ਉਦਾਸੀ ਨੂੰ ਮੁਕਾਬਲਾ ਜਾਂ ਭਗੌੜਾ ਬਣਾ ਕੇ ਮਾਰ ਦੇਣਾ ਹੈ'।"

-ਗੁਰਦਾਸ ਸਿੰਘ ਘਾਰੂ

"ਸ਼ਹਿਣੇ ਦਾ ਥਾਣੇਦਾਰ ਹਜ਼ੂਰਾ ਸਿੰਘ ਬੜਾ ਭੂਤਰਿਆ ਹੋਇਆ ਸੀ। ਉਦਾਸੀ ਨੂੰ ਮੁਕਾਬਲਾ ਬਣਾ ਕੇ ਮਾਰ ਦੇਣਾ ਚਾਹੁੰਦਾ ਸੀ। ਪੰਜਾਬ ਸਰਕਾਰ ਨਕਸਲਬਾੜੀ ਲਹਿਰ ਦੇ ਖਿਲਾਫ ਰਾਤ-ਦਿਨ ਪੁਲਿਸ ਨੂੰ ਚੱਜ ਨਾਲ ਰੋਟੀ ਵੀ ਨਹੀਂ ਸੀ ਖਾਣ ਦਿੰਦੀ। ਸੰਤ ਰਾਮ ਦੇ ਖਿਲਾਫ ਵਾਰੀ ਵਾਰੀ ਪੁਲਿਸ ਨੂੰ ਵੀ ਚਿੱਠੀਆਂ ਲਿਖੀਆਂ ਜਾ ਰਹੀਆਂ ਸਨ"।

-ਗੁਰਦਾਸ ਸਿੰਘ ਘਾਰੂ

ਉਦਾਸੀ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਵਿੱਚ ਵੀ ਖੁਦ ਆਪਣੇ ਪਿੰਡੇ ਉੱਤੇ ਤੇ ਲਹਿਰ ਦੇ ਯੁੱਧ-ਸਾਥੀਆਂ ਦੁਆਰਾ ਹੱਡੀ ਹੰਢਾਏ ਜਬਰ-ਤਸ਼ੱਦਦ ਦਾ ਹਾਲ ਚਿਤਰਿਆ। 'ਅਸੀਂ ਤਰਸ ਨਹੀਂ ਕਰਨਾ' ਵਿਚ ਉਦਾਸੀ ਲਿਖਦਾ ਹੈ:-

**ਤੇ ਜਦੋਂ ਵੀ ਸਾਡੀ ਜਿੱਤ ਦਾ ਵੱਡਾ ਦਿਨ ਆਇਆ**
**ਮੇਰੇ ਸੂਰਮੇ ਲੋਕੋ !**
**ਤਾਂ ਜਮਾਤੀ ਦੁਸ਼ਮਣਾ ਨੂੰ ਸਜਾ ਦੇਣ ਲੱਗਿਆਂ**
**ਅੱਖਾਂ 'ਚੋਂ ਦੂਰ ਲਾਹ ਕੇ ਰੱਖ ਦੇਣਾ ਤਰਸ ਦੀ ਨਿਗਾਹ**
**ਤੇ ਆਪਣੇ ਮਨ ਵਿਚ ਮੁੜ ਦੁਹਰਾ ਲੈਣਾ**
**ਇੰਨਟੈਰੋਗੇਸ਼ਨ ਸੈਂਟਰ ਵਾਲਾ ਵਾਤਾਵਰਣ**
**ਉਸ ਸਮੇਂ ਤਾਂ ਸਾਡੇ ਕੋਲ**
**ਰਹਿਮ ਨਾਂ ਦਾ ਕੁਝ ਵੀ ਬਾਕੀ ਨਹੀਂ ਹੋਣਾ**
**ਅਸੀਂ ਤਾਂ ਰਹਿਮ ਨੂੰ ਹਰ ਥਾਂ ਵੰਡਦੇ ਰਹੇ ਹਾਂ**
**'ਦੇਗਾਂ ਵਿਚ ਉਬਲਦੇ' ਸਿਦਕੀਆ ਦੇ ਕੋਲ**
**ਜੀਪਾਂ ਮਗਰ ਘੜੀਸੀ ਦੇ ਗੁਰੀਲਿਆਂ ਮਗਰ**

ਇਥੇ ਉਦਾਸੀ ਜਮਾਤੀ ਜੱਦੋਜਹਿਦ ਦੇ ਹੋਰ ਵਧੇਰੇ ਤਿੱਖਾ ਤੇ ਫੈਸਲਾਕੁੰਨ ਹੋਣ ਉਤੇ ਪ੍ਰੋਲੇਤਾਰੀ ਹਿੰਸਾਂ ਨੂੰ ਇਨਕਲਾਬ ਦੇ ਨੀਤੀ ਨਿਰਣੇ ਤੇ ਯੁੱਧਨੀਤਕ ਦਾਅਪੇਚ ਦੇ ਨੁਕਤਾ ਨਜ਼ਰ ਤੋਂ ਦੇਖਦਾ ਹੈ। ਇਕ ਪਾਸੇ ਜਮਾਤੀ ਦ੍ਰਿਸ਼ਟੀਕੋਣ ਤੋਂ ਜਾਬਰ ਰਾਜਕੀ ਹਿੰਸਾ ਦੇ ਗੈਰਮਨੁੱਖੀ ਚਰਿੱਤਰ ਨੂੰ ਉਘਾੜਦਾ ਹੈ ਤੇ ਦੂਸਰੇ ਪਾਸੇ ਕਿਰਤੀ ਜਮਾਤ ਨੂੰ 'ਜਿੱਤ ਦੇ ਵੱਡੇ ਦਿਨ' ਤੇ ਆਪਣੀ ਜਮਾਤ ਦੀ ਸਿਆਸਤ ਨੂੰ ਉਭਾਰਨ ਲਈ ਪ੍ਰੇਰਦਾ ਹੈ। ਇਸੇ ਤਰ੍ਹਾਂ 'ਗੁਰੂ ਨਾਨਕ ਤੇ ਅੱਜ' ਕਵਿਤਾ ਵਿਚ ਉਦਾਸੀ ਨਾਨਕ ਦੇ ਇਤਿਹਾਸਕ ਰੋਲ ਨੂੰ ਆਪਣੇ ਸਮੇਂ ਦੇ ਯਥਾਰਥ ਨਾਲ ਅੰਤਰ-ਸਬੰਧਿਤ ਕਰਦੇ ਹੋਏ 'ਹਕੂਮਤੀ ਚਰਿੱਤਰ' ਨੂੰ ਪ੍ਰਗਟ ਕਰਦਾ ਹੈ।

**ਕੀਹਨੂੰ-ਕੀਹਨੂੰ ਸੁਧਾਰੇਂਗਾ ਦੱਸ ਆਕੇ,**
**ਲੰਮੇ ਪੈਂਡੇ ਨੇ ਤੈਨੂੰ ਘੁਰਕਾ ਦੇਣਾ।**
**ਹੋਕਾ ਸੱਚ ਦਾ ਦਿੱਤਾ ਜੇ ਪੁਲਸ ਹੱਥੋਂ,**
**ਨਕਸਲਬਾੜੀਆ ਕਹਿਕੇ ਮਰਵਾ ਦੇਣਾ।**
**ਨਰਕ ਸੁਰਗ ਦੇ ਨਾਅਰੇ 'ਤੇ ਲੁੱਟਦੇ ਨੇ,**
**ਤੇਰੇ ਨਾਂ ਚੜ੍ਹਾਵੇ ਵੀ ਵੰਡਦੇ ਨੇ।**
**ਪਰ ਤੇਰੇ ਵਾਂਗ ਜੁ ਸੱਚ ਦਾ ਦਏ ਹੋਕਾ,**
**ਉਹਨੂੰ ਨਾਸਤਿਕ ਆਖਕੇ ਭੰਡਦੇ ਨੇ।**

ਕੁਝ ਹੋਰ:-

**ਅਸੀਂ ਸੜਕਾਂ ਤੇ ਡਾਗਾਂ ਦੀ ਅੱਗ ਸੇਕੀ**
**ਐ ਪਰ ਹੱਕਾਂ ਨੂੰ ਠੰਡ ਲੁਆਈ ਤਾਂ ਨਹੀਂ**
**ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ**
**ਅਸੀਂ ਗੋਲੀ ਤੋਂ ਕੰਡ ਭੰਵਾਈ ਤਾਂ ਨਹੀਂ**

ਕੱਲ ਵੈਰੀ ਤਿੱਖੀਆਂ ਸੰਗੀਨਾਂ ਮੂਹਰੇ ਲਾਈ ਜਾਂਦੇ
**ਬੱਚਿਆਂ ਤੇ ਬੁੱਢਿਆਂ ਦੀ ਲਾਰ।**
**ਧਰਤੀ ਨੂੰ ਹੋ ਗਿਆ ਨਮੂਨੀਆਂ,**
**ਜ਼ੁਲਮ ਦੇਖ ਅੰਬਰਾਂ ਨੂੰ ਮੋਹਰਕਾ ਬੁਖਾਰ**
**ਜੀਹਦੇ ਨਾਲ ਬੰਨਕੇ ਮਾਰੇ ਹਨ ਵੀਰ ਸਾਡੇ,**
**ਸਾਨੂੰ ਉਹ ਝੰਜੋੜ ਰਿਹਾ ਬੋਹੜ।**

ਉਦਾਸੀ ਦੀਆਂ ਚਾਰ ਗ੍ਰਿਫਤਾਰੀਆਂ ਦੌਰਾਨ ਉਸ ਉਪਰ ਹੋਇਆ ਜਬਰ ਤਸ਼ੱਦਦ ਵਿਅਕਤੀਗਤ ਤੌਰ ਤੇ ਮਹਿਜ ਉਦਾਸੀ ਤੱਕ ਸੀਮਿਤ ਨਹੀਂ ਤੇ ਨਾ ਹੀ ਉਸਦੇ ਸਿਰਫ ਇਕ ਲੋਕਪੱਖੀ ਕਵੀ ਹੋਣ ਕਾਰਨ, ਬਲਕਿ ਜਬਰ ਤਸ਼ੱਦਦ ਦਾ ਇਹ ਕਾਂਡ ਜਾਬਰ ਭਾਰਤੀ ਹਾਕਮਾਂ ਵਲੋਂ ਭਾਰਤ ਦੇ ਵੱਖ-ਵੱਖ ਖਿਤਿਆਂ ਵਿਚ ਜਿਥੋਂ ਵੀ ਨਕਸਲਬਾੜੀ ਬਗਾਵਤ ਦੀਆਂ ਚਿਣਗਾਂ ਫੁੱਟੀਆਂ, ਨੂੰ ਭਿਆਨਕ ਬਰਬਰਤਾ ਨਾਲ ਕੁਚਲ ਦੇਣ ਤੱਕ ਫੈਲਿਆ ਹੋਇਆ ਹੈ। ਇਹ ਲਾਜ਼ਮੀ ਤੌਰ ਤੇ ਨਹਿਰੂ ਦੇ ਸਾਮਰਾਜੀ ਸਰਮਾਏਦਾਰਾ ਪੱਖੀ ਜਾਬਰ-ਲੁਟੇਰੇ ਆਰਥਿਕ-ਸਿਆਸੀ ਪ੍ਰਬੰਧ ਦੇ ਮਾਡਲ ਨੂੰ ਸਮਾਜਵਾਦੀ ਲਬਾਦੇ ਹੇਠ ਦੇਸ਼ ਦੇ ਲੋਕਾਂ ਉਪਰ ਠੋਸਣ ਤੇ ਉਸਦੇ ਸਿੱਟੇ ਵਜੋਂ ਦੇਸ਼ ਦੇ ਕਿਰਤੀ ਲੋਕਾਂ ਦੀ ਦੁਰਦਸ਼ਾ ਤੇ ਰੋਹ ਵਿਚੋਂ ਫੁੱਟੀ ; ਸੋਧਵਾਦ-ਸੁਧਾਰਵਾਦ ਦੀ ਦਲਦਲ 'ਚ ਖੁੱਭ ਚੁੱਕੀ ਸੀ. ਪੀ. ਆਈ. ਤੇ ਸੀ. ਪੀ. ਐਮ. ਨਾਲੋਂ ਸਿਫਤੀ ਤੌਰ ਤੇ ਤੋੜ ਵਿਛੋੜਾ ਕਰ ਚੁੱਕੀ ਮਾਰਕਸਵਾਦੀ ਵਿਚਾਰਧਾਰਕ ਸਿਆਸੀ ਲੀਹ ਤੇ ਚੱਲਣ ਵਾਲੀ ਨਕਸਲਬਾੜੀ ਲਹਿਰ ਨੂੰ ਵਹਿਸ਼ੀ ਢੰਗ ਨਾਲ ਕੁਚਲਣ ਦੀ ਨੀਯਤ ਅਤੇ ਨੀਤੀ ਵਿਚੋਂ ਨਿਕਲੀ ਹੋਈ ਰਾਜਕੀ ਹਿੰਸਾ ਸੀ। ਇਸ ਰਾਜਕੀ ਹਿੰਸਾ ਨੂੰ ਸਮਝਣ ਲਈ ਸਾਨੂੰ ਨਕਸਲਬਾੜੀ ਲਹਿਰ ਦੇ ਮਹਾਨ ਤੇ ਵਿਸ਼ਾਲ ਅੰਦੋਲਨ ਨੂੰ ਅਤਿ ਤੋਂ ਅਤਿ ਸੰਖੇਪ ਸ਼ਬਦਾਂ ਵਿਚ ਜਾਣਨਾ ਹੋਵੇਗਾ।

ਭਾਰਤ ਵਿਚ ਨਕਸਲਬਾੜੀ ਅੰਦੋਲਨ ਦੇ ਫੁੱਟਣ ਸਮੇਂ ਸੰਸਾਰ ਪੱਧਰ 'ਤੇ ਕੌਮੀ ਮੁਕਤੀ ਲਹਿਰ, ਅਮਰੀਕਾ ਵਿੱਚ ਨਸਲੀ ਵਿਤਕਰੇ ਵਿਰੋਧੀ ਲਹਿਰ ਅਤੇ ਯੂਰਪੀ ਦੇਸ਼ਾਂ ਵਿੱਚ ਸੰਸਾਰ ਜੰਗ ਵਿਰੋਧੀ ਲਹਿਰ ਚਲ ਰਹੀ ਸੀ। ਅਮਰੀਕੀ ਸਾਮਰਾਜ ਖਿਲਾਫ਼ ਵੀਅਤਨਾਮ ਦੀ ਕੌਮੀ ਮੁਕਤੀ ਲਹਿਰ ਆਪਣੀ ਚਰਮ ਸੀਮਾ 'ਤੇ ਸੀ। ਉਸੇ ਸਮੇਂ ਸੋਵੀਅਤ ਯੂਨੀਅਨ 'ਚ ਭਾਰੂ ਹੋਏ ਸੋਧਵਾਦ ਵਿਰੁੱਧ ਚੀਨੀ ਕਮਿਊਨਿਸਟ ਪਾਰਟੀ ਦਾ ਵਿਚਾਰਧਾਰਕ ਸਿਆਸੀ ਘੋਲ ਪੂਰੀ ਤਰ੍ਹਾਂ ਭਖਿਆ ਹੋਇਆ ਸੀ। ਚੀਨੀ ਪਾਰਟੀ ਨੇ ਖ਼ਰੁਸ਼ਚੋਵ ਦੀ ਸੋਧਵਾਦੀ ਪੁਜੀਸ਼ਨ ਨੂੰ ਨੰਗਾ ਕਰਨ ਲਈ 9 ਦਸਤਾਵੇਜ (ਮਹਾਨ ਬਹਿਸ) ਜਾਰੀ ਕੀਤੇ ਸਨ। ਚੀਨ ਵਿਚ ਮਾਓ ਦੀ ਅਗਵਾਈ ਵਿਚ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਕਰੋੜਾਂ-ਕਰੋੜ ਨੌਜਵਾਨਾਂ, ਵਿਦਿਆਰਥੀਆਂ, ਬੁੱਧੀਜੀਵੀਆਂ, ਪਿੰਡਾਂ ਦੇ ਕਿਰਤੀ-ਕਿਸਾਨਾਂ-ਮਜ਼ਦੂਰਾਂ ਤੇ ਸਨਅਤੀ ਮਜ਼ਦੂਰਾਂ ਨੂੰ 'ਪੂੰਜੀਵਾਦੀ ਮਾਰਗੀਆਂ' ਵਿਰੁੱਧ ਸਿਖਿਅਤ, ਜੱਥੇਬੰਦ ਅਤੇ ਲਾਮਬੰਦ ਕੀਤਾ ਜਾ ਰਿਹਾ ਸੀ ਅਤੇ ਚੀਨ ਵਿੱਚ ਇੱਕ ਵੱਡੀ ਉਥਲ-ਪੁੱਥਲ ਚੱਲ ਰਹੀ ਸੀ। ਪੂੰਜੀਵਾਦੀ ਮਾਰਗੀਆਂ ਨੂੰ ਸੱਤਾ ਤੋਂ ਹੇਠਾਂ ਪਟਕਾਇਆ ਜਾ ਰਿਹਾ ਸੀ। ਭਾਰਤ ਅੰਦਰ ਨਹਿਰੂ ਮਾਰਕਾ ਸਮਾਜਵਾਦ ਬੇਨਕਾਬ ਹੋ ਰਿਹਾ ਸੀ। ਭਾਰਤ ਵਿੱਚ ਲੋਕ ਬੇਚੈਨੀ ਵਧ ਰਹੀ ਸੀ। ਕਾਂਗਰਸ ਨੂੰ 1947 ਤੋਂ ਬਾਅਦ ਪਹਿਲੀ ਵਾਰ ਕਈ ਸੂਬਿਆਂ ਵਿੱਚ ਚੋਣਾਂ ਵਿੱਚ ਹਾਰ ਦੇਖਣੀ ਪਈ ਸੀ ਅਤੇ ਕੇਂਦਰ ਵਿੱਚ ਇਸ ਨੂੰ ਪਹਿਲੀ ਪੇਤਲੀ ਬਹੁਸੰਮਤੀ ਹਾਸਲ ਹੋਈ ਸੀ। ਅਜਿਹੇ ਹਾਲਾਤਾਂ ਵਿੱਚ ਨਕਸਲਬਾੜੀ ਬਗਾਵਤ ਅਤੇ ਸ੍ਰੀਕਾਕੁਲਮ ਵਿੱਚ ਵੱਡਾ ਲੋਕ ਉਭਾਰ ਪੈਦਾ ਹੋ ਰਿਹਾ ਸੀ। 1970ਵਿਆਂ 'ਚ ਰੇਲਵੇ ਵਰਗੀਆਂ ਵੱਡੀਆਂ ਹੜਤਾਲਾਂ ਹੋ ਰਹੀਆ ਸਨ ਅਤੇ ਦੇਸ਼ ਭਰ 'ਚ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਵਿਦਿਆਰਥੀਆ ਵਿੱਚ ਉਭਾਰ ਸੀ । ਦਾਰਜੀਲਿੰਗ ਜਿਲ੍ਹੇ ਦੀ ਸਿਲੀਗੁੜੀ ਸਬਡਿਵੀਜ਼ਨ ਵਿਚ ਨਕਸਲਬਾੜੀ ਪੇਂਡੂ ਤਰਾਈ ਖਿੱਤੇ ਵਿਚ ਕਿਸਾਨ ਮਜ਼ਦੂਰ ਬਗਾਵਤ ਕਰਵਟ ਲੈਣ ਲੱਗੀ। ਇਸ ਪੇਂਡੂ ਤਰਾਈ ਖੇਤਰ ਵਿੱਚ ਖੇਤੀਬਾੜੀ ਅਤੇ ਚਾਹ ਦੇ ਬਾਗਾਂ ਦਾ ਕਾਰੋਬਾਰ ਹੈ। ਇਸ ਇਲਾਕੇ ਦੇ ਚਾਹ ਬਾਗਾਂ ਦੇ ਮਾਲਕ ਭੂਮੀਪਤੀ, ਬਾਗਾਂ ਦੇ ਮਜ਼ਦੂਰਾਂ ਉਪਰ ਨਿਰੰਕੁਸ਼ਤਾ ਚਲਾਉਂਦੇ ਸਨ। ਭੂਮੀਪਤੀ ਮਾਲਕ ਮਜ਼ਦੂਰਾਂ-ਕਿਸਾਨਾਂ ਦੀ ਜਿਥੇ ਬੇਥਾਹ ਅੰਨੀ ਲੁੱਟ ਕਰਦੇ ਸਨ ਉਥੇ ਉਹਨਾਂ ਦੀਆਂ ਔਰਤਾ ਨੂੰ ਘਰਾਂ ਅੰਦਰ ਬੇਪੱਤ ਕਰਦੇ ਸਨ। ਗੈਰ ਜੱਥੇਬੰਦਕ ਇਹਨਾਂ ਕਿਸਾਨਾਂ-ਮਜ਼ਦੂਰਾਂ ਨੂੰ ਜੱਥੇਬੰਦ ਕਰਨ ਲਈ ਚਾਰੂ ਮਜੂਮਦਾਰ, ਕਾਨੂ ਸਨਿਆਲ, ਜੰਗਲ ਸੰਥਾਲ, ਕਦਮ ਲਾਲ ਮਲਿਕ ਵਰਗੇ ਆਗੂਆਂ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਨ੍ਹਾਂ ਕੌਮੀ ਅਤੇ ਕੌਮਾਂਤਰੀ ਹਾਲਤਾਂ ਅਧੀਨ ਭਾਰਤ ਦੀ ਇਨਲਾਬੀ ਕਮਿਊਨਿਸਟ ਲਹਿਰ ਨੂੰ ਸੋਧਵਾਦ ਖਿਲਾਫ ਸਪੱਸ਼ਟ ਨਿਖੇੜੇ ਦੀ ਲਕੀਰ ਖਿੱਚਣ ਦਾ ਮੌਕਾ ਮਿਲਿਆ ਜਿਸ ਨੂੰ ਭਾਰਤ ਦੀਆਂ ਠੋਸ ਆਰਥਿਕ-ਸਿਆਸੀ ਪ੍ਰਸਥਿਤੀਆਂ ਮੁਤਾਬਿਕ ਅਜ਼ਾਦ ਅਤੇ ਆਲੋਚਨਾਤਮਕ ਢੰਗ ਆਪਣਾ ਕੇ ਦਰੁਸਤ ਵਿਚਾਰਧਾਰਕ-ਸਿਆਸੀ ਲੀਹ ਵਿਕਸਤ ਕਰਕੇ ਭਾਰਤੀ ਇਨਕਲਾਬ ਨੂੰ ਅੱਗੇ ਵਧਾਇਆ ਜਾ ਸਕਦਾ ਸੀ। ਭਾਵੇਂ ਇਓਂ ਕਰਨ ਨਾਲ ਭਾਰਤੀ ਕਮਿਊਨਿਸਟ ਲਹਿਰ ਇਨਕਲਾਬ ਕਰਨ ਵਿੱਚ ਸਫਲ ਨਹੀਂ ਹੋ ਸਕੀ ਪਰ ਇਸ ਦੇ ਬਾਵਜੂਦ ਨਕਸਲਬਾੜੀ ਬਗਾਵਤ ਦੀ ਘਟਨਾ ਨੇ ਭਾਰਤ ਦੀ ਕਮਿਊਨਿਸਟ ਲਹਿਰ ਵਿੱਚਕਾਰ ਕੌਮਾਂਤਰੀ ਪੱਧਰ 'ਤੇ ਇੱਕ ਪਾਸੇ ਚੀਨੀ ਕਮਿਊਨਿਸਟ ਪਾਰਟੀ ਦੀ ਇਨਕਲਾਬੀ ਲੀਹ ਅਤੇ ਦੂਜੇ ਪਾਸੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਸੋਧਵਾਦੀ ਲੀਹ ਵਿਚਕਾਰ ਚੱਲ ਰਹੇ ਵਿਚਾਰਧਾਰਕ-ਸਿਆਸੀ ਘੋਲ 'ਚ ਨਿਖੇੜਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜਿਸ ਨੇ ਅੱਗੇ ਇੱਕ ਪਾਸੇ ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਅਤੇ ਦੂਜੇ ਪਾਸੇ ਸੀ. ਪੀ. ਆਈ. ਤੇ ਸੀ. ਪੀ. ਐਮ. ਦੀ ਸੋਧਵਾਦੀ ਲੀਹ 'ਚ ਨਿਖੇੜਾ ਕੀਤਾ ਹੈ।

ਸੰਤ ਰਾਮ ਉਦਾਸੀ ਜੋ ਪਹਿਲਾਂ 1960 ਤੋਂ ਲੈ ਕੇ 1969 ਤੱਕ ਸੀ. ਪੀ. ਆਈ. , ਸੀ. ਪੀ. ਐਮ. ਦੇ ਕਾਰਕੁੰਨ ਵਜੋਂ ਸਰਗਰਮ ਸੀ। ਉਹ 1969 'ਚ ਮਾਰਕਸਵਾਦੀ ਵਿਚਾਰਧਾਰਕ ਸਿਆਸੀ ਅਧਾਰ ਤੇ ਉਸਰੀ ਨਕਸਲਬਾੜੀ ਲਹਿਰ ਦਾ ਮੁਰੀਦ ਬਣ ਜਾਂਦਾ ਹੈ। ਸੀ. ਪੀ. ਆਈ., ਸੀ. ਪੀ. ਐਮ. ਦੀ ਸੋਧਵਾਦੀ ਪੁਜੀਸ਼ਨ ਤੋਂ ਤੋੜ ਵਿਛੋੜਾ ਕਰਨ ਵਿਚ ਉਦਾਸੀ ਆਪਣੇ ਸਵੈ-ਕਥਨ ਮੁਤਾਬਕ ਮਾਰਕਸਵਾਦ ਨੂੰ ਹੀ ਕਸਵੱਟੀ ਵਜੋਂ ਵਰਤਦਾ ਹੈ। ਉਦਾਸੀ ਨਕਸਲਬਾੜੀ ਸਿਆਸਤ ਨੂੰ ਲੋਕਾਂ ਵਿਚ ਲੈ ਕੇ ਜਾਣ ਲਈ ਗੀਤਾਂ ਨੂੰ ਇਕ ਜ਼ਰੀਆ ਬਣਾਉਂਦਾ ਹੈ। ਲੁਟੇਰੀ ਰਾਜ ਵਿਵਸਥਾ ਨੂੰ ਢਹਿ-ਢੇਰੀ ਕਰਕੇ ਨਵਾਂ ਲੋਕਪੱਖੀ ਸਮਾਜ ਸਿਰਜਣ ਲਈ ਦੇਸ਼ ਦੇ ਕਿਰਤੀਆਂ ਨੂੰ ਪ੍ਰੇਰਣ ਵਾਲੇ ਉਸਦੇ ਗੀਤਾਂ ਅਤੇ ਭਾਰਤ ਦੀ ਸਮੁੱਚੀ ਨਕਸਲਬਾੜੀ ਲਹਿਰ ਨੂੰ ਜਬਰ ਦੇ ਜ਼ੋਰ ਤੇ ਕੁਚਲਣ ਵਾਲੀ ਸਾਮਰਾਜੀ- ਸਰਮਾਏਦਾਰਾ ਨੀਤੀ ਤਹਿਤ ਹੀ ਉਦਾਸੀ ਨੂੰ ਜਬਰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਉਦਾਸੀ ਉਪਰ ਹੋਏ ਜਬਰ-ਤਸ਼ੱਦਦ ਨੂੰ ਸਿਰਫ ਤੇ ਸਿਰਫ ਵਿਅਕਤੀਗਤੀ ਜਾਂ ਭਾਵਨਾਤਮਕ ਤੌਰ ਤੇ ਨਹੀਂ ਦੇਖਣਾ ਚਾਹੀਦਾ ਬਲਕਿ ਇਸਦੀ ਜਮਾਤੀ ਅਧਾਰਸ਼ਿਲਾ ਨੂੰ ਗੰਭੀਰਤਾ ਨਾਲ ਪੜਤਾਲਣ ਦੀ ਲੋੜ ਹੈ। ਜ਼ਰੂਰੀ ਸਵਾਲ ਇਹ ਹੈ ਕਿ ਉਦਾਸੀ ਉਪਰ ਤਸ਼ੱਦਦ ਕਿਉਂ ਹੋਇਆ? ਕੀ ਉਹ 'ਨਕਸਲਾਇਟ' ਸੀ ਇਸ ਕਾਰਨ? ਕੀ ਨਕਸਲਾਇਟ ਹੋਣਾ ਗੁਨਾਹ ਹੈ? ਕੀ ਉਹ ਦੇਸ਼ ਧਰੋਹੀ ਸੀ? ਦੇਸ਼ ਧਰੋਹੀ ਕੌਣ ਹੁੰਦਾ ਹੈ? ਇਹਨਾਂ ਸਵਾਲਾਂ ਨੂੰ ਜਾਚਣ ਪੜਤਾਲਣ ਤੇ ਹੀ ਉਦਾਸੀ ਉਪਰ ਹੋਏ ਤਸ਼ੱਦਦ ਦੇ 'ਕਾਰਨਾਂ' ਨੂੰ ਸਮਝਿਆ ਜਾ ਸਕਦਾ ਹੈ। ਤਸ਼ੱਦਦ ਕੀ ਹੁੰਦਾ ਹੈ? ਮਈ 1928 ਦੇ 'ਕਿਰਤੀ' ਅਖ਼ਬਾਰ ਵਿਚ ਭਗਤ ਸਿੰਘ ਤੇ ਉਸਦੇ ਸਾਥੀਆਂ ਦੁਆਰਾ ਬੰਬਈ ਦੇ ਅਖ਼ਬਾਰ 'ਸ਼ਰਧਾਨੰਦ' ਵਿਚੋਂ ਅਨੁਵਾਦ ਕਰਕੇ ਛਾਪੇ ਇਕ ਲੇਖ ਦੇ ਹਵਾਲੇ ਨਾਲ "ਤਸ਼ੱਦਦ" ਸ਼ਬਦ ਦੇ ਅਰਥਾਂ ਬਾਰੇ ਕੁਝ ਸਮਝਿਆ ਜਾ ਸਕਦਾ ਹੈ, ਓਕਾਂਗਰਸ ਦੇ ਹੁਕਮ ਥੱਲੇ ਹਜਾਰਾਂ ਈ ਕਿਸਾਨ ਬਿਨਾਂ ਕਿਸੇ ਨਾਂਹ ਨੁਕਰ ਤੋਂ ਸਾਂਤਮਈ ਦੀ, ਸਹੁੰ ਖਾਂਦੇ ਚਲੇ ਗਏ। ਗੱਲ ਤਾਂ ਠੀਕ ਸੀ, ਤਸ਼ੱਦਦ ਦੇ ਅਰਥ ਜ਼ੁਲਮ ਅਤੇ ਜਬਰ ਕਰਨਾ ਹੈ। ਇਹੋ ਜਿਹੇ ਬੁਰੇ ਕੰਮ ਨਾ ਕਰਨ ਦੀ ਸਹੁੰ ਖਾਣ ਵਿਚ ਕਿਸੇ ਨੂੰ ਕੀ ਉਜਰ ਹੋ ਸਕਦਾ ਹੈ। ਪਰ ਅਸਲ ਗੱਲ ਤਾਂ ਇਹ ਹੈ ਕਿ ਇਥੇ ਜ਼ੁਲਮ ਨੂੰ ਨਹੀਂ, ਸਗੋਂ ਤਾਕਤ ਦੇ ਵਰਤਣ ਨੂੰ ਹੀ ਤਸ਼ੱਦਦ ਦਾ ਨਾਮ ਰੱਖ ਕੇ ਲੋਕਾਂ ਵਿਚ ਗਲਤ ਫਹਿਮੀ ਖਿੰਡਾ ਦਿੱਤੀ ਗਈ ਏ। ਬਹੁਤ ਸਾਰੇ ਜਿਹੜੇ ਤਾਕਤ ਨੂੰ ਵਰਤਣ ਦੇ ਹੱਕ ਵਿਚ ਸਨ, ਉਹ ਤਸ਼ੱਦਦ ਦੇ ਹਾਮੀ ਬਣਨ ਦੀ ਦਲੇਰੀ ਨਾ ਕਰ ਸਕੇ ਅਤੇ ਉਨ੍ਹਾਂ ਨੇ ਵੀ ਚੁੱਪ ਚੁੱਪੀ ਤੇ ਸ਼ਾਤਮਈ ਦੇ ਪੱਖੀ ਰਹਿਣ ਦੀ ਸਹੁੰ ਖਾ ਲਈ। ਏਸੇ ਕਰਕੇ ਅਹਿੰਸਾ ਵਰਗੇ ਸ਼ਬਦਾਂ ਨੇ ਬੜੀ ਗੜਬੜ ਮਚਾ ਦਿੱਤੀ। ਹਜਾਰਾਂ ਹੀ ਕੰਮ ਜਿਹੜੇ ਕਿ ਅੱਜ ਤੱਕ ਜਾਇਜ ਹੀ ਨਹੀਂ, ਸਗੋਂ ਚੰਗੇ ਖਿਆਲ ਕੀਤੇ ਜਾਂਦੇ ਸਨ,

ਉਹ ਅੱਜ ਇਕ ਅੱਖ ਦੇ ਪਲਕਾਰੇ ਵਿਚ ਘਿਰਣਾ ਯੋਗ ਸਮਝੇ ਜਾਣ ਲੱਗ ਪਏ। ਬਹਾਦਰੀ, ਹੌਂਸਲਾ, ਸ਼ਹੀਦੀ, ਕੁਰਬਾਨੀ, ਫੌਜੀ ਕਰਤਵ, ਸ਼ਸਤਰ ਚਲਾਣ ਦੀ ਯੋਗਤਾ, ਦਲੇਰੀ ਅਤੇ ਜਾਬਰਾਂ ਦੇ ਸਿਰ ਕੁਚਲਣ ਵਾਲੀ ਬਹਾਦਰੀ ਆਦਿਕ ਗੁਣਾ ਦਾ ਨਿਰਭਰ ਤਾਕਤ ਦੇ ਵਰਤਣ ਉਤੇ ਸੀ, ਇਸ ਕਰਕੇ ਇਹ ਗੁਣ ਅਯੋਗ ਅਤੇ ਨੀਚ ਸਮਝੇ ਜਾਣ ਲੱਗੇ...ਤਾਕਤ ਦੀ ਯੋਗ ਅਤੇ ਅਯੋਗ ਵਰਤੋਂ ਨੂੰ ਬਿਨਾਂ ਕਿਸੇ ਸੋਚ ਵਿਚਾਰ ਦੇ ਝੱਟ ਤਸ਼ੱਦਦ ਦਾ ਫਤਵਾ ਲਾਕੇ ਘ੍ਰਿਣਾ ਯੋਗ ਹੋਣ ਦਾ ਐਲਾਨ ਕਰ ਦਿੱਤਾ ਗਿਆ ਏ। ....ਉਧਰ ਦੁਨੀਆਂ ਦੇ ਸਾਰੇ ਦੇਸ਼ ਸ਼ਾਸ਼ਤਰਧਾਰੀ ਹਨ। ਹਰ ਇਕ ਆਪਣੇ ਹਥਿਆਰਾਂ ਦੀ ਤਾਕਤ ਨੂੰ ਵਧਾਈ ਚਲਿਆ ਜਾ ਰਿਹਾ ਏ। ਏਧਰ ਇਹ ਸਾਡਾ ਭਾਰਤ-ਵਰਸ਼ ਹੈ, ਜਿਸਦੇ ਵਿਚ ਰਹਿਣ ਵਾਲਿਆਂ ਦਾ ਸ਼ਸ਼ਤਰ ਫੜਨਾ ਪਾਪ ਖਿਆਲ ਕੀਤਾ ਜਾਂਦਾ ਹੈ। ...ਸਾਰੀ ਗਲਤ-ਫਹਿਮੀ ਦੀ ਜੜ੍ਹ ਤਾਂ ਇਸ ਇਕ ਸ਼ਬਦ ਤਸ਼ੱਦਦ ਦੀ ਗਲਤ ਵਿਆਖਿਆ ਹੈ। ਕਿਉਂਕਿ ਤਸ਼ੱਦਦ ਅਤੇ ਜੁਲਮ ਵੀ ਤਾਕਤ ਦੀ ਵਰਤੋਂ ਨਾਲ ਹੀ ਹੁੰਦੇ ਹਨ, ਇਸ ਲਈ ਤਾਕਤ ਦੀ ਵਰਤੋਂ ਨਾਲ ਬਹੁਤ ਸਾਰੇ ਚੰਗੇ ਅਤੇ ਬੁਰੇ ਕੰਮ ਹੁੰਦੇ ਹਨ। ਏਸ ਲਈ ਤਾਕਤ ਦੀ ਵਰਤੋਂ ਨੂੰ ਹੀ ਤਸ਼ੱਦਦ ਜਾਂ ਜੁਲਮ ਆਖਣਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਆਖਿਆ ਜਾ ਸਕਦਾ। ਤਾਕਤ ਦੀ ਵਰਤੋਂ ਨਾਲ ਬਹੁਤ ਸਾਰੇ ਚੰਗੇ ਕੰਮ ਹੁੰਦੇ ਹਨ। ਜੁਲਮ ਇਹਨਾਂ ਵਿਚੋਂ ਇਕ ਹੈ। ਇਕ ਪੁਰਸ਼ ਚੋਰੀ ਕਿਸੇ ਦੇ ਘਰ ਨੂੰ ਅੱਗ ਲਾ ਦੇਂਦਾ ਹੈ, ਉਹ ਵੀ ਅੱਗ ਬਾਲਣ ਵਾਲਾ ਹੈ ਅਤੇ ਦੂਜੇ ਪਾਸੇ ਇਕ ਰਸੋਈਆਂ ਵੀ ਅੱਗ ਬਾਲਦਾ ਏ। ਪਰ ਰਸੋਈਆਂ ਕਸੂਰ-ਵਾਰ ਨਹੀਂ ਅਖਵਾ ਸਕਦਾ ਅਤੇ ਨਾ ਹੀ ਅੱਗ ਬਾਲਣ ਦਾ ਕੰਮ ਹੀ ਬੁਰਾ ਕਿਹਾ ਜਾ ਸਕਦਾ ਏ। ਇਸ ਤਰ੍ਹਾਂ ਆਪਣੇ ਦੇਸ਼ ਦੀ ਰੱਖਿਆ ਲਈ ਜਾਂ ਦੇਸ਼-ਅਜ਼ਾਦੀ ਦੀ ਪ੍ਰਾਪਤੀ ਲਈ ਸ਼ਾਸਤਰ ਲੈ ਕੇ ਮੈਦਾਨ ਵਿਚ ਨਿਤਰਨ ਵਾਲਾ ਦੇਸ਼ ਭਗਤ ਜਦੋਂ ਜ਼ਾਲਮ ਅਤੇ ਜੋਰਾਵਰ ਦੀ ਧੌਣ ਤਲਵਾਰ ਦੇ ਨਾਲ ਲਾਹ ਦੇਂਦਾ ਹੈ, ਜਾਂ ਜ਼ਾਲਮ ਤੋਂ ਕਿਸੇ ਮਜਲੂਮ ਦਾ ਬਦਲਾ ਲੈਂਦਾ ਹੋਇਆ ਫਾਂਸੀ ਤੇ ਚੜ੍ਹ ਜਾਂਦਾ ਏ, ਉਹ, ਜਾਂ ਕੋਈ ਹੋਰ ਸੂਰਬੀਰ, ਜਿਹੜਾ ਕਿ ਆਪਣੇ ਸਾਕ ਸਬੰਧੀਆਂ, ਆਪਣੀ ਇਸਤਰੀ ਜਾਂ ਘਰ ਬਾਰ ਦੀ ਰਾਖੀ ਦੀ ਖਾਤਰ ਹਥਿਆਰ ਲੈ ਕੇ ਲੁੱਚੇ ਜਾਲਮਾਂ ਦਾ ਮੁਕਾਬਲਾ ਕਰਨ ਲਈ ਨਿਕਲਦਾ ਏ। ਉਹ ਤਾਕਤ ਦੀ ਵਰਤੋਂ ਤਾਂ ਜਰੂਰ ਕਰਦੇ ਹਨ, ਪਰ ਤਸ਼ੱਦਦ ਨਹੀਂ ਕਰਦੇ। ...ਤਾਂ ਫਿਰ ਇਸਤੋਂ ਸਿੱਧ ਹੋਇਆ ਕਿ ਤਾਕਤ ਦੀ ਵਰਤੋਂ ਕਰਨਾ ਕੋਈ ਜੁਲਮ, ਜਬਰ ਜਾਂ ਤਸ਼ੱਦਦ ਨਹੀਂ ਸਗੋਂ ਇਹ ਤਾਕਤ ਦੇ ਵਰਤਣ ਵਾਲੇ ਦੀ ਨੀਯਤ ਤੇ ਨਿਰਭਰ ਰਹਿੰਦਾ ਏ। ਜੇਕਰ ਉਸਨੇ ਕਿਸੇ ਭਲੇ ਤੇ ਨੇਕ ਕੰਮ ਲਈ ਤਾਕਤ ਨੂੰ ਵਰਤਿਆ ਏ ਤਾਂ ਉਸ ਨੂੰ ਤਸ਼ੱਦਦ ਕਰਨ ਦਾ ਦੋਸ਼ ਨਹੀਂ ਠਹਿਰਾਇਆ ਜਾ ਸਕਦਾ। ਪਰ ਜੇਕਰ ਉਸਨੇ ਆਪਣੀ ਨਿੱਜ ਦੀ ਗਰਜ਼ ਜਾਂ ਬੇਦੋਸ਼ੀਆਂ ਨੂੰ ਦੁੱਖ ਦੇਣ ਦੀ ਖਾਤਰ ਆਪਣੀ ਤਾਕਤ ਦੀ ਆਯੋਗ ਵਰਤੋਂ ਕੀਤੀ ਹੈ ਤਾਂ ਉਹ ਬਿਨਾਂ ਸ਼ੱਕ ਜਾਂ ਡਰ ਦੇ 'ਤਸ਼ੱਦਦੀ' ਆਖਿਆ ਜਾ ਸਕਦੇ ਏ। ...ਠੀਕ ਉਹੀ ਗੱਲ ਰਾਜਨੀਤੀ ਦੀ ਏ। ਇਟਲੀ ਉਤੇ ਇਸ ਮੁਲਕ ਦੀ ਮਨਸ਼ਾ ਦੇ ਉਲਟ ਆਸਟ੍ਰੇਰੀਆ ਕੇਵਲ ਤਲਵਾਰ ਦੇ ਜ਼ੋਰ ਨਾਲ ਰਾਜ ਕਰਦਾ ਸੀ। ਇਸ ਲਈ ਉਸਦਾ ਇਟਲੀ ਨੂੰ ਜ਼ਬਰਦਸਤੀ ਅਧੀਨ ਰੱਖਣ ਦਾ ਕੰਮ ਤਸ਼ੱਦਦ ਸੀ, ਘਿਰਣਾ-ਯੋਗ ਅਤੇ ਖਾਤਮਾ ਕਰਨ ਦੇ ਯੋਗ ਸੀ, ਪਰ ਜਦੋਂ ਗੈਰੀਬਾਲੜੀ ਅਤੇ ਮੈਜ਼ਿਨੀ ਨੇ ਇਸਦੇ ਵਿਰੁੱਧ ਤਲਵਾਰ ਚੁੱਕੀ ਅਤੇ ਉਨ੍ਹਾਂ ਦੀ ਜ਼ਾਲਮ ਬਾਦਸ਼ਾਹੀ ਨੂੰ ਹੇਠਾਂ ਉਤੇ ਕਰ ਸੁਟਿਆ, ਤਦ ਉਨ੍ਹਾਂ ਦਾ ਇਹ ਕੰਮ ਘਿਰਣਾ ਯੋਗ ਨਹੀਂ ਸਗੋਂ ਪੂਜਣ-ਯੋਗ ਮੰਨਿਆ ਗਿਆ। ਠੀਕ ਏਹੋ ਗੱਲ ਅਸੀਂ 1857 ਵਿਚ ਹਿੰਦੋਸਤਾਨ ਦੀ ਅਜਾਦੀ ਲਈ ਹੋਈ ਲੜਾਈ ਬਾਰੇ ਆਖ ਸਕਦੇ ਹਾਂ"।

ਇਸੇ ਤਰ੍ਹਾਂ ਸੰਤ ਰਾਮ ਉਦਾਸੀ ਸਮੇਤ ਹਰ ਉਹ ਅਵਾਜ਼ ਜੋ ਸੰਸਾਰ ਸਾਮਰਾਜੀਆਂ, ਦੇਸ਼ੀ ਸਰਮਾਏਦਾਰ ਤਾਕਤਾਂ ਤੇ ਹੋਰ ਲੁਟੇਰੀਆਂ ਜਾਬਰ ਸੰਸਥਾਵਾਂ ਦੇ ਖਿਲਾਫ ਅਤੇ ਦੱਬੇ ਲਤਾੜਿਆਂ ਦੇ ਹੱਕ ਵਿਚ ਉਠੱਦੀ ਰਹੀ, ਨੂੰ ਜਬਰ-ਤਸ਼ੱਦਦ ਨਾਲ ਦਬਾ ਦਿੱਤਾ ਜਾਂਦਾ ਆ ਰਿਹਾ ਹੈ। ਇੱਥੇ ਇਕ ਪਾਸੇ ਆਰਥਿਕ ਸਮਾਜਕ ਅਨਸਾਵੇਂਪਣ ਨੂੰ ਸਲਾਮਤ ਰੱਖਣ ਤੇ ਹੋਰ ਗਹਿਰਾ ਕਰਨ ਵਾਲੀ ਪੂੰਜੀਵਾਦੀ ਵਿਵਸਥਾ ਦੇ ਹਿੱਤ ਹਨ ਤੇ ਦੂਸਰੇ ਪਾਸੇ ਨਿੱਜੀ ਜਾਇਦਾਦ ਅਧਾਰਿਤ ਸਬੰਧਾਂ ਨੂੰ ਖਤਮ ਕਰਨ ਵਾਲੀ ਕਮਿਊਨਿਜ਼ਮ ਵਿਵਸਥਾ ਤਹਿਤ ਕਿਰਤੀ ਜਮਾਤ ਦੇ ਹਿੱਤ ਹਨ। ਦੋਵੇਂ ਆਪਸ ਵਿਚ ਟਕਰਾਵੇਂ ਹਨ। ਦੋ ਜਮਾਤਾਂ ਦੀ ਇਸ ਆਪਸੀ ਜੱਦੋਜਹਿਦ ਵਿਚੋਂ ਹੀ ਤਸ਼ੱਦਦ (ਹਿੰਸਾ) ਸਬੰਧੀ ਨੀਤੀ ਤੇ ਨੀਅਤ ਤੈਅ ਹੁੰਦੀ ਹੈ। ਸੰਸਾਰ ਦ੍ਰਿਸ਼ਟੀਕੋਣ ਤਹਿਤ ਉਦਾਸੀ ਕਿਰਤੀ ਜਮਾਤ ਦੀ ਇਨਕਲਾਬੀ ਹਿੰਸਾ ਜੱਥੇਬੰਦ ਕਰਨ ਦਾ ਹਰਕਾਰਾ ਸੀ ਤੇ ਇਸਦੇ ਉਲਟ ਭਾਰਤੀ ਸਟੇਟ ਦਾ ਉਦਾਸੀ ਉਪਰ ਜਬਰ ਉਲਟ ਇਨਕਲਾਬੀ ਹਿੰਸਾ ਦਾ ਪ੍ਰਤੱਖ ਨਮੂਨਾ ਸੀ। ਪ੍ਰੋਲੇਤਾਰੀ ਜਮਾਤ ਨੂੰ ਲਾਜ਼ਮੀ ਹੀ ਆਪਣੀ ਇਨਕਲਾਬੀ ਹਿੰਸਾ ਜੱਥੇਬੰਦ ਕਰਨੀ ਪੈਂਦੀ ਹੈ, ਪ੍ਰੰਤੂ ਉਸਦੀ ਨੀਤੀ ਤੇ ਨੀਅਤ ਕੇਵਲ ਤੇ ਕੇਵਲ ਦਹਿਸ਼ਤ ਫੈਲਾਉਣਾ ਜਾਂ ਤਸ਼ੱਦਦ ਕਰਨਾ ਨਹੀਂ ਹੁੰਦੀ, ਸਗੋਂ ਸਮੂਹ ਕਿਰਤੀ ਜਮਾਤ ਦੇ ਹਿੱਤ ਅਨੁਕੂਲ ਉਸਦੇ ਕੌਮਾਂਤਰੀਵਾਦੀ ਕਮਿਊਨਿਜ਼ਮ ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਰਾਹ ਵਿਚ ਆਉਂਦੇ ਉਲਟ ਇਨਕਲਾਬੀ ਤੱਤਾਂ ਨੂੰ ਹੂੰਝ ਸੁੱਟਣਾ ਹੁੰਦਾ ਹੈ। ਸੋ ਉਦਾਸੀ ਉਪਰ ਭਾਰਤੀ ਸਟੇਟ ਜਬਰ-ਤਸ਼ੱਦਦ ਕਰਨ ਦਾ ਰਾਹ ਉਸ ਵੱਲੋਂ ਕਰੋੜਾਂ ਕਰੋੜ ਕਿਰਤੀਆਂ ਦੀ ਲੁੱਟ ਤੇ ਆਪਣੀ ਲੁਟੇਰੀ ਵਿਵਸਥਾ ਤੇ ਹਿੱਤਾਂ ਨੂੰ ਬਚਾਈ ਰੱਖਣ ਦੀ ਨੀਤੀ ਚੋਂ ਨਿਕਲਿਆ ਹੋਇਆ ਸੀ ਤੇ ਦੂਸਰੇ ਪਾਸੇ ਉਦਾਸੀ ਦੁਆਰਾ ਇਨਕਲਾਬੀ ਹਿੰਸਾ ਦਾ ਪੈਰੋਕਾਰ ਹੋਣਾ ਸਮੂਹਿਕ ਕਿਰਤੀ ਜਮਾਤ ਦੇ ਹਿੱਤਾਂ, ਰਾਜ ਤੇ ਸਮਾਜ ਦੀ ਸਥਾਪਤੀ ਦੀ ਤਰਜਮਾਨੀ ਕਰਦਾ ਹੈ। ਉਹ ਨਕਸਲਾਇਟ ਕਮਿਊਨਿਸਟ ਵਿਚਾਰਾਂ ਦਾ ਧਾਰਨੀ ਸੀ। ਨਕਸਲਬਾੜੀਆਂ ਦੀ ਇਕ ਮਜਬੂਤ ਤੇ ਵੱਖਰੀ ਲੋਕਪੱਖੀ ਵਿਚਾਰਧਾਰਾ ਅਤੇ ਸਿਆਸਤ ਹੈ। ਵੱਖਰੇ ਵਿਚਾਰਾਂ ਦਾ ਧਾਰਨੀ ਹੋਣਾ ਤੇ ਜਾਂ ਫਿਰ ਨਕਸਲੀ ਹੋਣਾ ਕੋਈ ਗੁਨਾਹ ਨਹੀਂ ਹੈ ਭਾਰਤੀ ਸੰਵਿਧਾਨ ਮੁਤਾਬਕ ਵੀ ਵੱਖਰੇ ਵਿਚਾਰ ਰੱਖਣਾ, ਨਕਸਲੀ ਜਾਂ ਮਾਓਵਾਦੀ ਹੋਣਾ ਕੋਈ ਗੁਨਾਹ ਨਹੀਂ ਹੈ, ਪ੍ਰੰਤੂ ਭਾਰਤੀ ਸੰਵਿਧਾਨ ਦੇ ਹੋਂਦ 'ਚ ਆਉਣ ਤੋਂ ਲੈ ਕੇ ਅੱਜ ਤੱਕ ਇਸਦੇ ਪੈਰੋਕਾਰਾਂ ਦਾ ਨਿਤ ਦਿਨ ਸੰਵਿਧਾਨ ਦੇ ਉਲਟ ਜਾ ਕੇ ਭਾਰਤੀ ਲੋਕਾਂ ਉਪਰ ਡੰਡੇ ਦੇ ਜੋਰ ਤੇ ਰਾਜ ਕਰਨ ਦਾ ਇਕ ਬਰਬਰ ਇਤਿਹਾਸ ਹੈ ਅਤੇ ਨਕਸਲਬਾੜੀ ਦੌਰ ਅੰਦਰ ਇਸਦਾ ਕਰੂਪ ਚਿਹਰਾ ਹੋਰ ਵੱਧ ਪ੍ਰਤੱਖ ਤੌਰ ਤੇ ਸਾਹਮਣੇ ਆਇਆ।

ਨਕਸਲਬਾੜੀ ਦੇ ਦੌਰ ਅੰਦਰ 'ਵੱਖਰੇ ਵਿਚਾਰ' ਰੱਖਣ ਵਾਲੇ ਹਜਾਰਾਂ ਲੋਕਾ ਨੂੰ ਨਿਰਦਾਇਤਤਾ ਦੀ ਜਿਸ ਹੱਦ ਤੱਕ ਕੋਹਿਆ ਗਿਆ, ਉਹ ਦ੍ਰਿਸ਼ ਅੱਜ ਵੀ ਰੌਂਗਟੇ ਖੜੇ ਕਰ ਦੇਣਾ ਵਾਲਾ ਹੈ। ਕਿਸੇ ਵੀ ਨਕਸਲੀ ਨੂੰ (ਬਹੁਤਿਆਂ ਨੂੰ ਕੇਵਲ ਸ਼ੱਕ ਦੇ ਅਧਾਰ ਤੇ) ਬਿਨਾਂ ਵਰੰਟ, ਬਿਨਾਂ ਐਫ. ਆਈ. ਆਰ ਦਰਜ ਕੀਤੇ, ਬਿਨਾਂ ਮੁਕਦਮਾ ਚਲਾਏ, ਬਿਨਾਂ ਕਿਸੇ ਠੋਸ ਸਬੂਤਾਂ ਤੇ ਗਵਾਹਾਂ ਦੇ ਪਹਿਲਾਂ ਗ੍ਰਿਫਤਾਰ, ਫਿਰ ਕਈ-ਕਈ ਮਹੀਨੇ ਅੰਨ੍ਹੇ ਤਸ਼ੱਦਦ ਤੇ ਫਿਰ ਝੂਠੇ ਪੁਲਿਸ ਮੁਕਾਬਲੇ ਬਣਾਕੇ ਲਾਸ਼ਾਂ ਨੂੰ ਖੁਰਦ-ਬੁਰਦ ਕਰਨ ਦੀਆਂ ਘਟਨਾਵਾਂ ਨਾਲ ਸਫਿਆਂ ਦੇ ਸਫੇ ਭਰੇ ਪਏ ਹਨ। ਮਾਰੇ ਗਏ ਨਕਸਲੀਆਂ ਦੇ ਪਰੀਵਾਰਕ ਮੈਂਬਰ, ਕਰੀਬੀ ਰਿਸ਼ਤੇਦਾਰ ਅੱਜ ਵੀ ਉਨ੍ਹਾਂ ਨੂੰ ਯਾਦ ਕਰਕੇ ਕੁਰਲਾ ਉਠਦੇ ਹਨ। ਅਣਮਨੁੱਖੀ ਤਸੀਹੇ, ਜੇਲ੍ਹਾਂ ਦੀ ਮਰਨਾਊ ਇਕੱਲਤਾ ਅਤੇ ਬਿਨਾਂ ਕਿਸੇ 'ਦਲੀਲ, ਅਪੀਲ ਤੇ ਵਕੀਲ' ਦੇ ਹਜਾਰਾਂ ਨਕਸਲੀ ਆਪਣੇ ਚੰਗੇਰਾ ਸਮਾਜ ਸਿਰਜਣ ਦੀ ਧੁਨ 'ਚ ਸਭ ਕੁਝ ਆਪਣੇ ਪਿੰਡਿਆ 'ਤੇ ਜਰਦੇ ਰਹੇ। ਉਨ੍ਹਾਂ ਦੇ ਪਰਿਵਾਰਾਂ ਨੂੰ ਅਨੇਕਾਂ ਮੁਸੀਬਤਾਂ ਝੱਲਣੀਆਂ ਪਈਆਂ। ਘਰ-ਬਾਰ ਅੱਗ ਦੀ ਭੇਂਟ ਚਾੜ੍ਹ ਦਿੱਤੇ ਜਾਂਦੇ, ਡੰਗਰ-ਪਸ਼ੂਆਂ ਦੇ ਸੰਗਲ ਖੋਲ੍ਹਕੇ ਉਜਾੜੇ ਜਾਂਦੇ, ਖੇਤ ਬੰਜਰ ਪਏ ਰਹਿੰਦੇ, ਕਈ-ਕਈ ਮਹੀਨੇ ਘਰੋਂ ਬੇਘਰ ਰਹਿਣਾ ਪੈਂਦਾ, ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਤੇ ਉਹਨਾਂ ਦੀ ਕੁੱਟਮਾਰ ਤੇ ਗਾਲੀ ਗਲੋਚ ਤਾਂ ਆਮ ਵਰਤਾਰਾ ਸੀ। ਹਾਕਮਾਂ ਦੇ ਸ਼ਿਸ਼ਕਾਰੇ ਬੁੱਚੜ ਪੁਲਸੀਏ ਨਕਸਲੀਆਂ ਉਪਰ ਹਰ ਤਰ੍ਹਾਂ ਦੇ ਅਣਮਨੁੱਖੀ ਪ੍ਰਯੋਗ ਕਰਦੇ ਸਨ। ਟੱਟੀ ਵਾਲੀ ਜਗ੍ਹਾ ਵਿਚ ਦੀ ਰਾਡ ਜਾਂ ਡੰਡਾਂ ਪਾ ਕੇ ਘੁੰਮਾ ਦੇਣਾ, ਪਤਾਲੂ ਕੁੱਟਣੇ, ਡੰਡਾ ਬੇੜੀ ਲਾਉਣੀ, ਟੋਪਾ ਚਾੜ੍ਹ ਕੇ ਸਿਰ ਕੁੱਟਣਾ, ਮੰਜੀ ਲਾਉਣੀ, ਪੈਰਾਂ ਦੀਆਂ ਤਲੀਆਂ ਕੁੱਟਣੀਆਂ, ਪੁੱਠਾ ਲਟਕਾਉਣਾ, ਅੱਖਾਂ ਅੱਗੇ ਸੌ ਵਾੱਟ ਦੇ ਬਲਬ ਜਗਾਉਣੇ, ਸਰਦੀਆਂ ਵਿੱਚ ਬਰਫ ਤੇ ਨੰਗਿਆ ਲਿਟਾਉਣਾ, ਭੁੱਖੇ ਪਿਆਸੇ ਰੱਖਣਾ, ਮਾਨਸਿਕ ਤੌਰ ਤੇ ਬੇਹੱਦ ਜ਼ਲੀਲ ਕਰਨਾ ਆਦਿ ਵਰਗੇ ਤਸ਼ੱਦਦਾਂ ਦੀ ਇਕ ਦਰਦਨਾਕ ਲੰਮੀ ਲੜੀ ਹੈ। ਤਸ਼ੱਦਦ ਦੀਆਂ ਇਹ ਘਿਣਾਉਣੀਆਂ ਕਾਰਵਾਈਆਂ ਕੇਵਲ ਤਸੀਹਾ ਕੇਂਦਰਾਂ ਵਿਚ ਹੀ ਨਹੀਂ ਬਲਕਿ ਜੇਲ੍ਹਾਂ ਤੇ ਪੁਲਿਸ ਥਾਣਿਆਂ ਵਿਚ ਵੀ ਸੰਵਿਧਾਨਕ ਹੱਦਾਂ ਉਲੰਘ ਕੇ ਸ਼ਰੇਆਮ ਵਾਪਰਦੀਆਂ ਸਨ। ਉਸ ਦੌਰ ਦੇ ਪੁਲਿਸ ਥਾਣੇ ਵੀ ਮਿੰਨੀ ਇੰਨਟੈਰੋਗੇਟ ਸੈਂਟਰ ਹੀ ਸਨ। ਭਾਰਤੀ ਜੇਲ੍ਹਾਂ, ਪੁਲਿਸ ਥਾਣਿਆਂ ਤੇ ਹੋਰਨਾਂ ਥਾਵਾਂ ਤੇ ਨਕਸਲੀਆਂ ਉਪਰ ਹੋਏ ਜਬਰ ਤਸ਼ੱਦਦ ਦੀ ਤੁਲਨਾ ਹਿਟਲਰ ਦੁਆਰਾ ਮਨੁੱਖਤਾ ਦੇ ਘਾਣ ਲਈ ਸਥਾਪਤ ਕੀਤੇ ਗਏ ਗੈਸ ਚੈਂਬਰਾਂ ਤੇ ਗੈਸਟਾਪੋ ਦੇ ਕਮਿਊਨਿਸਟ ਵਿਰੋਧੀ ਬਦਨਾਮ ਤਸੀਹਾ ਕੈਂਪ 2-ਓ ਸ਼ੈਕਸ਼ਨ ਨਾਲ ਕੀਤੀ ਜਾ ਸਕਦੀ ਹੈ, ਜਿੱਥੇ ਕਰੋੜਾਂ ਬੇਦੋਸ਼ੇ ਲੋਕਾਂ ਦੇ ਲਹੂ ਮਿੱਝ ਨੂੰ ਸਾੜਕੇ ਸੁਆਹ ਕਰ ਦਿੱਤਾ ਗਿਆ।

ਨਕਸਲਬਾੜੀ ਦੌਰ 'ਚ ਭਾਰਤ ਦੇ ਨਿਰਦੋਸ਼ ਲੋਕ ਇਕ ਅਣਐਲਾਨੀ ਜੰਗ ਤਹਿਤ ਧੀਮੀ ਮੌਤ ਮਰਨ ਲਈ ਸਰਾਪੇ ਜਾ ਚੁੱਕੇ ਸਨ। ਨਕਸਲੀਆਂ ਦੇ ਨਾਲ-ਨਾਲ ਮੁਲਕ ਦੇ ਗਰੀਬ ਤੇ ਆਮ ਲੋਕਾਂ ਨੂੰ ਵੀ ਸਰਕਾਰੀ ਰਾਜ ਮਸ਼ੀਨਰੀ ਦੇ ਫਾਸ਼ੀਵਾਦੀ ਤਾਨਾਸ਼ਾਹ ਰਵੱਈਏ ਦਾ ਸੰਤਾਪ ਭੋਗਣਾ ਪਿਆ। ਇਹ ਭਾਰਤੀ ਹਕੂਮਤ ਦਾ ਵਹਿਸ਼ੀਪੁਣਾ ਹੀ ਹੈ ਕਿ ਉਸਨੇ ਨਕਸਲੀਆਂ ਨੂੰ ਕਦੇ ਵੀ ਸਿਆਸੀ ਵਿਰੋਧੀਆਂ ਵਜੋਂ ਨਹੀਂ ਲਿਆ ਬਲਕਿ ਉਹਨਾਂ ਨਾਲ ਸੰਗੀਨ ਅਪਰਾਧਿਕ ਦੋਸ਼ਾਂ ਹੇਠ ਗ੍ਰਿਫਤਾਰ ਅਪਰਾਧੀਆਂ ਨਾਲੋਂ ਵੀ ਭੈੜਾ ਸਲੂਕ ਕੀਤਾ ਗਿਆ। ਉਹਨਾਂ ਨੂੰ ਭਾਰਤੀ ਦੰਡ ਵਿਧਾਨ ਦੀਆਂ ਅਨੇਕਾਂ ਸੰਗੀਨ ਧਾਰਾਵਾਂ ਲਾ ਕੇ ਜਿੰਦਗੀ ਭਰ ਜੇਲ੍ਹਾਂ ਅੰਦਰ ਸੜਨ ਲਈ ਸੁੱਟ ਦਿੱਤਾ ਗਿਆ। ਭਾਰਤੀ ਕਾਨੂੰਨ ਮੁਤਾਬਕ ਕਿਸੇ ਵੀ ਗ੍ਰਿਫਤਾਰ ਵਿਅਕਤੀ ਨੂੰ ਚੌਵੀ ਘੰਟੇ ਦੇ ਅੰਦਰ-2 ਮਜਿਸਟ੍ਰੇਟ ਦੇ ਸਾਹਮਣੇ ਪੇਸ਼ ਕਰਕੇ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨੀ ਹੁੰਦੀ ਹੈ ਪਰ ਸਰਕਾਰੀ ਰਾਜ ਮਸ਼ੀਨਰੀ ਦੇ ਪੁਰਜੇ ਇਸਦੀ ਕੋਈ ਜਹਿਮਤ ਨਹੀਂ ਸੀ ਉਠਾਉਂਦੇ। ਸਮੁੱਚੀ ਨਕਸਲਬਾੜੀ ਲਹਿਰ ਇਕ ਸੰਸਾਰ ਦ੍ਰਿਸਟੀਕੋਣ ਨੂੰ ਪ੍ਰਣਾਈ ਹੋਈ ਵਿਸ਼ਾਲ ਹਥਿਆਰਬੰਦ ਸਿਆਸੀ ਲਹਿਰ ਸੀ ਪ੍ਰੰਤੂ ਭਾਰਤ ਦੇ ਵੱਖ-ਵੱਖ ਪ੍ਰਾਂਤਾ 'ਚੋ ਇਸਦੇ ਸਿਰਕੱਢ ਸਿਧਾਂਤਕ ਆਗੂਆਂ ਤੱਕ ਨੂੰ ਸਿਆਸੀ ਕੈਦੀਆਂ ਦੇ ਜੁਮਰੇ 'ਚੋਂ ਸਾਜਿਸ਼ੀ ਢੰਗ ਨਾਲ ਬਾਹਰ ਰੱਖਦਿਆਂ ਮੁਜ਼ਰਮ ਕੈਦੀਆਂ ਦੀ ਕਤਾਰ ਵਿਚ ਰੱਖਕੇ ਅਣਮਨੁੱਖੀ ਤਸ਼ੱਦਦ ਕੀਤਾ ਜਾਂਦਾ ਰਿਹਾ। ਤਮਾਮ ਸੰਵਿਧਾਨਕ ਪੇਸ਼ਬੰਦੀਆਂ ਦੇ ਹੁੰਦੇ ਹੋਏ ਜਿਥੇ ਭਾਰਤੀ ਨਿਆਂ ਵਿਵਸਥਾ ਜੋ ਸਧਾਰਨ ਹਾਲਤਾਂ ਵਿੱਚ ਠੀਕ ਨਿਆਂ ਕਰਨ ਤੋਂ ਅਯੋਗ ਹੈ ਉਥੇ ਉਸਤੋਂ ਗੜਬੜਚੌਥ ਵਾਲੀ ਸਥਿਤੀ ਵਿੱਚ ਕੀ ਆਸ ਰੱਖੀ ਜਾ ਸਕਦੀ ਹੈ। ਐਸੀ ਹਾਲਤ ਵਿਚ ਹਜ਼ਾਰਾਂ ਨਿਰਦੋਸ਼ ਗੁੰਮਨਾਮੀ ਦੀ ਹਾਲਤ 'ਚ ਜੇਲ੍ਹਾਂ ਅੰਦਰ ਬਿਨਾਂ ਮੁਕਦਮਾ ਚਲਾਏ ਸੜਦੇ ਰਹੇ ਤੇ ਜਿਨ੍ਹਾਂ ਉਪਰ ਕੋਈ ਵੀ ਦੋਸ਼ ਸਿੱਧ ਨਾ ਹੋਇਆ, ਉਹਨਾਂ ਉਪਰ ਝੂਠੇ ਦੋਸ਼ ਮੜ੍ਹਕੇ ਤਸ਼ੱਦਦ ਢਾਹੁਣ ਵਾਲੇ ਪੁਲਿਸ ਤੇ ਹੋਰ ਉੱਚ ਅਧਿਕਾਰੀਆਂ ਖਿਲਾਫ ਬਾਅਦ 'ਚ ਕੋਈ ਕਾਰਵਾਈ ਨਾ ਹੋਈ। ਪੰਜਾਬ ਸਮੇਤ ਭਾਰਤ ਦੇ ਵੱਖ-2 ਪ੍ਰਾਂਤਾ ਵਿਚ ਨਕਸਲੀਆਂ ਉਪਰ ਜਬਰ ਤਸ਼ੱਦਦ ਤੇ ਝੂਠੇ ਪੁਲਿਸ



ਮੁਕਾਬਲਿਆਂ ਦੀਆਂ ਹੇਠਲੀਆਂ ਘਟਨਾਵਾਂ ਤੋਂ ਉਸ ਦੌਰ ਦੇ ਸਰਕਾਰੀ ਦਮਨ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਪੰਜਾਬ ਉਰੋਪੜ ਜਿਲ੍ਹੇ ਦੇ ਪੁਲਿਸ ਸੁਪਰਡੈਂਟ ਅਨੁਸਾਰ (ਪੰਜ ਵਿਅਕਤੀ ਦਿਲਬਰ ਸਿੰਘ ਰਸੀਦਪੁਰ, ਉਜਰ ਸਿੰਘ ਦਾਦੋਵਾਲੀ, ਬਲਦੇਵ ਸਿੰਘ, ਦਯਾ ਸਿੰਘ ਖਬਰ ਅਤੇ ਹਰੀ ਸਿੰਘ ਖੁਦ ਪੁਲਿਸ ਸੁਪਰਡੈਂਟ ਦੀ ਅਗਵਾਈ 'ਚ ਇਕ ਪੁਲਿਸ ਦਲ ਦੇ ਨਾਲ ਹੋਈ ਮੁੱਠਭੇੜ 'ਚ ਮਾਰੇ ਗਏ। ਇਹ ਘਟਨਾ ਰੋਪੜ ਤੋਂ ਮੀਲ ਦੂਰ, 26 ਮਾਰਚ ਦੀ ਸਵੇਰ ਦੀ ਹੈ।

ਬੰਗਾਲ:- ਕੇਂਦਰੀ ਰਿਜ਼ਰਵ ਪੁਲਿਸ ਦੇ ਲੋਕ ਫਿਰ ਹਿੰਸਕ ਹੋ ਗਏ। 24 ਜੁਲਾਈ ਨੂੰ ਉਹਨਾਂ ਜਾਦਵਪੁਰ ਯੂਨੀਵਰਸਿਟੀ ਤੇ ਧਾਵਾ ਬੋਲ ਦਿਤਾ, ਅਤੇ ਅਚਾਨਕ ਅਧਿਆਪਕਾਂ, ਵਿਦਿਆਰਥੀਆਂ ਤੇ ਕਰਮਚਾਰੀਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਤਿੰਨ ਵਿਦਿਆਰਥੀਆਂ ਸਹਿਤ 160 ਲੋਕ ਗੰਭੀਰ ਰੂਪ 'ਚ ਜਖਮੀ ਹੋਏ ਤੇ ਹਸਪਤਾਲ ਭੇਜੇ ਗਏ।"

ਬਿਹਾਰ:- "ਪਿਛਲੇ ਇਕ ਸਾਲ ਤੋਂ ਭਾਗਪੁਰ ਤੇ ਜਮਸ਼ੇਦਪੁਰ ਜੇਲ੍ਹਾਂ 'ਚ ਗੋਲੀਬਾਰੀ ਕੀਤੀ ਗਈ, ਜਿਸ ਵਿਚ ਚਾਰ ਕੈਦੀ ਮਾਰੇ ਗਏ।

25 ਜੁਲਾਈ ਨੂੰ, ਹਜਾਰੀਬਾਗ ਕੇਂਦਰੀ ਜੇਲ੍ਹ 'ਚ ਵਾਰਡ ਨੇ ਕੈਦੀਆਂ ਉਤੇ ਗੋਲੀਆਂ ਚਲਾਕੇ 25 ਨੂੰ ਮਾਰ ਦਿੱਤਾ ਤੇ 27 ਜਖ਼ਮੀ ਹੋਏ।

ਕਲਕੱਤਾ:- ਇਕ ਪੋਸਟ ਗਰੈਜੂਏਟ ਕ੍ਰਿਸ਼ਨਾਦਾਸ ਨੂੰ ਉਸ ਸਮੇਂ ਹੱਥ ਖੜੇ ਕਰਵਾ ਕੇ, ਅਤਿਅੰਤ ਨੇੜੇ ਤੋਂ ਗੋਲੀ ਮਾਰੀ ਗਈ, ਜਦੋਂ ਉਹ ਆਪਣੀ ਜਮਾਤ ਵਿਚ ਦਾਖਲ ਹੋ ਰਿਹਾ ਸੀ।

ਸਿੰਘਪੁਰਮ:- ਸਿੰਘਪੁਰਮ ਦੇ ਨੇੜੇ ਕੁਰੂਪਮ 'ਚ ਜਤਾਪੂ ਆਦੀਵਾਸੀਆਂ ਦੀਆਂ ਚਾਰ ਔਰਤਾਂ ਦੀਆਂ ਲਾਸ਼ਾ ਜੂਟ ਦੇ ਖੇਤਾਂ 'ਚ ਪਾਈਆਂ ਗਈਆਂ। ਲੋਕਾਂ ਦਾ ਕਹਿਣਾ ਹੈ ਕਿ ਕਿਸੇ ਸੀ. ਆਰ. ਪੀ. ਵਾਲੇ ਨੇ ਬਲਾਤਕਾਰ ਕਰਕੇ ਇਹਨਾਂ ਨੂੰ ਮਾਰ ਦਿੱਤਾ।

ਖੇਤਰ 'ਚ ਔਰਤਾਂ ਨਾਲ ਬਲਾਤਕਾਰ, ਲੋਕਾਂ ਦੀ ਸੰਪਤੀ ਦੀ ਲੁੱਟ ਅਤੇ ਰਿਸ਼ਵਤਖੋਰੀ ਆਮ ਗੱਲ ਹੋ ਗਈ ਹੈ। (ਭਾ. ਕ. ਪਾ. ਦਾ ਮੁੱਖ ਪੱਤਰ ਨਿਉਜ਼)

ਇਸ ਖੇਤਰ 'ਚ ਸੀ. ਆਰ. ਪੀ. ਦਾ ਇਹ ਵਿਵਹਾਰ ਹੋ ਗਿਆ ਹੈ ਕਿ ਉਹ ਔਰਤਾਂ ਨੂੰ ਟਰੱਕਾਂ 'ਚ ਲੱਦਦੇ ਅਤੇ ਲੈ ਜਾਏ। ਇਸ ਨਾਲ ਜਵਾਨ ਔਰਤਾਂ ਨੇ ਸੜਕਾਂ ਤੇ ਨਿਕਲਣਾ ਬੰਦ ਕਰ ਦਿੱਤਾ ਹੈ।

ਵਰੰਗਲ ਜਿਲ੍ਹੇ ਦੇ ਨਕਸਕਪੇਟ ਤਾਲੂਕੇ 'ਚ ਭੂ-ਸਵਾਮੀਆਂ ਨੇ ਕਈ ਪਿੰਡਾਂ ਨੂੰ ਨਰਕ 'ਚ ਬਦਲ ਦਿਤਾ ਹੈ...ਕੁਝ ਪਰਿਵਾਰਾਂ ਦੇ ਮਰਦਾ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਹਨਾਂ ਦੀਆਂ ਔਰਤਾਂ ਨੂੰ ਪੁਲਿਸ ਨੇ ਕਈ ਮਹੀਨੇ ਤੱਕ ਰਖੇਲ ਬਣਾ ਕੇ ਰੱਖਿਆ।

ਗੋਲੀ ਕਾਂਡ 25 ਜੁਲਾਈ 1971 ਨੂੰ ਹੋਇਆ ਸੀ ਅਤੇ ਅਗਸਤ ਦੇ ਮਗਰਲੇ ਅੱਧ ਵਿਚ ਮੈਨੂੰ ਲੰਦਨ ਟਾਈਮਜ਼ ਵਿਚ ਪੜ੍ਹਨ ਨੂੰ ਮਿਲਿਆ ਕਿ ਉਸ ਦਿਨ ਦੀ ਘਟਨਾ ਵਿਚ 16 ਨਕਸਲਵਾਦੀ ਮਾਰੇ ਗਏ ਸਨ। ...ਉਸ ਸਾਲ ਮੇਦਨੀਪੁਰ, ਬਰਾਹਮਪੁਰ, ਡਮਡਮ, ਪਟਨਾ ਅਤੇ ਕਲਕੱਤਾ ਦੀਆਂ ਜੇਲ੍ਹਾਂ ਵਿਚ ਹੋਈਆਂ ਵਾਰਦਾਤਾਂ ਵਿਚ ਪੁਲਸ ਦੀ ਗੋਲੀ ਨਾਲ ਕਰੀਬ 45 ਨੌਜਵਾਨ ਮਾਰੇ ਗਏ ਸਨ। ਬਾਅਦ 'ਚ ਹੋਰ ਲੋਕਾਂ ਦੇ ਕਤਲ ਹੋਏ।

2 ਮਾਰਚ 1973 ਨੂੰ ਅਰਾਵਾਲੀ ਅਤੇ ਹੋਰ ਸਥਾਨਕ ਕੋਲਿਅਰੀ ਦੇ ਛਾਂਟੀਗ੍ਰਸਤ ਨਿਹੱਥੇ ਮਜ਼ਦੂਰ ਆਪਣੀ ਛਾਂਟੀ ਅਤੇ ਬਕਾਇਆ ਮਜਦੂਰੀ ਦੇ ਸਿਲਸਿਲੇ 'ਚ ਕਰਗਲੀ ਰਿਸਟ ਹਾਊਸ ਦੇ ਸਾਹਮਣੇ ਸ਼ਾਂਤੀਪੂਰਨ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਸਨ। ਅਚਾਨਕ ਉਹਨਾਂ ਉਤੇ ਪੁਲਿਸ ਦੁਆਰਾ ਖੂੰਖਾਰ ਹਮਲਾ ਕੀਤਾ ਗਿਆ। ਇਹਨਾਂ ਭੋਲੇ-ਭਾਲੇ ਸਥਾਨਕ ਮਜ਼ਦੂਰਾਂ ਉਪਰ ਅੰਧਾਧੁੰਦ 44 ਰਾਉਂਡ ਗੋਲੀਆਂ ਚਲਾਈਆਂ ਗਈਆਂ, ਫਲਸਰੂਪ 17 ਮਜਦੂਰਾਂ ਦੀ ਘਟਨਾ ਸਥਾਨ ਤੇ ਹੀ ਹੱਤਿਆ ਹੋ ਗਈ, ਜਖ਼ਮੀਆਂ ਦੀ ਸੰਖਿਆਂ ਦਰਜਨਾਂ 'ਚ ਹੈ।

ਦਸੰਬਰ 1970, ਮਿਦਾਨਪੁਰ ਜੇਲ੍ਹ 'ਚ ਵਿਚਾਰ ਅਧੀਨ ਕੈਦੀਆਂ ਨੂੰ ਕੁੱਟ-ਕੁੱਟ ਕੇ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਬਰਹਾਮਪੁਰ ਜੇਲ੍ਹ 'ਚ ਫਰਵਰੀ, 71 'ਚ 8 ਵਿਚਾਰਾਧੀਨ ਬੰਦੀਆਂ ਨੂੰ ਐਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਹ ਦਮ ਤੋੜ ਗਏ।

14 ਮਈ, 71 ਨੂੰ ਦਮਦਮ ਜੇਲ੍ਹ 'ਚ 16 ਕੈਦੀਆਂ ਨੂੰ ਐਨੇ ਭਿਆਨਕ ਢੰਗ ਨਾਲ ਕੁੱਟਿਆ ਗਿਆ ਕਿ ਉਹਨਾਂ ਦੀ ਮੌਤ ਹੋ ਗਈ। 11 ਜੁਲਾਈ, 71 ਅਲੀਪੁਰ ਸੈਂਟਰਲ ਜੇਲ੍ਹ 'ਚ 6 ਨਿਹੱਥੇ ਕੈਦੀਆਂ ਨੂੰ ਗੋਲੀ ਮਾਰ ਦਿੱਤੀ ਗਈ।

ਅਗਸਤ, 71 ਸੋਲ ਜੇਲ੍ਹ 'ਚ 9 ਕੈਦੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। 26 ਨਵੰਬਰ, 71 ਨੂੰ ਅਲੀਪੁਰ ਜੇਲ੍ਹ 'ਚ 50 ਨੌਜਵਾਨ ਕੈਦੀਆਂ ਨੂੰ ਡਾਂਗਾ ਨਾਲ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਨਕਸਲੀਆਂ ਦਾ ਘਾਣ ਕਰਨ ਦੀ ਏਹੋ ਨੀਤੀ ਪੰਜਾਬ ਅੰਦਰ ਵੀ ਬਰਾਬਰ ਰੂਪ 'ਚ ਵਰਤੀ ਗਈ। ਪੰਜਾਬ ਦੇ ਦਰਜਨਾਂ ਨੌਜਵਾਨ ਵਿਦਿਆਰਥੀ ਨਕਸਲੀਆਂ ਉਪਰ ਢਾਹੇ ਕਹਿਰ ਦਾ ਬਿਰਤਾਂਤ ਸੁਣਾਉਣ ਵਾਲੇ ਪੀੜਤ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ 'ਚ ਅੱਜ ਵੀ ਭੈਅ, ਰੋਹ ਤੇ ਦਰਦ ਦੇ ਰਲਵੇਂ-ਮਿਲਵੇਂ ਪ੍ਰਭਾਵ ਦੇਖੇ ਜਾ ਸਕਦੇ ਹਨ।

ਪੰਜਾਬ ਦੇ ਰੋਪੜ, ਸੰਗਰੂਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ ਤੇ ਗੁਰਦਾਸਪੁਰ ਜਿਲ੍ਹੇ ਨਕਸਲਬਾੜੀ ਬਗਾਵਤ 'ਚ ਸਰਗਰਮ ਰਹੇ ਸਨ। ਇਹਨਾਂ ਜਿਲ੍ਹਿਆਂ ਦੇ ਨਕਸਲੀ ਸ਼ਹੀਦਾਂ ਉਪਰ ਹੋਏ ਅਣਮਨੁੱਖੀ ਕਹਿਰ ਦੇ ਕੁਝ ਵੇਰਵੇ ਦੇਖੋ :-

"ਜਦੋਂ ਮੇਰੇ ਵੀਰ ਦਾ ਮੂੰਹ ਨੰਗਾ ਕੀਤਾ ਗਿਆ ਤਾਂ ਉਸਦੇ ਮੂੰਹ ਦਾ ਇਕ ਪਾਸਾ ਨੀਲਾ ਹੋਇਆ ਸੀ ਕੁੱਟ ਮਾਰ ਨਾਲ ਅੱਖ ਦਾ ਡੇਲਾ ਬਾਹਰ ਨਿਕਲ ਗਿਆ ਸੀ ਮੈਂ ਆਪਣੇ ਵੀਰ ਦਾ ਸਿਰ ਫੜਿਆ ਧੌਣ ਟੁੱਟੀ ਹੋਈ ਸੀ ਸਰੀਰ ਉਪਰ ਕੋਈ ਕੱਪੜਾ ਨਹੀਂ ਸੀ। ਦੋਵੇਂ ਲੱਤਾ ਤਿੰਨ-2 ਥਾਵਾਂ ਤੋਂ ਤੋੜੀਆਂ ਹੋਈਆਂ ਸਨ,

ਮੋਮਬੱਤੀਆਂ ਨਾਲ ਛਾਤੀ ਸਾੜੀ ਹੋਈ ਸੀ। ਕੁਝ ਮੋਮ ਸਰੀਰ ਉਪਰ ਜੰਮੀ ਹੋਈ ਸੀ। ਦੋਵੇਂ ਬਾਹਵਾਂ ਕੂਹਣੀਆਂ ਤੋਂ ਤੋੜੀਆਂ ਹੋਈਆਂ ਸਨ ਅਤੇ ਤੱਤੇ ਸਰੀਏ ਲਾ ਕੇ ਬਾਹਵਾਂ ਤੇ ਗੋਲ ਚੱਕਰ ਬਣਾਏ ਹੋਏ ਸੀ। ਗੋਲੀ ਲੱਗਣ ਦਾ ਕੋਈ ਨਿਸ਼ਾਨ ਤੱਕ ਨਹੀਂ ਸੀ। ਅਸੀਂ ਸੋਚਿਆ ਆਖਰੀ ਵਾਰ ਇਸ਼ਨਾਨ ਕਿਵੇਂ ਕਰਵਾਇਆ ਜਾਵੇ। ਉਹ ਤਾਂ ਇਸ ਹਾਲਤ ਵਿਚ ਹੀ ਨਹੀਂ ਸੀ।"

**-ਸ਼ਹੀਦ ਤਰਸੇਮ ਬਾਵਾ ਦੇ ਭੈਣ ਜੀ।**

"ਡੌਲਿਆਂ 'ਚ ਸਰੀਏ ਲਗਾਏ ਹੋਏ ਸੀ, ਛੇਕ ਦੀਂਹਦੇ ਸੀ ਛਾਤੀ 'ਚ ਵੀ ਸਰੀਏ ਦੇ ਨਿਸ਼ਾਨ ਸੀ। ਲੱਤਾਂ ਅਤੇ ਪੱਟ ਇਉਂ ਪੀਲੇ ਪਏ ਸੀ ਜਿਵੇਂ ਕਿਤੇ ਵੇਲਣੇ 'ਚ ਦਿੱਤੇ ਹੋਣ। ...ਗੋਲੀ ਦਾ ਕੋਈ ਨਿਸ਼ਾਨ ਨਹੀਂ ਸੀ ਪਰ ਮੂੰਹ ਐਂ ਲਿਬੜਿਆ ਪਿਆ ਸੀ ਜਿਵੇਂ ਕਾਸੇ ਦੇ ਮਗਰ ਬੰਨ੍ਹ ਕੇ ਘੜੀਸਿਆ ਹੋਵੇ।

**-ਸ਼ਹੀਦ ਪਿਆਰਾ ਸਿੰਘ ਦੱਦਾਹੂਰ ਦੀ ਪਤਨੀ**

ਗੋਲੀਆਂ ਡੀ. ਐਸ. ਪੀ. ਨੇ ਮਾਰੀਆਂ ਸਨ ਜਿਸ ਬਾਰੇ ਮਹਿਤਪੁਰ ਦੇ ਲੋਕ ਕਹਿੰਦੇ ਸਨ। ..ਮੇਰੇ ਪੁੱਤ ਦੀ ਹਿੱਕ ਵਿਚ ਏਨੀਆਂ ਗੋਲੀਆਂ ਮਾਰੀਆਂ ਸਨ ਕਿ ਸਾਰੀ ਛਾਤੀ ਪਾਟੀ ਹੋਈ ਸੀ, ਪੱਟਾਂ ਵਿਚ ਵੀ ਗੋਲੀਆਂ ਮਾਰੀਆਂ ਹੋਈਆਂ ਸਨ, ਸਿਰ ਵਿਚ ਪਤਾ ਨਹੀਂ ਕੀ ਮਾਰਿਆ ਹੋਇਆ ਸੀ- ਖੋਪਰੀ ਵਿਚ ਟੱਕ ਲੱਗੇ ਹੋਏ ਸਨ। ਮੂੰਹ ਉਪਰ ਕੁਝ ਮਾਰ-ਮਾਰ ਕੇ ਸ਼ਕਲ ਵਿਗਾੜੀ ਹੋਈ ਸੀ। ਮੈਥੋਂ ਪਛਾਣ ਨਾ ਹੋਇਆ, ਮੇਰੇ ਬਿੱਕਰ ਦੀ ਹਿੱਕ ਤੇ ਖੱਬੇ ਪਾਸੇ ਲਸਣ ਦਾ ਨਿਸ਼ਾਨ ਸੀ। ਮੈਂ ਉਸਨੂੰ ਵੇਖ ਕੇ ਪਛਾਣ ਕਰਨ ਦੀ ਕੋਸ਼ਿਸ ਕਰਦਾ ਸੀ। ਪਰ ਉਹ ਥਾਂ ਹੀ ਗੋਲੀਆਂ ਨਾਲ ਉਡ ਗਈ ਸੀ, ਫਿਰ ਪੈਰਾਂ ਤੋਂ ਪਛਾਣ ਕੀਤੀ।

**-ਸ਼ਹੀਦ ਬਿਕਰਮਜੀਤ (ਬਿੱਲੂ) ਦੇ ਪਿਤਾ ਜੀ।**

ਇਕਬਾਲ ਮੰਗੂਵਾਲ ਅਤੇ ਰਵਿੰਦਰ ਜਗਤਪੁਰ ਨੂੰ ਸ਼ਹੀਦ ਕਰਨ ਵਾਲਾ ਬੁੱਗਿਆਂ ਦਾ ਬੁੱਚੜ ਥਾਣੇਦਾਰ ਕਰਤਾਰ ਸਿੰਘ ਭੁੱਲਰ ਅਤੇ ਸਰਦੂਲ ਸਿੰਘ ਇਨਸਪੈਕਟਰ ਨੇ ਬੂਝਾ ਸਿੰਘ ਨੂੰ ਗ੍ਰਿਫਤਾਰ ਕੀਤਾ। ਇਹਨਾਂ ਦੀ ਅਗਵਾਈ ਡੀ. ਐਸ. ਪੀ. ਸਾਧੂ ਸਿੰਘ ਕਰ ਰਿਹਾ ਸੀ। ਰਾਤ ਨੂੰ ਫਿਲੌਰ ਕਿਲੇ ਵਿਚ ਇਹਨਾਂ ਬੁੱਚੜਾਂ ਨੇ ਬੂਝਾ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ। ਜਦੋਂ ਬੂਝਾ ਸਿੰਘ ਨੇ ਕੁਝ ਵੀ ਨਾ ਦੱਸਿਆ ਤਾਂ ਭੁੱਲਰ ਨੇ ਉਸਨੂੰ ਗਲੋਂ ਫੜਕੇ ਜ਼ੋਰ ਨਾਲ ਧਰਤੀ ਤੇ ਪਟਕਾ ਕੇ ਮਾਰਿਆ। ਇਸ ਅਣਮਨੁੱਖੀ ਜ਼ਬਰ ਕਰਕੇ ਅਤੇ ਧੌਣ ਦੀ ਘੰਡੀ ਟੁੱਟ ਜਾਣ ਤੇ ਬੂਝਾ ਸਿੰਘ ਵਰਗਾ ਹੱਠੀ ਸੂਰਮਾ ਸ਼ਹੀਦ ਹੋ ਗਿਆ। ਇਸ ਘਟਨਾ ਪਿਛੋਂ ਇਹਨਾਂ ਬੁੱਚੜਾਂ ਨੇ ਤੜਕੇ ਚਾਰ ਵਜੇ ਬਾਬਾ ਜੀ ਦੇ ਸਰੀਰ ਨੂੰ ਕਾਰ ਵਿਚ ਪਾਕੇ ਨਾਈਮਾਜਰੇ 'ਚ ਪੁਲ ਤੇ ਲਿਜਾਕੇ ਗੋਲੀਆਂ ਮਾਰਕੇ ਝੂਠੇ ਪੁਲਸ ਮੁਕਾਬਲੇ ਦੀ ਕਹਾਣੀ ਘੜੀ। (24)

**-ਸ਼ਹੀਦ ਬਾਬਾ ਬੂਝਾ ਸਿੰਘ ਦੇ ਭਰਾ**

"ਕਹਿੰਦੇ ਵੱਡਾ ਪੁਲਸ ਅਫਸਰ ਆਇਆ। ਉਸ ਨੇ ਪੀਤੀ ਹੋਈ ਸੀ, ਉਸਨੇ ਆਪਣੀ ਹਾਜ਼ਰੀ 'ਚ ਇਹਨਾਂ ਤਿੰਨਾਂ ਨੂੰ ਕੁਟਵਾਇਆ, ਫਿਰ ਮੇਰੇ ਪੁੱਤਰਾਂ ਦੀਆਂ ਬਾਹਵਾਂ ਵੇਲਣੇ ਵਿਚ ਦੇ ਕੇ ਪੀੜੀਆਂ ਗਈਆਂ, ਸਿਰ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਜਦੋਂ ਉਹਨਾਂ ਕੁਝ ਨਾ ਦੱਸਿਆ ਤਾਂ ਉਹਨਾਂ ਤਿੰਨਾਂ ਨੂੰ (ਬੇਅੰਤ, ਸ਼ਰੀਫ ਤੇ ਪਿਆਰਾ) ਰਾਤ ਦੇ ਘੁੱਪ ਹਨੇਰੇ ਵਿਚ ਰਾਏਸਰ ਕੋਲ ਇਕ ਸੂਏ ਤੇ ਲਿਜਾਇਆ ਗਿਆ। ਦੋਹਰੀਆਂ ਪੁਲੀਆਂ ਕੋਲ ਉਹਨਾਂ ਨੂੰ ਬੰਨਕੇ ਗੋਲੀਆਂ ਮਾਰੀਆਂ ਗਈਆਂ। ਮੇਰੇ ਸ਼ੇਰ ਪੁੱਤ ਇਹਨਾਂ ਜਾਬਰਾਂ ਹੱਥੋਂ ਕੋਹ-ਕੋਹ ਕੇ ਮਾਰੇ ਗਏ।

**-ਸ਼ਹੀਦ ਬੇਅੰਤ ਮੂੰਮ ਦੇ ਮਾਤਾ ਜੀ**

ਨਕਸਲਬਾੜੀ ਦੇ ਉਸ ਦੌਰ ਵਿਚ ਕੇਵਲ ਵੱਖ-2 ਨਕਸਲਬਾੜੀ ਗਰੁੱਪਾਂ ਦੇ ਆਗੂਆਂ ਤੇ ਸਰਗਰਮ ਕਾਰਕੁੰਨਾਂ ਤੇ ਹੀ ਨਹੀਂ ਬਲਕਿ ਗਰੀਬ ਭਾਰਤੀ ਜਨ-ਸਧਾਰਨ ਤੇ ਉਹਨਾਂ ਦੀ ਮਾੜੀ ਦਸ਼ਾ ਨੂੰ ਬਿਆਨ ਕਰਨ ਵਾਲੇ ਸੈਂਕੜੇ ਬੁੱਧੀਜੀਵੀਆਂ, ਕਲਾਕਾਰਾਂ ਤੇ ਹੋਰ ਅਗਾਂਹਵਧੂ ਹਿੱਸਿਆਂ ਨੂੰ ਵੀ ਸਰਕਾਰੀ ਦਮਨ ਦਾ ਵੱਡੀ ਪੱਧਰ ਤੇ ਸਿਕਾਰ ਹੋਣਾ ਪਿਆ।

1972 ਵਿਚ ਇਕ ਪਾਸੇ ਦੇਸ਼ ਦੇ 20 ਕਰੋੜ ਲੋਕ ਭਿਆਨਕ ਅਕਾਲ ਦੀ ਮਾਰ ਹੇਠ ਆਏ ਹੋਏ ਸਨ, ਅਬਾਦੀ ਦਾ ਇਹ ਵੱਡਾ ਹਿੱਸਾ ਹੈਜ਼ਾ, ਮਲੇਰੀਆ, ਚੇਚਕ, ਪੇਚਸ਼, ਭੁੱਖਮਰੀ ਤੇ ਦਿਮਾਗੀ ਬੁਖਾਰ ਤੋਂ ਪੀੜਤ ਸੀ ਤੇ ਦੂਸਰੇ ਪਾਸੇ ਭਾਰਤੀ ਹਕੂਮਤ ਦੇ ਖੂੰਖਾਰ ਪੁਰਜੇ ਸੀ. ਆਰ. ਪੀਜ਼ ਤੇ ਪੁਲਸੀ ਧਾੜਾਂ ਸਿਰਫ ਸ਼ੱਕ ਦੀ ਬਿਨਾਅ ਤੇ ਉਹਨਾਂ ਦਾ ਖੂਨੀ ਘਾਣ ਕਰ ਰਹੀਆਂ ਸਨ। ਇਹਨਾਂ ਪੀੜਤ ਲੋਕਾਂ ਦੀ ਮਾੜੀ ਦਸ਼ਾ ਨੂੰ ਬੇਹਤਰ ਬਣਾਉਣ ਦੀ ਬਜਾਏ ਕੇਂਦਰ ਵਜ਼ਾਰਤ 'ਗਰੀਬੀ ਹਟਾਓ' ਦੇ ਨਾਅਰੇ ਹੇਠ 'ਗਰੀਬ ਨੂੰ ਹਟਾਓ' ਵਾਲੀ ਨੀਤੀ ਤੇ ਚੱਲ ਰਹੀ ਸੀ। ਉਲਟਾ ਇਸ ਦੁਖਦਾਈ ਹਕੀਕਤ ਨੂੰ ਬਿਆਨਣ ਵਾਲੇ ਸੈਂਕੜੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਤੇ ਹੋਰ ਅਗਾਂਹਵਧੂ ਹਿੱਸਿਆਂ ਨੂੰ ਸੱਚ ਬਿਆਨਣ ਦੇ ਗੁਨਾਹ ਹੇਠ ਜੇਲ੍ਹਾਂ ਅੰਦਰ ਬੰਦ ਕਰ ਦਿੱਤਾ ਜਾਂਦਾ ਰਿਹਾ। ਇਥੇ ਸੰਤ ਰਾਮ ਉਦਾਸੀ ਜਿੱਥੇ ਇਕ ਪਾਸੇ ਕਿਰਤੀਆਂ ਦੀ ਦੁਰਦਸ਼ਾ ਨੂੰ ਬਿਆਨਣ ਵਾਲਾ ਲੋਕ ਕਵੀ ਤੇ ਗੀਤਕਾਰ ਸੀ ਉਥੇ ਉਹ ਸਰਗਰਮ ਨਕਸਲੀ ਕਾਰਕੁੰਨ ਹੋਣ ਕਰਕੇ ਉਸ ਉਪਰ ਤਸ਼ੱਦਦ ਹੋਣਾ ਉਸ ਦੌਰ ਅੰਦਰ ਕੋਈ ਅਲੋਕਾਰੀ ਗੱਲ ਨਹੀਂ ਸੀ। ਉਦਾਸੀ ਆਪਣੇ ਦੌਰ ਦੇ ਹਲਾਤਾਂ ਅਤੇ ਉਹਨਾਂ ਹਲਾਤਾਂ ਅੰਦਰ ਲੋਕਾਂ ਪ੍ਰਤੀ ਆਪਣੇ ਫਰਜ, ਅਤੇ ਉਹਨਾਂ ਫਰਜਾਂ ਨੂੰ ਨਿਭਾਉਣ ਬਦਲੇ ਨਿਕਲਣ ਵਾਲੇ ਸਿੱਟਿਆਂ ਪ੍ਰਤੀ, ਪੂਰਾ ਸੁਚੇਤ ਸੀ।

ਉਦਾਸੀ ਉਪਰ ਥਾਣਾ ਸ਼ਹਿਣਾ, ਤਸੀਹਾ ਕੇਂਦਰ ਲੱਡਾ ਕੋਠੀ ਵਿਚ ਤਸ਼ੱਦਦ ਹੋਇਆ ਤਾਂ ਉਸੇ ਦੌਰ ਅੰਦਰ ਪੰਜਾਬ ਦੇ ਹੋਰ ਅਨੇਕਾਂ ਨਕਸਲੀ ਯੋਲ ਕੈਂਪ, ਅਮ੍ਰਿਤਸਰ ਤਸੀਹਾ ਕੇਂਦਰ, ਧਨੌਲਾ ਤਸੀਹਾ ਕੇਂਦਰ, ਜਲੰਧਰ ਜੇਲ੍ਹ, ਹਿਸਾਰ ਬੋਰਸਟਲ ਜੇਲ੍ਹ ਅਤੇ ਹੋਰ ਵੱਖ-ਵੱਖ ਥਾਣਿਆ ਤੇ ਜੇਲ੍ਹਾਂ ਵਿਚ ਤਸ਼ੱਦਦ ਸਹਿੰਦੇ ਰਹੇ ਅਤੇ ਭਾਰਤ ਦੇ ਹੋਰਨਾਂ ਖਿਤਿਆਂ ਵਿਚ ਸਰਗਰਮ ਨਕਸਲੀਏ ਹਜਾਰੀਬਾਗ ਸੈਂਟਰਲ ਜੇਲ੍ਹ, ਕਲਕੱਤਾ ਦੇ ਬਦਨਾਮ ਪੁਲਿਸ ਹੈੱਡ ਕੁਆਟਰ ਲਾਲ ਬਾਜ਼ਾਰ, ਚਾਈਬਾਸਾ, ਭਾਗਲਪੁਰ ਜੇਲ੍ਹ, ਕਲੱਕਤਾ ਦੀ ਕਾਲੀਪੁਰ ਸੈਂਟਰਲ ਜੇਲ੍ਹ, ਜਮਸ਼ੇਦਪੁਰ ਜੇਲ੍ਹ, ਅਲੀਪੁਰ ਸੈਂਟਰਲ ਜੇਲ੍ਹ, ਫੁਲਵਾੜੀ ਸ਼ਰੀਫ ਕੈਂਪ (ਪਟਨਾ) ਆਸਨਸੋਲ ਜੇਲ੍ਹ, ਦਮਦਮ, ਬਰਹਾਮਪੁਰ, ਮਿਦਨਾਪੁਰ ਤੇ ਹੋਰ ਸੈਂਕੜੇ ਵੱਡੀਆਂ ਛੋਟੀਆਂ ਜੇਲ੍ਹਾਂ ਅੰਦਰ ਨਰਕੀ ਜਿੰਦਗੀ ਕੱਟਦੇ ਰਹੇ।

ਉਦਾਸੀ ਸਮੇਤ ਜਬਰ ਤਸ਼ੱਦਦ ਤੇ ਜੇਲ੍ਹਾਂ ਦਾ ਨਰਕ ਭੋਗਣ ਵਾਲੇ ਨਕਸਲੀਆਂ ਲਈ ਜਿੱਥੇ ਜੇਲ੍ਹ ਵਿਚਲਾ ਅਸੰਤੁਲਿਤ ਭੋਜਨ, ਬਦਬੂਦਾਰ ਬੈਰਕਾਂ, ਮੈਲੇ ਕੁਚੈਲੇ ਬਿਸਤਰ, ਭਿਆਨਕ ਬਿਮਾਰੀਆਂ, ਨਾਂਮਾਤਰ ਮੈਡੀਕਲ ਪ੍ਰਬੰਧ ਤੇ ਹੋਰ ਅਨੇਕਾਂ ਮੁਸ਼ਕਲਾਂ ਦੁਖਦਾਇਕ ਸਨ, ਉਥੇ ਉਹਨਾਂ ਲਈ ਜੇਲ੍ਹ ਅੰਦਰਲੀ ਏਕਾਂਤ ਦੀ ਤਨਹਾਈ ਅਤੇ ਲਹਿਰ ਦੇ ਵਿਚਾਰਧਾਰਕ ਸਿਆਸੀ ਤੌਰ ਤੇ ਟੁੱਟ ਖਿੰਡਾਅ ਤੇ ਨਿਵਾਣ ਵੱਲ ਜਾਣ ਦਾ ਮਾਨਸਿਕ ਦਰਦ ਕਿਤੇ ਜਿਆਦਾ ਗਹਿਰਾ ਤੇ ਮਰਨਾਊ ਸੀ।

ਅੱਜ ਵੀ 'ਸਮਾਜਵਾਦੀ, ਧਰਮ-ਨਿਰਪੱਖ, ਲੋਕਤੰਤਰੀ ਗਣਰਾਜ' ਭਾਰਤ ਵਿਚ ਲੋਕ ਹਿੱਤਾਂ ਦੀ ਅਵਾਜ ਬੁਲੰਦ ਕਰਨ ਵਾਲੀਆਂ ਜਨਤਕ, ਜਮਹੂਰੀ ਤੇ ਇਨਕਲਾਬੀ ਸ਼ਕਤੀਆਂ ਉਪਰ ਅਨੇਕਾਂ ਸ਼ਕਲਾਂ 'ਚ ਤਸ਼ੱਦਦ ਢਾਹਿਆ ਜਾ ਰਿਹਾ ਹੈ। ਇਕ ਰਿਪੋਰਟ ਮੁਤਾਬਕ ਸੰਨ 2000 ਤੋਂ 2010 ਤੱਕ ਦੇ ਇਕ ਦਹਾਕੇ 'ਚ 14,000 ਤੋਂ ਉਪਰ ਲੋਕ ਪੁਲਿਸ ਹਿਰਾਸਤ ਤੇ ਜੇਲ੍ਹਾਂ ਦੀ ਕੈਦ ਦੌਰਾਨ ਮਾਰੇ ਗਏ। ਬੀਤੇ ਤਿੰਨ ਸਾਲਾਂ 'ਚ 417 ਲੋਕ ਪੁਲਿਸ ਹਿਰਾਸਤ ਤੇ 4,285 ਨਿਆਂਇਕ ਹਿਰਾਸਤ ਹੇਠ ਮਾਰੇ ਗਏ। ਇਸੇ ਤਰ੍ਹਾਂ 2008 ਵਿਚ ਦੁਨੀਆਂ ਭਰ ਦੇ ਅਨੇਕਾਂ ਮੁਲਕਾਂ ਦੀ 'ਯੂ ਐਨ ਮਨੁੱਖੀ ਅਧਿਕਾਰ ਕਨਵੈਨਸ਼ਨ' ਹੋਈ ਜਿੱਥੇ ਭਾਰਤ ਇਕੋ-ਇਕ ਅਜਿਹਾ ਦੇਸ਼ ਸੀ ਜਿਸਨੂੰ ਤਸ਼ੱਦਦ ਨੂੰ ਵੰਚਿਤ ਕਰਨ ਤੇ ਸਜਾ ਸਬੰਧੀ ਕਾਨੂੰਨ ਬਣਾਉਣ ਬਾਰੇ ਕਿਸੇ ਸਿੱਟੇ ਤੇ ਨਾ ਪਹੁੰਚ ਸਕਣ ਕਾਰਨ ਮਾਯੂਸੀ ਦਾ ਸਾਹਮਣਾ ਕਰਨਾ ਪਿਆ। ਭਾਰਤ ਸਰਕਾਰ ਨੂੰ ਨਮੋਸ਼ੀ ਨਾਲ ਕਹਿਣਾ ਪਿਆ ਕਿ ਸਾਡੇ ਕੋਲ ਸਿਰਫ ਘਰੇਲੂ ਹਿੰਸਾ ਸਬੰਧੀ ਕਾਨੂੰਨ ਹੈ। ਸਿਤਮ ਦੀ ਗੱਲ ਇਹ ਹੈ ਕਿ ਤਸ਼ੱਦਦ ਨੂੰ ਰੋਕਣ ਲਈ ਅੱਜ ਵੀ ਭਾਰਤੀ ਸੰਵਿਧਾਨ ਵਿਚ ਕੋਈ ਕਾਨੂੰਨ ਦਰਜ ਨਹੀਂ ਹੈ, ਜਦਕਿ ਸਰਕਾਰੀ ਜਬਰ-ਤਸ਼ੱਦਦ ਦੀਆਂ ਅਨੇਕਾਂ ਘਟਨਾਵਾਂ ਆਏ ਦਿਨ ਸਾਹਮਣੇ ਆ ਰਹੀਆਂ ਹਨ। ਜਿਸਦੀਆਂ ਚੰਦ ਕੁ ਉਭਰਵੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਪਿੱਛੇ ਜਿਹੇ ਦੇਸ਼ ਧ੍ਰੋਹ ਦੇ ਦੋਸ਼ ਹੇਠ ਉਮਰ ਕੈਦ ਦੀ ਸਜਾ ਭੁਗਤ ਰਹੇ ਡਾ. ਵਿਨਾਇਕ ਸੇਨ ਦੋ ਸਾਲ ਜੇਲ੍ਹ 'ਚ ਰਹਿਣ ਮਗਰੋਂ ਰਿਹਾਅ ਹੋ ਕੇ ਆਏ ਸਨ। ਉਹਨਾਂ ਜੇਲ੍ਹਾਂ ਅੰਦਰ ਕੈਦੀਆਂ ਨਾਲ ਹੁੰਦੇ ਅਣਮਨੁੱਖੀ ਵਿਵਹਾਰ ਬਾਰੇ ਦੱਸਦਿਆਂ ਕਿਹਾ, ਉਮੈਂ ਦੇਖਿਆ ਕਿ ਲੋਕਾਂ ਨੂੰ ਉਦੋਂ ਤੱਕ ਕੁੱਟਿਆ ਜਾਂਦਾ ਹੈ, ਜਦੋਂ ਤੱਕ ਉਹ ਬੇਹੋਸ਼ ਨਾ ਹੋ ਜਾਣ, ਮੈਂ ਦੇਖਿਆ ਕਿ ਕੈਦੀਆਂ ਨੂੰ ਜਦੋਂ ਤੱਕ ਉਹ ਮਰ ਨਹੀਂ ਜਾਂਦੇ, ਉਹਨਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਹੈ।" ਇਸੇ ਤਰ੍ਹਾਂ ਆਦਿਵਾਸੀ ਅਧਿਆਪਕਾ ਸੋਨੀ ਸੋਰੀ ਜਿਸ ਉਪਰ ਮਾਓਵਾਦੀਆਂ ਨਾਲ ਗੁਪਤ ਸੰਪਰਕ ਹੋਣ ਦਾ ਦੋਸ਼ ਹੈ, ਜਿਸ ਨਾਲ ਭਾਰਤੀ ਪੁਲਿਸ ਦੇ ਐਸ ਪੀ ਨੇ ਬਲਾਤਕਾਰ ਕਰਕੇ ਉਸਦੇ ਗੁਪਤ ਅੰਗਾਂ ਵਿਚ ਪੱਥਰ ਭਰ ਦਿੱਤੇ ਸਨ। ( ਉਸ ਐਸ ਪੀ ਉਪਰ ਬਣਦੀ ਕਾਰਵਾਈ ਕਰਨ ਦੀ ਬਜਾਏ ਪਿਛਲੇ ਦਿਨੀਂ ਉਸਨੂੰ ਰਾਸ਼ਟਰਪਤੀ ਐਵਾਰਡ ਨਾਲ ਸਨਮਾਨਿਆ ਗਿਆ)। ਉਸ ਆਦਿਵਾਸੀ ਮਹਿਲਾ ਨੂੰ ਅੱਜ ਵੀ ਜੇਲ੍ਹ ਅੰਦਰ ਭਿਆਨਕ ਮਾਨਸਿਕ ਤੇ ਸਰੀਰਕ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੰਬਈ 'ਚ ਇਕ ਘਰੇਲੂ ਕੰਮਕਾਰ ਕਰਨ ਵਾਲਾ ਸਰਫਰਾਜ਼ ਆਪਣੀ ਪਤਨੀ ਦੁਆਰਾ ਆਤਮਹੱਤਿਆ ਕਰ ਜਾਣ ਦੀ ਰਿਪੋਰਟ ਲਿਖਵਾਉਣ ਲਈ ਥਾਣੇ ਜਾਂਦਾ ਹੈ ਤਾਂ ਥਾਣੇ ਵਿਚ ਪਹਿਲਾਂ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਤੇ ਫਿਰ ਉਸਨੂੰ ਥਾਣੇ ਦੇ ਅੰਦਰ ਹੀ ਆਪਣੀ ਮਾਂ ਨਾਲ ਯੌਨ ਸਬੰਧ ਬਣਾਉਣ ਲਈ ਮਜ਼ਬੂਰ ਕੀਤਾ ਗਿਆ।

ਜੰਗਲੀ ਆਦਿਵਾਸੀ ਬੈਲਟਾਂ ਅੰਦਰ ਸੀ ਆਰ ਪੀ ਐਫ, ਕੋਬਰਾ, ਗਰੇਅਹਾਊਂਡਜ਼, ਸਲਵਾ ਜੁਡਮ ਆਦਿ ਵਰਗੇ ਭਾਰਤੀ ਰਾਜ ਸੱਤਾ ਦੇ ਸਿਸ਼ਕਾਰੇ ਸੈਨਿਕ, ਅਰਧ ਸੈਨਿਕ ਬਲ ਤੇ ਪੁਲਿਸ ਨੇ ਇਹਨਾਂ ਖੇਤਰਾਂ ਵਿਚ ਆਪਣਾ ਖੂੰਖਾਰ ਰੂਪ ਧਾਰਨ ਕੀਤਾ ਹੋਇਆ ਹੈ। ਗਰੀਬ ਆਦਿਵਾਸੀ ਲੋਕਾਂ ਦੀਆਂ ਔਰਤਾਂ ਨਾਲ ਬਲਾਤਕਾਰ, ਸਮੂਹਿਕ ਬਲਾਤਕਾਰ, ਕੁਟਮਾਰ, ਛੇੜਛਾੜ, ਕਤਲ ਆਦਿ ਕੀਤੇ ਜਾ ਰਹੇ ਹਨ। ਉਹਨਾਂ ਦੀਆਂ ਔਰਤਾਂ ਘਰਾਂ ਅੰਦਰ ਵੀ ਮਹਿਫੂਜ਼ ਨਹੀਂ ਹਨ। ਆਦਿਵਾਸੀ ਲੋਕਾਂ ਉਪਰ ਅੰਨਾ ਜਬਰ-ਤਸ਼ੱਦਦ ਢਾਹਿਆ ਜਾ ਰਿਹਾ ਹੈ। ਉਹਨਾਂ ਨੂੰ ਆਏ ਦਿਨ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਕੇਵਲ ਸ਼ੱਕ ਦੇ ਅਧਾਰ ਤੇ ਹੀ ਮਾਰ ਦਿੱਤਾ ਜਾਂਦਾ ਹੈ। ਇਹਨਾਂ ਖੇਤਰਾਂ ਅੰਦਰ ਭਾਰਤੀ ਪੁਲਿਸ-ਫੌਜ ਦੀਆਂ ਲਗਾਮਾਂ ਪੂਰੀ ਤਰ੍ਹਾਂ ਖੋਲ੍ਹੀਆਂ ਹੋਈਆਂ ਹਨ। ਇਥੋਂ ਤੱਕ ਕਿ ਨਿਰਦੋਸ਼ ਲੋਕਾਂ ਉਪਰ ਕੀਤੇ ਤਸ਼ੱਦਦ, ਬਲਾਤਕਾਰ ਤੇ ਕਤਲ ਦੀ ਨਿਆਂਇਕ ਜਾਂਚ ਸਾਹਮਣੇ ਆਉਣ ਤੇ ਵੀ ਦੋਸ਼ੀ ਪੁਲਿਸ-ਫੌਜੀ ਅਧਿਕਾਰੀਆਂ ਉਪਰ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ। ਸਾਲ 2012 ਵਿਚ ਵਾਪਰੇ ਸਾਰਕੇਗੁਡਾ ਕਤਲੇਆਮ ਵਿਚ 17 ਨਿਰਦੋਸ਼ ਆਦਿਵਾਸੀਆਂ ਨੂੰ ਮਾਰ-ਮੁਕਾਇਆ ਗਿਆ। ਜਿਸਦੇ ਦੋਸ਼ੀਆਂ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸੇ ਤਰ੍ਹਾਂ ਪਿਛਲੇ ਕੁਝ ਅਰਸੇ ਦੇ ਅੰਦਰ-ਅੰਦਰ ਸੈਂਕੜੇ ਮਾਓਵਾਦੀਆਂ ਤੇ ਸਧਾਰਨ ਆਦਿਵਾਸੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਦਿੱਤਾ ਗਿਆ ਅਤੇ ਇਹ ਸਭ ਕੁਝ ਇਕ ਵਿਸ਼ੇਸ਼ ਸਿਆਸੀ ਨੀਤੀ ਤੇ ਨੀਅਤ ਤਹਿਤ ਕੀਤਾ ਗਿਆ।

ਜਬਰ-ਤਸ਼ੱਦਦ ਦੀਆਂ ਇਹ ਘਟਨਾਵਾਂ ਕੇਵਲ ਤੇ ਕੇਵਲ ਛਤੀਸ਼ਗੜ੍ਹ, ਝਾਰਖੰਡ, ਉੜੀਸਾ ਆਦਿ ਵਰਗੇ 'ਪ੍ਰਭਾਵਿਤ ਖੇਤਰਾਂ' ਜਾਂ 'ਲਾਲ ਲਾਂਘੇ' ਵਿਚ ਹੀ ਨਹੀਂ ਵਾਪਰ ਰਹੀਆਂ ਜਿਥੇ ਕਾਰਪੋਰੇਟ ਘਰਾਣਿਆਂ ਪੱਖੀ ਸਰਕਾਰੀ ਨੀਤੀ ਦਾ ਵਿਰੋਧ ਕਰ ਰਹੇ ਲੋਕਾਂ ਤੇ ਮਾਓਵਾਦੀਆਂ ਦਾ ਲਹੂ-ਵੀਟਵਾਂ ਸੰਘਰਸ਼ ਚੱਲ ਰਿਹਾ ਹੈ, ਬਲਕਿ ਹਕੂਮਤੀ ਹਿੰਸਾ ਦਾ ਅਣਮਨੁੱਖੀ ਚਿਹਰਾ ਕਸ਼ਮੀਰ, ਮਨੀਪੁਰ, ਨਾਗਾਲੈਂਡ, ਅਸਮ, ਕੁਡਕੁਲਮ (ਪ੍ਰਮਾਣੂ ਰਿਐਕਟਰ ਖਿਲਾਫ), ਮਹਾਂਰਾਸ਼ਟਰ, ਨਰਾਇਣ ਪਟਨਾ (ਪੋਸਕੋ ਖਿਲਾਫ), ਪੰਜਾਬ, ਮਾਨੇਸਰ (ਮਾਰੂਤੀ-ਸਾਜ਼ੂਕੀ ਖਿਲਾਫ) ਆਦਿ ਅਨੇਕਾਂ ਥਾਵਾਂ ਤੇ ਵੱਖ-ਵੱਖ ਸ਼ਕਲਾਂ 'ਚ ਸੰਘਰਸ਼ ਕਰ ਰਹੇ ਲੋਕਾਂ ਉਪਰ ਕੀਤੇ ਜਾ ਰਹੇ ਜਬਰ-ਤਸ਼ੱਦਦ ਰਾਹੀਂ ਦੇਖਿਆ ਜਾ ਸਕਦਾ ਹੈ। ਲੁੱਟ, ਜਬਰ-ਤਸ਼ੱਦਦ ਤੇ ਕਤਲ ਦੀਆਂ ਇਹ ਘਟਨਾਵਾਂ ਇਕੀਵੀਂ ਸਦੀ ਦੇ 'ਆਧੁਨਿਕ ਸੱਭਿਅਕ ਪੂੰਜੀਵਾਦੀ' ਦੌਰ ਵਿਚ ਵਾਪਰ ਰਹੀਆਂ ਹਨ। ਇਸ ਆਧੁਨਿਕ ਸੱਭਿਅਕ ਪੂੰਜੀਵਾਦ ਦਾ ਵਿਕਾਸ ਕਿਰਤ ਦੀ ਲੁੱਟ ਤੇ ਧਰਤੀ ਉਤਲੇ ਕੀਮਤੀ ਕੁਦਰਤੀ ਵਸੀਲਿਆਂ ਦੀ ਲੁੱਟ ਕਰਕੇ ਕੀਤਾ ਜਾ ਰਿਹਾ ਹੈ। ਅੱਜ ਸੰਸਾਰ ਨਕਸ਼ੇ ਤੇ ਝਾਤ ਮਾਰਦਿਆਂ ਦੇਖਿਆ ਜਾ ਸਕਦਾ ਹੈ ਕਿ ਦੁਨੀਆਂ ਭਰ ਦੇ ਕੁਲ ਮਿਹਨਤਕਸ਼ ਤਬਕੇ ਇਕ ਵਿਸ਼ੇਸ਼ ਉੱਚ ਕੁਲੀਨ ਵਰਗ ਦੇ ਵਧਣ-ਫੁਲਣ ਦਾ ਅਧਾਰ ਬਣੇ ਹੋਏ ਹਨ। ਅੱਜ 'ਦੇਸ਼' ਤੇ 'ਵਿਕਾਸ' ਦੇ ਮਾਇਨੇ ਸਿਰਫ ਅਮੀਰ ਵਰਗ ਦੇ ਦੇਸ਼ ਤੇ ਵਿਕਾਸ ਤੱਕ ਸੀਮਿਤ ਹਨ ਤੇ ਇਸਨੂੰ ਸਲਾਮਤ ਰੱਖਣ ਦਾ ਪੂਰਾ ਸੂਰਾ ਇਕ ਪ੍ਰਬੰਧਕੀ ਢਾਂਚਾਂ ਉਸਾਰਿਆ ਹੋਇਆ ਹੈ। ਇਸ ਪ੍ਰਬੰਧਕੀ ਢਾਂਚੇ ਦੀਆਂ ਆਪੋ ਵਾਹੀਆਂ ਸੀਮਾਵਾਂ ਦੇ ਅੰਤਰਗਤ ਲੋਕਾਂ ਨੂੰ ਕਾਬੂ ਹੇਠਾਂ ਰੱਖਣ ਦੇ ਹਰ ਤਰ੍ਹਾਂ ਦੇ ਜਾਇਜ਼-ਨਜਾਇਜ ਤਰੀਕੇ ਵਰਤੇ ਜਾਂਦੇ ਹਨ। ਦੂਸਰੇ ਪਾਸੇ ਜਦ ਦੱਬੇ-ਕੁਚਲੇ ਲੋਕ ਆਪਣੀ ਅਜਾਦੀ ਲਈ ਕਿਸੇ ਤਰ੍ਹਾਂ ਦੀ ਕੋਈ ਵੀ ਹਿਲਜੁਲ ਕਰਦੇ ਹਨ, ਤਦ ਅਮੀਰ ਵਰਗ ਤੇ ਉਸਦੇ ਪਾਲਤੂ 'ਹਿੰਸਾ-ਹਿੰਸਾ' ਕਰ ਚੀਕ ਉੱਠਦੇ ਹਨ।

ਇਸ ਪ੍ਰਕਾਰ ਰਾਜ ਕਰਨ ਵਾਲੀਆਂ ਜਮਾਤਾਂ ਦਾ ਦੱਬੇ ਕੁਚਲੇ ਲੋਕਾਂ ਤੇ ਲੋਕਪੱਖੀ ਤਾਕਤਾਂ ਉਪਰ ਜਬਰ ਤਸ਼ੱਦਦ ਕਰਨ ਦਾ ਇਤਿਹਾਸ ਸਦੀਆਂ ਪੁਰਾਣਾ ਤੇ ਬੇਹੱਦ ਕਰੂਰ ਹੈ ਜੋ ਅੱਜ ਤੱਕ ਹੋਰ ਵੀ ਵੱਧ ਤਿੱਖੇ ਤੇ ਨਵੇਂ-ਨਵੇਂ ਰੂਪ ਵਿਚ ਦੁਹਰਾਇਆ ਜਾ ਰਿਹਾ ਹੈ।

ਅੱਜ ਉਦਾਸੀ ਉਪਰ ਹੋਏ ਜਬਰ ਤਸ਼ੱਦਦ ਬਾਰੇ ਗੱਲ ਕਰਨਾ ਮਹਿਜ ਇਤਿਹਾਸਕ ਘਟਨਾਵਾਂ ਦੇ ਵੇਰਵਿਆਂ ਜਾਂ ਯਾਦਾਂ ਨੂੰ ਸਾਂਝਾ ਕਰਨਾ ਨਹੀਂ ਬਲਕਿ ਉਦਾਸੀ ਦੇ ਸੰਦਰਭ 'ਚ ਉਸ ਸਮੇਂ ਨਕਸਲਬਾੜੀ ਲਹਿਰ ਉਪਰ ਭਾਰਤੀ ਰਾਜ ਪ੍ਰਬੰਧ ਵੱਲੋਂ ਸਭਨਾਂ ਨਿਯਮਾਂ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਵਹਿਸ਼ੀਪੁਣੇ ਦੀ ਹੱਦ ਤੱਕ ਦੇਸ਼ ਦੇ 'ਵੱਖਰੇ ਵਿਚਾਰ' ਰੱਖਣ ਵਾਲੇ ਹਜਾਰਾਂ ਨਾਗਰਿਕਾਂ ਉਤੇ ਢਾਹੇ ਅਣਮਨੁੱਖੀ ਕਹਿਰ ਨੂੰ ਉਜਾਗਰ ਕਰਨਾ ਅਤੇ ਸੰਸਾਰਵਿਆਪੀ ਪੱਧਰ ਉੱਤੇ ਅਤੇ ਭਾਰਤ ਦੇ ਲੱਖਾਂ ਲੋਕਾਂ ਉਪਰ ਵੱਖ-ਵੱਖ ਸ਼ਕਲਾਂ ਹੇਠ ਹੋ ਰਹੇ ਲੁੱਟ-ਜਬਰ ਨੂੰ ਨੰਗਾਂ ਕਰਦਿਆਂ ਉਸ ਖਿਲਾਫ ਜਮਾਤੀ ਜੱਦੋ ਜਹਿਦ ਨੂੰ ਹੋਰ ਵੱਧ ਤਿੱਖਾ ਕਰਨਾ ਹੋਣਾ ਚਾਹੀਦਾ ਹੈ।

**ਗੱਲ ਸਮੇਂ ਨੇ ਆਪਣੀ ਆਖ ਦਿੱਤੀ,**
**ਅਰਥ ਕੱਢਣੇ ਫਰਜ਼ ਜੁਆਨੀਆਂ ਦਾ।**
**ਉਸ ਜਮਾਤ ਨੂੰ ਸਮਾਂ ਨਾ ਮੁਆਫ ਕਰਦਾ,**
**ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।**

98764-42052

## ਸੰਤ ਰਾਮ ਉਦਾਸੀ

ਠੇਕੇਦਾਰਾਂ ਧਰਤੀ ਮਾਂ ਨੂੰ ਗਹਿਣੇ ਪਾ ਦਿੱਤਾ
ਕਾਮੇ ਮਰਦੇ ਭੁੱਖੇ ਸਭ ਕੁਝ ਗੁੱਠੇ ਲਾ ਦਿੱਤਾ
ਮਿਲੀਭੁਗਤ ਇਥੇ ਚਲਦੀ, ਨਾ ਸਰਕਾਰਾਂ ਟੋਕਦੀਆਂ
ਇਕ ਬਾਰ (ਉਦਾਸੀ) ਮਾਰ ਗੇੜਾ,
ਅੱਖਾਂ ਤੈਨੂੰ ਲੋਚਦੀਆਂ।

ਖੁਦਕੁਸ਼ੀਆਂ ਪਏ ਕਰਦੇ ਕਾਮੇ, ਲੈਣ ਵਿਚੋਲੇ ਲਾਹਾ
ਕਈਆਂ ਨੇ ਸਲਫਾਸ ਹੈ ਖਾਦੀ, ਕਈਆਂ ਦੇ ਗਲ ਫਾਹਾ
ਕਿਥੋਂ ਮਾਸ ਬਚਾਵੇ ਹਰ ਪਲ ਚੀਲਾਂ ਨੋਚਦੀਆਂ
ਇਕ ਬਾਰ 'ਉਦਾਸੀ' ਮਾਰ ਗੇੜਾ
ਅੱਖਾਂ ਤੈਨੂੰ ਲੋਚਦੀਆਂ।

ਆਪਣੇ ਹੱਕ ਵੀ ਦੁੱਭਰ ਹੋਗੇ, ਹੋਣ ਲੜਾਈ ਦੰਗੇ
ਜ਼ੁਲਮ ਦੀ ਸੈਰ ਤੇ ਸੱਚੇ ਲੋਕੀ, ਰਹਿਣ ਸੂਲੀ ਤੇ ਟੰਗੇ
ਦੱਸੋ ਕਿਧਰ ਨੱਠੀਏ ਰਸਤੇ ਪੁਲਿਸਾਂ ਰੋਕਦੀਆਂ
ਇਕ ਬਾਰ 'ਉਦਾਸੀ' ਮਾਰ ਗੇੜਾ
ਅੱਖਾਂ ਤੈਨੂੰ ਲੋਚਦੀਆਂ।

ਧੀਆਂ-ਭੈਣਾਂ ਤਾਈਂ, ਇੱਜ਼ਤੀ ਚਿੰਤਾ ਖਾ ਬੈਠੀ
16 ਸਾਲ ਦੀ ਲਾਡੋ ਵੀ ਸਮਸਾਨੇ ਜਾ ਬੈਠੀ
ਨਾਲੇ ਬੋਲ ਕੱਢਣ ਨਾ ਦੇਵਣ, ਪਵਰਾਂ ਸੰਘੀ ਮੋਸਦੀਆਂ
ਇਕ ਬਾਰ 'ਉਦਾਸੀ' ਮਾਰ ਗੇੜਾ,
ਅੱਖਾਂ ਤੈਨੂੰ ਲੋਚਦੀਆਂ।

ਕ੍ਰਾਂਤੀਕਾਰੀ ਨਗਮੇ ਤੇਰੇ ਸੀ ਫਿਜ਼ਾ ਮਹਿਕਾਈ
ਸਰਮਾਏਦਾਰੀ,ਸ਼ਾਹੂਕਾਰੀ ਤੋਂ ਸੀ ਵਾਹਣੀ ਪਾਈ।
ਤਾਈਓਂ 'ਬੀਰ' ਵੀ ਲਿਖਤਾਂ, ਲਿਖਦਾ ਤੇਰੀ ਸੋਚ ਦੀਆਂ
ਇਕ ਬਾਰ 'ਉਦਾਸੀ' ਮਾਰ ਗੇੜਾ
ਅੱਖਾਂ ਤੈਨੂੰ ਲੋਚਦੀਆਂ।

**ਦਲਬੀਰ ਬੀਰ ਔਲਖ, ਪਟਿਆਲਾ**

095101-13036

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

ਇਕ ਮੁਲਾਕਾਤ ਇਹ ਵੀ

# ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ : ਬੀਬੀ ਨਸੀਬ ਕੌਰ

**ਮੁਲਾਕਾਤੀ : ਅਜਮੇਰ ਸਿੱਧੂ**

**ਅਜਮੇਰ ਸਿੱਧੂ : ਸਭ ਤੋਂ ਪਹਿਲਾਂ ਉਦਾਸੀ ਜੀ ਦੇ ਜਨਮ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਦੱਸੋ?**

ਨਸੀਬ ਕੌਰ : ਸੰਤ ਰਾਮ ਉਦਾਸੀ ਜੀ ਦਾ ਜਨਮ ਇਸੇ ਪਿੰਡ ਰਾਇਸਰ ਵਿਖੇ 20 ਅਪ੍ਰੈਲ 1939 ਨੂੰ ਹੋਇਆ ਸੀ। ਮੇਰੀ ਸੱਸ ਦਾ ਨਾਂ ਧੰਨ ਕੌਰ ਸੀ ਤੇ ਸਹੁਰੇ ਦਾ ਨਾਂ ਮੇਹਰ ਸਿੰਘ। ਮੇਰੇ ਸੱਸ-ਸਹੁਰੇ ਦੇ ਪੰਜ ਮੁੰਡੇ ਗੁਰਦਾਸ ਸਿੰਘ ਘਾਰੂ, ਭੂਰਾ ਸਿੰਘ (ਮਰਹੂਮ), ਪ੍ਰਕਾਸ਼ ਸਿੰਘ, ਸੰਤ ਰਾਮ ਤੇ ਗੁਰਦੇਵ ਕੋਇਲ ਸਨ। ਕਾਕੀ, ਹਰਬੰਸ ਤੇ ਸੁਖਦੇਵ ਤਿੰਨ ਧੀਆਂ ਸਨ।

**ਅਪਣੇ ਵਿਆਹ ਬਾਰੇ ਵੀ ਦੱਸ ਦਿਓ?**

**ਨਸੀਬ ਕੌਰ** : ਮੇਰਾ ਪੇਕਾ ਪਿੰਡ ਜ਼ਿਲ੍ਹਾ ਫ਼ਰੀਦਕੋਟ ਵਿਚ ਬਾਘਾ ਪੁਰਾਣਾ ਦੇ ਨੇੜੇ ਉਗੋਕੀ ਹੈ। ਮੇਰੇ ਪਿਤਾ ਮੱਘਰ ਸਿੰਘ ਤੇ ਮਾਤਾ ਦਾ ਨਾਂ ਨਿਹਾਲ ਕੌਰ ਸੀ। ਮੇਰੇ ਪਿੰਡ ਵਾਲੇ ਸਰਪੰਚ ਦੀ ਭੈਣ ਇਧਰ ਵਿਆਹੀ ਹੋਈ ਸੀ। ਮੇਰਾ ਜੇਠ ਪ੍ਰਕਾਸ਼ ਸਰਪੰਚ ਦੀ ਭੈਣ ਦੇ ਘਰ ਆਉਂਦਾ ਜਾਂਦਾ ਸੀ। ਸਰਪੰਚ ਦੀ ਭੈਣ ਨੇ ਮੇਰੇ ਬਾਰੇ ਦੱਸ ਪਾਈ ਸੀ। ਫਿਰ ਉਨ੍ਹਾਂ ਭੈਣ-ਭਰਾ ਨੇ ਹੀ ਸਾਡਾ ਰਿਸ਼ਤਾ ਕਰਵਾ ਦਿੱਤਾ ਸੀ। ਮੈਂ ਕੋਰੀ ਅਨਪੜ੍ਹ ਸੀ ਜਦਕਿ ਉਦਾਸੀ ਸਾਹਿਬ ਉਦੋਂ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਮੈਨੂੰ ਪੱਕਾ ਤਾਂ ਯਾਦ ਨਹੀਂ ਸ਼ਾਇਦ 1961 ਵਿਚ ਸਾਡਾ ਵਿਆਹ ਹੋਇਆ ਸੀ। ਸਾਡੇ ਘਰ ਇਕਬਾਲ ਸਿੰਘ ਬੱਲੀ (ਮਰਹੂਮ), ਇਕਬਾਲ ਕੌਰ, ਪ੍ਰਿਤਪਾਲ ਕੌਰ, ਕੀਰਤਨ ਕੌਰ ਤੇ ਮੋਹਕਮ ਸਿੰਘ ਪੰਜ ਬੱਚਿਆਂ ਨੇ ਜਨਮ ਲਿਆ।

**ਵਿਆਹੀਆਂ ਆਈਆਂ ਲੜਕੀਆਂ ਨੂੰ ਸਹੁਰੇ ਘਰ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਤੁਹਾਨੂੰ ਵੀ ਮੁਸ਼ਕਲਾਂ ਆਈਆਂ?**

**ਨਸੀਬ ਕੌਰ** : ਮੈਂ ਇਥੇ ਰਾਇਸਰ ਵਿਆਹੀ ਆਈ। ਇਕ ਤੇ ਮੇਰਾ ਪੇਕਾ ਪਿੰਡ ਬਹੁਤ ਦੂਰ ਸੀ। ਨੇੜੇ ਕੋਈ ਰਿਸ਼ਤੇਦਾਰੀ ਵੀ ਨਹੀਂ ਸੀ। ਮੈਂ ਇਕੱਲੀ ਮਹਿਸੂਸ ਕਰਦੀ ਸੀ। ਦੂਜੀ ਮੇਰੀ ਉਮਰ ਬਹੁਤ ਛੋਟੀ ਸੀ। ਸਾਡਾ ਦੋਵਾਂ ਦਾ ਛੇ ਸਾਲ ਦਾ ਉਮਰ ਵਿਚ ਫ਼ਰਕ ਸੀ। ਮੈਂ ਅਨਪੜ੍ਹ ਹੋਣ ਕਰ ਕੇ ਅਪਣੇ-ਆਪ ਨੂੰ ਨੀਵੀਂ-ਨੀਵੀਂ ਸਮਝਦੀ ਸੀ। ਪਰ ਉਸ ਮਰਦ ਨੇ ਕਦੇ ਮੈਨੂੰ ਇਹ ਗੱਲ ਜਚਾਈ ਨਹੀਂ ਕਿ ਮੈਂ ਅਨਪੜ੍ਹ ਹਾਂ। ਸਗੋਂ ਮੇਰੀ ਮਦਦ ਕੀਤੀ। ਹਰ ਵੇਲੇ ਮੈਨੂੰ ਹੌਂਸਲਾ ਦੇਈ ਜਾਣਾ। ਉਦਾਸੀ ਸਾਹਿਬ ਸਕੂਲ ਤੋਂ ਆ ਕੇ ਅਪਣਾ ਸਾਈਕਲ ਪਿਛਲੇ ਕਮਰੇ ਵਿਚ ਖੜ੍ਹਾ ਕਰਦੇ ਸਨ। ਕਮਰੇ ਦੀ ਦੇਹਲੀ ਉਚੀ ਸੀ। ਮੇਰੀ ਸੱਸ ਕਹਿਣ ਲੱਗੀ, ਸੁਣ ਨੀਂ ਵਹੁਟੀਏ। ਮੁੰਡਾ ਸਾਰਾ ਦਿਨ ਸਕੂਲ ਵਿਚ ਸਿਰ ਖਪਾਉਂਦਾ। ਇਹਦਾ ਸਾਈਕਲ ਬਾਹਰ ਕੱਢਿਆ ਕਰ।'' ਮੈਂ ਸੱਸ ਦਾ ਹੁਕਮ ਮੰਨਿਆ। ਮੈਂ ਬਹੁਤ ਔਖੀ ਹੋ ਕੇ ਸਾਈਕਲ ਕੱਢਦੀ ਸੀ। ਮੈਨੂੰ ਔਖੀ ਹੁੰਦੀ ਨੂੰ ਦੇਖ ਕੇ ਕਹਿਣ ਲੱਗੇ, ਮੈਂ ਮਾਂ ਜੀ ਤੋਂ ਅੱਖ ਬਚਾ ਕੇ ਬਰਾਂਡੇ ਵਿਚ ਕੱਢ ਦਿਆਂ ਕਰਾਂਗਾ। ਤੂੰ ਬਾਹਰ ਖੜ੍ਹਾ ਕਰ ਦਿਆ ਕਰੀਂ। ਮਾਂ ਨੂੰ ਵੀ ਖ਼ੁਸ਼ ਰੱਖਣਾ ਹੋਇਆ।'' ਮੇਰੇ ਪੇਕੀ ਤਾਂ ਚੁੱਲ੍ਹੇ 'ਤੇ ਅੱਗ ਬਲਦੀ ਸੀ। ਉਦਾਸੀ ਨੇ ਮਾਸਟਰ ਲੱਗ ਕੇ ਸਟੋਵ ਲੈ ਲਿਆ ਸੀ। ਕਹਿੰਦਾ, ਐਵੇਂ ਜੱਟਾਂ ਦੇ ਖੇਤਾਂ ਵਿਚ ਖੋਰੀ ਲੈਣ ਤੁਰੇ ਰਵ੍ਹੋ ਜਾਂ ਬਾਲਣ ਦੀ ਖ਼ਾਤਰ ਉਨ੍ਹਾਂ ਦੀਆਂ ਗੱਲਾਂ ਸੁਣੋ।'' ਬੇਟੇ, ਮੈਨੂੰ ਸਟੋਵ ਚਲਾਉਣਾ ਨਾ ਆਵੇ। ਪਰ ਮੈਂ ਦੱਸਾਂ ਵੀ ਨਾ। ਕਹਿੰਦੇ, ਸੜ ਜਾਏਂਗੀ। ਤੇਰੇ ਘਰਦਿਆਂ ਨੇ ਕਹਿਣਾ ਦਾਜ ਘੱਟ ਲਿਆਉਣ 'ਤੇ ਮਾਰ ਦਿੱਤੀ ਉਦਾਸੀ ਨੇ।'' ਉਨ੍ਹਾਂ ਫਿਰ ਮੈਨੂੰ ਸਟੋਵ ਚਲਾਉਣਾ ਸਿਖਾਇਆ। ਮੈਨੂੰ ਕੱਪੜੇ ਪ੍ਰੈਸ ਕਰਨੇ ਵੀ ਉਨ੍ਹਾਂ ਹੀ ਸਿਖਾਏ। ਮੇਰੀ ਸੱਸ ਬਹੁਤ ਹੋਰੇ ਤਰ੍ਹਾਂ ਦੀ ਜ਼ਨਾਨੀ ਸੀ। ਉਹ ਮੇਰੇ 'ਤੇ ਹਕੂਮਤ ਕਰਦੀ। ਮੈਨੂੰ ਹਦਾਇਤਾਂ ਦਿੰਦੀ ਰਹਿੰਦੀ। ਕਈ ਵਾਰ ਮੈਂ ਉਹਦਾ ਕੰਮ ਕਰਦੀ, ਕਈ ਵਾਰ ਨਹੀਂ ਵੀ। ਉਦਾਸੀ ਨੇ ਕਹਿਣਾ, ਮਾਂ ਜੀ ਦਾ ਕਹਿਣਾ ਮੰਨਣਾ ਈ ਪੈਣਾ। ਤੂੰ ਉਹਦੇ ਸਾਹਮਣੇ ਨਾ ਬਹੁਤਾ ਜਾਇਆ ਕਰ।'' ਜਾਣੀ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਮੇਰੀ ਬਹੁਤ ਮਦਦ ਕੀਤੀ।

**ਤੁਹਾਨੂੰ ਕਿਸੇ ਗੱਲ ਤੋਂ ਰੋਕਦੇ ਵੀ ਸਨ?**

**ਨਸੀਬ ਕੌਰ** : ਹਾਂ, ਪੰਡਤਾਂ ਨੂੰ, ਸਾਧੂ ਸੰਤਾਂ ਨੂੰ ਪੂਜਣ ਤੋਂ ਰੋਕਦੇ ਸਨ। ਉਹ ਕਹਿੰਦੇ, ਇਹ ਵਿਹਲੜ ਵੱਗ ਨੇ। ਸਾਨੂੰ ਮਿਹਨਤਕਸ਼ਾਂ ਨੂੰ ਲੁੱਟਦੇ ਨੇ।'' ਸਾਡੇ ਘਰਾਂ ਦੇ ਤਾਂ ਕਹਿੰਦੇ ਸੀ, ਚੋਲੇ ਨੂੰ ਸਲਾਮ ਕਰੋ।' ਪਰ ਇਹ ਪੂਜਾ ਪਾਠਾਂ ਦੇ ਵਿਰੁੱਧ ਸਨ। ਮੈਨੂੰ ਇਕ ਘਟਨਾ ਯਾਦ ਹੈ। ਸਾਡੇ ਘਰਾਂ ਵਿਚ ਬੁੜ੍ਹੀਆਂ ਗੁੱਗੇ ਦੀ ਪੂਜਾ ਕਰਦੀਆਂ ਸਨ। ਬਾਛੜੀਆਂ ਪੂਜਦੀਆਂ ਸਨ। ਗੋਗਲੇ ਕੱਢ ਕੇ ਵੰਡਦੀਆਂ। ਟਾਈਫ਼ਾਈਡ, ਖਸਰੇ ਦੇ ਇਲਾਜ ਹੁੰਦੇ ਨਹੀਂ ਸਨ। ਬੱਚਿਆਂ ਦੀ ਤੰਦਰੁਸਤੀ ਲਈ ਮੜ੍ਹੀਆਂ ਪੂਜਣ ਜਾਂਦੀਆਂ ਸਨ। ਮੇਰੇ ਬੱਚਿਆਂ ਨੂੰ ਵੀ ਖਸਰਾ ਹੋ ਗਿਆ ਸੀ। ਉਨ੍ਹਾਂ ਦੀਆਂ ਅੱਖਾਂ ਨਹੀਂ ਖੁਲ੍ਹਦੀਆਂ ਸਨ। ਸੱਸ ਦੇ ਕਹਿਣ 'ਤੇ ਮੈਂ ਵੀ ਸੁੱਖ ਸੁੱਖ ਲਈ। ਮੈਂ ਚੰਨਣਵਾਲ ਮੱਥਾ ਟੇਕਣ ਗਈ। ਗੋਗਲੇ ਤੇ ਚੌਲ ਬਣਾ ਕੇ ਲੈ ਗਈ। ਅਜੇ ਮਟੀ 'ਤੇ ਜਾ ਕੇ ਖੜ੍ਹੀ ਹੀ ਸੀ; ਉਧਰੋਂ ਇਹ ਆ ਗਏ। ਗੁੱਸਾ ਸੱਤ ਅਸਮਾਨੀ ਚੜ੍ਹਿਆ ਹੋਇਆ ਸੀ। ਗੋਗਲੇ ਤੇ ਚੌਲ ਚੁੱਕ ਕੇ ਕੁੱਤਿਆਂ ਨੂੰ ਪਾ ਦਿੱਤੇ। ਘਰ ਬਣਾ ਕੇ ਰੱਖਿਆ ਸਾਮਾਨ ਬੱਚਿਆਂ ਨੂੰ ਖੁਆ ਦਿੱਤਾ।

**ਉਹ ਗੀਤ ਕਿਵੇਂ ਲਿਖਦੇ ਸਨ?**

**ਨਸੀਬ ਕੌਰ** : ਪੈੱਨ ਤੇ ਡਾਇਰੀ 24 ਘੰਟੇ ਉਨ੍ਹਾਂ ਦੇ ਕੋਲ ਹੁੰਦੀ ਸੀ। ਉਹ ਸਾਈਕਲ 'ਤੇ ਤੁਰੇ ਹੁੰਦੇ। ਸਾਈਕਲ ਰੋਕ ਕੇ ਖੇਤ ਦੇ ਬੰਨ੍ਹੇ 'ਤੇ ਬੈਠ ਜਾਂਦੇ। ਡਾਇਰੀ ਕੱਢ ਕੇ ਗੀਤ ਲਿਖ ਲੈਂਦੇ। ਬੱਸ ਵਿਚ ਸਫ਼ਰ ਕਰ ਰਹੇ ਹੁੰਦੇ ਤਾਂ ਟਿਕਟਾਂ ਉਤੇ ਗੀਤ ਲਿਖਣ ਲੱਗ ਪੈਂਦੇ। ਉਨ੍ਹਾਂ ਕੋਲ ਟਿਕਟਾਂ ਜਾਂ ਚਿੱਠੀਆਂ ਹੁੰਦੀਆਂ। ਪਹਿਲਾਂ ਉਨ੍ਹਾਂ ਉਤੇ ਲਿਖਦੇ। ਫਿਰ ਡਾਇਰੀ 'ਤੇ ਲਿਖਦੇ। ਘਰ ਇਕ ਡਾਇਰੀ ਰੱਖੀ ਹੁੰਦੀ ਸੀ। ਉਸ 'ਤੇ ਪੱਕਾ ਕਰ ਕੇ ਲਿਖਦੇ। ਉਨ੍ਹਾਂ ਦੀਆਂ ਟਿਕਟਾਂ, ਚਿੱਠੀਆਂ ਮੈਂ ਸਾਂਭ-ਸਾਂਭ ਕੇ ਰਖਦੀ। ਉਨ੍ਹਾਂ 'ਤੇ ਦੋ-ਚਾਰ ਲਾਈਨਾਂ ਝਰੀਟੀਆਂ ਹੁੰਦੀਆਂ। ਉਹ ਹੱਸ ਕੇ ਕਹਿੰਦੇ, ਇਹ ਤਾਂ ਗੀਤ ਮੈਂ ਪੂਰਾ ਕਰ ਕੇ ਡਾਇਰੀ 'ਤੇ ਲਿਖ ਲਿਆ,'' ਮੈਂ ਅਨਪੜ੍ਹ ਹੋਣ ਕਰ ਕੇ ਡਰਦੀ ਸੀ ਕਿਤੇ ਕੰਮ ਦੀ ਚੀਜ਼ ਸੁੱਟ ਨਾ ਹੋ ਜਾਵੇ। ਜੇ ਮੈਂ ਪੜ੍ਹੀ ਵੀ ਹੁੰਦੀ ਤਾਂ ਵੀ ਸਾਂਭ ਕੇ ਰਖਣੇ ਸਨ। ਕਿਉਂਕਿ ਲੇਖਕਾਂ ਦੀ ਅਪਣੀ ਦੁਨੀਆ ਹੁੰਦੀ ਹੈ। ਉਨ੍ਹਾਂ ਨੂੰ ਅਪਣੀ ਰਚਨਾ ਧੀਆਂ-ਪੁੱਤਾਂ ਨਾਲੋਂ ਵੀ ਪਿਆਰੀ ਹੁੰਦੀ ਹੈ। ਨਾਲੇ ਕੀ ਪਤਾ ਕਿਹੜੀ ਲਾਈਨ ਦੀ ਕਿੰਨੀ ਮਹੱਤਤਾ ਹੈ। ਇਹ ਲੇਖਕ ਨੂੰ ਪਤਾ ਹੁੰਦਾ ਹੈ। ਮੇਰੇ ਵਰਗੀ ਕੰਮ ਕਾਜ ਵਾਲੀ ਜਨਾਨੀ ਤਾਂ ਊਈਂ ਖਪੀ ਰਹਿੰਦੀ ਹੈ। ਉਨ੍ਹਾਂ ਦੀ ਇਕ ਸਿਫ਼ਤ ਸੀ, ਉਹ ਕਿਸੇ ਵੀ ਜਗ੍ਹਾ, ਕਿਸੇ ਵੀ ਹਾਲਤ ਵਿਚ ਲਿਖ ਸਕਦੇ ਸਨ। ਉਨ੍ਹਾਂ ਨੂੰ ਕਿਸੇ ਮੂਡ ਦੀ ਲੋੜ ਨਹੀਂ ਸੀ। ਇਕ ਵਾਰ ਮੈਂ ਸਾਗ ਲੈ ਕੇ ਆਈ। ਗੰਦਲਾਂ ਦੇਖ ਕੇ ਉਨ੍ਹਾਂ ਨੇ ਗੀਤ ਲਿਖ ਦਿੱਤਾ।

**ਜਦੋਂ ਤੁਹਾਡਾ ਵਿਆਹ ਹੋਇਆ, ਉਸ ਵੇਲੇ ਉਦਾਸੀ ਜੀ ਦਾ ਧਾਰਮਕ ਤੇ ਰਾਜਨੀਤਕ ਜੀਵਨ ਕੀ ਸੀ? ਸਿੱਖ ਧਰਮ ਵਿਚ ਉਹ ਕਿਥੋਂ ਤਕ ਪੱਕੇ ਸਨ?**

ਨਸੀਬ ਕੌਰ : ਉਦਾਸੀ ਜੀ ਸਮੇਤ



ਮੇਰਾ ਸਹੁਰਾ ਪਰਿਵਾਰ ਨਾਮਧਾਰੀ ਸੰਪਰਦਾ ਦੇ ਪੈਰੋਕਾਰ ਸਨ। ਉਹ ਚਿੱਟੇ ਬਸਤਰ ਪਹਿਨਦੇ ਸਨ। ਸਿਰ 'ਤੇ ਚਿੱਟੀਆਂ ਪੱਗਾਂ ਹੀ ਬੰਨ੍ਹਦੇ ਸਨ। ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵਿਚ ਸਰਗਰਮ ਸਨ। ਅਸੀਂ ਮਜ਼੍ਹਬੀ ਸਿੱਖ ਹਾਂ। ਸਾਡੇ ਬਜ਼ੁਰਗ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਆਜ਼ਾਦੀ ਦੀ ਲਹਿਰ ਦੇ ਹਮਾਇਤੀ ਸਨ। ਸਤਿਗੁਰੂ ਜੀ ਸਮਾਜ ਸੁਧਾਰ ਦੇ ਕੰਮ ਵੀ ਕਰਦੇ ਸਨ। ਜਿਵੇਂ ਇਕ ਰੁਪਏ ਵਿਚ ਲੜਕੀਆਂ ਦਾ ਵਿਆਹ ਕਰਨਾ। ਸਾਡੀਆਂ ਛੋਟੀਆਂ ਜਾਤਾਂ ਨੂੰ ਜਾਤ ਦੇ ਨਾਂ 'ਤੇ ਜ਼ਲੀਲ ਕੀਤਾ ਜਾਂਦਾ ਹੈ। ਹੋ ਸਕਦਾ ਇਸੇ ਕਾਰਨ ਸਾਡੇ ਬਜ਼ੁਰਗ ਨਾਮਧਾਰੀ ਸੰਪਰਦਾ ਵਿਚ ਗਏ ਹੋਣ। ਪਰ ਉਦਾਸੀ ਜੀ ਨੂੰ ਲਗਦਾ ਸੀ ਕਿ ਉਥੇ ਵੀ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਸੀ। ਉਨ੍ਹਾਂ ਚਿੱਟੇ ਬਸਤਰ ਪਹਿਨਣੇ ਬੰਦ ਕਰ ਦਿੱਤੇ ਸਨ। ਮੇਰੇ ਸਹੁਰੇ ਕਹਿੰਦੇ ਸੀ, ਉਦਾਸੀ ਪੈਂਟ ਕਮੀਜ਼ ਨਾ ਪਾਵੇ। ਚਿੱਟੇ ਬਸਤਰ ਹੀ ਪਹਿਨੇ। ਸਿਰ 'ਤੇ ਪੱਗ ਵੀ ਗੋਲ ਈ ਬੰਨ੍ਹੇ।'' ਇਹ ਨਹੀਂ ਮੰਨੇ। ਮੇਰੇ ਦਿਉਰ-ਜੇਠ ਉਦਾਸੀ ਦੇ ਰਹਿਣ ਸਹਿਣ ਅਤੇ ਖਾਣ ਪੀਣ ਦੇ ਵਿਰੁੱਧ ਸਨ। ਸੱਸ ਸਹੁਰੇ ਦਾ ਵੀ ਬਹੁਤਾ ਜ਼ੋਰ ਨਾਮਧਾਰੀ ਸੰਸਥਾ ਵੱਲ ਹੀ ਸੀ ਪਰ ਇਹ ਤਾਂ ਨਵੀਂ ਉਠ ਰਹੀ ਨਕਸਲੀ ਲਹਿਰ ਵਿਚ ਦਿਲਚਸਪੀ ਲੈ ਰਹੇ ਸਨ।

**ਉਦਾਸੀ ਜੀ ਦਾ ਸੀ.ਪੀ.ਆਈ. (ਐਮ.ਐਲ.) ਨਾਲ ਜੁੜਨ ਬਾਰੇ ਕਿਵੇਂ ਪਤਾ ਲੱਗਾ?**

**ਨਸੀਬ ਕੌਰ** : ਦੇਖੋ ਬੇਟਾ ਜੀ, ਸਾਲ ਡੇਢ ਸਾਲ ਤਾਂ ਉਨ੍ਹਾਂ ਮੈਤੋਂ ਲੁਕਾਅ ਰੱਖਿਆ। ਮੈਨੂੰ ਨਹੀਂ ਪਤਾ ਲੱਗਣ ਦਿੱਤਾ। ਉਹ ਕਿਥੇ ਜਾਂਦੇ ਹਨ? ਉਥੇ ਜਾ ਕੇ ਕੀ ਕਰਦੇ ਹਨ? ਉਹ ਕਈ-ਕਈ ਦਿਨ ਘਰ ਨਾ ਆਉਂਦੇ। ਰਾਤ ਨੂੰ ਬਾਹਰੋਂ ਕੁੰਡਾ ਲਾ ਕੇ ਚਲੇ ਜਾਂਦੇ। ਤੜਕੇ ਬਾਬੇ ਦੇ ਬੋਲਣ ਤੋਂ ਪਹਿਲਾਂ ਘਰ ਆ ਕੇ ਸੌਂ ਜਾਣਾ। ਮੈਂ ਪੁੱਛਣਾ ਤਾਂ ਕਹਿਣਾ, ਬੱਸ ਐਵੇਂ ਸ਼ੁਗਲ ਮੇਲਾ ਕਰਨ ਜਾਈਦਾ। ਦੋਸਤ-ਮਿੱਤਰ ਇਕੱਠੇ ਹੋ ਜਾਂਦੇ ਹਨ। ਦੋ-ਚਾਰ ਪੈਗ ਲਾ ਲਈਦੇ ਆ।'' ਉਨ੍ਹਾਂ ਕੋਲੋਂ ਦਾਰੂ ਦਾ ਮੁਸ਼ਕ ਨਹੀਂ ਸੀ ਆਉਂਦਾ ਹੁੰਦਾ। ਫਿਰ ਇਕ ਦਿਨ ਮੈਂ ਮਗਰ ਪੈ ਗਈ। ਨਿਆਣੇ ਛੋਟੇ-ਛੋਟੇ ਸਨ। ਜਦੋਂ ਤੁਰਨ ਲੱਗੇ, ਮੈਂ ਵੀ ਨਾਲ ਤੁਰ ਪਈ। ਬੈਠ ਗਏ ਤੇ ਮੈਨੂੰ ਸਮਝਾਉਣ ਲੱਗੇ। 3-4 ਦਿਨ ਸਮਝਾਉਂਦੇ ਰਹੇ। ਮੈਂ ਅੜੀ ਰਹੀ ਕਿ ਦੱਸੋ ਜ਼ਰੂਰ ਮੈਂ ਤੁਹਾਡੇ ਰਾਹ ਦਾ ਰੋੜਾ ਨਹੀਂ ਬਣਾਂਗੀ। ਤੁਸੀਂ ਸੱਚੀ-ਸੱਚੀ ਗੱਲ ਦੱਸ ਦੇਵੋ। ਫਿਰ ਗੱਲ ਗੁਪਤ ਰੱਖਣ ਦਾ ਵਾਅਦਾ ਲੈ ਕੇ ਮੈਨੂੰ ਦੱਸਿਆ ਕਿ ਉਹ ਨਵੀਂ ਨਕਸਲੀ ਪਾਰਟੀ ਵਿਚ ਰਲ ਗਏ ਹਨ। ਭੋਤਨਿਆਂ ਦੀ ਮੋਟਰ 'ਤੇ ਮੀਟਿੰਗ ਹੁੰਦੀ ਹੈ। ਉਹ ਉਥੇ ਜਾਂਦਾ ਹੈ।

**ਉਦਾਸੀ ਦੀ ਨਜ਼ਰ ਵਿਚ ਨਕਸਲਵਾੜੀ ਦੀ ਲਹਿਰ ਕੀ ਸੀ?**

**ਨਸੀਬ ਕੌਰ** : ਉਹ ਦੱਸਦੇ ਰਹਿੰਦੇ, ਵੱਡੇ-ਵੱਡੇ ਸਰਦਾਰ ਗ਼ਰੀਬਾਂ ਦਾ ਖ਼ੂਨ ਚੂਸਦੇ ਹਨ। ਉਨ੍ਹਾਂ ਤੋਂ ਸਾਰਾ ਦਿਨ ਮਜ਼ਦੂਰੀ ਕਰਵਾਉਂਦੇ ਹਨ। ਮਿਹਨਤ ਦਿੰਦੇ ਨਹੀਂ। ਗ਼ਰੀਬਾਂ ਦੀਆਂ ਧੀਆਂ-ਭੈਣਾਂ 'ਤੇ ਮੈਲ਼ੀ ਨਜ਼ਰ ਰੱਖਦੇ ਹਨ। ਖੇਤਾਂ ਵਿਚ ਉਨ੍ਹਾਂ ਨਾਲ ਖੇਹ- ਖਰਾਬੀ ਕਰਦੇ ਹਨ। ਸ਼ਾਹੂਕਾਰ ਵੱਧ ਵਿਆਜ਼ 'ਤੇ ਕਰਜ਼ਾ ਦਿੰਦੇ ਹਨ। ਥਾਣੇ ਕਚਹਿਰੀਆਂ ਦੇ ਅਫ਼ਸਰ ਵੀ ਗ਼ਰੀਬਾਂ ਨੂੰ ਦਬਾਉਣ ਦਾ ਕੰਮ ਕਰਦੇ ਹਨ। ਸਾਡੀ ਪਾਰਟੀ ਨੇ ਵੱਡੇ-ਵੱਡੇ ਸਰਦਾਰ (ਮਾਲਵੇ ਵਿਚ ਜਾਗੀਰਦਾਰਾਂ ਨੂੰ ਸਰਦਾਰ ਕਹਿੰਦੇ ਹਨ), ਸ਼ਾਹੂਕਾਰ, ਲੋਕਾਂ ਦਾ ਖ਼ੂਨ ਚੂਸਣ ਵਾਲੇ, ਵੱਡੇ-ਵੱਡੇ ਅਫ਼ਸਰ ਅਤੇ ਕਰੋੜਪਤੀ ਸੋਧਣੇ ਹਨ, ਜਿਨ੍ਹਾਂ ਕਰ ਕੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਸਾਡੀ ਪਾਰਟੀ ਨੇ ਡਾਕੇ ਨਹੀਂ ਮਾਰਨੇ ਤੇ ਨਾ ਹੀ ਕੋਈ ਬੈਂਕ ਲੁੱਟਣੀ ਹੈ ਪਰ ਪਾਰਟੀ ਚਾਹੁੰਦੀ ਹੈ ਗ਼ਰੀਬ ਬੰਦਾ ਵੀ ਅਣਖ ਨਾਲ ਜੀਵੇ। ਗ਼ਰੀਬ ਸਾਰਾ ਦਿਨ ਜੱਟ ਦੇ ਖੇਤਾਂ ਵਿਚ ਕੰਮ ਕਰਦਾ ਹੈ ਪਰ ਭੁੱਖਾ ਮਰਦਾ ਹੈ। ਆਪ ਵੀ ਜ਼ਲੀਲ ਹੁੰਦਾ ਹੈ ਤੇ ਧੀਆਂ-ਭੈਣਾਂ ਨੂੰ ਵੀ ਜ਼ਲੀਲ ਹੁੰਦੀਆਂ ਦੇਖਦਾ ਹੈ। ਅਸੀਂ ਚਾਹੁੰਦੇ ਹਾਂ ਜੇ ਉਹ ਮਿਹਨਤ-ਮੁਸ਼ੱਕਤ ਕਰਦਾ ਹੈ, ਤਾਂ ਉਹਦੀ ਮਿਹਨਤ ਦਾ ਮੁੱਲ ਮਿਲੇ। ਖਰਾ ਕਾਮਾ ਹੋਣ ਦਾ ਇੱਜ਼ਤ ਮਾਣ ਵੀ ਮਿਲੇ। ਸਾਨੂੰ ਛੋਟੀਆਂ ਜਾਤਾਂ ਵਾਲਿਆਂ ਨੂੰ ਕੋਈ ਇਨਸਾਨ ਨਹੀਂ ਸਮਝਦਾ। ਸਭ ਧਰਮਾਂ ਵਾਲੇ, ਸਭ ਉਪਰਲੀਆਂ ਜਾਤਾਂ ਵਾਲੇ ਨਫ਼ਰਤ ਕਰਦੇ ਹਨ। ਸਾਡੀ ਪਾਰਟੀ ਕਹਿੰਦੀ ਹੈ ਸਭ ਇਨਸਾਨ ਬਰਾਬਰ ਹਨ। ਉਨ੍ਹਾਂ ਨੂੰ ਰਹਿਣ-ਸਹਿਣ, ਖਾਣ ਪੀਣ, ਪੜ੍ਹਨ ਅਤੇ ਨੌਕਰੀਆਂ ਵਿਚ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਸਾਡੀ ਪਾਰਟੀ ਇਹ ਦਾਅਵਾ ਕਰਦੀ ਹੈ ਕਿ ਛੋਟੀਆਂ ਬਰਾਦਰੀਆਂ ਨੂੰ ਰਾਜ ਭਾਗ ਵਿਚ, ਰੁਜ਼ਗਾਰ ਵਿਚ ਬਰਾਬਰ ਦੀ ਹਿੱਸੇਦਾਰੀ ਬਣਾਏਗੀ। ਸਾਡੀ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਉਹ ਵੱਡੇ ਜ਼ਿੰਮੀਦਾਰਾਂ, ਸਰਕਾਰਾਂ ਕੋਲੋਂ ਆਉਣ ਵਾਲੇ ਦਿਨਾਂ ਵਿਚ ਜ਼ਮੀਨਾਂ ਖੋਹ ਲੈਣਗੇ। ਬੇਜ਼ਮੀਨਿਆਂ ਅਤੇ ਛੋਟੀਆਂ ਬਰਾਦਰੀਆਂ ਵਿਚ ਵੰਡ ਦੇਣਗੇ। ਅਸਲ ਵਿਚ ਇਹ ਗ਼ਰੀਬ ਲੋਕਾਂ ਦੀ ਪਾਰਟੀ ਹੈ। ਜੇ ਸਾਰੇ ਗ਼ਰੀਬ ਲੋਕ ਪਾਰਟੀ ਨਾਲ ਤੁਰ ਪੈਣ ਤਾਂ ਤਕੜਿਆਂ ਨੂੰ ਢਾਹ ਲੈਣਗੇ। ਜੇ ਨਾ ਤੁਰੇ ਅਗਲਿਆਂ ਨੇ ਚੱਬ ਕੇ ਖਾ ਜਾਣੇ ਹਨ। ਪਾਰਟੀ ਨੇ ਸਭ ਲੁੱਟੇ-ਪੁੱਟਿਆਂ ਨੂੰ ਨਾਲ ਲੈ ਕੇ ਚਲਣਾ ਹੈ।''

**ਲਹਿਰ ਵਿਚ ਔਰਤਾਂ ਦੇ ਯੋਗਦਾਨ ਬਾਰੇ ਕੀ ਬੋਲੇ?**

**ਨਸੀਬ ਕੌਰ** : ਕਹਿਣ ਲੱਗੇ, ਇਹ ਲਹਿਰ ਔਰਤਾਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਚਲ ਸਕਦੀ। ਔਰਤ ਤਾਂ ਲਹਿਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਔਰਤਾਂ ਨੇ ਘਰ ਆਏ ਬੰਦਿਆਂ ਦੀ ਚਾਹ-ਰੋਟੀ ਦੀ ਸੇਵਾ ਵੀ ਕਰਨੀ ਹੈ। ਖਾੜਕੂ ਜਥੇ ਦੇ ਮੈਂਬਰਾਂ ਨੂੰ ਅੰਦਰ-ਬਾਹਰ ਰੱਖਣ/ਕੱਢਣ ਵਿਚ ਵੀ ਮਦਦ ਕਰਨੀ ਹੁੰਦੀ ਹੈ। ਹਥਿਆਰ ਇਧਰ-ਉਧਰ ਲਿਜਾਉਣ ਵਿਚ ਵੀ ਮਦਦ ਕਰਨੀ ਹੈ। ਪਾਰਟੀ ਨੂੰ ਪੜ੍ਹੀਆਂ-ਲਿਖੀਆਂ ਔਰਤਾਂ ਦੀ ਵੀ ਲੋੜ ਹੈ। ਉਨ੍ਹਾਂ ਪਾਰਟੀ ਦੀਆਂ ਮੋਹਰਲੀਆਂ ਸਫ਼ਾਂ ਵਿਚ ਵੀ ਕੰਮ ਕਰਨਾ ਹੈ। ਮੈਨੂੰ ਕਹਿੰਦੇ, ਤੂੰ ਵੀ ਪਾਰਟੀ ਦੀ ਮਦਦ ਕਰ। ਜੇ ਤੂੰ ਬਾਹਰ ਜਾ ਕੇ ਕੰਮ ਨਹੀਂ ਕਰ ਸਕਦੀ ਤਾਂ ਘਰ ਜ਼ਰੂਰ ਸਹਿਯੋਗ ਦੇ। ਪਹਿਲੀ ਗੱਲ ਮੈਨੂੰ ਰੋਕ ਨਾ। ਮੈਨੂੰ ਕੰਮ ਕਰਨ ਦੇ। ਬੱਚਿਆਂ ਦੀ, ਘਰ ਦੀ ਦੇਖਭਾਲ ਕਰ। ਡੋਲੀਂ ਨਾ। ਜਬਰ ਵੀ ਬਹੁਤ ਹੋਏਗਾ। ਕਿਸੇ ਤੋਂ ਭੀਖ ਨਾ ਮੰਗੀ। ਮਾਤਾ ਗੁਜਰੀ ਵਾਂਗ ਅਡੋਲ ਰਹੀਂ। ਕੁਰਬਾਨੀ ਦਿੱਤਿਆਂ ਹੀ ਕੁਝ ਬਣਨੈਂ। ਕੁਰਬਾਨੀ ਲਈ ਤਿਆਰ ਰਹੀਂ। ਨਾਲੇ ਗ਼ਰੀਬ ਕੁਰਬਾਨੀ ਤੋਂ ਬਿਨਾਂ ਹੋਰ ਦੇ ਵੀ ਕੀ ਸਕਦਾ ਹੈ? ਮੇਰੀਆਂ ਬੱਚੀਆਂ ਨੂੰ ਰਾਣੀ ਝਾਂਸੀ ਬਣਾਉਣਾ ਹੈ।

**ਜੋ ਉਦਾਸੀ ਜੀ ਨਕਸਲਾਈਟਾਂ ਵਲੋਂ ਦਾਅਵਾ ਕਰਦੇ ਸਨ, ਉਹ ਉਨ੍ਹਾਂ ਕੀਤਾ?**

**ਨਸੀਬ ਕੌਰ** : ਹਾਂ, ਕੀਤਾ। ਇਹ ਵੀ ਉਨ੍ਹਾਂ ਦੇ ਨਾਲ ਹੀ ਸਨ। ਮੈਂ ਤਾਂ ਆਪਣੇ ਘਰਵਾਲੇ ਦੀ ਹਮਾਇਤ ਕਰਨ ਲੱਗ ਪਈ। ਹਰ ਤਰ੍ਹਾਂ ਦਾ, ਉਨ੍ਹਾਂ ਦਾ ਤੇ ਸਾਥੀਆਂ ਦਾ ਖ਼ਿਆਲ ਰੱਖਦੀ, ਜਿਵੇਂ ਉਨ੍ਹਾਂ ਦੇ ਕੱਪੜੇ ਧੋਣੇ, ਖਾਣਾ ਖੁਆਉਣ ਤੇ ਉਨ੍ਹਾਂ ਦੇ ਆਇਆਂ 'ਤੇ ਪੁਲੀਸ ਦੀ ਬਿੜਕ ਰੱਖਣੀ। ਬਾਬਾ ਬੂਝਾ ਸਿੰਘ ਵਰਗੇ ਦਰਵੇਸ਼ ਦੇਸ਼ ਭਗਤ ਉਨ੍ਹਾਂ ਕੋਲ ਆਉਂਦੇ। ਹਾਕਮ ਸਮਾਓ, ਦਰਸ਼ਨ ਖਟਕੜ, ਬਲਦੇਵ ਸਿੰਘ ਸੰਘੋਲ..... ਕਿੰਨੇ ਹੀ ਆਗੂ ਸਨ ਜੋ ਉਨ੍ਹਾਂ ਨੂੰ ਮਿਲਦੇ। ਪਿਆਰਾ ਸਿੰਘ ਦੱਧਾਹੂਰ, ਮੁਹੰਮਦ ਸ਼ਰੀਫ਼ ਅਤੇ ਬੇਅੰਤ ਸਿੰਘ ਮੂਮ ਤਾਂ ਉਨ੍ਹਾਂ ਦੇ ਨਾਲ ਹੀ ਹੁੰਦੇ। ਮੈਂ ਤਾਂ ਉਦਾਸੀ ਨਾਲ ਸਹਿਮਤ ਹੋ ਗਈ ਸੀ। ਪਰ ਮੇਰੇ ਦਿਉਰ-ਜੇਠ, ਸੱਸ-ਸਹੁਰਾ ਵਿਰੋਧ ਕਰਨ ਲੱਗੇ। ਉਹ ਨਾਮਧਾਰੀਆਂ ਵੱਲ ਖਿੱਚਣ। ਉਹ ਕਹਿਣ ਰੱਬ ਦਾ ਨਾਂ ਲੈਣਾ ਚਾਹੀਦਾ ਹੈ। ਧਰਮ ਨਾਲੋਂ ਵੱਡਾ ਕੋਈ ਨਹੀਂ ਹੈ ਪਰ ਉਦਾਸੀ ਜੀ ਕਹਿਣ, ਇਨਕਲਾਬ ਦੀ ਲੜਾਈ ਹੀ ਅਸਲ ਵਿਚ ਧਰਮ ਦਾ ਕੰਮ ਹੈ। ਬਾਕੀ ਧਰਮ-ਕਰਮ ਤਾਂ ਸਭ ਝੂਠ ਹਨ। ਦਿਖਾਵੇ ਹਨ।'' ਉਹ ਕਹਿਣ, ਸਰਕਾਰ ਨਾਲ ਪੰਗਾ ਨਹੀਂ ਲੈਣਾ ਚਾਹੀਦਾ ਪਰ ਨਕਸਲੀਆਂ ਦੀ ਤਾਂ ਸ਼ੁਰੂਆਤ ਹੀ ਸਰਕਾਰ ਦੇ ਵਿਰੋਧ ਨਾਲ ਹੋਈ। ਜਿਵੇਂ ਸਾਡੇ ਜ਼ਿਲ੍ਹੇ ਸੰਗਰੂਰ ਦੇ ਪਿੰਡ ਕਿਲਾ ਹਕੀਮਾਂ ਤੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਭੀਖੀ ਸਮਾਓ ਵਿਖੇ ਵੱਡੇ ਸਰਦਾਰਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ ਕਰ ਲਏ ਅਤੇ ਸਾਡੇ ਵਰਗੇ ਗ਼ਰੀਬ ਤੇ ਛੋਟੀਆਂ ਜਾਤਾਂ ਵਾਲਿਆਂ ਵਿਚ ਵੰਡ ਦਿੱਤੇ। ਸਰਕਾਰਾਂ ਤੋਂ ਇਹ ਸਹਾਰ ਨਹੀਂ ਹੋਇਆ ਕਿ ਉਨ੍ਹਾਂ ਦੇ ਕੰਮੀ-ਕਮੀਣ ਜ਼ਮੀਨ ਦੇ ਮਾਲਕ ਬਣ ਜਾਣ। ਸਰਕਾਰ ਉਨ੍ਹਾਂ ਦੀ ਸੀ। ਪੁਲੀਸ ਉਨ੍ਹਾਂ ਦੀ ਸੀ। ਮੁੜ ਜ਼ਮੀਨਾਂ ਖੋਹ ਲਈਆਂ। ਮੁੰਡਿਆਂ ਨੂੰ ਕੁੱਟ-ਕੁੱਟ ਕੇ ਪਾਗਲ ਕਰ ਦਿੱਤਾ। ਦਿਨ-ਦਿਹਾੜੇ ਗੋਲੀਆਂ ਮਾਰ ਕੇ ਮਾਰ ਦਿੱਤੇ। ਜਿਹੜੇ

ਸ਼ਾਹੂਕਾਰ ਸਾਡੇ ਗਰੀਬਾਂ ਤੋਂ ਸੂਦ ਲੈਂਦੇ ਸਨ, ਉਹ ਮੁੰਡਿਆਂ ਨੇ ਸੋਧੇ। ਜਿਹੜੇ ਪੁਲੀਸ ਅਫ਼ਸਰ ਵੱਡਿਆਂ ਦੀ ਰਾਖੀ ਕਰਦੇ ਸਨ। ਸਾਡੇ ਕਿਰਤੀ ਮਜ਼ਦੂਰਾਂ ਦੇ ਮੁੰਡੇ ਮਾਰਦੇ ਸਨ, ਤਸੀਹਾ ਕੇਂਦਰਾਂ ਵਿਚ ਉਨ੍ਹਾਂ 'ਤੇ ਜ਼ੁਲਮ ਢਾਹੁੰਦੇ ਸਨ, ਉਨ੍ਹਾਂ ਨੂੰ ਵੀ ਮਾਰਿਆ। ਬਾਕੀ ਜੇ ਉਹ ਕਾਮਯਾਬ ਹੋ ਜਾਂਦੇ, ਉਨ੍ਹਾਂ ਦੇ ਦਾਅਵੇ ਸੱਚ ਹੋਣੇ ਸਨ।

**ਉਦਾਸੀ ਨੇ ਪੁਲੀਸ ਦਾ ਕਿੰਨਾ ਕੁ ਜਬਰ ਸਹਿਆ? ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਤੇ ਜੇਲ੍ਹ ਯਾਤਰਾ ਬਾਰੇ ਦੱਸੋ।**

**ਨਸੀਬ ਕੌਰ** : ਉਹ ਸੰਗਰੂਰ, ਨਾਭਾ, ਪਟਿਆਲਾ ਜੇਲ੍ਹਾਂ ਵਿਚ ਰਹੇ। ਖਨੌਰੀ, ਸ਼ਹਿਣਾ ... ਪਤਾ ਨਹੀਂ ਕਿੰਨੇ ਥਾਣਿਆਂ ਵਿਚ ਤਸ਼ੱਦਦ ਸਹਿਆ। ਥਾਣਿਆਂ ਵਾਲੇ ਤਾਂ ਜਦੋਂ ਚਿੱਤ ਕਰਦਾ ਸੀ, ਉਦਾਸੀ ਜੀ ਨੂੰ ਲੈ ਜਾਂਦੇ ਸਨ। ਮੇਰੇ ਮੁੰਡੇ ਬੱਲੀ, ਮੇਰੇ ਭਰਾਵਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਸੰਤ ਰਾਮ 'ਤੇ ਸਭ ਤੋਂ ਵੱਧ ਜ਼ੁਲਮ ਲੱਧਾ ਕੋਠੀ ਦੇ ਤਸ਼ੱਦਦ ਕੇਂਦਰ ਵਿਚ ਹੋਇਆ। ਮੇਰੀ ਸੱਸ ਲੱਧਾ ਕੋਠੀ ਗਈ ਸੀ। ਉਹਤੋਂ ਆਪਣਾ ਪੁੱਤ ਪਛਾਣ ਨਹੀਂ ਸੀ ਹੋਇਆ। ਕੁੱਟ-ਕੁੱਟ ਕੇ ਬੇਪਛਾਣ ਕੀਤਾ ਹੋਇਆ ਸੀ। ਉਦਾਸੀ ਆਪ ਦਸਦਾ ਹੁੰਦਾ ਸੀ, ਸਿਰ ਪਾਣੀ ਵਾਲੇ ਟੱਬ ਵਿਚ ਡੋਬ ਕੇ ਪਾਣੀ ਵਿਚ ਕਰੰਟ ਛੱਡ ਦੇਣਾ। ਕੇਸਾਂ ਨਾਲ ਬੰਨ੍ਹ ਕੇ ਪੁੱਠਾ ਲਟਕਾ ਦੇਣਾ। ਸਾਰੀ-ਸਾਰੀ ਰਾਤ ਸੌਣ ਨਾ ਦੇਣਾ। 1000 ਵਾਟ ਦਾ ਬਲੱਬ ਅੱਖਾਂ ਅੱਗੇ ਜਗਾਈ ਰੱਖਣਾ। ਜਾਗਾ ਕਟਾਉਂਦੇ ਸਨ। ਬੇਟਾ ਜੀ, ਬਥੇਰਾ ਜ਼ਬਰ ਢਾਹਿਆ, ਤੁਹਾਡੇ ਅੰਕਲ 'ਤੇ। ਦਸਦੀ ਆਂ ਤਾਂ ਅੰਦਰੋਂ ਲਾਟ ਨਿਕਲਦੀ ਆ। ਜਦੋਂ ਉਥੋਂ ਰਿਹਾਅ ਕਰਵਾਇਆ, ਡੇਢ ਮਹੀਨਾ ਮੰਜੇ ਤੋਂ ਉਠ ਕੇ ਨਹੀਂ ਦੇਖਿਆ। ਸਿਰ ਵਿਚ ਡੰਡੇ ਮਾਰ-ਮਾਰ ਕੇ ਪਾਗ਼ਲ ਕਰ ਦਿੱਤਾ ਸੀ। ਅੱਖਾਂ ਦੀ ਨਿਗ੍ਹਾ ਜਾਂਦੀ ਲੱਗੀ ਸੀ।

**ਕੋਈ ਮਦਦ ਨੂੰ ਨਹੀਂ ਬਹੁੜਿਆ?**

**ਨਸੀਬ ਕੌਰ** : ਬੇਟਾ ਜੀ, ਦਿਨ ਮਾੜੇ ਸਨ ਪਰ ਬੰਦੇ ਭਲੇ ਹੁੰਦੇ ਸਨ। ਇਨ੍ਹਾਂ ਦੇ ਕਾਮਰੇਡ ਦੋਸਤ ਆਉਂਦੇ। ਘਿਓ ਦੇ ਕੇ ਗਏ। ਮੀਟ ਲਿਆ ਕੇ ਦਿੰਦੇ। ਖਰੌੜੇ ਖੁਆਉਂਦੇ ਰਹੇ। ਜਦੋਂ ਇਹ ਲੱਧਾ ਕੋਠੀ ਤੋਂ ਆਏ, ਸਾਰੇ ਸਰੀਰ 'ਤੇ ਧੱਬੇ ਪਏ ਹੋਏ ਸਨ। ਹਿੱਲਿਆ ਨਹੀਂ ਸੀ ਜਾਂਦਾ। ਅੰਦਰ-ਬਾਹਰ ਲਿਜਾਣ ਲਈ ਦੋ ਬੰਦਿਆਂ ਦੀ ਲੋੜ ਪੈਂਦੀ ਸੀ। ਕੋਈ ਨਾ ਕੋਈ ਮਦਦ 'ਤੇ ਆਇਆ ਹੀ ਰਹਿੰਦਾ। ਜਦੋਂ ਹਵਾ ਚੱਲਦੀ ਸੀ ਤਾਂ ਉਨ੍ਹਾਂ ਦੇ ਬਹੁਤ ਦਰਦ ਹੁੰਦਾ ਸੀ। ਠੰਢ ਦੇ ਦਿਨਾਂ ਵਿਚ ਤਾਂ ਅਸਹਿ ਦਰਦ ਹੁੰਦਾ ਸੀ। ਮਾੜੇ ਜਿਹੇ ਤੁਰਨ-ਫਿਰਨ ਜੋਗੇ ਹੋਏ ਤਾਂ ਘਰੋਂ ਪਾਸੇ ਹੋ ਗਏ। ਅਸੀਂ ਰੋਕਿਆ ਵੀ। ਪਰ ਉਹ ਮੰਨੇ ਨਹੀਂ। ਕਹਿੰਦੇ ਪੁਲੀਸ ਨੇ ਮੈਨੂੰ ਮਾਰ ਦੇਣਾ ਹੈ। ਮੈਨੂੰ ਲੱਗਿਆ-ਪਾਰਟੀ ਕੰਮਾਂ ਵਿਚ ਫਿਰ ਤੁਰ ਪਏ ਸਨ।

**ਅਜਿਹੀ ਹਾਲਤ ਵਿਚ ਪਰਿਵਾਰ 'ਤੇ ਕੀ ਬੀਤੀ?**

**ਨਸੀਬ ਕੌਰ** : ਉਹ ਘਰ ਤੋਂ ਦੋ ਸਾਲ ਭਗੌੜੇ ਰਹੇ। ਪਤਾ ਨਹੀਂ ਕਿਥੇ ਲੁਕ-ਛਿਪ ਕੇ ਰਹੇ। ਜਦੋਂ ਮੂੰਮਾਂ ਵਾਲੇ ਬੇਅੰਤ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰਿਆ, ਅਸਲ ਵਿਚ ਉਦੋਂ ਉਦਾਸੀ ਨੂੰ ਮਾਰਨਾ ਚਾਹੁੰਦੇ ਸਨ। ਇਹ ਹੱਥ ਨਾ ਆਏ। ਉਹ ਵਿਚਾਰਾ ਅੜਿੱਕੇ ਆ ਗਿਆ। ਪਾਰ ਬੁਲਾ ਦਿੱਤਾ। ਇਹ ਤਾਂ ਰੂਪੋਸ਼ ਹੋ ਗਏ। ਪਤਾ ਨਹੀਂ ਪੰਜਾਬ ਤੋਂ ਬਾਹਰ ਚਲੇ ਗਏ ਹੋਣ। ਪਿੱਛੇ ਮੇਰਾ ਤੇ ਬੱਚਿਆਂ ਦਾ ਬੁਰਾ ਹਾਲ ਸੀ। ਇਹ ਅਪਣੇ ਵੱਡੇ ਭਾਈ ਗੁਰਦਾਸ ਕੋਲ ਗਏ। ਉਨ੍ਹਾਂ ਦਾ ਮਿੰਨਤ ਤਰਲਾ ਕੀਤਾ, ਭਾਈ ਮੇਰਾ ਪਰਿਵਾਰ ਸਾਂਭ ਲਓ। ਮੈਂ ਪਾਸੇ ਹੋ ਜਾਣਾਂ।" ਉਹ ਨਹੀਂ ਮੰਨੇ। ਉਹ ਕੀ ਕਰਦੇ? ਪੁਲੀਸ ਦੀ ਦਹਿਸ਼ਤ ਬੜੀ ਸੀ। ਫਿਰ ਮੇਰੇ ਭਰਾਵਾਂ ਸੁਰਜੀਤ ਤੇ ਹਰਨੇਕ ਨਾਲ ਉਦਾਸੀ ਨੇ ਗੱਲ ਕੀਤੀ। ਭਰਾ ਬੋਲੇ, ਭਾਈ ਸਾਡੀ ਤਾਂ ਭੈਣ ਆ, ਉਹਦੇ ਅਗਾਂਹ ਬੱਚੇ ਹਨ। ਅਸੀਂ ਇਨ੍ਹਾਂ ਨੂੰ ਕਿਥੇ ਧੱਕਾ ਦੇ ਦੇਈਏ? ਤੂੰ ਲੁਕ-ਛਿਪ ਕੇ ਅਪਨੀ ਜਾਨ ਬਚਾਅ ਲੈ। ਅਪਨੀ ਭੈਣ ਤੇ ਤੇਰੇ ਜੁਆਕਾਂ ਨੂੰ ਸਾਂਭ ਲਵਾਂਗੇ।' ਫਿਰ ਮੈਂ ਬੱਚਿਆਂ ਨੂੰ ਲੈ ਕੇ ਦੋ ਸਾਲ ਉਗੋਕੀ ਅਪਣੇ ਪੇਕੇ ਘਰ ਰਹੀ। ਬੇਟਾ, ਇਕੱਲੀ ਕਹਿਰੀ ਔਰਤ ਲਈ ਬੱਚੇ ਪਾਲਣੇ ਤੇ ਪੜ੍ਹਾਉਣੇ ਬਹੁਤ ਔਖੇ ਹਨ। ਇਹ ਤਾਂ ਜੇਕਰ ਮੇਰੇ ਮਾਪੇ ਨਾ ਹੁੰਦੇ ਜਾਂ ਕਾਮਰੇਡ ਨਾ ਮਦਦ ਕਰਦੇ, ਫਿਰ ਪਤਾ ਨਹੀਂ ਸਾਡੇ ਨਾਲ ਕੀ ਬੀਤਣੀ ਸੀ।

**ਤੁਹਾਡੀ ਬੇਟੀ ਇਕਬਾਲ ਦਸਦੀ ਸੀ, ਤੁਸੀਂ ਉਗੋਕੀ ਬੜੇ ਮਾੜੇ ਦਿਨ ਕੱਟੇ। ਤੁਹਾਡੇ ਤੇ ਬੱਚਿਆਂ ਤੋਂ ਤੁਹਾਡੀਆਂ ਭਰਜਾਈਆਂ ਅੱਕ ਗਈਆਂ ਸਨ। ਲੜਾਈ ਹੋਈ ਸੀ। ਤੁਸੀਂ ਫ਼ੈਸਲਾ ਕੀਤਾ ਕਿ ਪਿੰਡ ਦੇ ਕੋਲ ਨਹਿਰ ਵਿਚ ਛਾਲ ਮਾਰ ਕੇ ਮਰ ਜਾਣਾ ਹੈ ਤੇ ਬੱਚਿਆਂ ਨੂੰ ਮਾਰ ਦੇਣਾ ਹੈ। ਇਕਬਾਲ ਨੇ ਦਸਿਆ ਕਿ ਜਦੋਂ ਸਾਡੀ ਮਾਂ ਸਾਨੂੰ ਨਹਿਰ ਵੱਲ ਲਿਜਾ ਰਹੀ ਸੀ ਤਾਂ ਅਚਾਨਕ ਕੋਈ ਕਾਮਰੇਡ ਆ ਗਿਆ ਸੀ। ਉਹਨੇ ਤੁਹਾਨੂੰ ਸਮਝਾਇਆ ਸੀ ਤੇ ਮੋੜ ਕੇ ਲਿਆਂਦਾ ਸੀ। ਏਹੋ ਜਿਹੀਆਂ ਹੋਰ ਘਟਨਾਵਾਂ ਦੱਸੋ, ਜਿਹੜੀਆਂ ਤੁਹਾਡੇ ਨਾਲ ਉਸ ਵਕਤ ਬੀਤੀਆਂ?**

**ਨਸੀਬ ਕੌਰ** : ਇੱਦਾਂ ਦੀ ਕੋਈ ਘਟਨਾ ਨਹੀਂ ਵਾਪਰੀ। ਉਦੋਂ ਗ਼ਰੀਬੀ ਬਹੁਤ ਸੀ। ਦਿਨ ਕੱਟਣੇ ਤੇ ਕਟਾਉਣੇ ਬਹੁਤ ਔਖੇ ਸਨ। ਫਿਰ ਵੀ ਇੱਦਾਂ ਦੇ ਮਾੜੇ ਸਮੇਂ ਮੇਰੇ ਭਰਾ ਭਰਜਾਈਆਂ ਹੀ ਮੇਰੇ ਨਾਲ ਖੜ੍ਹੇ। ਉਨ੍ਹਾਂ ਇਕ ਵੀ ਦਿਨ ਸਾਡੇ ਨਾਲ ਮਾੜੀ ਨਹੀਂ ਕੀਤੀ। ਉਹਨ੍ਹਾਂ ਸਾਨੂੰ ਪੂਰੇ ਟੱਬਰ ਨੂੰ ਦੋ ਸਾਲ ਰੱਖਿਆ। ਉਹ ਵੀ ਉਦੋਂ ਜਦੋਂ ਪੁਲੀਸ ਦੇ ਭੈਅ ਤੋਂ ਸਭ ਮੁੱਕਰ ਗਏ ਸਨ। ਇਹ ਤਾਂ ਫਿਰ ਜਦੋਂ ਮਾਰ ਧਾੜ ਦਾ ਕੰਮ ਘਟਿਆ। ਪਾਰਟੀ ਵਾਲੇ ਜਨਤਕ ਜਥੇਬੰਦੀਆਂ ਬਣਾ ਕੇ ਕੰਮ ਕਰਨ ਲੱਗੇ, ਉਦੋਂ ਉਦਾਸੀ ਮੁੜ ਪਿੰਡ ਰਾਇਸਰ ਆ ਗਿਆ। ਸਾਨੂੰ ਵੀ ਲੈ ਗਿਆ। ਫਿਰ ਉਹ ਖੁਲ੍ਹੇਆਮ ਸਟੇਜਾਂ 'ਤੇ ਗਾਉਣ ਲੱਗਾ। ਫਿਰ ਕਈ ਵਾਰ ਕੁੱਟਾਂ ਪਈਆਂ। ਗ੍ਰਿਫ਼ਤਾਰੀਆਂ ਹੋਈਆਂ। ਅੰਮ੍ਰਿਤਸਰ ਵਾਲੇ ਡਾਕਟਰ ਦਲਜੀਤ ਸਿੰਘ ਕੋਲੋਂ ਅੱਖਾਂ ਦਾ ਇਲਾਜ ਕਰਵਾਇਆ। ਸਰੀਰ ਕਾਇਮ ਨਹੀਂ ਸੀ ਰਹਿੰਦਾ। ਪੁਲੀਸ ਦੀ ਕੁੱਟ ਨੇ ਛੇਤੀ ਤਾਂ ਰੋਗ ਲਾ ਦਿੱਤੇ ਸਨ। ਡੇਢ ਸਾਲ ਕਲਕੱਤੇ ਹਰਦੇਵ ਸਿੰਘ ਗਰੇਵਾਲ ਕੋਲ ਰਹੇ। ਉੱਥੇ ਅੱਖਾਂ ਤੇ ਸਰੀਰ ਦਾ ਇਲਾਜ ਕਰਵਾਉਂਦੇ ਰਹੇ। ਪਿਛੇ ਪੁਲੀਸ ਇਨ੍ਹਾਂ ਨੂੰ ਲੱਭਦੀ ਫਿਰਦੀ ਹੁੰਦੀ ਸੀ। ਜੁਆਕਾਂ ਨੂੰ, ਮੈਨੂੰ ਗਾਲ੍ਹਾਂ ਕੱਢ ਕੇ ਜਾਂਦੇ। ਅਸੀਂ ਤਾਂ ਚਾਹੁੰਦੇ ਸੀ ਇਹ ਪਾਸੇ ਰਹਿਣ। ਅਪਨਾ ਇਲਾਜ ਕਰਵਾਉਣ। ਉਦੋਂ ਪਤਾ ਥੋੜ੍ਹਾ ਸੀ, ਕਦੋਂ ਪੁਲੀਸ ਨੇ ਗੋਲੀ ਮਾਰ ਦੇਣੀ ਹੈ। ਇਹ ਡਰ ਤਾਂ 1980 ਤਕ ਲੱਗਿਆ ਰਿਹਾ।

**ਆਮ ਤੌਰ 'ਤੇ ਲੇਖਕਾਂ ਦੀਆਂ ਪਤਨੀਆਂ ਸ਼ੱਕੀ ਬਹੁਤ ਹੁੰਦੀਆਂ ਹਨ। ਲੇਖਕਾਂ ਨੂੰ ਬਾਹਰ ਲੇਖਕ ਔਰਤਾਂ ਵੀ ਮਿਲਦੀਆਂ ਹਨ। ਕਾਮਰੇਡਾਂ ਦੀਆਂ ਭੈਣਾਂ-ਪਤਨੀਆਂ ਨਾਲ ਵੀ ਮਿਲਣਾ ਪੈਂਦਾ। ਤੁਹਾਡੀ ਨਜ਼ਰ ਵਿਚ ਉਦਾਸੀ ਦੇ ਪਰਾਈਆਂ ਔਰਤਾਂ ਨਾਲ ਕਿਹੋ ਜਹੇ ਸਬੰਧ ਸਨ?**

**ਨਸੀਬ ਕੌਰ** : ਜਦੋਂ ਉਦਾਸੀ ਸਾਹਿਬ ਅਪਣੇ ਘਰ ਤੋਂ ਬਾਹਰ ਦੀਆਂ ਔਰਤਾਂ ਨਾਲ ਵਿਚਰਦੇ ਸਨ; ਹਰ ਕਿਸਮ ਦਾ ਕੰਟਰੋਲ ਰੱਖਦੇ ਸਨ। ਬਾਬਾ ਬੂਝਾ ਸਿੰਘ ਦੀ ਗੱਲ ਸੁਣਾਉਂਦੇ ਹੁੰਦੇ ਸਨ। ਉਨ੍ਹਾਂ ਨੇ ਸਭ ਕਾਮਰੇਡਾਂ ਨੂੰ ਹਦਾਇਤ ਕੀਤੀ ਹੁੰਦੀ ਸੀ, ਜਿਨ੍ਹਾਂ ਘਰਾਂ ਵਿਚ ਜਾਂਦੇ ਹੋ, ਰਹਿੰਦੇ ਹੋ, ਉਨ੍ਹਾਂ ਘਰਾਂ ਦੀਆਂ ਧੀਆਂ-ਭੈਣਾਂ, ਸੁਆਣੀਆਂ ਨੂੰ ਅਪਣੀਆਂ ਧੀਆਂ-ਭੈਣਾਂ, ਮਾਵਾਂ ਸਮਝਣਾ।' ਉਦਾਸੀ ਜਿਨ੍ਹਾਂ ਘਰਾਂ ਵਿਚ ਜਾਂਦੇ ਸਨ, ਉਨ੍ਹਾਂ ਘਰਾਂ ਦੀਆਂ ਔਰਤਾਂ ਉਦਾਸੀ ਤੋਂ ਹਿਚਕਚਾਹਟ ਮਹਿਸੂਸ ਨਾ ਕਰਦੀਆਂ। ਘਰ ਵਿਚ ਉਨ੍ਹਾਂ ਦਾ ਬੰਦਾ ਹੋਵੇ ਜਾਂ ਨਾ ਹੋਵੇ, ਇਹ ਉਨ੍ਹਾਂ ਕੋਲ ਚਲੇ ਜਾਂਦੇ। ਖਾ ਪੀ ਕੇ, ਬੈਠ ਕੇ ਆਉਂਦੇ। ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਕੇ ਆਉਂਦੇ। ਕਿਉਂਕਿ ਇਨ੍ਹਾਂ ਅਪਣੀ ਇਸ ਕਿਸਮ ਦੀ ਦਿੱਖ ਬਣਾਈ ਹੋਈ ਸੀ। ਬਹੁਤੇ ਘਰਾਂ ਵਿਚ ਤਾਂ ਇਹ ਬੰਦਿਆਂ ਨਾਲ ਬੈਠ ਕੇ ਸ਼ਰਾਬ ਪੀ ਆਉਂਦੇ। ਆਮ ਤੌਰ 'ਤੇ ਔਰਤਾਂ ਸ਼ਰਾਬੀਆਂ ਤੋਂ ਡਰਦੀਆਂ ਹੁੰਦੀਆਂ ਹਨ। ਪਰ ਉਦਾਸੀ ਤੋਂ ਔਰਤਾਂ ਨਾ ਡਰਦੀਆਂ। ਦਾਰੂ ਪੀ ਕੇ ਹੋਸ਼ ਵਿਚ ਰਹਿੰਦਾ ਸੀ। ਮਤਲਬ ਅਗਲੀ ਨੂੰ ਧੀ-ਭੈਣ ਸਮਝਦਾ ਸੀ।

**ਆਮ ਤੌਰ 'ਤੇ ਲੇਖਕਾਂ ਦਾ ਟਾਈਮ ਪੜ੍ਹਨ-ਲਿਖਣ ਅਤੇ ਬਾਹਰ ਦੇ ਤੋਰੇ ਫੇਰੇ 'ਤੇ ਲੱਗ ਜਾਂਦਾ ਹੈ। ਉਹ ਘਰ ਪਰਿਵਾਰ ਨੂੰ ਟਾਈਮ ਨਹੀਂ ਦੇ ਪਾਉਂਦੇ। ਕਾਮਰੇਡ ਅਪਣਾ ਸਾਰਾ ਸਮਾਂ ਲੋਕਾਂ ਦੇ ਲੇਖੇ ਲਾ ਦਿੰਦੇ ਹਨ। ਉਨ੍ਹਾਂ ਦੀਆਂ ਪਤਨੀਆਂ ਤੇ ਬੱਚੇ ਰੁਲਦੇ-ਫਿਰਦੇ ਹਨ। ਉਦਾਸੀ ਜੀ ਘਰ ਪ੍ਰਤੀ ਕਿੰਨੇ ਕੁ ਜ਼ੁੰਮੇਵਾਰ ਸੀ? ਜਾਂ ਆਮ ਲੇਖਕਾਂ ਤੇ ਕਾਮਰੇਡਾਂ ਵਰਗੇ ਸਨ?**

**ਨਸੀਬ ਕੌਰ** : ਉਹ ਪਰਿਵਾਰ ਪ੍ਰਤੀ ਵੀ ਸੁਹਿਰਦ ਬੰਦਾ ਸੀ। ਉਸ ਨੇ ਪੱਠੇ ਵੱਢਣ ਤੋਂ ਲੈ ਕੇ ਕਿਆਰੀਆਂ ਸਾਫ਼ ਕਰਨ ਤਕ ਸਭ ਕੰਮ ਆਪ ਕਰਨੇ। ਨੌਕਰੀ ਵੀ ਕਰਨੀ। ਘਰ ਦੇ ਕੰਮ ਵੀ ਕਰਨੇ। ਰਾਸ਼ਨ ਆਪ ਲੈ ਕੇ ਆਉਣਾ। ਰਸੋਈ ਦੀ ਸਮਾਨ ਮੁੱਕਣ ਤੋਂ ਪਹਿਲਾਂ ਹੀ ਕਰਿਆਨਾ ਲੈ ਆਉਣਾ। ਉਹ ਉਧਾਰ ਮੰਗਣ ਦੇ ਹੱਕ ਵਿਚ ਨਹੀਂ ਸੀ। ਉਹ ਘਰ ਦੀਆਂ ਔਰਤਾਂ ਨੂੰ ਜੱਟਾਂ ਦੇ ਖੇਤਾਂ ਵਿਚ ਭੇਜ ਕੇ ਰਾਜ਼ੀ ਨਹੀਂ ਸੀ। ਮੈਨੂੰ ਜਾਂ ਕੁੜੀਆਂ ਨੂੰ ਬਿਗਾਨੇ ਖੇਤਾਂ ਵਿਚ ਨਹੀਂ ਸੀ ਭੇਜਦਾ। ਮੈਨੂੰ ਕਹਿਣਾ, ਤੂੰ ਬੱਚੇ ਪੜ੍ਹਨ ਲਈ ਭੇਜਿਆ ਕਰ। ਆਏ ਗਏ ਕਾਮਰੇਡਾਂ ਨੂੰ ਸਾਂਭਿਆ ਕਰ। ਹਰ ਕਾਮਰੇਡ ਦਾ ਖਿੜੇ ਮੱਥੇ ਸਵਾਗਤ ਕਰਿਆ ਕਰ। ਸਾਡੇ ਘਰੋਂ ਕੋਈ ਰੋਟੀ ਪਾਣੀ ਤੋਂ ਬਿਨਾਂ ਨਾ ਜਾਵੇ।" ਘਿਓ ਦੁੱਧ ਲੱਸੀ ਲਈ ਦੋ ਮੱਝਾਂ ਰੱਖੀਆਂ ਹੁੰਦੀਆਂ ਸਨ। ਉਨ੍ਹਾਂ ਦੇ ਚਾਰੇ ਲਈ ਬਰਸੀਮ ਜਾਂ ਚਰ੍ਹੀ ਮੁੱਲ ਲੈ ਲੈਂਦੇ। ਪਹਿਲਾਂ ਆਪ ਵੱਢਣ ਜਾਂਦਾ ਹੁੰਦਾ ਸੀ। ਫਿਰ ਬੱਲੀ (ਵੱਡਾ ਬੇਟਾ) ਤਕੜਾ ਹੋਇਆ, ਉਹ ਪੱਠੇ ਲਿਆਉਣ ਲੱਗ ਪਿਆ। ਉਦੋਂ ਪਰਿਵਾਰ ਵੱਡੇ ਹੁੰਦੇ ਸਨ। ਰਿਸ਼ਤੇਦਾਰ ਆਏ ਰਹਿੰਦੇ। ਕਾਮਰੇਡਾਂ ਦੇ ਹੜ੍ਹ ਆਏ ਰਹਿੰਦੇ। ਰੋਟੀਆਂ ਪਕਾਉਂਦੀ ਨੇ ਥੱਕ ਜਾਣਾ। ਉਦੋਂ ਉਦਾਸੀ ਨੇ ਕੰਮ ਵਿਚ ਮੇਰੀ ਮਦਦ ਕਰਵਾਉਣੀ। ਨਾਲ ਰੋਟੀ ਵਰਤਾਅ ਦੇਣੀ। ਮੇਰਾ ਉਦਾਸੀ ਨੇ ਬੜਾ ਸਾਥ ਦਿੱਤਾ। ਉਹਨੇ ਮੈਨੂੰ ਸਮਝਾਇਆ ਕਿ ਜਿਉਣਾ ਕਿਵੇਂ ਐ ਅਣਖ ਨਾਲ। ਕਿਸੇ ਵੱਡੇ ਖੱਬੀ ਖ਼ਾਨ ਦੀ ਟੈਂਅ ਨਹੀਂ ਮੰਨਣੀ। ਮੈਂ ਤੇਰੇ ਨਾਲ ਖੜ੍ਹਾਂ।

**ਉਦਾਸੀ ਜੀ ਦਾ ਦਿੱਲੀ ਦੇ ਲਾਲ ਕਿਲ੍ਹੇ ਤੋਂ ਗੀਤ ਬੋਲਣ ਜਾਣਾ, ਪ੍ਰੋ. ਮੋਹਨ ਸਿੰਘ ਦੇ ਮੇਲੇ 'ਤੇ ਸਿੱਕਿਆਂ ਨਾਲ ਤੋਲੇ ਜਾਣਾ ਅਤੇ ਗੁਰਦੁਆਰਿਆਂ ਵਿਚ ਗਾਉਣ ਜਾਣਾ ਆਦਿ ਬਾਰੇ ਬੜਾ ਵਾਵੇਲਾ ਖੜਾ ਹੋਇਆ। ਉਦਾਸੀ ਜੀ ਇਸ ਸਾਰੇ ਵਾਵੇਲੇ ਨੂੰ ਕਿਵੇਂ ਲੈਂਦੇ ਸਨ?**

**ਨਸੀਬ ਕੌਰ** : ਪਹਿਲੀ ਗੱਲ ਹੁਣ ਜਿੰਨਾ ਰੌਲਾ ਪਾਇਆ ਜਾ ਰਿਹਾ, ਉਦੋਂ ਇੰਨਾ ਨਹੀਂ ਸੀ। ਹੁਣ ਤੇ ਇਹਨੂੰ ਜਾਣ ਕੇ ਮੁੱਦਾ ਬਣਾਇਆ ਜਾ ਰਿਹਾ ਹੈ। ਉਪਰੋਂ-ਉਪਰੋਂ ਤਾਂ ਦੇਖਣ ਨੂੰ ਲਗਦਾ ਬਈ ਉਦਾਸੀ ਨਾਲ ਹਮਦਰਦੀ ਕੀਤੀ ਜਾ ਰਹੀ ਹੈ ਪਰ ਮੈਨੂੰ ਲਗਦਾ ਇਹ ਕਾਮਰੇਡਾਂ ਦੇ ਖ਼ਿਲਾਫ਼ ਹੀ ਭੜਾਸ ਨਹੀਂ ਕੱਢੀ ਜਾ ਰਹੀ ਸਗੋਂ ਉਦਾਸੀ ਦੀ ਦਿੱਖ ਵਿਗਾੜਨ ਲਈ ਅਜਿਹਾ ਕੀਤਾ ਜਾ ਰਿਹਾ ਹੈ। ਇਕ ਪਾਸੇ ਸਿੱਕਿਆਂ ਨਾਲ ਤੋਲਣ ਵਾਲੀ ਘਟਨਾ ਬਿਆਨ ਕੇ ਕਾਮਰੇਡਾਂ ਨੂੰ ਭੰਡਿਆ ਜਾ ਰਿਹਾ ਹੈ। ਫਿਰ ਉਦਾਸੀ ਦਾ ਇਹ ਪੁਰਸਕਾਰ ਲੈਣ ਨੂੰ ਵੀ ਭੰਡਿਆ ਜਾ ਰਿਹਾ ਹੈ। ਜਦੋਂ ਉਦਾਸੀ ਜੀ ਦਿੱਲੀ ਦੇ ਲਾਲ ਕਿਲੇ 'ਤੇ ਗਏ, ਉਹ ਉਥੇ ਇਨਕਲਾਬੀ ਗੀਤ ਹੀ ਪੇਸ਼ ਕਰ ਕੇ ਆਏ। ਜਿਹੜਾ ਉਦਾਸੀ ਜੀ ਦਾ ਗਰੁੱਪ (ਕਾਮਰੇਡ ਬੰਤ ਮਾਣੂਕੇ ਹੁਰੀਂ) ਸੀ, ਉਨ੍ਹਾਂ ਉਦਾਸੀ ਜੀ ਨੂੰ ਸਮਝਾਇਆ ਕਿ ਸਾਡੀ ਸਰਕਾਰ ਨਾਲ ਲੜਾਈ ਚੱਲ ਰਹੀ ਹੈ, ਅਜਿਹੀਆਂ ਥਾਵਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਪਰ ਹੋਰ ਸ਼ਰੀਕ ਗਰੁੱਪ ਵਿਰੋਧ ਕਰਨ ਲੱਗੇ। ਸਿੱਕਿਆਂ ਨਾਲ ਤੋਲਣ ਵੇਲੇ ਵੀ ਅਜਿਹਾ ਹੋਇਆ। ਦੋ ਗਰੁੱਪਾਂ ਨੇ ਲਿਖ ਕੇ ਵਿਰੋਧ ਕੀਤਾ ਸੀ। ਉਹ ਦੋਸ਼ ਲਾਉਂਦੇ ਸੀ ਕਿ ਉਦਾਸੀ ਕਾਂਗਰਸੀ ਹੋ ਗਿਆ ਹੈ। ਜਿਹੜੇ ਇਨ੍ਹਾਂ ਦੇ ਅਪਣੇ ਦੋਸਤ ਲੇਖਕ ਸਨ ਜਾਂ ਪਾਰਟੀ ਵਾਲੇ ਸਨ, ਉਨ੍ਹਾਂ ਚਿੱਠੀਆਂ ਪਾ ਕੇ ਇਤਰਾਜ਼ ਕੀਤਾ ਸੀ। ਉਦਾਸੀ ਕਹਿੰਦਾ ਸੀ, ਮੈਂ ਅਪਣੀ ਵਿਚਾਰਧਾਰਾ ਤਾਂ ਨਹੀਂ ਬਦਲੀ। ਕੋਈ ਮੇਰੀਆਂ ਇਨਕਲਾਬੀ ਕਵਿਤਾਵਾਂ/ਗੀਤਾਂ ਦੀ ਪ੍ਰਸ਼ੰਸਾ ਕਰਨਾ ਚਾਹੁੰਦਾ ਹੈ ਜਾਂ ਮੈਨੂੰ ਪੁਰਸਕਾਰ ਦੇਣਾ ਚਾਹੁੰਦਾ ਹੈ; ਉਸ ਵਿਚ ਮੇਰਾ ਕੀ ਕਸੂਰ? ਮੈਂ ਥੋੜ੍ਹਾ ਬਦਲਿਆਂ? ਉਹ ਬਦਲ ਰਹੇ ਹਨ। ਮੇਰੀਆਂ ਕਵਿਤਾਵਾਂ/ਗੀਤਾਂ ਨੂੰ ਮਾਨਤਾ ਦੇ ਰਹੇ ਹਨ।" ਦਰਅਸਲ ਇਹ ਤਾਂ ਗਰੁੱਪਾਂ ਦਾ ਆਪਸੀ ਭੇੜ ਸੀ। ਹੁਣ ਨਕਸਲੀ ਲਹਿਰ ਦੇ ਵਿਰੋਧੀ ਇਨ੍ਹਾਂ ਗੱਲਾਂ ਨੂੰ ਤੂਲ ਦੇ ਰਹੇ ਹਨ। ਬਾਕੀ ਉਦਾਸੀ ਨੇ ਅਪਣਾ ਪਰਿਵਾਰ ਨਹੀਂ ਸੀ ਪਾਲਣਾ? ਬੱਚੇ ਵੱਡੇ ਹੋ ਗਏ ਸਨ। ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚ, ਅਗਾਂਹ ਕੁੜੀਆਂ ਦੇ ਵਿਆਹਾਂ ਦੇ ਖ਼ਰਚ ਸਿਰ 'ਤੇ ਖੜ੍ਹੇ ਸਨ। ਉਹ ਗਾਉਣ ਜਾਂਦੇ ਸਨ। ਗੁਰਦੁਆਰਿਆਂ ਵਾਲੇ ਚਾਰ ਛਿੱਲੜ ਹੱਥ 'ਤੇ ਰੱਖ ਦਿੰਦੇ ਸਨ। ਅਪਨੀ ਮਿਹਨਤ ਲੈਣਾ ਕਿਹੜਾ ਗੁਨਾਹ ਹੋ ਗਿਆ? ਕੀ ਉਸ ਮਰਦ ਨੇ ਮਰਨ ਤਕ ਅਪਨੀ ਵਿਚਾਰਧਾਰਾ ਛੱਡੀ? ਬਿਲਕੁਲ ਨਹੀਂ। ਉਹ ਕਹਿੰਦਾ ਸੀ, ਚਾਹੇ ਮੈਂ ਅਕਾਲੀਆਂ ਦੀ ਸਟੇਜ 'ਤੇ ਜਾਵਾਂ, ਚਾਹੇ ਕਿਸੇ ਸਰਕਾਰੀ ਸਟੇਜ 'ਤੇ, ਚਾਹੇ ਗੁਰਦੁਆਰਿਆਂ ਵਿਚ ਜਾਵਾਂ, ਹਮੇਸ਼ਾ ਅਪਣੀਆਂ ਨਕਸਲੀ ਲਹਿਰ ਦੀਆਂ ਕਵਿਤਾਵਾਂ ਪੜ੍ਹੀਆਂ। ਮੈਂ ਕਿਸੇ ਸਰਕਾਰੀ ਪਾਰਟੀ ਦਾ ਪ੍ਰਚਾਰ ਨਹੀਂ ਕਰਦਾ। ਕਿਸੇ ਧਰਮ ਦਾ ਪ੍ਰਚਾਰ ਨਹੀਂ ਕਰਦਾ। ਮੈਂ ਤਾਂ ਅਪਨੀ ਲਹਿਰ ਦੇ, ਅਪਣੇ ਕਿਰਤੀ ਲੋਕਾਂ ਦੇ ਦੁੱਖਾਂ ਦੇ ਗੀਤ ਗਾਉਂਦਾ ਹਾਂ।" ਉਨ੍ਹਾਂ ਦਾ ਇਕ ਵੀ ਗੀਤ ਜਾਂ ਕੋਈ ਭਾਸ਼ਣ ਦਿਖਾਓ, ਜਿਹੜਾ ਸਰਕਾਰੀ ਕਿਸਮ ਦਾ ਹੋਵੇ, ਲੋਕ ਵਿਰੋਧੀ ਹੋਵੇ ਜਾਂ ਧਾਰਮਕ ਕੱਟੜਤਾ ਤੇ ਅੰਧ ਵਿਸ਼ਵਾਸ ਵਾਲਾ। ਜੱਸੋਵਾਲ ਨਾਲ ਉਨ੍ਹਾਂ ਦੇ ਦੋਸਤਾਂ ਵਾਲੇ ਸਬੰਧ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਜੱਸੋਵਾਲ ਨੇ ਸਭ ਤੋਂ ਵੱਧ ਪਰਿਵਾਰ ਨੂੰ ਸਹਿਯੋਗ ਦਿੱਤਾ। ਪਰ ਜੱਸੋਵਾਲ ਨਾਲ ਰਲ ਕੇ ਉਦਾਸੀ ਕਾਂਗਰਸੀਆ ਥੋੜ੍ਹਾ ਹੋ ਗਿਆ?

**ਇਹ ਧਰਮ ਯੁੱਧ ਮੋਰਚੇ ਜਾਂ ਖ਼ਾਲਿਸਤਾਨੀ ਲਹਿਰ ਨਾਲ ਕਿੰਨੇ ਕੁ ਜੁੜੇ? ਇਨ੍ਹਾਂ ਉਨ੍ਹਾਂ ਵਿਚ ਸ਼ਮੂਲੀਅਤ ਕੀਤੀ ਜਾਂ ਸਿਰਫ਼ ਹਮਦਰਦ ਹੀ ਸਨ?**

**ਨਸੀਬ ਕੌਰ** : ਮੇਰੇ ਸਹੁਰਾ ਪਰਿਵਾਰ ਦਾ ਪੁਰਾਣਾ ਪਿਛੋਕੜ ਸਿੱਖੀ ਵਾਲਾ ਸੀ। ਫਿਰ ਇਹ ਨਾਮਧਾਰੀ ਹੋ ਗਏ। ਮੈਂ ਤਾਂ ਇਨ੍ਹਾਂ ਨੂੰ ਨਾਮਧਾਰੀ ਹੀ ਦੇਖਿਆ। ਸਾਰਾ ਪਰਿਵਾਰ ਅੱਜ ਵੀ ਨਾਮਧਾਰੀ ਸੰਪਰਦਾ ਨਾਲ ਜੁੜਿਆ ਹੋਇਆ ਹੈ। ਸਿਰਫ਼ ਉਦਾਸੀ ਨੇ ਇਹ ਸੰਪਰਦਾ ਛੱਡੀ। ਉਹ ਕਮਿਊਨਿਸਟ ਸੀ। ਨਕਸਲੀ ਲਹਿਰ ਵਿਚ ਸਰਗਰਮ ਰਹੇ। ਉਹ ਧਾਰਮਕ ਵਿਅਕਤੀ ਨਹੀਂ ਸਨ। ਹਰ ਵੇਲੇ ਸ਼ਰਾਬ ਪੀਣ ਤੇ ਮੀਟ ਖਾਣ ਵਾਲੇ ਸਨ। ਜਦੋਂ ਪਟਿਆਲਾ ਜੇਲ੍ਹ ਵਿਚ ਸਨ। ਉਦੋਂ ਐਮਰਜੈਂਸੀ ਲੱਗੀ ਹੋਈ ਸੀ। ਨਕਸਲੀਏ, ਅਕਾਲੀ ਅਤੇ ਜਨਸੰਘੀ ਇਕੱਠੇ ਹੀ ਜੇਲ੍ਹ ਵਿਚ ਸਨ। ਅਕਾਲੀ ਤੇ ਜਨਸੰਘੀਏ ਕਹਿਣ, ਨਕਸਲੀ ਭਰਾਓ ਆਪਾਂ ਇਕ ਹਾਂ। ਇੰਦਰਾ ਗਾਂਧੀ ਦੇ ਖ਼ਿਲਾਫ਼ ਮੋਰਚਾ ਬਣਾਉਣਾ ਹੈ।" ਉਦੋਂ ਅਕਾਲੀ ਲੀਡਰ ਉਦਾਸੀ ਜੀ ਦੇ ਨੇੜੇ ਹੋ ਗਏ। ਇਨ੍ਹਾਂ ਨੂੰ ਅਪਣੇ ਵੱਲ ਖਿੱਚਣ। ਪਰ ਇਨ੍ਹਾਂ ਨੂੰ ਅਸਲੀਅਤ ਦਾ ਪਤਾ ਹੀ ਸੀ। ਇਹ ਉਹੀ ਸਨ, ਜਿਨ੍ਹਾਂ ਉਦਾਸੀ ਦੇ ਸਾਥੀਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਸੀ। 82 ਸਾਲ ਦੇ ਬਾਬਾ ਬੂਝਾ ਸਿੰਘ ਨੂੰ ਵੀ ਬਖ਼ਸ਼ਿਆ ਨਹੀਂ ਸੀ। ਲੰਮਾਂ ਸਮਾਂ ਜੇਲ੍ਹ ਵਿਚ ਇਕੱਠੇ ਰਹੇ ਹੋਣ ਕਰ ਕੇ ਇਕ-ਦੂਜੇ ਨਾਲ ਦੋਸਤਾਂ ਵਾਲੇ ਸਬੰਧ ਬਣ ਗਏ। ਪਿਛੋਂ ਜਾ ਕੇ ਵੱਡੇ-ਵੱਡੇ ਅਕਾਲੀ ਲੀਡਰ ਘਰ ਆਉਂਦੇ ਰਹੇ। ਉਦਾਸੀ ਨੂੰ ਅਪਣੇ ਕੋਲ ਸੱਦ ਲੈਂਦੇ ਸਨ। ਇਹ ਵਿਅਕਤੀਗਤ ਮਿੱਤਰਚਾਰੇ ਸਨ, ਪਰ ਉਨ੍ਹਾਂ ਕਦੇ ਸੋਚ ਨਹੀਂ ਬਦਲੀ। ਉਹ ਕਦੇ ਵੀ ਧਰਮ ਯੁੱਧ ਮੋਰਚੇ ਦੇ ਹੱਕ ਵਿਚ ਨਹੀਂ ਹੋਏ। ਜਿਹੜਾ ਉਸ ਵੇਲੇ ਪੰਜਾਬੀਆਂ 'ਤੇ ਜ਼ੁਲਮ ਹੁੰਦਾ ਸੀ। ਉਹ ਉਹਦੇ ਖ਼ਿਲਾਫ਼ ਜ਼ਰੂਰ ਸਨ। ਰਹੀ ਗੱਲ ਖ਼ਾਲਿਸਤਾਨੀ ਬਣਨ ਦੀ। ਉਹ ਤਾਂ ਨਾਮਧਾਰੀ ਸੰਪਰਦਾ ਵਿਚ ਨਹੀਂ ਫਿਟ ਹੋਏ, ਜਿਹੜਾ ਕਿ ਇਨ੍ਹਾਂ ਦਾ ਮੁੱਢ ਸੀ। ਇਹ ਖ਼ਾਲਿਸਤਾਨੀ ਕਿਵੇਂ ਬਣ ਜਾਂਦੇ? ਇਹ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੇ ਵਿਰੁੱਧ ਸਨ। ਚੌਰਾਸੀ ਦੇ ਦਿੱਲੀ ਦੰਗਿਆਂ ਦੇ ਵਿਰੁੱਧ ਸਨ। ਬੇਕਸੂਰਾਂ 'ਤੇ ਹੁੰਦੇ ਜ਼ਬਰ ਦੇ ਖ਼ਿਲਾਫ਼ ਸਨ। ਇਕੱਲਾ ਉਦਾਸੀ ਥੋੜ੍ਹਾ ਵਿਰੁੱਧ ਸੀ। ਉਦਾਸੀ ਦੀ ਪਾਰਟੀ ਇਨ੍ਹਾਂ ਗੱਲਾਂ ਦੇ ਵਿਰੁੱਧ ਸੀ। ਕਾਮਰੇਡ ਬੰਤ ਮਾਣੂਕੇ ਹੁਰੀਂ ਮੇਰੇ ਭਰਾ ਲਗਦੇ ਸਨ। ਉਹ ਜਾਂ ਹੋਰ ਕਾਮਰੇਡ ਵੀ ਘਰ ਆਉਂਦੇ ਤਾਂ ਅਕਸਰ ਪੰਜਾਬ ਦੇ ਹਲਾਤਾਂ ਬਾਰੇ ਗੱਲਾਂ ਹੁੰਦੀਆਂ। ਇਹ ਸਾਰੇ ਰਲ ਕੇ ਸਰਕਾਰ ਦੇ ਇਨ੍ਹਾਂ ਕੰਮਾਂ ਨੂੰ ਨਿੰਦਦੇ।

ਬੇਟਾ ਜੀ, ਮੇਰੇ ਪਤੀ ਜੀ ਤਾਂ ਇਨਕਲਾਬੀ ਸਨ। ਉਹ ਜਾਤ-ਪਾਤ ਵੀ ਖ਼ਤਮ ਕਰਨਾ ਚਾਹੁੰਦੇ ਸਨ। ਉਹ ਗ਼ਰੀਬੀ ਨੂੰ ਉਪਰ ਉਠਾਉਣਾ ਚਾਹੁੰਦੇ ਸਨ। ਗੁਰਬਾਣੀ, ਮਹਾਂਭਾਰਤ ਤੇ ਰਮਾਇਣ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਕੰਠ ਸੀ। ਉਹ ਹਰ ਰਾਤ ਅਪਣੇ ਜੁਆਕਾਂ ਨੂੰ ਮਹਾਂਭਾਰਤ ਸੁਣਾਉਂਦੇ। ਰਮਾਇਣ ਤਾਂ ਉਹ ਇੱਦਾਂ ਖੁਭ ਕੇ ਸੁਣਾਉਂਦੇ ਸਨ ਜਿਵੇਂ ਉਹ ਆਪ ਉਸ ਵਿਚ ਸ਼ਾਮਲ ਹੋ ਗਏ ਹੁੰਦੇ। ਇਕ ਤੇ ਵਾਲਮੀਕ ਜੀ ਸਾਡੇ ਅਪਣੇ ਭਗਵਾਨ ਹਨ, ਉਨ੍ਹਾਂ ਨੇ ਰਮਾਇਣ ਲਿਖੀ ਸੀ। ਫਿਰ ਰਮਾਇਣ ਤਾਂ ਸਾਡੀ ਜ਼ਿੰਦਗੀ ਦਾ ਵੈਸੇ ਹੀ ਹਿੱਸਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਇਨਕਲਾਬੀ ਮੈਗਜ਼ੀਨ ਆਉਂਦੇ ਸਨ। ਉਹ, ਉਹ ਵੀ ਬੱਚਿਆਂ ਨੂੰ ਪੜ੍ਹ ਕੇ ਸੁਣਾਉਂਦੇ ਸਨ। ਉਹ ਮਹਾਂਭਾਰਤ, ਰਮਾਇਣ, ਵੀਅਤਨਾਮ ਜੰਗ ਦੇ ਯੋਧੇ, ਡਾ. ਅੰਬੇਦਕਰ ਅਤੇ ਸਿੱਖ ਇਤਿਹਾਸ ਦੇ ਖਾੜਕੂ ਨਾਇਕਾਂ ਨੂੰ ਅਪਣੇ ਗੀਤਾਂ ਵਿਚ ਵਰਤ ਲੈਂਦੇ ਸਨ। ਬਾਕੀ ਭਾਈ ਉਨ੍ਹਾਂ ਦੀ ਕਲਮ ਵਿਚ ਦਮ ਸੀ, ਆਵਾਜ਼ ਵਿਚ ਜ਼ੋਰ ਸੀ। ਇਨ੍ਹਾਂ ਕਰ ਕੇ ਉਨ੍ਹਾਂ ਨੂੰ ਸੰਤ (ਸੰਤ ਹਰਚੰਦ ਸਿੰਘ ਲੌਂਗੋਵਾਲ) ਵੀ ਸੱਦ ਲੈਂਦੇ। ਸ਼੍ਰੋਮਣੀ ਕਮੇਟੀ ਵਾਲੇ ਵੀ ਪ੍ਰੋਗਰਾਮਾਂ 'ਤੇ ਬੁਲਾ ਲੈਂਦੇ। ਪਾਉਂਟਾ ਸਾਹਿਬ ਵਾਲੇ ਤੇ ਕਲਕੱਤੇ ਦੀ ਸਾਧ ਸੰਗਤ ਵੀ ਉਨ੍ਹਾਂ ਦੀ ਹਾਜ਼ਰੀ ਭਰਾਉਂਦੀ। ਉਹ ਜਿਹੜੀ ਵੀ ਜਗ੍ਹਾ ਜਾਂਦੇ, ਗੱਲ ਇਨਕਲਾਬ ਦੀ ਕਰ ਕੇ ਆਉਂਦੇ। ਉਹ ਕਹਿੰਦੇ, ਮੈਂ ਲੋਕਾਂ ਦਾ ਕਵੀ ਹਾਂ।" ਉਨ੍ਹਾਂ ਦੇ ਅੰਦਰ ਲੋਕਾਂ ਦੀ ਪੀੜ ਸੀ। ਫ਼ੰਕਸ਼ਨ ਜਿਹੜਾ ਮਰਜ਼ੀ ਹੋਵੇ, ਉਹ ਗੱਲ ਅਪਣੀ ਕਰ ਕੇ ਆਉਂਦੇ। ਇਥੋਂ ਤਕ ਵਿਆਹਾਂ ਸ਼ਾਦੀਆਂ 'ਤੇ ਵੀ ਕਾਮਰੇਡ ਵਾਲੇ ਗੀਤ ਗਾ ਕੇ ਆਉਂਦੇ।

**ਇਨਕਲਾਬੀਆਂ ਦੀਆਂ ਸਟੇਜਾਂ ਤੋਂ ਬਿਨਾਂ ਜਿਹੜੀਆਂ ਹੋਰ ਸਟੇਜਾਂ 'ਤੇ ਉਹ ਜਾਂਦੇ**

**ਸਨ। ਉਥੇ ਪੈਸਿਆਂ ਖ਼ਾਤਰ ਜਾਂਦੇ ਸਨ?**

**ਨਸੀਬ ਕੌਰ** : ਦੇਖੋ ਘਰਾਂ ਦੀਆਂ ਲੋੜਾਂ ਤਾਂ ਹੁੰਦੀਆਂ ਹੀ ਹਨ। ਨਾਲੇ ਸਾਡੇ ਗ਼ਰੀਬ ਘਰਾਂ ਦੇ ਖ਼ਰਚਿਆਂ ਦਾ ਮਸਲਾ ਹਮੇਸ਼ਾ ਖੜ੍ਹਾ ਹੀ ਰਹਿੰਦਾ ਹੈ। ਬਾਕੀ ਉਦਾਸੀ ਸਾਰਾ ਕੁਝ ਪੈਸੇ ਲਈ ਵੀ ਨਹੀਂ ਸੀ ਕਰਦਾ। ਜਿਥੇ-ਜਿਥੇ ਉਹਦੇ ਮਿੱਤਰ ਬੈਠੇ ਸਨ, ਉਹ ਬੁਲਾ ਲੈਂਦੇ। ਉਹ ਕਦੇ ਮਿੱਤਰਾਂ ਨੂੰ ਮੁੱਕਰਦਾ ਨਹੀਂ ਸੀ। ਬਾਕੀ ਜੇ ਉਦਾਸੀ ਨੇ ਧਨ ਕਮਾਉਣਾ ਹੁੰਦਾ ਜਾਂ ਜਾਇਦਾਦਾਂ ਬਣਾਉਣੀਆਂ ਹੁੰਦੀਆਂ ਤਾਂ ਉਹ ਸੋਨੇ ਦੀਆਂ ਕੰਧਾਂ ਖੜ੍ਹੀਆਂ ਕਰ ਲੈਂਦਾ। ਪਰ ਉਹਨੇ ਅਪਣੀ ਪਾਰਟੀ ਨੂੰ ਪਿੱਠ ਨਹੀਂ ਦਿਖਾਈ।

**ਸ਼ਰਾਬ ਪੀਣੀ ਉਦਾਸੀ ਦੀ ਕਮਜ਼ੋਰੀ ਸੀ?**


**ਨਸੀਬ ਕੌਰ** : ਦੇਖੋ ਜਦੋਂ ਵਿਆਹ ਹੋਇਆ, ਉਦੋਂ ਤਾਂ ਕਿਤੇ ਵਿਆਹ ਸ਼ਾਦੀ ਜਾਂ ਖ਼ੁਸ਼ੀ ਸਮੇਂ ਪੀ ਲੈਂਦੇ ਸਨ। ਪਿਛੋਂ ਜਾ ਕੇ ਵੀ ਕਿਤੇ ਮਿੱਤਰਾਂ ਨਾਲ ਪੈਗ ਲਾ ਲੈਂਦੇ ਸਨ। ਪਰ ਜਦੋਂ ਪੁਲੀਸ ਨੇ ਉਨ੍ਹਾਂ 'ਤੇ ਬਹੁਤ ਜ਼ਿਆਦਾ ਜਬਰ ਕੀਤਾ। ਉਨ੍ਹਾਂ ਦੇ ਦਰਦਾਂ ਹੁੰਦੀਆਂ ਰਹਿੰਦੀਆਂ ਸਨ। ਨੀਂਦ ਨਹੀਂ ਸੀ ਆਉਂਦੀ ਹੁੰਦੀ। ਫਿਰ ਉਹ ਸ਼ਰਾਬ ਦਾ ਸਹਾਰਾ ਲੈਣ ਲੱਗ ਪਏ। ਹੌਲੀ-ਹੌਲੀ ਇਹ ਉਨ੍ਹਾਂ ਦੀ ਰੁਟੀਨ ਬਣ ਗਈ। ਬਾਅਦ ਵਿਚ ਤਾਂ ਜ਼ਿਆਦਾ ਹੀ ਪੀਣ ਲੱਗ ਪਏ ਸਨ। ਘਰ ਬਹੁਤ ਜ਼ਿਆਦਾ ਨਹੀਂ ਸੀ ਪੀਂਦੇ। ਇਹ ਤੇ ਬਾਹਰ ਕਵੀ ਦਰਬਾਰਾਂ ਤੋਂ ਪੀ ਆਉਂਦੇ। ਘਰ ਤਾਂ ਹਿਸਾਬ ਨਾਲ ਪੀਂਦੇ ਸਨ। ਸਿੱਧੀ ਗੱਲ ਦਾਰੂ ਉਨ੍ਹਾਂ ਦੀ ਖ਼ੁਰਾਕ ਦਾ ਹਿੱਸਾ ਸੀ।

**ਉਦਾਸੀ ਜੀ ਪੱਗ ਕਿਹੜੇ-ਕਿਹੜੇ ਰੰਗ ਦੀ ਬੰਨ੍ਹਦੇ ਸਨ?**

**ਨਸੀਬ ਕੌਰ** : (ਹੱਸ ਕੇ).... ਲਗਦੈ ਬੇਟਾ ਜੀ, ਤੁਸੀਂ ਉਦਾਸੀ ਜੀ ਦੀ ਯਾਦ ਵਿਚ ਬਣਿਆ ਗੇਟ ਵੇਖ ਕੇ ਆਏ ਓ। ਉਹਦੇ ਇਕ ਥਮੜੇ 'ਤੇ ਪੀਲੇ ਰੰਗ ਦੀ ਪੱਗ ਵਾਲੀ ਫ਼ੋਟੋ ਲਾਈ ਹੋਈ ਹੈ ਤੇ ਦੂਜੇ ਪਾਸੇ ਨੀਲੇ ਰੰਗ ਵਾਲੀ ਫ਼ੋਟੋ ਹੈ। ਬੇਟਾ ਜੀ ਉਦਾਸੀ ਨੇ ਕਦੇ ਵੀ ਇਨ੍ਹਾਂ ਦੋਹਾਂ ਰੰਗਾਂ ਵਾਲੀਆਂ ਪੱਗਾਂ ਨਹੀਂ ਬੰਨ੍ਹੀਆਂ। ਉਹ ਸਰਦਈ, ਕਾਲੀ ਤੇ ਬਿਸਕੁਟੀ ਰੰਗਾਂ ਦੀਆਂ ਪੱਗਾਂ ਬੰਨ੍ਹਦੇ ਸਨ। ਜ਼ਿਆਦਾ ਕਾਲੇ ਰੰਗ ਦੀ ਹੀ ਬੰਨ੍ਹਦੇ ਸਨ। ਜਿੱਦਣ ਉਹ ਹਜ਼ੂਰ ਸਾਹਿਬ ਨੂੰ ਗਏ, ਉੱਦਣ ਉਨ੍ਹਾਂ ਕਾਲੀ ਫਿਫਟੀ ਬੰਨ੍ਹੀ ਤੇ ਪੱਗ ਬਿਸਕੁਟੀ।

**ਉਦਾਸੀ ਜੀ ਦਾ ਸੁਭਾਅ ਕਿਸ ਕਿਸਮ ਦਾ ਸੀ? ਉਹ ਬਹੁਤ ਸਖ਼ਤ ਸਨ ਜਾਂ ਭਾਵੁਕ ਕਿਸਮ ਦੇ ਇਨਸਾਨ ਸਨ?**

**ਨਸੀਬ ਕੌਰ** : ਮੈਂ ਤਿੰਨ ਉਦਾਹਰਣਾ ਦਿੰਦੀ ਹਾਂ। ਬੇਟਾ ਜੀ, ਤੁਸੀਂ ਉਸ ਵਿਚੋਂ ਉਦਾਸੀ ਜੀ ਦੇ ਸੁਭਾਅ ਦਾ ਅੰਦਾਜ਼ਾ ਲਾ ਲੈਣਾ। ਜੈਤੋਂ ਕੋਲ ਨਿਆਮੀ ਵਾਲਾ ਦਾ ਪਾਰਟੀ ਦਾ ਕਾਮਰੇਡ ਗੁਰਮੇਲ ਸਿੰਘ ਨਿਆਮੀ ਵਾਲਾ (ਬਰਾੜ) ਹੁੰਦਾ ਸੀ। ਜਦੋਂ ਉਦਾਸੀ ਜੀ ਜੇਲ੍ਹਾਂ ਵਿਚ ਰਹੇ ਜਾਂ ਰੂਪੋਸ਼ ਰਹੇ ਜਾਂ ਘਰ ਵਿਚ ਤੰਗੀ ਰਹੀ, ਤਦ ਕਾਮਰੇਡ ਗੁਰਮੇਲ ਹੀ ਘਰ ਦਾ ਖ਼ਿਆਲ ਰੱਖਦਾ ਸੀ। ਘਰ ਦਾਣੇ ਸੁੱਟ ਕੇ ਜਾਣੇ, ਰਾਸ਼ਨ ਲਿਆ ਕੇ ਦੇਣਾ, ਇਹ ਉਹ ਅਪਣੀ ਡਿਊਟੀ ਸਮਝਦਾ ਸੀ। ਪਰਿਵਾਰਕ ਝਗੜੇ ਕਾਰਨ ਉਹਦੀ ਵਿਚਾਰੇ ਦੀ ਮੌਤ ਹੋ ਗਈ। ਉਦਾਸੀ ਉਹਦੀ ਮੌਤ ਦਾ ਸੁਣ ਕੇ ਬਹੁਤ ਰੋਇਆ। ਰਾਤ ਨੂੰ ਉਠ ਕੇ ਬੈਠ ਜਾਇਆ ਕਰੇ। ਜਦੋਂ ਉਦਾਸੀ ਜੀ ਦੀ ਮੌਤ ਹੋਈ, ਉਹਤੋਂ ਇਕ ਮਹੀਨਾ ਦਸ ਦਿਨ ਪਹਿਲਾਂ (26 ਸਤੰਬਰ 1986) ਕਾਮਰੇਡ ਬਲਦੇਵ ਮਾਨ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਜਦੋਂ ਇਨ੍ਹਾਂ ਰੇਡੀਓ ਤੋਂ ਮਾਨ ਦੇ ਕਤਲ ਦੀ ਖ਼ਬਰ ਸੁਣੀ, ਇਹ ਤਾਂ ਭਾਈ ਰੋਣ ਲੱਗ ਪਏ। ਕੋਠੇ ਚੜ੍ਹ ਜਾਇਆ ਕਰਨ। ਥੱਲੇ ਆ ਜਾਇਆ ਕਰਨ। ਮੰਜੇ 'ਤੇ ਪੈ ਗਏ। ਇਨ੍ਹਾਂ ਤੋਂ ਉਠ ਨਾ ਹੋਵੇ। ਬੁੜ੍ਹ-ਬੁੜ੍ਹ ਕਰੀ ਜਾਣ, ਮੈਂ ਵੀ ਹੁਣ ਰਹਿ ਕੇ ਕੀ ਕਰਨਾ? ਜਦੋਂ ਮੇਰੇ ਪਾਰਟੀ ਕਾਮਰੇਡ ਨੂੰ ਹੀ ਮਾਰ ਦਿੱਤਾ ਦੁਸ਼ਟਾਂ ਨੇ। ਮੂਰਖੋ, ਮੇਰੇ ਚੰਗੇ ਮਿੱਤਰ ਦਾ ਕਤਲ ਕਰ ਦਿੱਤਾ। ਉਹ ਤਾਂ ਲੋਕਾਂ ਦਾ ਹੀਰਾ ਆਗੂ ਸੀ। ਕੀ ਖੱਟਿਆ, ਐਡੇ ਵੱਡੇ ਯੋਧੇ ਨੂੰ ਧੋਖੇ ਨਾਲ ਮਾਰ ਕੇ? ...ਕਾਮਰੇਡਣੀਏ, ਮੇਰਾ ਪੱਖ ਘੱਟ ਗਿਆ। ਮੇਰਾ ਅੰਗ ਮਾਰਿਆ ਗਿਆ।'' ਉਹ ਕਈ ਦਿਨ ਅਪਸੈੱਟ ਰਹੇ। ਇਸੇ ਪ੍ਰੇਸ਼ਾਨੀ ਵਿਚ ਉਹ ਹਜ਼ੂਰ ਸਾਹਿਬ ਗਏ। ਜਿਥੋਂ ਮੁੜ ਕੇ ਨਹੀਂ ਆਏ। (ਅੱਖਾਂ ਭਰ ਕੇ) ਸਗੋਂ ਅਪਣੇ ਪਾਰਟੀ ਆਗੂ ਮਾਨ ਕੋਲ ਹੀ ਚਲੇ ਗਏ। (ਲੰਮੀ ਚੁੱਪ ਤੋਂ ਬਾਅਦ) ... ਜਦੋਂ ਦੋ ਸਾਲ ਪਹਿਲਾਂ (1984 ਵਿਚ) ਦਿੱਲੀ ਵਿਚ ਦੰਗੇ ਹੋਏ। ਬੇਕਸੂਰ ਸਿੱਖਾਂ ਨੂੰ ਸਾੜਿਆ ਗਿਆ। ਉਨ੍ਹਾਂ ਨੂੰ ਲੁੱਟਿਆ-ਕੁੱਟਿਆ ਗਿਆ, ਉਦੋਂ ਵੀ ਉਨ੍ਹਾਂ ਦੀ ਏਹੀ ਹਾਲਤ ਹੋਈ ਸੀ।




**ਦਿੱਲੀ ਜਾਂ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਦੇ ਕਤਲੇਆਮ ਵੇਲੇ ਇਨ੍ਹਾਂ ਦੀ ਕੀ ਹਾਲਤ ਹੋਈ ਸੀ?**

**ਨਸੀਬ ਕੌਰ** : ਕਹਿਣ, ਮੇਰੇ ਦੋਸਤ ਮਾਰੇ ਗਏ ਹਨ। ਸਾਡੇ ਸਿੱਖ ਮਾਰੇ ਗਏ ਹਨ।'' ਇਹ ਬਹੁਤ ਅਪਸੈੱਟ ਹੋਏ। ਜਿੱਦਾਂ ਬੰਦਾ ਪਾਗਲ ਹੋ ਜਾਂਦਾ, ਉਦਾਂ ਕਰਨ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਵੱਡੇ ਭਾਈ ਗੁਰਦਾਸ ਸਿੰਘ ਘਾਰੂ ਨਾਗਪੁਰ ਗਏ ਹੋਏ ਸਨ ਪਰ ਉਹ ਕਿਸੇ ਤਰ੍ਹਾਂ ਬਚ ਕੇ ਘਰ ਪੁੱਜ ਗਏ। ਇਹ ਕਹਿਣ, ਮੇਰਾ ਭਾਈ ਬਚ ਕੇ ਆ ਗਿਆ। ਉਹ ਵੀ ਮਾਰਿਆ ਜਾਣਾ ਸੀ। ਜਿਹੜੇ ਹੋਰ ਮਾਰੇ ਗਏ ਆ, ਉਹ ਵੀ ਕਿਸੇ ਦੇ ਭਾਈ ਸਨ। ਸੈਂਟਰ ਨੇ ਪੰਜਾਬ ਨੂੰ ਉਜਾੜ ਕੇ ਦਮ ਲੈਣਾ। ਪੰਜਾਬ ਦੇ ਸੋਨੇ ਵਰਗੇ ਬੰਦੇ, ਅਪਣੇ ਬੰਦਿਆਂ ਤੋਂ ਮਰਵਾਈ ਜਾਂਦਾ ਆ। ਅਸਲ ਵਿਚ ਸੈਂਟਰ ਸਾਨੂੰ ਖ਼ਤਮ ਕਰਨਾ ਚਾਹੁੰਦਾ।'' ਦਿੱਲੀ ਤੋਂ ਉਜੜ ਕੇ ਇਕ ਸਿੱਖ ਟੱਬਰ ਸਾਡੇ ਪਿੰਡ ਆ ਗਿਆ। ਇਨ੍ਹਾਂ ਨੇ ਉਸ ਸਿੱਖ ਪਰਿਵਾਰ ਨੂੰ ਸਾਂਭਿਆ। ਹੋਕਾ ਦੇ ਕੇ ਪਿੰਡ ਦੇ ਲੋਕ ਇਕੱਠੇ ਕੀਤੇ। ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦੀ ਮਦਦ ਕਰੋ। ਘਰ-ਘਰ ਜਾ ਕੇ ਸਮਾਨ ਇਕੱਠਾ ਕਰ ਕੇ ਉਨ੍ਹਾਂ ਨੂੰ ਦਿੱਤਾ। ਫਿਰ ਕਹਿਣ, ਜੇ ਸਿੱਖ ਵਿਰੋਧੀ ਦੰਗਿਆਂ ਦਾ ਕੋਈ ਬੱਚਾ ਯਤੀਮ ਹੋ ਗਿਆ ਹੋਵੇ, ਉਹ ਸਾਨੂੰ ਲਿਆ ਦਿਓ। ਪਾਲ ਲਵਾਂਗੇ।'' ਇਹ ਤਿੰਨ ਤਾਂ ਬਹੁਤ ਵੱਡੀਆਂ ਘਟਨਾਵਾਂ ਸਨ ਉਨ੍ਹਾਂ ਲਈ। ਉਹ ਤਾਂ ਮਾੜੀ ਜਿਹੜੀ ਗੱਲ ਦਿਲ ਦਿਮਾਗ 'ਤੇ ਬਿਠਾ ਲੈਂਦੇ ਸਨ।

**ਗੁਰਦੁਆਰਾ ਹਜ਼ੂਰ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ 'ਤੇ ਜਾਣ ਵੇਲੇ ਉਦਾਸੀ ਜੀ ਦੇ ਮਨ ਦੀ ਕੀ ਹਾਲਤ ਸੀ?**

**ਨਸੀਬ ਕੌਰ** : ਉਨ੍ਹਾਂ ਨੂੰ ਅਕਤੂਬਰ 1986 ਵਿਚ ਗੁਰਦੁਆਰਾ ਹਜ਼ੂਰ ਸਾਹਿਬ ਤੋਂ ਚਿੱਠੀ ਆਈ ਸੀ ਕਿ ਉਹ ਸ਼ਹੀਦੀ ਪੁਰਬ 'ਤੇ ਅਪਣੇ ਗੀਤ ਪੇਸ਼ ਕਰਨ। ਉਨ੍ਹਾਂ ਦਿਨਾਂ ਵਿਚ ਉਹ ਉਲਝਣ ਵਿਚ ਸਨ। ਉਨ੍ਹਾਂ ਦਾ ਮਨ ਨਹੀਂ ਸੀ ਟਿਕਦਾ। ਉਹ ਮੌਤ ਦੀਆਂ ਗੱਲਾ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਨਾ ਜਾਣ ਦਾ ਫ਼ੈਸਲਾ ਕੀਤਾ ਸੀ। ਫਿਰ ਪਤਾ ਨਹੀਂ, ਕੀ ਮਨ ਵਿਚ ਆਇਆ। ਉਨ੍ਹਾਂ ਨੂੰ ਪੁੱਜਣ ਦੀ ਸਹਿਮਤੀ ਵਾਲੀ ਚਿੱਠੀ ਲਿਖ ਦਿੱਤੀ। ਇਸ ਪਿਛੋਂ ਵੀ ਉਹ ਦੁਬਿਧਾ ਦੇ ਸ਼ਿਕਾਰ ਰਹੇ। ਅਸੀਂ ਬਥੇਰਾ ਕਿਹਾ, ਭਾਈ ਨਾ ਜਾਹ। ਜੁਆਕਾ ਵੱਲ ਦੇਖ।'' ਜਦੋਂ ਹਜ਼ੂਰ ਸਾਹਿਬ ਤੋਂ ਇਕ ਇਸ਼ਤਿਹਾਰ ਆ ਗਿਆ, ਜਿਸ ਵਿਚ ਇਨ੍ਹਾਂ ਦਾ ਨਾਂ ਸ਼ਾਮਲ ਸੀ, ਫਿਰ ਇਨ੍ਹਾਂ ਜਾਣ ਦਾ ਫ਼ੈਸਲਾ ਕਰ ਲਿਆ। ਇਕ ਨਵੰਬਰ ਨੂੰ ਘਰੋਂ ਜਾਣਾ ਸੀ। ਇਕਬਾਲ ਕੋਲੋਂ ਕੇਸ ਧੁਆਏ। ਉਹ ਨਿਖਰੇ ਨਾ। ਫਿਰ ਮੈਂ ਧੋਤੇ ਤਾਂ ਕਹਿਣ ਲੱਗੇ, "ਹੁਣ ਸਿਰ ਹੌਲਾ ਲਗਦੈ।... ਚੱਲ ਆਖ਼ਰੀ ਵਾਰ ਧੋ ਲਏ।'' ਇਹ ਗੱਲ ਸੁਣ ਕੇ ਮੈਂ ਤੇ ਇਕਬਾਲ ਰੋਣ ਲੱਗ ਪਈਆਂ। ਮੈਂ ਕਿਹਾ, "ਤੁਸੀਂ ਮੌਤ ਦੀਆਂ ਗੱਲਾਂ ਕਿਉਂ ਕਰਦੇ ਹੋ?" ਪਹਿਲਾਂ ਤਾਂ ਬੋਲੇ ਨਾ ਫਿਰ ਕਹਿਣ ਲੱਗੇ, ਮੈਂ ਸਫ਼ਰ 'ਤੇ ਚੱਲਿਆਂ ਕੀ ਪਤਾ ਰਾਹ ਵਿਚ...। ਅੱਜਕਲ੍ਹ ਬੰਦੇ ਦਾ ਕੁਝ ਪਤਾ ਲਗਦੈ?'' ਪਹਿਲਾਂ ਜਦੋਂ ਉਹ ਜਾਂਦੇ ਸਨ, ਅਸੀਂ ਤਿਆਰ ਕਰਵਾਉਂਦੀਆਂ ਸਾਂ ਪਰ ਉਨ੍ਹਾਂ ਕਦੇ ਇਹੋ ਜਿਹੀ ਗੱਲ ਨਹੀਂ ਸੀ ਕੀਤੀ। ਚੰਗੀਆਂ ਗੱਲਾਂ ਕਰਦੇ ਹੁੰਦੇ ਸਨ- ਹੌਸਲੇ ਭਰੀਆਂ। ਇਨਕਲਾਬ ਦੀਆਂ, ਯੋਧਿਆਂ ਦੀਆਂ, ਪਾਰਟੀ ਦੀਆਂ...। ਜਾਣ ਵੇਲੇ ਬਹੁਤ ਦਸਦੇ ਵੀ ਨਹੀਂ ਸਨ। ਗੁਪਤ ਰਖਦੇ ਸਨ। ਕਨੇਡਾ ਨੂੰ ਜਾਣ ਵੇਲੇ ਲਾਲ ਕਿਲੇ ਦਾ ਦਸ ਕੇ ਦਿੱਲੀ ਗਏ ਸਨ। ਕਨੇਡਾ-ਇੰਗਲੈਂਡ ਦੀਆਂ ਚਿੱਠੀਆਂ ਤੋਂ ਪਤਾ ਲੱਗਾ ਕਿ ਸਾਹਿਬ ਹੁਰੀਂ ਤਾਂ ਵਿਦੇਸ਼ੀ ਟੂਰ 'ਤੇ ਹਨ। ਇਸ ਵਾਰ ਸਾਰੀਆਂ ਗੱਲਾਂ ਮੌਤ ਦੀਆਂ ਕਰਨ। ਮੈਨੂੰ ਕਹਿੰਦੇ, ਮੇਰਾ ਚਿੱਤ ਕਰਦਾ, ਤੈਨੂੰ ਤੇ ਮੋਹਕਮ ਨੂੰ ਵੀ ਨਾਲ ਹਜ਼ੂਰ ਸਾਹਿਬ ਲੈ ਜਾਵਾਂ।'' ਉਹ ਜੱਕੋ-ਤੱਕੀ ਵਿਚ ਸਨ। ਮੇਰਾ ਦਿਲ ਘਟੀ ਜਾਂਦਾ। ਆਖ਼ਰ ਉਨ੍ਹਾਂ ਤਿਆਰੀ ਕਰ ਹੀ ਲਈ। ਇਕਬਾਲ ਨੂੰ ਕਹਿੰਦੇ, ਕੁੜੀਏ ਤੂੰ ਰੋਟੀ ਨਾ ਲਾਹੀਂ। ਤੇਰੀ ਮਾਂ ਪਕਾਵੇ। ਕੋਲਿਆਂ ਉਤੇ ਫੁੱਲੀਆਂ ਰੋਟੀਆਂ ਲਾਹ ਕੇ ਦੇ।'' ਮਾਹਾਂ ਦੀ ਰਿੱਝੀ ਦਾਲ ਦੇ ਸ਼ੌਕੀਨ ਸਨ। ਹੋਟਲ ਦੀ ਰੋਟੀ ਉਨ੍ਹਾਂ ਦੇ ਅੰਦਰ ਨਹੀਂ ਸੀ ਲੰਘਦੀ। ਇਕਬਾਲ ਨੇ ਕੱਪੜੇ, ਚੱਪਲਾਂ, ਬੁਰਸ਼ ਤੇ ਉਬਲੇ ਹੋਏ ਪਾਣੀ ਦੀ ਬੋਤਲ ਪੈਕ ਕਰ ਦਿੱਤੀ। ਮੂੰਗਫਲੀ ਭੁੰਨ ਕੇ ਪਾਈ। ਵਾਧੂ ਲੂਣ ਦਿੱਤਾ। ਅਸੀਂ ਸਾਰਿਆਂ ਨੇ ਮੀਟ ਖਾਧਾ। ਇਕਬਾਲ ਨੇ ਉਨ੍ਹਾਂ ਲਈ ਕੁਝ ਫੁਲਕੇ ਤੇ ਮੀਟ ਡੱਬੇ ਵਿਚ ਪੈਕ ਕਰ ਕੇ ਬੈਗ ਵਿਚ ਪਾ ਦਿੱਤਾ। ਅੱਗੇ ਵੀ ਹਰ ਸਾਲ ਜਾਂਦੇ ਸਨ। ਇਸੇ ਤਰ੍ਹਾਂ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿਚ ਜਾਂ ਰਾਹ ਵਿਚ ਉਨ੍ਹਾਂ ਨਾਲ ਕੀ ਵਾਪਰਿਆ, ਪਤਾ ਨਹੀਂ। ਸਭ ਸੁਣੀਆਂ-ਸੁਣਾਈਆਂ ਗੱਲਾਂ ਹਨ। 7 ਨਵੰਬਰ ਸ਼ਾਮ ਨੂੰ ਇਕ ਤਾਰ ਆਈ। ਜਿਸ ਵਿਚ ਲਿਖਿਆ ਹੋਇਆ ਸੀ, ਸੰਤ ਰਾਮ ਉਦਾਸੀ ਮਾਨਵਾੜਾ (ਮਹਾਂਰਾਸ਼ਟਰ) ਦੇ ਰੇਲਵੇ ਸਟੇਸ਼ਨ 'ਤੇ ਚਲ ਵਸੇ ਹਨ।'' ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਪ੍ਰੋਫ਼ੈਸਰ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਨਾਲ ਹੀ ਸੀ। ਉਹ ਲਾਸ਼ ਛੱਡ ਕੇ ਅਪਣੇ ਘਰ ਆ ਗਏ। ਉਨ੍ਹਾਂ ਸਾਨੂੰ ਨਹੀਂ ਦੱਸਿਆ। 8 ਨਵੰਬਰ ਨੂੰ ਲਿਖਾਰੀ ਸਭਾ ਬਰਨਾਲਾ ਦੀ ਮੀਟਿੰਗ ਵਿਚ ਦਸ ਕੇ ਵਾਪਸ ਚਲੇ ਗਏ। ਘੱਟੋ-ਘੱਟ ਸਾਨੂੰ ਸਾਰੀ ਵਿਥਿਆ ਤਾਂ ਸੁਣਾ ਜਾਂਦੇ। ਉਨ੍ਹਾਂ ਦੀ ਲਾਸ਼ ਨੂੰ ਲਾਵਾਰਸ' ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ। ਮੇਰਾ ਭਰਾ ਤੇ ਜੇਠ (ਗੁਰਦਾਸ ਸਿੰਘ ਘਾਰੂ) ਹਜ਼ੂਰ ਸਾਹਿਬ ਤੇ ਮਾਨਵਾੜਾ ਗਏ ਸਨ। ਉਹ ਉਥੋਂ ਲਾਸ਼ ਦੀਆਂ ਫ਼ੋਟੋ ਅਤੇ ਬੈਗ ਵਾਲਾ ਸਾਮਾਨ ਲੈ ਕੇ ਆਏ।

**ਐਡੇ ਵੱਡੇ ਸ਼ਾਇਰ ਦਾ 47 ਸਾਲ ਦੀ ਉਮਰ ਵਿਚ ਹੀ ਇਸ ਧਰਤੀ ਤੋਂ ਤੁਰ ਜਾਣਾ, ਹੌਲਨਾਕ ਘਟਨਾ ਹੈ। ਇਸ ਮੌਤ ਦੇ ਕੀ ਕਾਰਨ ਹੋ ਸਕਦੇ ਹਨ?**

**ਨਸੀਬ ਕੌਰ** : ਮੈਂ ਕੀ ਕਹਿ ਸਕਦੀ ਹਾਂ? ਉਂਝ ਉਨ੍ਹਾਂ ਨੂੰ ਮੌਤ ਬਾਰੇ ਪਤਾ ਲੱਗ ਗਿਆ ਸੀ। ਉਹ ਮੌਤ ਦੀਆਂ ਗੱਲਾਂ ਕਰਦੇ ਸਨ। ਉਂਝ ਪੁਲੀਸ ਤਸ਼ੱਦਦ ਨੇ ਉਨ੍ਹਾਂ ਦੇ ਸਰੀਰ ਵਿਚ ਜਾਨ ਨਹੀਂ ਸੀ ਰਹਿਣ ਦਿੱਤੀ। ਸਰੀਰ ਵਿਚੋਂ ਖੋਖਲਾ ਸੀ।

**ਅੰਨ੍ਹੇਵਾਹ ਸ਼ਰਾਬ ਦਾ ਸੇਵਨ ਕਰਨਾ, ਕਬੀਲਦਾਰੀ ਦੀਆਂ ਸਮੱਸਿਆਵਾਂ ਤੇ ਤੁਹਾਡੇ ਵੱਡੇ ਬੇਟੇ ਬੱਲੀ (ਇਕਬਾਲ) ਕਾਰਨ ਤਾਂ ਉਹ ਅਪਸੈੱਟ ਨਹੀਂ ਹੋ ਗਏ ਸਨ? ਆਖ਼ਰ ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਦਾ ਵੱਡਾ ਨਾਂ ਸੀ। ਬੱਲੀ ਜੋ ਸਮਾਲਸਰ ਵਿਚ ਕਰ ਰਿਹਾ ਸੀ ਉਹਦੇ ਕਾਰਨ....?**

**ਨਸੀਬ ਕੌਰ** : ਨਹੀਂ! ਇੱਦਾਂ ਦੀ ਕੋਈ ਵੱਡੀ ਗੱਲ ਨਹੀਂ ਸੀ। ਮੇਰਾ ਬੇਟਾ ਬੱਲੀ ਮਾੜਾ ਮੁੰਡਾ ਨਹੀਂ ਸੀ। ਉਹ ਸਾਡੇ ਕਹਿਣੇ ਵਿਚ ਸੀ। ਪਹਿਲਾਂ ਮੇਰੇ ਭਰਾ ਨਾਲ ਕੰਮ ਕਰਦਾ ਸੀ। ਉਥੇ ਉਗੋਕੀ ਰਹਿੰਦਾ ਸੀ। ਫਿਰ ਉਹ ਸਮਾਲਸਰ ਰਹਿਣ ਲੱਗ ਪਿਆ ਸੀ। ਉਹਦੇ ਵਲੋਂ ਕਿਹੜੀ ਪ੍ਰੇਸ਼ਾਨੀ ਹੋਣੀ ਸੀ। ਮੇਰੇ ਮੁਤਾਬਕ ਉਦਾਸੀ ਨੂੰ ਬੱਲੀ ਦੀ ਕੋਈ ਮਾਨਸਿਕ ਪ੍ਰੇਸ਼ਾਨੀ ਨਹੀਂ ਸੀ। ਉਹਨੇ ਵਿਆਹ ਕਰਵਾਉਣ ਦੀ ਚਿੱਠੀ ਪਾ ਦਿੱਤੀ ਸੀ। ਇਸ ਗੱਲ ਨੇ ਜ਼ਰੂਰ ਉਦਾਸੀ ਦੇ ਮਨ 'ਤੇ ਬੋਝ ਪਾਇਆ। ਉਹ ਤਾਂ ਮਾੜੀ ਜਿਹੀ ਗੱਲ ਮਨ 'ਤੇ ਲਾ ਲੈਂਦਾ ਸੀ।

**ਉਦਾਸੀ ਜੀ ਦੀ ਮੌਤ ਪਿਛੋਂ ਘਰ ਦੀ ਹਾਲਤ ਕੀ ਹੋ ਗਈ ਸੀ? ਫਿਰ ਕਿਵੇਂ ਸੈੱਟ ਹੋਏ?**

ਬੇਟਾ ਜੀ, ਬੰਦਿਆਂ ਤੋਂ ਬਿਨਾਂ ਘਰ ਨਹੀਂ ਚਲਦੇ ਪਰ ਮੈਂ ਚਲਾਇਆ। ਮੁਸੀਬਤਾਂ ਬੜੀਆਂ ਆਈਆਂ। ਸਭ ਕੱਟੀਆਂ। ਉਨ੍ਹਾਂ ਦੀ ਮੌਤ ਤੋਂ ਬਾਅਦ ਕੁੜੀਆਂ ਨੂੰ ਪੜ੍ਹਾਉਣ ਅਤੇ ਘਰ ਚਲਾਉਣ ਦਾ ਮੁੱਦਾ ਉਭਰਿਆ ਸੀ। ਪਾਰਟੀ ਵਾਲਿਆਂ ਨੇ ਇਕ ਕਮੇਟੀ ਬਣਾਈ ਸੀ। ਸਾਡੇ ਰਿਸ਼ਤੇਦਾਰ ਕਮੇਟੀ ਦਾ ਵਿਰੋਧ ਕਰਦੇ ਸਨ ਪਰ ਮੈਂ ਕਮੇਟੀ ਦੇ ਹੱਕ ਵਿਚ ਸੀ। ਉਨ੍ਹਾਂ ਨੇ ਮੈਨੂੰ ਉਦਾਸੀ ਵਾਲੀ ਪੈਨਸ਼ਨ ਲੁਆਈ। ਉਨ੍ਹਾਂ ਦੀ ਜਗ੍ਹਾ ਮੈਨੂੰ ਚਪੜਾਸੀ ਦੀ ਨੌਕਰੀ ਦੁਆਈ। ਬੱਲੀ ਮਾਸਟਰ ਲੱਗ ਗਿਆ ਸੀ। ਬੜੀਆਂ ਔਕੜਾਂ ਆਈਆਂ ਪਰ ਪਾਰਟੀ ਵਾਲਿਆਂ ਤੇ ਉਦਾਸੀ ਦੇ ਮਿੱਤਰਾਂ ਦੀ ਮਦਦ ਨਾਲ ਹੱਲ ਕਰ ਲਈਆਂ। ਬੇਟੇ ਇਕਬਾਲ ਦੀ ਮੌਤ ਨੇ ਕਾਫ਼ੀ ਨਿਰਾਸ਼ ਕੀਤਾ। ਚਲੋ ਮਾੜੇ ਦਿਨ ਵੀ ਲੰਘ ਗਏ। ਵੱਡੀ ਬੇਟੀ ਇਕਬਾਲ ਅਧਿਆਪਕ ਲੱਗ ਗਈ (ਅੱਜ ਕਲ੍ਹ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾਅ ਰਹੀ ਹੈ)। ਪ੍ਰਿਤਪਾਲ ਤੇ ਕੀਰਤਨ ਫ਼ਾਰਮਾਸਿਸਟ ਤੇ ਨਰਸ ਲੱਗ ਗਈਆਂ ਸਨ। ਫਿਰ ਕੁੜੀਆਂ ਵਿਆਹ ਵੀ ਦਿੱਤੀਆਂ। ਅਪਣੇ ਘਰ ਸੁੱਖੀ ਵਸਦੀਆਂ ਹਨ। ਛੋਟੀ ਕੀਰਤਨ ਨੂੰ ਪੜ੍ਹਾਉਣ ਤੇ ਨੌਕਰੀ ਲਗਾਉਣ ਵਿਚ ਜੱਸੋਵਾਲ ਸਾਹਿਬ ਦਾ ਵੱਡਾ ਹੱਥ ਹੈ। ਛੋਟਾ ਮੋਹਕਮ ਨੌਕਰੀ ਤੋਂ ਰਹਿ ਗਿਆ। ਉਹ ਅਜੇ ਤਕ ਭਟਕਿਆ ਫਿਰਦੈ। ਹੁਣ ਮੈਂ ਰਿਟਾਇਰ ਹੋ ਚੁੱਕੀ ਹਾਂ। ਬਿਮਾਰੀਆਂ ਨੇ ਵੱਡੇ ਹਮਲੇ ਵਿਢੇ ਹੋਏ ਹਨ। ਦਵਾਈ ਬਹੁਤ ਮਹਿੰਗੀ ਆਉਂਦੀ ਹੈ। ਹੁਣ ਪੈਸਿਆਂ ਦੀ ਥੁੜ੍ਹ ਮਹਿਸੂਸ ਹੁੰਦੀ ਹੈ। ਮੇਰੇ ਘਰ ਦੀ ਕੰਧ ਢਹਿ ਗਈ ਹੈ। ਉਹ ਬਣਾ ਨਹੀਂ ਹੋ ਰਹੀ। ਘਰ ਦਾ ਸਮਾਨ ਚੋਰੀ ਹੋ ਗਿਆ ਉਹ ਵੀ ਲੈਣਾ।

**ਉਦਾਸੀ ਜੀ ਦੀ ਮੌਤ ਵੇਲੇ (6 ਨਵੰਬਰ 1986) ਉਹ ਕਿਹੜੀ ਪਾਰਟੀ ਵਿਚ ਸਨ? ਜਾਂ ਉਨ੍ਹਾਂ ਦਿਨਾਂ ਵਿਚ ਉਹ ਕਿਹੜੀ ਵਿਚਾਰਧਾਰਾ ਨੂੰ ਮੰਨਣ ਲੱਗ ਪਏ ਸਨ?**

**ਨਸੀਬ ਕੌਰ** : ਉਹ ਨਾ ਅਕਾਲੀ ਬਣੇ, ਨਾ ਖ਼ਾਲਿਸਤਾਨੀ ਤੇ ਨਾ ਕਾਂਗਰਸੀ। ਉਨ੍ਹਾਂ ਨੂੰ ਇਕ ਸਾਜ਼ਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਗ਼ਰੀਬ ਘਰ ਜੰਮੇ ਹੋਣ ਕਾਰਨ ਉਨ੍ਹਾਂ ਨੂੰ ਵਰਤਿਆ ਜਾ ਰਿਹਾ ਹੈ। ਅੰਤ ਤਕ ਉਹ ਨਕਸਲੀ ਵਿਚਾਰਧਾਰਾ ਨਾਲ ਹੀ ਰਹੇ। 1986 ਵਿਚ ਜਦੋਂ ਉਨ੍ਹਾਂ ਦੀ ਮੌਤ ਹੁੰਦੀ ਹੈ, ਉਦੋਂ ਪਾਰਟੀ ਦੇ ਲੋਕ ਅੱਗੇ ਆਉਂਦੇ ਹਨ। ਘਰ ਦੀਆਂ ਜ਼ੁੰਮੇਵਾਰੀਆਂ ਸੰਭਾਲਦੇ ਹਨ। ਜੇ ਉਦਾਸੀ ਥਿੜਕਿਆ ਹੁੰਦਾ, ਕਾਮਰੇਡ ਕਦੇ ਵੀ ਉਹਨੂੰ ਮੂੰਹ ਨਾ ਲਾਉਂਦੇ। ਕਾਮਰੇਡਾਂ ਨੇ ਸਾਡੀ ਵੀ ਮਦਦ ਕੀਤੀ। ਉਨ੍ਹਾਂ ਦਾ ਜਨਮ ਦਿਨ ਤੇ ਬਰਸੀਆਂ ਵੀ ਮਨਾਈਆਂ। ਮੈਂ ਤੈਨੂੰ ਇਕ ਦਿਲਚਸਪ ਗੱਲ ਦਸਦੀ ਹਾਂ। ਉਨ੍ਹਾਂ ਦਿਨਾਂ ਵਿਚ ਪਾਰਟੀ ਵਿਚ ਫੁੱਟਾਂ ਪਈਆਂ। ਕਈ ਕਾਮਰੇਡ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਚਲੇ ਗਏ ਜਿਵੇਂ ਕੋਈ ਅਕਾਲੀ ਦਲ ਵੱਲ ਤੁਰ ਗਿਆ, ਕੋਈ ਖ਼ਾਲਿਸਤਾਨੀਆਂ ਨਾਲ ਹਮਦਰਦੀ ਰੱਖਣ ਲੱਗ ਗਿਆ ਜਾਂ ਉਨ੍ਹਾਂ ਦਾ ਸਲਾਹਕਾਰ ਬਣ ਗਿਆ। ਸਾਡੇ ਘਰ ਮੀਟਿੰਗਾਂ ਹੁੰਦੀਆਂ। ਅਜਿਹੇ ਕਾਮਰੇਡਾਂ ਨੂੰ ਉਦਾਸੀ ਬਹੁਤ ਭੰਡਦਾ। ਉਨ੍ਹਾਂ ਬਾਰੇ ਬਹਿਸ ਹੁੰਦੀ। ਉਨ੍ਹਾਂ ਨੂੰ ਖ਼ੂਬ ਨਿੰਦਿਆ ਜਾਂਦਾ। ਉਦਾਸੀ ਆਪਣੇ ਸਾਥੀਆਂ ਨੂੰ ਇਕੋ ਗੱਲ ਕਹਿੰਦੇ, ਇਕੱਠੇ ਰਵੋ। ਖਿਲਰੋ ਨਾ। ਅਪਣੀ ਲਹਿਰ ਨੂੰ ਤਕੜਾ ਕਰੋ। ਦਿੱਲੀ ਵਿਰੁੱਧ ਜਹਾਦ ਛੇੜੋ। ਨਹੀਂ ਤਾਂ ਤੁਹਾਨੂੰ ਸੈਂਟਰ ਨੇ ਨਿਗਲ ਜਾਣਾ।'' ਉਹ ਪਾਰਟੀ ਵਿਚ ਪਈ ਫੁੱਟ ਤੋਂ ਜ਼ਰੂਰ ਨਿਰਾਸ਼ ਸਨ।

**ਮੈਂ ਤੁਹਾਡੇ ਪਰਿਵਾਰ 'ਚੋਂ ਤੁਹਾਡੀ ਬੇਟੀ ਇਕਬਾਲ ਨੂੰ ਜਾਣਦਾਂ। ਉਹ ਉਦਾਸੀ ਵਾਲੀ ਸੋਚ 'ਤੇ ਖੜ੍ਹੀ ਹੈ। ਇਨਕਲਾਬੀਆਂ ਦੀਆਂ ਜਨਤਕ ਜਥੇਬੰਦੀਆਂ ਵਿਚ ਕੰਮ ਵੀ ਕਰਦੀ ਹੈ। ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਬਾਕੀ ਮੈਂਬਰ ਅੱਜ ਕਿਥੇ ਖੜ੍ਹੇ ਹਨ?**

**ਨਸੀਬ ਕੌਰ** : ਦੇਖੋ ਬੇਟਾ ਜੀ, ਬੱਚੇ ਅਪਣੇ ਕੰਮ ਲੱਗੇ ਹੋਏ ਨੇ। ਬੇਟੀਆਂ ਅਪਣੇ ਘਰੀਂ ਵਸਦੀਆਂ ਹਨ। ਬੇਟਾ ਮੋਹਕਮ ਪ੍ਰਾਈਵੇਟ ਨੌਕਰੀ ਕਰਦਾ। ਮੈਂ ਤਾਂ ਘਰੋਂ ਬਾਹਰ ਜਾਣ ਜੋਗੀ ਨਹੀਂ ਰਹੀ। ਅਸੀਂ ਉਦਾਸੀ ਦੀ ਵਿਚਾਰਧਾਰਾ ਤੋਂ ਅੱਡ ਥੋੜ੍ਹਾ ਆਂ? ਉਹ ਮਿਹਨਤੀ ਲੋਕਾਂ ਦਾ ਸ਼ਾਇਰ ਸੀ। ਅਸੀਂ ਅੱਜ ਵੀ ਮਿਹਨਤੀ ਲੋਕਾਂ ਨਾਲ ਖੜ੍ਹੇ ਹਾਂ। ਬਾਕੀ ਉਦਾਸੀ ਦੀ ਪਾਰਟੀ ਨੂੰ ਸਾਡੇ ਮਾਲਵੇ ਵਿਚ ਬਹੁਤ ਵੱਡਾ ਘਾਟਾ ਪਿਆ ਹੈ। ਉਹਦੇ ਸਾਥੀ ਵੀ ਇਸ ਜਹਾਨ ਤੋਂ ਤੁਰ ਗਏ।

94630-63990

**(ਛਪ ਰਹੀ ਪੁਸਤਕ ਇਨਕਲਾਬ ਦੀ ਪਰਿਕਰਮਾ: ਲੋਕ ਕਵੀ ਸੰਤ ਰਾਮ ਉਦਾਸੀ' ਵਿਚੋਂ)**

ਵਿਸ਼ੇਸ਼ ਮੁਲਾਕਾਤ

# ਲੋਕ ਕਵੀ ਸੰਤ ਰਾਮ ਉਦਾਸੀ ਨਾਲ ਇਕ ਸ਼ਾਮ



*ਦਫ਼ਤਰ ਕਿੰਤੂ : 26 ਅਗਸਤ 1972, ਸ਼ਾਮ ਦੇ 4 ਵਜੇ ਰਾਮ ਉਦਾਸੀ, ਜੋ ਲੋਕ ਬੋਲੀ ਵਿਚ ਗੀਤ ਲਿਖਦਾ ਹੀ ਨਹੀਂ ਸਗੋਂ ਉਨ੍ਹਾਂ ਨੂੰ ਖ਼ੁਦ ਮਧੁਰ ਆਵਾਜ਼ ਵਿਚ ਗਾਉਂਦਾ ਵੀ ਹੈ। ਜਿਸ ਦੇ ਗਲਤਾਂ ਦੇ ਬੋਲ ਧੁਰ ਅੰਦਰ ਤੱਕ ਕਾਟ ਕਰਦੇ ਹਨ ਜਿਸ ਵਿਚ ਸਮੁੱਚੀ ਕਾਇਨਾਤ ਦਾ ਦਰਦ ਹੈ, ਜਿਨ੍ਹਾਂ ਵਿਚ ਮੋਹਨ ਸਿੰਘ ਵਰਗੀ ਸ਼ਬਦ ਚੋਣ ਹੈ, ਜਿਨ੍ਹਾਂ ਵਿਚ ਬਾਵੇ ਵਰਗੀ ਟਕੋਰ ਹੈ ਜਿਨ੍ਹਾਂ ਵਿਚ ਭਾਰਤੀ ਮਜ਼ਦੂਰ ਕੁੜੀ ਤੋਂ ਲੈ ਕੇ ਵੀਅਤਨਾਮੀ ਗੁਰੀਲੇ ਤੱਕ ਦੀ ਗਾਥਾ ਹੈ, ਨਾਲ ਹੋਈ ਇਕ ਵਿਸ਼ੇਸ਼ ਮੁਲਾਕਾਤ*

**ਸੀ. ਮਾਰਕੰਡਾ**

**ਮਾਰਕੰਡਾ : ਉਦਾਸੀ ਜੀ ! ਤੁਸੀਂ ਆਪਣੇ ਗੀਤ ਕਦ ਲਿਖਣੇ ਸ਼ੁਰੂ ਕੀਤੇ ਤੇ ਕਿਹੜੀਆਂ ਕਿਹੜੀਆਂ ਲਹਿਰਾਂ ਨਾਲ ਤੁਰਦੇ ਰਹੇ ?**

ਉਦਾਸੀ : ਮੈਂ 1961 'ਚ ਲਿਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਮੈਂ ਆਪਣੀਆਂ ਕਵਿਤਾਵਾਂ ਵਿਚ ਅਧਿਆਤਮਵਾਦ ਲਿਆਂਦਾ। ਅਧਿਆਤਮਕ ਕੁਰੀਤੀਆਂ ਨੂੰ ਵੇਖ ਕੇ ਫਿਰ ਮੈਂ ਮਾਰਕਸੀ ਸੋਚ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵਾਂਦਾ ਵਾਸਲਿਊਸਕਾ, ਗੋਰਕੀ, ਸ਼ੋਲੋਖੋਵ, ਆਸਤਰਾਵਸਕੀ, ਪਰਲ ਐਸ਼ ਬੱਕ ਤੇ ਜੂਲੀਅਸ ਫਿਊਚਿਕ ਨੂੰ ਪੜ੍ਹਿਆ। ਪੰਜਾਬੀ ਵਿਚ ਮੈਂ ਬਹੁਤਾ ਕੰਵਲ, ਧੀਰ ਤੇ ਮੋਹਨ ਸਿੰਘ ਤੋਂ ਪ੍ਰਭਾਵਿਤ ਹੋ ਕੇ ਸਾਧਾਰਨ ਲੋਕ ਪੱਧਰ ਦੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਤੇ ਹੁਣ ਮੈਂ ਬੁੱਧੀਜੀਵੀ ਸਰੋਤਿਆਂ ਨੂੰ ਵੀ ਸੰਤੁਸ਼ਟ ਕਰ ਸਕਦਾ ਹਾਂ। ਕੂਕਾ ਲਹਿਰ ਤੇ ਕਿਸਾਨ ਲਹਿਰ ਨੇ ਮੇਰੇ ਗੀਤਾਂ ਨੂੰ ਅਧਿਆਤਮਕ ਅਗਾਂਹਵਧੂ ਰਾਹ ਦੱਸਿਆ। ਅਧਿਆਤਮਵਾਦ ਤੋਂ ਮਗਰੋਂ ਮੈਂ ਮਾਰਕਸਿਜ਼ਮ ਨੂੰ ਘੋਖਿਆ ਤੇ ਉਸ ਤੋਂ ਮਗਰੋਂ ਦੁਬਾਰਾ ਅਧਿਆਤਮਵਾਦ ਨੂੰ ਮਾਰਕਸੀ ਫ਼ਲਸਫ਼ੇ 'ਤੇ ਪਰਚਿਆ ਤੇ ਮੈਨੂੰ ਲੱਗਿਆ ਕਿ ਅਧਿਆਤਮਵਾਦ ਬਾਰੇ ਲਿਖੇ ਗੀਤ ਕਿਰਤੀ ਲੁੱਟ ਖਸੁਟ ਨੂੰ ਖਤਮ ਕਰਨ ਲਈ ਸਹਾਈ ਨਹੀਂ ਹੋ ਸਕਦੇ।

**ਮਾਰਕੰਡਾ : ਤੁਹਾਡਾ ਤੇ ਤੁਹਾਡੇ ਗੀਤਾਂ ਦਾ ਆਪਸੀ ਰਿਸ਼ਤਾ ?**

ਉਦਾਸੀ : ਮੈਂ ਆਪਣੇ ਆਪ ਨੂੰ ਲੋਕ ਪੱਧਰ ਦਾ ਗੀਤਕਾਰ ਸਮਝਦਾ ਹਾਂ। ਤੇ ਸਾਡੇ ਸਾਧਾਰਨ ਲੋਕ ਅਜੇ ਬਹੁਤ ਸਾਰੇ ਵਿਸ਼ਵਾਸਾਂ ਵਿਚ ਫਸੇ ਹੋਏ। ਮੈਂ ਜਿਹੜੇ ਗੀਤ ਅਧਿਆਤਮਵਾਦ ਦੇ ਵੀ ਲਿਖੇ ਹਨ, ਉਨ੍ਹਾਂ ਵਿਚ ਵੀ ਉਸਾਰੂ ਪੱਖ ਨੂੰ ਵਿਖਾਇਆ ਹੈ ਜਿਵੇਂ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਅੰਤਿਮ ਸੁਨੇਹਾ, ਜ਼ਫ਼ਰਨਾਮਾ, ਬੂਬਨੇ ਸਾਧ ਆਦਿ। ਅੱਜ ਵੀ ਜਦੋਂ ਮੈਂ ਲੋਕਾਂ ਸਾਹਮਣੇ ਇਨ੍ਹਾਂ ਗੀਤਾਂ ਨੂੰ ਪੜ੍ਹਦਾ ਹਾਂ ਤਾਂ ਇਨ੍ਹਾਂ ਵਿਚਲਾ ਉਸਾਰੂ ਭਾਵ ਮੈਨੂੰ ਚਿਰਜੀਵੀ ਲਗਦਾ ਹੈ।

**ਮਾਰਕੰਡਾ : ਤੁਹਾਡੇ ਗੀਤ ਮੈਂ ਛੇ ਸੱਤ ਸਾਲਾਂ ਤੋਂ ਲਗਾਤਾਰ ਸੁਣਦਾ ਆ ਰਿਹਾ ਹਾਂ। ਪਰ ਸਾਹਿਤ ਵਿਚ ਤੁਹਾਡਾ ਜ਼ਿਕਰ ਹੁਣ ਹੀ ਹੋਣਾ ਸ਼ੁਰੂ ਹੋਇਆ ਹੈ। ਤੁਹਾਡਾ ਨਾਂ ਐਨਾ ਚਿਰ ਦੱਬੇ ਰਹਿਣ ਦਾ ਕੀ ਕਾਰਨ ?**

ਉਦਾਸੀ : ਮੁਢਲਾ ਕਾਰਨ ਮੇਰੀ ਆਰਥਿਕ ਕਮਜ਼ੋਰੀ ਹੈ (ਉਦਾਸੀ ਦਾ ਭਾਵ ਹੈ ਕਿ ਕਈ ਵਾਰ ਉਸ ਕੋਲ ਕਿਸੇ ਪਰਚੇ ਨੂੰ ਰਚਨਾਵਾਂ ਭੇਜਣ ਲਈ ਟਿਕਟਾਂ ਜੋਗੇ ਪੈਸੇ ਵੀ ਨਹੀਂ ਸਨ ਹੁੰਦੇ-ਸੰਪਾਦਕ) ਦੂਸਰਾ ਰਾਜਨੀਤਕ ਗੁਲਾਮੀ ਹੈ ਤੇ ਤੀਸਰਾ ਪ੍ਰੈਸ ਦਾ ਕੁਝ ਘਟੀਆ ਪ੍ਰਕਾਰ ਦੇ ਹੱਥਾਂ ਵਿਚ ਹੋਣਾ ਹੈ। ਪੰਜਾਬੀ ਗੀਤਕਾਰ ਉਨਤ ਜ਼ਬਾਨਾਂ ਦੀ ਰੀਸ ਕਰਨੀ ਚਾਹੁੰਦਾ ਹੈ ਪਰ ਉਸ ਵਿਚ ਕਾਮਯਾਬ ਨਹੀਂ। ਲੋਕ ਪੱਧਰ ਦਾ ਲਿਖਣਾ ਪੰਜਾਬੀ ਗੀਤਕਾਰ ਆਪਣੇ ਆਪ ਦੀ ਨਮੋਸ਼ੀ ਸਮਝਦਾ ਹੈ ਤੇ ਨਾ ਹੀ ਪ੍ਰੈਸ ਵਿਚ ਇਸ ਨੂੰ ਕੋਈ ਥਾਂ ਹੈ। ਕੁਝ ਸੁਲਝੇ ਹੋਏ ਲੋਕਾਂ ਨੇ ਅਨੁਭਵ ਕੀਤਾ ਹੈ ਕਿ ਜੇਕਰ ਪ੍ਰਗਤੀਵਾਦੀ ਸਾਹਿਤ ਲੋਕਾਂ ਦੇ ਪੱਧਰ ਦਾ ਨਹੀਂ ਤੇ ਉਹ ਲੋਕਾਂ ਵਾਂਗ ਨਹੀਂ ਬੋਲਦਾ ਤਾਂ ਉਸ ਨੂੰ ਪ੍ਰਗਤੀਵਾਦ ਵਿਚ ਕੋਈ ਥਾਂ ਨਹੀਂ। ਮੈਂ ਆਪਣੇ ਗੀਤਾਂ ਨੂੰ ਜਲਸਿਆਂ, ਜਲੂਸਾਂ, ਮੁਜ਼ਾਹਰਿਆਂ, ਹੜਤਾਲਾਂ ਤੇ ਕਵੀ ਦਰਬਾਰਾਂ 'ਤੇ ਪੜ੍ਹਿਆ, ਜਦੋਂ ਸਾਧਾਰਨ ਜਨਤਾ ਨੇ ਮੇਰੇ ਗੀਤਾਂ ਦਾ ਅਸਰ ਕਬੂਲਿਆ ਤਾਂ ਸਾਹਿਤਕਾਰਾਂ ਨੂੰ ਵੀ ਮੇਰੀ ਹੋਂਦ ਦਾ ਅਨੁਭਵ ਹੋਣਾ ਸ਼ੁਰੂ ਹੋ ਗਿਆ।

**ਮਾਰਕੰਡਾ : ਆਲੋਚਕਾਂ ਬਾਰੇ ਕੁਝ ਬੋਲੋਗੇ ?**

ਉਦਾਸੀ : ਨਹੀਂ

**ਮਾਰਕੰਡਾ : ਤੁਹਾਡੇ ਗੀਤਾਂ ਵਿਚ ਸ਼ੁਰੂ ਤੋਂ ਹੀ ਜਾਨ ਰਹੀ ਹੈ। ਪਰ ਅੱਜ ਆਲੋਚਕ ਤੁਹਾਡੀ ਤੇ ਇਹ ਵੀ ਦੂਸ਼ਨ ਲਾ ਸਕਦੇ ਨੇ ਕਿ ਉਦਾਸੀ ਦੀ ਪ੍ਰਸਿੱਧੀ ਇਸ ਕਰਕੇ ਹੋ ਰਹੀ ਹੈ ਕਿ ਉਹ ਇਨਟੈਰੋਗੇਸ਼ਨ ਦੀ ਯਾਤਰਾ ਕਰ ਆਇਆ ਹੈ....ਤੁਸੀਂ ਕੀ ਕਹੋਗੇ ?**

ਉਦਾਸੀ : ਮੈਂ ਸਮਝਦਾ ਹਾਂ ਇਨਟੈਰੋਗੇਸ਼ਨ ਤੋਂ ਪਹਿਲਾਂ ਵੀ ਮੇਰੀ ਇਹੋ ਸੋਚ ਸੀ ਜੋ ਬਾਅਦ 'ਚ ਹੈ। ਇਨਟੈਰੋਗੇਸ਼ਨ ਤੋਂ ਪਹਿਲਾਂ ਵੀ ਮੈਂ ਮਗਰੋਂ ਵਰਗੇ ਹੀ ਗੀਤ ਲਿਖੇ ਹਨ। ਹੋ ਸਕਦਾ ਹੈ ਲੋਕਾਂ ਦੀ ਪਰਖ ਨੇ ਹੀ ਮੈਨੂੰ ਅਪਣਾ ਲਿਆ ਹੋਵੇ।

**ਮਾਰਕੰਡਾ : ਜਦੋਂ ਕ੍ਰਾਂਤੀਕਾਰੀ ਕਵਿਤਾ ਦੀ ਗੱਲ ਤੁਰਦੀ ਹੈ ਤਾਂ ਪਾਸ਼, ਚੰਦਨ ਤੇ ਖਟਕੜ ਵਰਗੇ ਕਵੀਆਂ ਨੂੰ ਇਹੀ ਕਿਹਾ ਜਾਂਦਾ ਹੈ ਕਿ ਜੇਲ੍ਹ ਤੋਂ ਬਾਅਦ ਹੀ ਇਹ ਕਵੀ ਹੋ ਗਏ।**

ਉਦਾਸੀ : ਪਾਸ਼, ਖਟਕੜ, ਚੰਦਨ ਅਤੇ ਅਜੀਤ ਨੂੰ ਮੈਂ ਇਨਟੈਰੋਗੇਸ਼ਨ ਤੋਂ ਪਹਿਲਾਂ ਵੀ ਪੜ੍ਹਿਆ ਹੈ। ਇਨ੍ਹਾਂ ਦੀਆਂ ਪਹਿਲੀਆਂ ਕਵਿਤਾਵਾਂ ਵਿਚ ਵੀ ਉਹੀ ਜਾਨ ਹੈ।

**ਮਾਰਕੰਡਾ : ਤੈਨੂੰ ਇੰਟੈਰੋਗੇਸ਼ਨ ਸੈਂਟਰ ਭੇਜਣ ਦੇ ਜ਼ਿੰਮੇਵਾਰ ਤੇਰੇ ਗੀਤ ਹੀ ਹੋਣਗੇ। ਇੰਟਰੋਗੇਸ਼ਨ ਸੈਂਟਰ ਦਾ ਅਨੁਭਵ ?**

ਉਦਾਸੀ : ਮੈਂ ਸਮਝਦਾ ਹਾਂ ਕਿ ਜਿਹੜੀ ਵੀ ਗੱਲ ਰਾਜ ਸੱਤਾ 'ਤੇ ਸੱਟ ਮਾਰਦੀ ਹੈ ਉਹ ਹਰ ਗੱਲ ਇੰਟੈਰੋਗੇਟ ਕੀਤੀ ਜਾਵੇਗੀ। ਮੈਂ ਆਪਣੇ ਆਪ ਨੂੰ ਕੇਵਲ ਗੀਤਕਾਰ ਹੀ ਨਹੀਂ ਸਮਝਦਾ ਸਗੋਂ ਇਸ ਸਰਮਾਏਦਾਰ ਨਿਜ਼ਾਮ ਵਿਚ ਪਛੜੇ ਹੋਏ ਵਰਗਾਂ ਦਾ ਮੈਂਬਰ ਵੀ ਹਾਂ। ਬੁਰਜੂਆਜ਼ੀ ਸੋਚ ਅਨੁਸਾਰ ਜਦ ਵੀ ਕੋਈ ਮਜ਼ਦੂਰ ਤਾਜ ਨੂੰ ਹੱਥ ਪਾਉਣ ਦੀ ਗੱਲ ਕਰਦਾ ਹੈ ਤਾਂ ਸਰਮਾਏਦਾਰ ਉਸ ਨੂੰ ਅਨੇਕਾਂ ਵਿੰਗ ਵਲੇਵਿਆਂ ਵਿਚ ਲਿਆ ਕੇ ਥਿੜਕਾਉਣ ਦੀ ਕੋਸ਼ਿਸ਼ ਕਰਦਾ ਹੈ। ਸਰਮਾਏਦਾਰੀ ਨਿਜ਼ਾਮ ਦੇ ਹੱਥਕੰਡਿਆਂ ਉਤੇ ਜ਼ਰਾ ਜਿੰਨੀ ਵੀ ਸੱਟ ਵਜੇ ਤਾਂ ਇਸ ਦਾ ਸਮੁੱਚਾ ਤਾਣਾ ਬਾਣਾ ਝੰਜੋੜਿਆ ਜਾਂਦਾ ਹੈ। ਮੈਂ ਯੂਨੀਅਨ ਵਿਚ ਵੀ ਪ੍ਰਗਤੀਵਾਦ ਦੇ ਗੀਤ ਪੜ੍ਹੇ। ਮਜ਼ਦੂਰਾਂ ਦੀਆਂ ਸਮੱਸਿਆਵਾਂ ਲਈ ਲੜਿਆ। ਧਾਰਮਿਕ ਲੁੱਟ ਖਸੁੱਟ ਤੇ ਵਹਿਮਪ੍ਰਸਤੀ ਦੇ ਖ਼ਿਲਾਫ਼ ਆਵਾਜ਼ ਉਠਾਈ, ਮਹਿੰਗਾਈ ਤੇ ਜਗੀਰੂ ਰੁਚੀਆਂ ਦੇ ਖ਼ਿਲਾਫ਼ ਬੋਲਿਆ ਤਾਂ ਇਨਟੈਰੋਗੇਸ਼ਨ ਦਾ ਰਾਹ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਹੈ। ਮੈਂ ਅਨੁਭਵ ਕਰਦਾ ਹਾਂ ਕਿ ਵਰਤਮਾਨ ਰਾਜ ਸੱਤਾ ਲੋਕ ਲਿਖਾਰੀ ਹੋਣ ਦਾ ਤਾਂ ਕੀ, ਲੋਕ ਧਰੋਹੀ ਹੋਣ ਦਾ ਦੂਸ਼ਣ ਵੀ ਮੇਰੇ 'ਤੇ ਲਾ ਸਕਦੀ ਹੈ।

**ਮਾਰਕੰਡਾ : ਮੇਰਾ ਭਾਵ ਹੈ ਕਿ ਇਨਟੈਰੋਗੇਸ਼ਨ ਸੈਂਟਰ ਤੁਹਾਨੂੰ ਕਿਵੇਂ ਲੱਗਿਆ ?**

ਉਦਾਸੀ : ਇਨਟੈਰੋਗੇਸ਼ਨ ਵਿਚ ਮੈਨੂੰ ਇੰਜ ਲੱਗਿਆ ਕਿ ਰਾਜ ਸੱਤਾ ਮੇਰੇ ਪਾਸੋਂ ਮੇਰੀ ਕਲਮ ਤੇ ਆਵਾਜ਼ ਖੋਹ ਲੈਣਾ ਚਾਹੁੰਦੀ ਹੈ ਤੇ ਆਪਣਾ ਲਖਾਇਕ ਬਣਾਉਣਾ ਚਾਹੁੰਦੀ ਹੈ।

**ਮਾਰਕੰਡਾ : ਮੇਰਾ ਮਕਸਦ ਇਹ ਜਾਨਣਾ ਹੈ ਕਿ ਤੁਹਾਡੇ ਤੇ ਕਿਸ ਕਿਸਮ ਦਾ ਤਸ਼ੱਦਦ ਹੋਇਆ ?**

ਉਦਾਸੀ : ਖਾਸ ਤੌਰ 'ਤੇ ਮੇਰੇ ਸਿਰ ਨੂੰ ਤੇ ਗੁਪਤ ਅੰਗਾਂ ਨੂੰ ਵੱਧ ਟਾਰਚਰ ਕੀਤਾ ਗਿਆ। ਭੁੱਲੜ ਵੀਰਾਂ ਨੇ ਮੇਰੇ ਸਿਰ ਨੂੰ ਡੰਡਿਆ ਨਾਲ ਕੁੱਟ ਕੇ ਲੋਹੜੀ ਮਨਾਈ। ਘੋਟਣਾ ਫੇਰਨਾ, ਕੁਰਸੀ ਲਾਉਣੀ, ਹੱਥਕੜੀਆਂ ਦੀ ਮਾਰ, ਜੋੜ ਕੁੱਟਣੇ ਤਾਂ ਆਮ ਜਿਹੀ ਗੱਲ ਹੈ। ਮੇਰੇ ਸਿਰ ਨੂੰ ਇੰਨਾ ਕੁੱਟਿਆ ਜਿਸ ਦਾ ਇਲਾਜ All India Institute of Medical Sciences ਵੀ ਨਹੀਂ ਕਰ ਸਕਿਆ। ਜਦੋਂ ਪੁਰੇ ਦੀ ਹਵਾ ਵਗਦੀ ਹੈ ਤਾਂ ਇਨਟੈਰੋਗੇਸ਼ਨ ਦੀਆਂ ਲਾਸ਼ਾਂ ਉਭਰ ਆਉਂਦੀਆਂ ਹਨ। ਦੂਜੀ ਵੇਰ ਵੀ ਮੇਰੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ। ਤੀਸਰੀ ਵੇਰ ਮਾਨਸਿਕ ਤੌਰ 'ਤੇ ਭੁਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਚੌਥੀ ਵਾਰ ਹਸਪਤਾਲ ਵਿਚ ਹੋਣ ਕਰ ਕੇ ਬਚ ਗਿਆ।

**ਮਾਰਕੰਡਾ : ਮਤਾਇ ਲੋਹੇ ਕਲਮ ਛਿਨ ਗਈ ਤੋ ਕਿਆ ਗ਼ਮ ਹੈ,**

**ਕਿ ਖ਼ੂਨੇ ਦਿਲ ਮੇਂ ਡੁਬੋ ਲੀ ਹੈਂ ਉਂਗਲੀਆਂ ਮੈਂ ਨੇ।**

**ਜ਼ਬਾਂ ਪੇ ਮੁਹਰ ਲਗੀ ਹੈ ਤੋ ਕਿਆ, ਕਿ ਰੱਖ ਦੀ ਹੈ**

**ਹਰ ਇਕ ਹਲਕਾ ਏ ਜ਼ੰਜੀਰ ਮੇਂ ਜ਼ੁਬਾਂ ਮੈਂ ਨਾ।**

**ਤੁਸੀਂ ਪੁਲਿਸ ਨੂੰ ਆਪਣੇ ਗੀਤ ਗਾ ਕੇ ਸੁਣਾਉਣੇ ਸੀ ?**

ਉਦਾਸੀ : ਪੁਲਿਸ ਨੂੰ ਮੈਂ ਕਿਹਾ ਮੇਰੇ ਗੀਤ ਤੁਹਾਡੇ ਵੀ ਗੀਤ ਹਨ ਤੁਸੀਂ ਇਨ੍ਹਾਂ ਨੂੰ ਸੁਣ ਲਵੋ ਪਰ ਪੁਲਿਸ ਅਫ਼ਸਰ ਕਹਿੰਦਾ ਸੀ ਅਸੀਂ ਕਿਹੜਾ ਸਟੇਜ ਲਾਈ ਹੋਈ ਹੈ, ਅਸੀਂ ਤਾਂ ਤੇਰੇ ਦਿਮਾਗ 'ਚੋਂ 'ਮਾਓ-ਜ਼ੇ-ਤੁੰਗ' ਨੂੰ ਕੱਢਣਾ ਹੈ।

**ਮਾਰਕੰਡਾ : ਪੰਜਾਬੀ ਵਿਚ ਲੋਕ ਪੱਧਰ ਦੇ ਗੀਤ ਨਾ ਲਿਖੇ ਜਾਣ ਦਾ ਕੀ ਕਾਰਨ ਹੈ ? ਉਂਜ ਜਦੋਂ ਵੀ ਅਜੋਕੀ ਕਵਿਤਾ ਦੀ ਗੱਲ ਤੁਰਦੀ ਹੈ ਤਾਂ ਵਧੇਰੇ ਨਿਰਾਸ਼ਾ ਵਿਚ ਹੁੰਗਾਰਾ ਮਿਲਿਆ ਹੈ। ਤੁਸੀਂ ਅੱਜ ਦੀ ਕਵਿਤਾ ਤੋਂ ਸੰਤੁਸ਼ਟ ਹੋ ?**

ਉਦਾਸੀ : ਜਿੰਨੇ ਵੀ ਲਿਖਾਰੀ ਹਨ ਸਾਰੇ ਉਤਲੀ ਸ਼੍ਰੇਣੀ ਜਾਂ ਪੇਟੀ ਬੁਰਜੂਆ ਸ਼੍ਰੇਣੀ ਨਾਲ ਸਬੰਧਤ ਹਨ। ਉਨ੍ਹਾਂ ਨੂੰ ਇਕ ਸੀਰੀ, ਨਾਲੀਆਂ ਸਾਫ਼ ਕਰਦੀ ਕੁੜੀ, ਗੰਦ ਚੁਕਦੇ ਮਜ਼ਦੂਰ ਦੀ ਗੱਲ ਕਹਿਣੀ ਔਖੀ ਜਿਹੀ ਲੱਗਦੀ ਹੈ। ਸ਼ਾਇਦ ਉਨ੍ਹਾਂ ਦੀਆਂ ਨਜ਼ਰਾਂ ਵਿਚ ਇਹ ਕਿਸਮਤ ਦੇ ਮਾਰੇ ਹੋਣ। ਅੱਜ ਦਾ ਪਾਠਕ ਬੇਰੁਜ਼ਗਾਰੀ, ਸਮਾਜੀ ਲੁੱਟ ਖਸੁੱਟ, ਮਹਿੰਗਾਈ ਅਤੇ ਸਰਕਾਰੀ ਬਲੈਕ ਮੇਲਿੰਗ ਤੋਂ ਕੁਝ ਸੁਚੇਤ ਹੈ। ਇਹ ਪੁਰਾਣੇ ਸੰਚੇ ਵਿਚ ਢਲੇ ਹੋਏ ਸਾਹਿਤ ਤੋਂ ਪੂਰੇ ਅੱਕੇ ਹੋਏ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਬੋਲਾਂ ਵਿਚ ਦਰਦ ਸੁਣਿਆ ਚੰਗਾ ਲਗਦਾ ਹੈ। ਉਹ ਪੁਰਾਣੇ ਕਥਾ ਵਾਚਕ ਕਿੱਸਿਆਂ, ਮਨ ਘੜਤ ਸਾਖੀਆਂ, ਕਰਾਮਾਤੀ ਬਾਤਾਂ 'ਤੇ ਕਿੰਤੂ ਕਰਨਾ ਸਿੱਖ ਗਿਆ ਹੈ। ਫਿਰ ਪੁਰਾਣੇ ਸਾਹਿਤ ਤੋਂ ਕਿਵੇਂ ਆਸ਼ਾਵਾਦੀ ਹੋ ਸਕਦਾ ਹੈ।

**ਮਾਰਕੰਡਾ : ਮੇਰਾ ਮਤਲਬ ਇਹ ਨਹੀਂ ਸਗੋਂ ਜੋ ਅੱਜ ਦੀ ਕਵਿਤਾ ਕੁਝ ਕੁ ਬੁੱਧੀਜੀਵੀਆਂ ਦੇ ਘੇਰੇ ਅੰਦਰ ਹੀ ਸੀਮਤ ਹੋ ਕੇ ਰਹਿ ਗਈ ਹੈ ਤੇ ਆਮ ਪੱਧਰ ਦੇ ਲੋਕਾਂ ਦੀ ਸਮਝੋਂ ਬਾਹਰੀ ਗੱਲ ਹੈ। ਇਸ ਤੋਂ ਸੰਤੁਸ਼ਟ ਹੋ?**

ਉਦਾਸੀ : ਹੁਣੇ ਹੀ ਕੁਝ ਕੁ ਲਿਖਾਰੀਆਂ ਨੇ ਜਿਵੇਂ ਪਾਸ਼, ਧੰਜਲ, ਕੈਲਵੀ ਉਪਾਸ਼ਕ, ਵਰਿਆਮ ਸੰਧੂ, ਖਟਕੜ, ਦਿਲ, ਮਾਰਕੰਡਾ, ਸਾਗਰ ਸਿੰਘ, ਧੀਰ, ਫਤਿਹਜੀਤ, ਰਾਮੂਵਾਲੀਆ ਆਦਿ ਨੇ ਲੋਕ ਪੱਧਰ ਦਾ ਲਿਖਣਾ ਆਰੰਭ ਕੀਤਾ ਹੈ ਤਾਂ ਮੈਂ ਸੰਤੁਸ਼ਟ ਹਾਂ।

**ਮਾਰਕੰਡਾ : ਸਾਹਿਤ 'ਤੇ ਰਾਜਨੀਤਕ ਪ੍ਰਭਾਵ ਦੇ ਤੁਸੀਂ ਹੱਕ 'ਚ ਹੋ ?**

ਉਦਾਸੀ : ਪੂਰੀ ਤਰ੍ਹਾਂ। ਜਿਥੇ ਹਰ ਗੱਲ ਸਿਆਸਤ ਵਿਚ ਹੋਵੇ ਉਥੇ ਸਾਹਿਤ ਸਿਆਸਤ ਤੋਂ ਮੁਕਤ ਕਿਵੇਂ ਹੋ ਸਕਦਾ ਹੈ। ਜੋ ਸਾਹਿਤਕਾਰ ਸਿਆਸਤ ਤੋਂ ਬਚਣਾ ਚਾਹੁੰਦਾ ਹੈ। ਉਹ ਸਰਮਾਏਦਾਰੀ ਦਾ ਪੂਰਾ ਹੱਥਠੋਕਾ ਹੈ।

**ਮਾਰਕੰਡਾ : ਗੀਤ ਲਿਖਣ ਵੇਲੇ ਤੁਸੀਂ ਖਾਸ ਮੂਡ ਜਾਂ ਮਨੋ ਸਥਿਤੀ ਦੀ ਤਲਾਸ਼ ਕਰਦੇ ਹੋ।**

ਉਦਾਸੀ : ਬਹੁਤੇ ਗੀਤ ਮੈਂ ਸਾਈਕਲ 'ਤੇ ਬਹਿ ਕੇ ਲਿਖੇ ਨੇ। ਸਾਈਕਲ ਚਲਾਂਦਿਆਂ, ਪੈਲੀਆਂ, ਮੁੜ੍ਹਕੋ ਮੁੜ੍ਹਕੀ ਹੋਏ ਮਜ਼ਦੂਰ, ਭੁੱਖੇ ਨੰਗੇ ਪਾਲੀ, ਔਕੀਆਂ ਹੋਈਆਂ ਮਜ਼ਦੂਰਨਾਂ ਆਮ ਮਿਲਦੀਆਂ ਹਨ। ਗੀਤ ਦੀਆਂ ਸਤਰਾਂ ਤੇ ਵਿਸ਼ਾ ਮੈਂ ਤੁਰਦਿਆਂ-ਤੁਰਦਿਆਂ ਹੀ ਮਨ ਵਿਚ ਘੜ ਲੈਂਦਾ ਹਾਂ। ਜਦ ਲਿਖਣ ਬਹਿੰਦਾ ਹਾਂ ਤਾਂ ਸਿਰਫ਼ ਦੋ ਮਿੰਟ ਲਗਦੇ ਹਨ। ਹਰ ਲਿਖਿਆ ਗੀਤ ਕਾਗਜ਼ ਤੋਂ ਪਹਿਲਾਂ ਮੇਰੀ ਚੇਤਨਾ ਵਿਚ ਘਰ ਕਰਕੇ ਬੈਠਾ ਹੁੰਦਾ ਹੈ। ਜੋ ਗੀਤ ਅੰਤਰਰਾਸ਼ਟਰੀ ਸਿਆਸਤ ਬਾਰੇ ਲਿਖਣਾ ਹਾਂ ਉਹ ਇਨ੍ਹਾਂ ਮਜ਼ਦੂਰਾਂ ਨੂੰ ਹੀ ਚਿੰਨ੍ਹ ਮੰਨਕੇ ਲਿਖਦਾ ਹਾਂ ਕਿਉਂਕਿ ਸਰਮਾਏਦਾਰੀ ਲੁੱਟ ਖਸੁੱਟ ਅੰਤਰਰਾਸ਼ਟਰੀ ਤੌਰ 'ਤੇ ਇਕੋ ਪਾਸੇ ਦੀ ਹੈ।

**ਮਾਰਕੰਡਾ : ਮੈਨੂੰ ਬਾਵਾਂ ਬਲਵੰਤ ਦੀ ਸਤਰ ਯਾਦ ਆ ਰਹੀ ਹੈ:**

**ਸਮੇਂ ਦਾ ਘੋਲ ਦੇਵੇ ਆਦਮੀ ਨੂੰ ਜਗ੍ਰਤ ਐਸੀ,**


**ਨਹੀਂ ਇਹ ਚੇਤਨਾ ਮਿਲਦੀ ਕਿਤਾਬਾਂ ਦੇ ਸਹਾਰੇ 'ਤੇ....**

ਉਦਾਸੀ : ਹਾਂ.....ਹਾਂ.....ਕਿਸੇ ਮਸਲੇ ਦੀ ਡੂੰਘੀ ਤਹਿ ਤੱਕ ਜਾਣ ਲਈ ਤੇ ਉਸਦੇ ਹੱਲ ਲਈ ਲੇਖਕ ਨੂੰ ਘੋਲਾਂ ਵਿਚ ਪੈਣਾ ਲਾਜ਼ਮੀ ਹੈ। ਜੇਕਰ ਕਲਮ ਘੋਲਾਂ ਦੇ ਖੇਤਰ ਵਿਚ ਕੱਚਾ ਮਾਲ ਲੈ ਕੇ ਸਾਹਿਤ ਦੇ ਕਾਰਖਾਨੇ ਵਿਚ ਢਾਲੇਗੀ ਤਾਂ ਹੀ ਉਹ ਲੋਕਾਂ ਦਾ ਸਾਹਿਤ ਬਣ ਸਕਦਾ ਹੈ। ਘੋਲਾਂ ਤੋਂ ਬਿਨਾਂ ਮੈਂ ਸਾਹਿਤ ਨੂੰ ਸੋਕੇ ਮਾਰਕਾ ਸਾਹਿਤ ਹੀ ਸਮਝਦਾ ਹਾਂ ਜੋ ਇਕ ਨਗੂਣੀ ਚੁੰਝ ਚਰਚਾ ਹੀ ਬਣ ਕੇ ਰਹਿ ਜਾਂਦਾ ਹੈ। ਹਿੰਦੋਸਤਾਨ ਦੀ ਬਦਕਿਸਮਤੀ ਰਹੀ ਹੈ ਕਿ ਨਾ ਤਾਂ ਸਾਹਿਤਕਾਰ ਨੇ ਤੇ ਨਾ ਹੀ ਕਿਸੇ ਸਿਆਸੀ ਆਗੂ ਨੇ ਗਰੀਬੀ ਦੇ ਯਥਾਰਥ ਨੂੰ ਹੰਢਾਇਆ ਹੈ। ਬਾਵਾ ਬਲਵੰਤ ਉਸਾਰੂ ਘੋਲਾਂ ਦੀ ਦੇਣ ਸਨ। ਕਿਸਾਨ ਮੋਰਚੇ 'ਚ ਉਨ੍ਹਾਂ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਮਜ਼ਦੂਰ ਘੋਲਾਂ ਦੇ ਉਹ ਇਕਮਿਕ ਰਹੇ।

**ਮਾਰਕੰਡਾ : ਆਕਾਸ਼ਵਾਣੀ ਦੇ ਪੰਜਾਬੀ ਗੀਤਾਂ ਤੇ ਲਾਊਡ ਸਪੀਕਰਾਂ ਦੇ ਰਿਕਾਰਡਾਂ ਬਾਰੇ ਤੁਹਾਡੀ ਪ੍ਰਤੀਕਿਰਿਆ ?**

ਉਦਾਸੀ : ਰੇਡੀਓ ਤੇ ਸਪੀਕਰਾਂ ਦੇ ਰਿਕਾਰਡ ਲੋਕਾਂ ਦੀ ਸੋਚ ਨੂੰ ਖ਼ੁਸ਼ੀ ਕਰਨ ਲਈ ਇਕ ਵਧੀਆ ਮਾਰਫੀਏ ਦਾ ਟੀਕਾ ਹਨ। ਸੌੜੇ ਕੌਮਵਾਦ ਦੀ ਭਾਵਨਾ ਲੋਕਾਂ ਵਿਚ ਜਗਾ ਕੇ ਲੋਕਾਂ ਨੂੰ ਆਪਣੇ ਉਜਲੇ ਭਵਿੱਖ ਤੋਂ ਪਰ੍ਹੇ ਰੱਖਿਆ ਜਾਂਦਾ ਹੈ ਪਰ ਲੋਕਾਂ ਦੇ ਕੰਨਾਂ ਵਿਚ ਚੇਤਨਾ ਘਰ ਕਰ ਗਈ ਹੈ। ਉਹ ਸਮਝਦੇ ਹਨ ਕਿ ਕੱਲ੍ਹ ਪਾਕਿਸਤਾਨ ਦੇ ਉਲਟ ਬੋਲਿਆ ਗਿਆ ਰਿਕਾਰਡ ਕਿਵੇਂ ਅੱਜ ਪਾਕਿਸਤਾਨ ਦੇ ਹੱਕ ਵਿਚ ਵੱਜ ਰਿਹਾ ਹੈ। ਇਹ ਪਾਕਿਸਤਾਨ ਦਾ ਮਜ਼ਦੂਰ ਵੀ ਲੜਦਾ ਹੈ। ਮਾਰਕੰਡੇ ਹੁਣ ਬਸ ਕਰ ਦਿਨ ਢਲ ਰਿਹਾ ਹੈ; ਕੈਂਚੀਆਂ ਤੇ ਸਾਈਕਲ ਰੱਖ ਆਇਆਂ ਹਾਂ, ਉਥੋਂ 7-8 ਮੀਲ ਦਾ ਪੈਂਡਾ ਕੱਢਣਾ ਹੈ।

# ਮੇਰੀਆਂ ਯਾਦਾਂ 'ਚ ਸੰਤ ਰਾਮ ਉਦਾਸੀ



ਜਰਨੈਲ ਸਿੰਘ ਅਚਰਵਾਲ

ਮਨੁੱਖ ਨੇ ਕਿਹੋ ਜਿਹੀ ਜ਼ਿੰਦਗੀ ਹੰਢਾਈ ਹੁੰਦੀ ਹੈ ਉਸੇ ਤਰ੍ਹਾਂ ਦੀਆਂ ਯਾਦਾਂ ਉਸ ਦੇ ਮਨ ਵਿਚ ਹੁੰਦੀਆਂ ਹਨ ਜੋ ਤੋੜ ਜ਼ਿੰਦਗੀ ਸਾਥ ਦਿੰਦੀਆਂ ਹਨ। ਇਹ ਮਨੁੱਖ ਨੂੰ ਸਕੂਨ ਦਿੰਦੀਆਂ ਹਨ, ਕਦੇ ਮਿੱਠੀ ਮਿੱਠੀ ਪੀੜਾ ਤੇ ਕਦੇ ਜ਼ਖ਼ਮਾਂ ਨੂੰ ਰਿਸਣ ਵੀ ਲਾ ਦਿੰਦੀਆਂ ਹਨ। ਚੰਗੇ ਮਨੁੱਖ ਨਾਲ ਬੀਤਿਆ ਸਮਾਂ ਸਾਡੇ ਚੰਗੇ ਪਲਾਂ ਦੀ ਨਿਸ਼ਾਨੀ ਹੁੰਦੀ ਹੈ। ਮੇਰੀਆਂ ਯਾਦਾਂ ਵਿਚ ਲੋਕ ਕਵੀ ਸੰਤ ਰਾਮ ਉਦਾਸੀ ਦਾ ਨਾਂਅ ਅਮਿਟ ਬਣ ਗਿਆ ਹੈ। ਮੈਂ ਆਪਣੀ ਜ਼ਿੰਦਗੀ ਦਾ ਦਸ ਸਾਲ ਦਾ ਸਮਾਂ ਉਸ ਨਾਲ ਗੂੜੇ ਮਿੱਤਰਾਂ ਜਾਂ ਭਰਾਵਾਂ ਵਾਂਗ ਲੰਘਾਇਆ। ਸਾਡੀ ਸਾਂਝ ਘਰੇਲੂ ਦੁੱਖਾਂ-ਸੁੱਖਾਂ ਤੋਂ ਲੈ ਕੇ ਮਨ ਦੇ ਜਜ਼ਬਾਤਾਂ ਤੱਕ ਸੀ। ਚੰਗੇ ਮਨੁੱਖ ਦਾ ਇਹ ਗੁਣ ਹੁੰਦਾ ਹੈ ਕਿ ਉਸ ਦੇ ਦਾਇਰੇ ਵਿਚ ਆਇਆ ਹਰ ਮਨੁੱਖ ਸਭ ਤੋਂ ਵੱਧ ਉਸ ਨੂੰ ਆਪਣੇ ਨੇੜੇ ਸਮਝਦਾ ਹੈ। ਇਹੀ ਗੱਲ ਸੰਤ ਰਾਮ ਉਦਾਸੀ ਦੀ ਹੈ। ਇਹ ਉਸ ਦੇ ਚੰਗੇ ਮਨ ਦੀ ਸਾਫ਼ਗੋਈ ਦਾ ਕਾਰਨ ਸੀ। ਉਸ ਦੀ ਜ਼ਿੰਦਗੀ ਵਿਚ ਬੜੇ ਦੋਸਤ ਆਏ ਜੋ ਵਫ਼ਾਦਾਰੀਆਂ ਵੀ ਪਾਲਦੇ ਰਹੇ।

1975 ਵਿਚ ਐਮਰਜੈਂਸੀ ਸਮੇਂ ਸੰਤ ਰਾਮ ਉਦਾਸੀ ਜੇਲ੍ਹ ਜਾਣ ਕਾਰਨ ਲੰਬਾ ਸਮਾਂ ਸਸਪੈਂਡ ਰਿਹਾ। ਪਰੋਲੇਤਾਰੀ ਜਮਾਤ ਵਿਚੋਂ ਹੋਣ ਕਾਰਨ ਉਸ ਦੇ ਘਰ ਦਾ ਗੁਜ਼ਾਰਾ ਬੜਾ ਮੁਸ਼ਕਿਲ ਚਲ ਰਿਹਾ ਸੀ। ਮੈਂ ਉਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਬਤੌਰ ਆਰਜ਼ੀ ਅਧਿਆਪਕ ਪੜ੍ਹਾ ਰਿਹਾ ਸੀ ਤੇ ਆਪਣੀ ਜਥੇਬੰਦੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਸੀ। ਅਸੀਂ ਉਚੇਚੇ ਤੌਰ 'ਤੇ ਇਕ ਮੀਟਿੰਗ ਸੰਤ ਰਾਮ ਉਦਾਸੀ ਨੂੰ ਫੰਡ ਇਕੱਠਾ ਕਰਨ ਲਈ ਬੁਲਾਈ। ਮੀਟਿੰਗ ਵਿਚ ਫੈਸਲਾ ਹੋਇਆ ਕਿ ਖਾਸ-ਖਾਸ ਅਧਿਆਪਕਾਂ ਕੋਲੋਂ ਫੰਡ ਇਕੱਤਰ ਕੀਤਾ ਜਾਵੇ। ਫੰਡ ਇਕੱਠਾ ਕਰਕੇ ਮੈਂ ਅਮਰਜੀਤ ਬੱਧਨੀ ਤੇ ਇਕ ਸਾਥੀ ਹੋਰ ਸੀ, ਉਸ ਦੇ ਪਿੰਡ ਰਾਇਸਰ ਦੇ ਕੇ ਆਏ। ਇਸ ਮੌਕੇ ਹੀ ਮੇਰੀ ਸੰਤ ਰਾਮ ਉਦਾਸੀ ਨਾਲ ਪਹਿਲੀ ਮੁਲਾਕਾਤ ਹੋਈ।

ਪੱਕੀ ਨਿਯੁਕਤੀ ਹੋਣ ਤੋਂ ਬਾਅਦ ਮੈਂ 1976 ਵਿਚ ਬਦਲੀ ਕਰਵਾ ਕੇ ਜ਼ਿਲ੍ਹਾ ਸੰਗਰੂਰ ਵਿਚ ਆ ਗਿਆ। ਮੇਰਾ ਤੇ ਸੰਤ ਰਾਮ ਉਦਾਸੀ ਦੇ ਸਕੂਲ ਦਾ ਫਰਕ 7-8 ਕਿਲੋਮੀਟਰ ਦਾ ਹੀ ਸੀ। ਲੰਡੇ ਤੇ ਮੀਣੇ ਦੀ ਕਹਾਵਤ ਵਾਂਗ ਅਸੀਂ ਵੀ ਸੌ ਵੰਗ-ਵਲੇਵਾਂ ਪਾ ਕੇ ਇਕ ਦੂਜੇ ਨੂੰ ਮਿਲਦੇ ਰਹਿੰਦੇ। ਇਹ ਉਹ ਸਮਾਂਸੀ ਜਦ ਨਕਸਲੀ ਲਹਿਰ ਖਿੰਡਾਅ ਵੱਲ ਜਾ ਰਹੀ ਸੀ। ਇਕ 'ਚੋਂ ਦੂਜਾ, ਦੂਜੇ 'ਚੋਂ ਤੀਜਾ ਗਰੁੱਪਾਂ 'ਚੋਂ ਗਰੁੱਪ ਨਿਕਲ ਰਹੇ ਸਨ। ਇਸੇ ਤਰ੍ਹਾਂ ਉਨ੍ਹਾਂ ਹੇਠਲਾ ਕੇਡਰ ਵੀ ਧੜਾ ਧੜਾ ਵੰਡਿਆ ਜਾ ਰਿਹਾ ਸੀ। ਜ਼ਿਆਦਾ ਕਾਰਕੁੰਨ ਮਜ਼ਬੂਰੀਬਸ ਕਿਸੇ ਨਾ ਕਿਸੇ ਗਰੁੱਪ ਨਾਲ ਬੱਝ ਗਏ। ਇਕ ਥਾਲੀ ਖਾਣ ਵਾਲੇ ਇਕ ਦੂਜੇ ਵੱਲ ਨ਼ਫ਼ਰਤ ਨਾਲ ਵੇਖਣ ਲੱਗੇ। ਸਭ ਸਿਆਸੀ ਏਜੰਡਾ ਛੱਡ ਕੇ ਇਕ ਦੂਜੇ ਪ੍ਰਤੀ ਚਿੱਕੜ ਉਛਾਲਣ ਲੱਗੇ। ਸੰਤ ਰਾਮ ਉਦਾਸੀ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਨ ਵਾਲਾ ਲੋਕ ਕਵੀ ਸੀ। ਇਸ ਲਈ ਦੂਜੇ ਗਰੁੱਪਾਂ ਵਲੋਂ ਇਸ 'ਤੇ ਵੱਧ ਮਾਰੂ ਹਮਲੇ ਹੋਏ। ਉਹ ਵਧੀਆ ਕਵੀ ਹੀ ਨਹੀਂ ਸੀ, ਸਗੋਂ ਵਧੀਆ ਦੋਸਤ, ਵਧੀਆ ਇਨਸਾਨ ਵੀ ਸੀ। ਉਹ ਅੰਦਰੋਂ ਬਾਹਰੋਂ ਇਕ ਸੀ। ਉਸ ਦਾ ਮਨ ਵਲੂੰਦਰ ਜਾਂਦਾ। ਜਦ ਆਪਣੇ ਹੀ ਉਸਤੇ ਟਕੋਰਾਂ ਕਸਦੇ। ਉਦਾਸੀ ਲਈ ਇਹ ਸਮਾਂ ਜ਼ਿਆਦਾ ਮਾਨਸਿਕ ਪੀੜਾ ਵਾਲਾ ਸੀ। ਚੰਗਾ ਗਾਇਕ ਕਵੀ ਹੋਣ ਕਾਰਨ ਇਸ ਨੂੰ ਪੰਜਾਬ ਭਰ ਵਿਚ ਅਕਸਰ ਹੀ ਬੁਲਾਇਆ ਜਾਂਦਾ। ਜਦ ਇਹ ਪਹੁੰਚ ਜਾਂਦਾ ਤਾਂ ਇਸ ਦੇ ਵਿਰੋਧੀ ਸਟੇਜ 'ਤੇ ਜਾਣੋ ਰੋਕਦੇ। ਜਦ ਸਟੇਜ 'ਤੇ ਆਪਣਾ ਪ੍ਰੋਗਰਾਮ ਪੇਸ਼ ਕਰਦਾ ਤਾਂ ਉਹੀ ਲੋਕ ਜੋ ਪਹਿਲਾਂ ਸਟੇਜਾਂ 'ਤੇ ਬਾਹੋਂ ਫੜ ਫੜ ਬਿਠਾਇਆ ਕਰਦੇ ਸਨ, ਖੱਪ ਪਾ ਕੇ ਬੇਇੱਜ਼ਤ ਕਰਦੇ। ਲੋਕਾਂ ਵਲੋਂ ਮਿਲਦੇ ਪਿਆਰ ਨੂੰ ਉਹ ਆਪਣੇ ਗਰੁੱਪ ਦੇ ਵਿਰੁੱਧ ਸਮਝਦੇ। ਸਾਰੇ ਗਰੁੱਪ ਆਪਣੇ ਆਪਣੇ ਕੇਡਰ ਨੂੰ ਇਹੀ ਕੁਝ ਪੜ੍ਹਾਉਂਦੇ ਸਨ। ਉਦਾਹਰਣ ਵਜੋਂ ਇਕ ਘਟਨਾ ਨੂੰ ਬਿਆਨਣਾ ਚਾਹੁੰਦਾ ਹਾਂ ਜੋ ਉਦਾਸੀ ਦੇ ਲਾਗਲੇ ਪਿੰਡ ਭੋਤਨਿਆਂ ਦੀ ਹੈ। ਉਹ ਇਸ ਨੂੰ ਮਿੱਤਰਾਂ ਦਾ ਪਿੰਡ ਆਖਦਾ ਸੀ। ਨਕਸਲੀਆਂ ਦੇ ਇਕ ਗਰੁੱਪ ਦੀ ਕਨਵੈਨਸ਼ਨ ਸੀ। ਗੁਰਸ਼ਰਨ ਭਾਅ ਜੀ ਦੇ ਨਾਟਕ ਸਨ। ਸਟੇਜ ਸਕੱਤਰ ਜਸਵੰਤ ਸਿੰਘ ਸੇਖੋਂ ਸੀ। ਉਦਾਸੀ ਬੜੇ ਮਾਣ ਨਾਲ ਮਿੱਤਰਾਂ ਦੇ ਪਿੰਡ ਗਿਆ। ਜਦੋਂ ਉਦਾਸੀ ਨੂੰ ਉਥੇ ਪਹੁੰਚਿਆ ਵੇਖਿਆ ਤਾਂ ਉਸ ਗਰੁੱਪ ਦੀ ਉਪਰਲੀ ਲੀਡਰਸ਼ਿਪ ਨੂੰ ਪਿੱਛੂ ਪੈ ਗਏ। ਉਨ੍ਹਾਂ ਤੁਰੰਤ ਸਟੇਜ ਸਕੱਤਰ ਨੂੰ ਕਹਿ ਦਿੱਤਾ, "ਇਸ ਨੂੰ ਬੋਲਣ ਲਈ ਸਮਾਂ ਨਹੀਂ ਦੇਣਾ।" ਅਜਿਹਾ ਹੀ ਹੋਇਆ। ਉਦਾਸੀ ਦੇ ਮਨ 'ਤੇ ਗਹਿਰੀ ਸੱਟ ਲੱਗੀ। ਸਮਾਪਤੀ ਤੇ ਜਦ ਵਾਪਸ ਆਪਣੇ ਪਿੰਡ ਨੂੰ ਮੁੜਿਆ ਤਾਂ ਰਸਤੇ ਵਿਚ ਹੀ ਜਸਵੰਤ ਸੇਖੋਂ ਦਾ ਖੇਤ ਸੀ। ਉਦਾਸੀ ਸਦਮੇ ਵਿਚ ਦੋ ਦਿਨ ਉਸ ਦੀ ਮੋਟਰ 'ਤੇ ਹੀ ਪਿਆ ਰਿਹਾ। ਬਾਅਦ ਦੇ ਸਮੇਂ ਜਦ ਸਾਡੀ ਦੁੱਖ-ਸੁੱਖ ਕਮੇਟੀ ਬਣੀ ਤਾਂ ਜਸਵੰਤ ਨੇ ਬੜੀ ਵਾਰ ਇਸ ਘਟਨਾ ਦਾ ਪਸਚਾਤਾਪ ਕੀਤਾ। ਜਸਵੰਤ ਤੇ ਉਦਾਸੀ ਦੋਵੇਂ ਇਕੱਠੇ ਹੀ ਬੀਹਲਾ ਖੁਰਦ ਪੜ੍ਹਾਉਂਦੇ ਸਨ ਅਤੇ ਦੋਹਾਂ ਦੀ ਉਦਾਸੀ ਮਰਨ ਤੀਕ ਗੂੜੀ ਯਾਰੀ ਰਹੀ।

1977 ਵਿਚ ਅਸੀਂ ਸਕੂਲ ਏਰੀਏ ਦੇ ਨੇੜੇ-ਤੇੜੇ ਦੇ ਦੋਸਤਾਂ ਨੇ ਕਿਤੇ ਨਾ ਕਿਤੇ ਪ੍ਰੋਗਰਾਮ ਬਣਾ ਕੇ ਇਕੱਠੇ ਹੋ ਜਾਣਾ। ਸਾਡਾ ਕੰਮ ਖਾਣਾ ਪੀਣਾ ਤੇ ਗੱਲਾਂ ਮਾਰ ਕੇ ਆਪਣਾ ਦਿਲ ਪ੍ਰਚਾਵਾ ਕਰਨਾ ਹੁੰਦਾ ਸੀ। ਹਾਸੇ ਹਾਸੇ ਵਿਚ ਅਸੀਂ ਆਪਣੇ ਇਸ ਸਮੂਹ ਦਾ ਨਾਂਅ ਦੁੱਖ ਸੁੱਖ ਕਮੇਟੀ ਲਿਆ, ਕਿਉਂਕਿ ਇਸ ਕਮੇਟੀ ਮੈਂਬਰਾਂ ਦੇ ਮਨਾਂ 'ਤੇ ਅਜੇ ਵੀ ਨਕਸਲੀ ਕੇਡਰ ਦੀ ਨਿਰਾਸਤਾ ਦਾ ਅਸਰ ਸੀ। ਠੀਕ ਜਾਂ ਗਲਤ, ਇਹ ਸਾਡਾ ਨਿਰਾਸਤਾ 'ਚੋਂ ਬਾਹਰ ਆਉਣ ਦਾ ਢੰਗ ਸੀ। ਦੁੱਖ ਸੁੱਖ ਕਮੇਟੀ ਦੇ ਮੈਂਬਰ ਵੱਖ ਵੱਖ ਗਰੁੱਪਾਂ ਨਾਲ ਸਬੰਧ ਰੱਖਣ ਵਾਲੇ ਸਨ, ਜਿਨ੍ਹਾਂ ਵਿਚੋਂ ਸੰਤ ਰਾਮ ਉਦਾਸੀ ਦਾ ਸਬੰਧ 'ਸਤਿਆ ਨਰੈਣ' ਗਰੁੱਪ ਨਾਲ ਸੀ। ਮੈਥੋਂ ਤੇ ਡਾ. ਦਰਸ਼ਨ ਛੀਨੀਵਾਲ ਤੋਂ ਬਿਨਾਂ ਦੂਸਰੇ ਸਾਥੀ ਜਸਵੰਤ ਸਿੰਘ ਸੇਖੋਂ ਭੋਤਨਾ, ਡਾ. ਸੰਪੂਰਨ ਸਿੰਘ ਟੱਲੇਵਾਲੇ, ਸਰਪੰਚ ਹਰਭਜਨ ਸਿੰਘ ਭੋਤਨਾ, ਅਮਨ ਸਿੰਘ ਅੱਚਰਵਾਲ ਉਦਾਸੀ ਵਾਂਗ ਗਾਉਣ ਦੀ ਚੰਗੀ ਮੁਹਾਰਤ ਰੱਖਦੇ ਸਨ। ਸਾਡੀਆਂ ਇਹ ਮਹਿਫ਼ਲਾਂ ਉਸ ਦੇ ਮਰਨ ਤੋਂ ਬਾਅਦ ਤੱਕ ਵੀ ਜੁੜਦੀਆਂ ਰਹੀਆਂ। ਅਸੀਂ ਜਦ ਵੀ ਜੁੜਦੇ, ਮਹਿਫ਼ਲ ਵਿਚ ਗਾਉਣ ਦੀ ਆਵਾਜ਼ ਟੇਪਰਕਾਰਡ ਵਿਚ ਕੈਦ ਕਰ ਲੈਂਦੇ। ਸਾਡੀਆਂ ਇਨ੍ਹਾਂ ਮਹਿਫ਼ਲਾਂ ਦੀ ਚਰਚਾ ਮਿੱਤਰ ਘੇਰਿਆਂ ਵਿਚ ਹੋਣ ਲੱਗੀ। ਕਈ ਸੱਜਣ ਸੰਤ ਰਾਮ ਉਦਾਸੀ ਦੇ ਗੀਤ ਭਰਾਉਣ ਦੇ ਮਾਰੇ ਸਾਨੂੰ ਆਪਣੀਆਂ ਖ਼ਾਲੀ ਕੈਸਟਾਂ ਦੇ ਜਾਂਦੇ ਤੇ ਭਰਾ ਕੇ ਲੈ ਜਾਂਦੇ। ਸਾਰੀਆਂ ਕੈਸਟਾਂ ਵਿਚ ਸਭ ਦੀ ਆਵਾਜ਼ ਹੁੰਦੀ। ਕਈ ਸੱਜਣ ਅਜਿਹੇ ਵੀ ਸਨ ਜਿਨ੍ਹਾਂ ਮੈਥੋਂ ਸੁਨਣ ਲਈ ਲਈਆਂ ਕੈਸਟਾਂ ਵਾਪਸ ਨਹੀਂ ਦਿੱਤੀਆਂ। ਮੇਰੇ ਪਾਸ 4-5 ਕੈਸਟਾਂ ਅਜੇ ਵੀ ਹਨ। ਮੈਂ ਚਾਹੁੰਦਾ ਸੀ ਉਨ੍ਹਾਂ ਵਿਚੋਂ ਸੰਤ ਰਾਮ ਉਦਾਸੀ ਦੀ ਆਵਾਜ਼ ਇਕ ਥਾਂ ਰਿਕਾਰਡ ਕਰ ਲਈ ਜਾਂਦੀ। ਮੈਂ ਇਸ ਤਰ੍ਹਾਂ ਕਰਨ ਦਾ ਮਾਹਿਰ ਨਹੀਂ ਸੀ ਤੇ ਭਰੋਸੇ ਵਾਲਾ ਮੈਨੂੰ ਕੋਈ ਮਿਲਿਆ ਨਹੀਂ। ਜਿਨ੍ਹਾਂ ਮੈਨੂੰ ਅਜਿਹਾ ਕਰਨ ਲਈ ਕਿਹਾ ਉਹ ਮੇਰੇ ਭਰੋਸੇਯੋਗ ਨਹੀਂ ਸਨ ਤੇ ਜਿਨ੍ਹਾਂ ਨੂੰ ਮੈਂ ਕਿਹਾ ਉਹ ਮੇਰੇ ਵਰਗੇ ਹੀ ਨਿਕਲੇ। 3-4 ਸਾਲ ਹੋਏ ਮੈਂ ਇਹ ਗੱਲ ਆਪਣੇ ਤਰਕਸ਼ੀਲ ਮਿੱਤਰ ਮੇਘ ਰਾਜ ਦੇ ਲੜਕੇ ਅਮਿਤ ਨਾਂਲ ਸਾਂਝੀ ਕੀਤੀ। ਉਸ ਵਿਚ ਸਭ ਯੋਗਤਾਵਾਂ ਮੌਜੂਦ ਹਨ। ਉਹ ਚਾਹੁੰਦਾ ਹੋਇਆ ਵੀ ਸਮਾਂ ਨਾ ਕੱਢ ਸਕਿਆ। ਮੇਰੇ ਮਨ ਦੀ ਇਹ ਖਾਹਿਸ਼ ਅਧੂਰੀ ਦੀ ਅਧੂਰੀ ਰਹੀ। ਸੋਚਦਾ ਹਾਂ, ਹੁਣ ਸ਼ਾਇਦ ਉਹ ਕੈਸਟਾਂ ਚਲਣਯੋਗ ਵੀ ਨਾ ਰਹੀਆਂ ਹੋਣ।

ਸੰਤ ਰਾਮ ਉਦਾਸੀ ਦੀਆਂ ਕੈਸਟਾਂ ਬਹੁਤ ਸਾਰੇ ਸਾਥੀਆਂ ਪਾਸ ਮੌਜੂਦ ਹਨ ਪਰ ਕੋਈ ਵੀ ਦੇਣ ਨੂੰ ਤਿਆਰ ਨਹੀਂ। ਜੇ ਉਨ੍ਹਾਂ ਨੂੰ ਕੈਸਟਾਂ ਤੋਂ ਕੈਸਟ ਭਰਨ ਦੀ ਗੱਲ ਕਹੀਦੀ ਹੈ ਤਾਂ ਖੜ੍ਹੇ ਹੀ ਮੁਕਰ ਜਾਂਦੇ ਹਨ। ਸ਼ਾਇਦ ਉਹ ਉਸ ਦੀ ਆਵਾਜ਼ ਨੂੰ ਆਪਣੇ ਤੱਕ ਸੀਮਤ ਰੱਖ ਕੇ ਮਲਕੀਅਤ ਸਮਝਦੇ ਹੋਣ। ਉਹ ਭੁੱਲ ਜਾਂਦੇ ਹਨ, ਲੋਕ ਕਵੀ ਤਾਂ ਲੋਕਾਂ ਦੇ ਸਾਂਝੇ ਹੁੰਦੇ ਹਨ।

ਸਾਡੇ ਦੁੱਖ-ਸੁੱਖ ਕਮੇਟੀ ਜਿਸ ਨੂੰ ਬਾਅਦ ਵਿਚ ਮਿੱਤਰ ਮੰਡਲੀ ਕਹਿਣ ਲੱਗ ਪਏ ਸੀ, ਦੀਆਂ ਲਗਾਤਾਰ ਕਾਰਵਾਈਆਂ ਚਲਦੀਆਂ ਰਹੀਆਂ। ਅੱਜ ਜੋ ਬਰਨਾਲੇ ਜ਼ਿਲ੍ਹੇ ਦੀ ਸਭ ਤੋਂ ਵੱਧ ਸਰਗਰਮ ਮਾਲਵਾ ਸਾਹਿਤ ਸਭਾ ਹੈ, ਇਹ ਦੁੱਖ ਸੁੱਖ ਕਮੇਟੀ ਦੀ ਹੀ ਉਪਜ ਹੈ। ਇਸ ਦੇ ਕਰਤਾ ਧਰਤਾ ਉਹੀ ਦੁੱਖ ਸੁੱਖ ਕਮੇਟੀ ਵਾਲੇ ਮੈਂਬਰ ਹਨ। ਦੁੱਖ ਸੁੱਖ ਕਮੇਟੀ ਨੂੰ ਸਾਹਿਤ ਸਭਾ ਦਾ ਨਾਂਅ ਨਾਵਲਕਾਰ ਰਾਮ ਸਰੂਪ ਅਣਖੀ ਨੇ ਦਿੱਤਾ ਸੀ। ਉਦਾਸੀ ਦੀ ਮੌਤ ਤੋਂ ਬਾਅਦ ਇਕ ਦਫ਼ਾ ਉਹ ਸਾਡੀ ਦੁੱਖ ਸੁੱਖ ਕਮੇਟੀ ਦੀ ਇਕੱਤਰਤਾ ਵਿਚ ਆਏ ਸਨ। ਉਨ੍ਹਾਂ ਦੇ ਨਾਲ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਤੇ ਪ੍ਰੋ. ਗੌਡ ਵੀ ਸਨ। ਦੋ ਘੰਟੇ ਚੱਲੇ ਪ੍ਰੋਗਰਾਮ ਤੋਂ ਉਹ ਬੜਾ ਪ੍ਰਭਾਵਿਤ ਹੋਏ। ਉਸ ਤੋਂ ਬਾਅਦ ਉਨ੍ਹਾਂ ਨੇ ਇਸ ਕਮੇਟੀ ਦਾ ਨਾਂਅ ਬਦਲ ਕੇ ਮਾਲਵਾ ਸਾਹਿਤ ਸਭਾ ਬਣਾਉਣ ਦਾ ਸੁਝਾਅ ਦਿੱਤਾ ਜੋ ਮੰਨ ਲਿਆ ਗਿਆ। ਸਾਡੀ ਕਮੇਟੀ ਦਾ ਪਹਿਲਾ ਸੀਮਤ ਦਾਇਰਾ ਹੁੰਦਾ ਸੀ ਪਰ ਸਮੇਂ ਨਾਲ ਇਸ ਵਿਚ ਵਾਧਾ ਹੁੰਦਾ ਗਿਆ। ਮੇਰੀ ਪਹਿਲੀ ਕਿਤਾਬ 'ਕਾਲਾ ਸੂਰਜ' (1986) ਦੀ ਦੁੱਖ ਸੁੱਖ ਕਮੇਟੀ ਦੀ ਪੈਦਾਇਸ਼ ਹੈ। ਮੈਂ ਆਪਣੀਆਂ ਕਵਿਤਾਵਾਂ ਮਹਿਫ਼ਲਾਂ ਅੰਦਰ ਸੁਣਾਇਆ ਕਰਦਾ ਸੀ। ਸੰਤ ਰਾਮ ਉਦਾਸੀ ਨੂੰ ਮੇਰੀਆਂ ਰਚਨਾਵਾਂ ਜਚ ਗਈਆਂ। ਉਸ ਨੇ ਕਹਿ ਕੇ ਮੈਥੋਂ ਕਿਤਾਬ ਦਾ ਖਰੜਾ ਤਿਆਰ ਕਰਵਾਇਆ ਤੇ ਕਿਤਾਬ ਦੇ ਮੁੱਖ ਪੰਨਿਆਂ 'ਤੇ ਮੇਰੀ ਪਾਠਕਾਂ ਨਾਲ ਜਾਣ-ਪਹਿਚਾਣ ਵੀ ਕਰਾਈ। ਭੂਮਿਕਾ ਦੇ ਸ਼ਬਦ ਬਿੱਕਰ ਸਿੰਘ ਸਿੱਧੂ ਨੇ ਲਿਖੇ। ਗੋਸ਼ਟੀ ਲਈ ਦੋ ਪੇਪਰ ਵੀ ਲਿਖੇ ਗਏ, ਇਕ ਪੇਪਰ ਪ੍ਰੋ. ਰਵਿੰਦਰ ਭੱਠਲ ਜੀ ਨੇ ਤੇ ਦੂਜਾ ਡਾ. ਨਾਹਰ ਸਿੰਘ ਪੰਜਾਬੀ ਯੂ. ਪਟਿਆਲਾ ਨੇ। ਉਦਾਸੀ ਦੇ ਸੁਝਾਅ ਮੁਤਾਬਕ ਗੋਸ਼ਟੀ ਦੀ ਤਾਰੀਖ ਉਸ ਦੇ ਵਾਪਸ ਆਉਣ 'ਤੇ ਰੱਖੀ ਜਾਣੀ ਸੀ। ਅਫ਼ਸੋਸ! ਉਹ ਗਿਆ, ਤੇ ਮੁੜ ਕਦੇ ਵਾਪਸ ਨਾ ਆਇਆ।

ਜਦ ਸੰਤ ਰਾਮ ਉਦਾਸੀ ਦੀ ਮੌਤ ਹੋਈ, ਉਸ ਸਮੇਂ ਉਸ ਦੀਆਂ ਅਣਛਪੀਆਂ ਰਚਨਾਵਾਂ ਦੀ ਕਾਪੀ ਮੇਰੇ ਪਾਸ ਸੀ, ਜੋ ਪ੍ਰੋ. ਪ੍ਰੀਤਮ ਸਿੰਘ ਰਾਹੀ ਰਾਹੀਂ ਸੰਤ ਰਾਮ ਉਦਾਸੀ ਦੀ ਯਾਦ 'ਚ ਬਣੇ ਟਰੱਸਟ ਨੂੰ ਸੌਂਪ ਦਿੱਤੀ। ਉਸ ਕਾਪੀ ਵਿਚਲੇ ਗੀਤ ਕਿਤਾਬ 'ਉਦਾਸੀ ਦੇ ਚੋਣਵੇਂ ਗੀਤ' ਸੰਪਾਦਕ ਪ੍ਰੀਤਮ ਸਿੰਘ ਦਰਦੀ ਅਤੇ ਕਿਤਾਬ 'ਕੰਮੀਆਂ ਦਾ ਵਿਹੜਾ' ਵਿਚ ਮੌਜੂਦ ਹਨ। ਅਫਸੋਸ ਉਸ ਕਵੀ ਦੀਆਂ ਦੋ ਰਚਨਾਵਾਂ ਮੈਨੂੰ ਕਿਸੇ ਕਿਤਾਬ ਵਿਚ ਵੀ ਛਪੀਆਂ ਨਹੀਂ ਮਿਲੀਆਂ। ਨਾ ਹੀ ਇਹ ਰਚਨਾਵਾਂ ਉਸ ਕਾਪੀ ਦੀ ਲਿਖਤ ਵਿਚ ਸਨ। ਉਨ੍ਹਾਂ ਵਿਚੋਂ ਇਕ ਰਚਨਾ ਦੀਆਂ ਪਹਿਲੀਆਂ ਸਤਰਾਂ ਸਨ-

ਵਿਚ ਮੁਜ਼ਾਹਰੇ ਵੇਖੀ ਮੈਂ ਇਕ ਕੁੜੀ ਕੁਸ਼ੱਲ ਜਿਹੀ।

ਤੁਰਦੀ ਤਾਂ ਉਹਦੀ ਤੋਰ ਸੀ ਫੌਜਾਂ ਦੇ ਜਰਨੈਲ ਜਿਹੀ।

ਦੂਜੀ ਰਚਨਾ ਦਾ ਮੁਖੜਾ ਮੇਰੇ ਹੁਣ ਯਾਦ ਨਹੀਂ ਪਰ ਨਵਜੰਮੇ ਬੱਚੇ ਸਬੰਧੀ ਸੀ। ਸਾਡੀ ਮਿੱਤਰ ਮੰਡਲੀ ਇਕੱਠੇ ਹੋਣ ਦਾ ਕੋਈ ਨਾ ਕੋਈ ਬਹਾਨਾ ਤਾਂ ਲੱਭ ਹੀ ਲੈਂਦੀ ਸੀ, ਪਰ ਇਸ ਵਾਰ ਤਾਂ ਸਾਡੇ ਮਿੱਤਰ ਗੁਲਵੰਤ ਸਿੰਘ ਗਾਗੇਵਾਲ ਦੇ ਘਰ ਬੱਚੇ ਨੇ ਜਨਮ ਲਿਆ ਸੀ। ਖੁਸ਼ਰਿਆਂ ਵਾਂਗ ਮਿੱਤਰ ਮੰਡਲੀ ਨੇ ਵੀ ਤਾਂ ਵਧਾਈਆਂ ਲੈਣੀਆਂ ਹੀ ਸਨ। ਗੁਲਵੰਤ ਸਿੰਘ ਨੇ ਸਭ ਨੂੰ ਦਾਹਵਤ ਦੇ ਸੁਨੇਹੇ ਘੱਲ ਦਿੱਤੇ। ਅਸੀਂ ਸੱਦੋਵਾਲੀਏ ਸੁਰਿੰਦਰ ਸਰਪੰਚ ਦੇ ਘਰ ਉਸ ਦੀ ਗੈਰ ਹਾਜ਼ਰੀ ਵਿਚ ਮਹਿਫ਼ਲ ਸਜਾਅ ਲਈ। ਸੰਤ ਰਾਮ ਉਦਾਸੀ ਨਵਜੰਮੇ ਬੱਚੇ ਸਬੰਧੀ ਉਚੇਚੇ ਤੌਰ 'ਤੇ ਗੀਤ ਲਿਖ ਕੇ ਲਿਆਇਆ ਸੀ। ਪਹਿਲਾਂ ਦੀ ਤਰ੍ਹਾਂ ਇਹ ਮਹਿਫ਼ਲ ਵੀ ਰਿਕਾਰਡ ਕੀਤੀ ਗਈ। ਇਹ ਕੈਸਟ ਗੁਲਵੰਤ ਸਿੰਘ ਕੋਲ ਅਜੇ ਵੀ ਮੌਜੂਦ ਹੈ। ਉਦਾਸੀ ਦੇ ਗੁੰਮ ਹੋਏ ਗੀਤ ਦੀ ਰਚਨਾ ਉਸ ਵਿਚ ਰਿਕਾਰਡ ਹੈ।

ਮੌਤ ਤੋਂ ਬਾਅਦ ਉਸ ਦੇ ਨਾਂਅ 'ਤੇ 'ਸੰਤ ਰਾਮ ਉਦਾਸੀ ਟਰੱਸਟ' ਬਣਾਇਆ ਗਿਆ। ਟਰੱਸਟ ਵਲੋਂ ਪਹਿਲੀ ਬਰਸੀ ਬੜੀ ਧੂਮ ਧਾਮ ਨਾਲ ਮਨਾਈ ਗਈ। ਪਹਿਲੀ ਬਰਸੀ 'ਤੇ ਦੋ ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਇਕ ਸੀ 'ਕੰਮੀਆਂ ਦਾ ਵਿਹੜਾ' ਤੇ ਦੂਸਰੀ ਸੀ, 'ਦਿੱਲੀਏ ਦਿਆਲਾ ਵੇਖ'। 'ਕੰਮੀਆਂ ਦਾ ਵਿਹੜਾ' ਕਿਤਾਬ ਲਿਖਾਰੀ ਸਭਾ ਬਰਨਾਲਾ ਵਲੋਂ ਪ੍ਰਕਾਸ਼ਤ ਕੀਤੀ ਗਈ ਸੀ ਤੇ 'ਦਿੱਲੀਏ ਦਿਆਲਾ ਵੇਖ' ਟਰੱਸਟ ਵਲੋਂ। ਜਿਸ ਦੀ ਸੰਪਾਦਨਾ ਜਰਨੈਲ ਅੱਚਰਵਾਲ ਤੇ ਮਿੰਦਰਪਾਲ ਭੱਠਲ ਨੇ ਕੀਤੀ। ਮੁੱਖ ਬੰਦ ਜਸਵੰਤ ਸਿੰਘ ਸੇਖੋਂ ਤੇ ਜਰਨੈਲ ਅੱਚਰਵਾਲ ਨੇ ਲਿਖਿਆ। ਟਰੱਸਟ ਦੀਆਂ ਲਗਾਤਾਰ ਮੀਟਿੰਗਾਂ ਹੁੰਦੀਆਂ ਰਹੀਆਂ। ਮੀਟਿੰਗਾਂ ਦਾ ਸਥਾਨ ਸਵ. ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਦੁਕਾਨ ਦਾ ਚੁਬਾਰਾ ਹੁੰਦਾ ਸੀ। ਸਵ. ਐਮ. ਐਲ. ਏ. ਪੰਡਿਤ ਸੋਮਦੱਤ ਦਾ ਬਰਨਾਲੇ ਵਿਚ ਇਕ ਪਲਾਟ ਸੀ। ਇਸ ਨੇ ਟਰੱਸਟ ਨੂੰ ਦੇਣ ਦਾ ਐਲਾਨ ਕਰ ਦਿੱਤਾ। ਇਹ ਟਰੱਸਟ ਦਾ ਮੈਂਬਰ ਵੀ ਸੀ। ਮੀਟਿੰਗ ਵਿਚ ਉਸ ਨੇ ਇਹ ਵੀ ਆਖ ਦਿੱਤਾ, "ਜੇ ਟਰੱਸਟ ਨੂੰ ਇਹ ਜਗ੍ਹਾ ਪਸੰਦ ਨਹੀਂ ਤਾਂ ਇਸ ਨੂੰ ਵੇਖ ਕੇ ਕਿਸੇ ਹੋਰ ਥਾਂ ਖਰੀਦ ਸਕਦਾ ਹੈ। ਟਰੱਸਟ ਦਾ ਭੋਗ ਕਿਵੇਂ ਪਿਆ? ਪਹਿਲਾਂ ਦੀ ਤਰ੍ਹਾਂ ਬਰਸੀ ਹੋਣੋਂ ਕਿਉਂ ਬੰਦ ਹੋਈ? ਇਹ ਗੱਲਾਂ ਕਰਨੀਆਂ ਹੁਣ ਵੇਲਾ ਵਹਾ ਚੁੱਕੇ ਸਮੇਂ ਦੀਆਂ ਗੱਲਾਂ ਹਨ।


ਇਕ ਵਾਰ ਮੈਂ, ਸੰਤ ਰਾਮ ਉਦਾਸੀ, ਜਸਵੰਤ ਸੇਖੋਂ, ਡਾ. ਸੰਪੂਰਨ ਟੱਲੇਵਾਲ ਤੋਂ ਬਿਨਾਂ ਹੋਰ ਕੋਈ ਸਾਡੇ ਕੋਲ ਸੀ ਜਾਂ ਨਹੀਂ, ਇਹ ਹੁਣ ਮੈਨੂੰ ਯਾਦ ਨਹੀਂ। ਅਸੀਂ ਖੁਸ਼ਮਿਜ਼ਾਜ਼ੀ ਵਿਚ ਗੱਲਾਂ ਮਾਰ ਰਹੇ ਸੀ। ਉਦਾਸੀ ਨੇ ਹੱਸਦਿਆਂ ਹੋਇਆਂ ਸਾਡੇ ਨਾਲ ਆਪਣੀ ਇਕ ਘਟਨਾ ਸਾਂਝੀ ਕੀਤੀ।

"ਉਸ ਸਮੇਂ ਮੈਂ ਬਖ਼ਤਗੜ੍ਹ ਸਕੂਲ ਪੜ੍ਹਦਾ ਸੀ, ਮੇਰੇ ਨਾਲ ਸਾਡੇ ਪਿੰਡੋਂ ਹੋਰ ਵੀ ਕਈ ਮੁੰਡੇ ਸਨ। ਅਸੀਂ ਸਭ ਕੱਚੇ ਰਾਹ ਤੁਰਕੇ ਪੜ੍ਹਨ ਜਾਂਦੇ ਸੀ। ਦੜੰਗੇ ਮਾਰਦਿਆਂ ਹੀ ਸਕੂਲ ਨੂੰ ਭੱਜੇ ਜਾਣਾ ਤੇ ਦੜੰਗੇ ਮਾਰਦਿਆਂ ਹੀ ਸਕੂਲੋਂ ਘਰ ਆ ਜਾਣਾ। ਅੱਸੂ-ਕੱਤੇ ਦਾ ਮਹੀਨਾ ਸੀ। ਰਸਤੇ ਵਿਚ ਕਪਾਹਾਂ ਵੀ ਪੂਰੀਆਂ ਖਿੜੀਆਂ ਹੋਈਆਂ ਸਨ। ਇਕ ਦਿਨ ਮੈਂ ਸਕੂਲੋਂ ਇਕੱਲਾ ਤੁਰਿਆ ਆਉਂਦਾ ਸੀ। ਰਸਤੇ ਵਿਚ ਬੁੜ੍ਹੀਆਂ ਕਪਾਹ ਚੁੱਗ ਰਹੀਆਂ ਸਨ। ਉਨ੍ਹਾਂ ਵਿਚੋਂ ਇਕ ਕੁੜੀ ਵਗੀ ਆਈ ਤੇ ਆ ਕੇ ਮੇਰੀ ਬਾਂਹ ਫੜ ਕੇ ਆਖਣ ਲੱਗੀ, "ਬੈਠ ਵੇ! ਇਥੇ, ਅੱਜ ਆਇਆ ਇਕੱਲਾ ਅੜਿੱਕੇ।"। "ਮੈਂ ਡਰਦਾ ਜਿਆ ਬੈਠ ਗਿਆ।" ਫੇਰ ਬੋਲੀ, "ਮੈਂ ਤਾਂ ਤੇਰੇ ਕੋਲੋਂ ਅੱਜ ਗੀਤ ਸੁਣਨੇ ਆਂ, ਤੇ ਸੁਣਾ ਕੋਈ

ਵਧੀਆ ਜਿਹਾ ਗੀਤ।" "ਮੈਂ ਓਦੋਂ ਫਿਲਮੀ ਗੀਤ ਗਾਉਂਦਾ ਹੁੰਦਾ ਸੀ। ਮੈਂ ਦੋ ਗੀਤ ਸੁਣਾਏ। ਇਕ ਸੀ, ਉੱਡ ਜਾ ਰੇ ਪੰਛੀ, ਅੱਬ ਯੇ ਦੇਸ਼ ਹੂਆ ਬਿਗਾਨਾ, ਤੇ ਦੂਸਾ ਸੀ, ਯੇ ਦੇਸ਼ ਹੈ ਬੀਰ ਜਵਾਨੋਂ ਕਾ, ਅਲਬੇਲੋਂ ਕਾ, ਮਸਤਾਨੋਂ ਕਾ.....। ਸਮਾਪਤੀ ਤੋਂ ਬਾਅਦ ਮੈਂ ਤੁਰਨ ਲੱਗਿਆ ਤਾਂ ਉਹ ਮੈਨੂੰ ਬਾਹਾਂ ਵਿਚ ਲੈ ਕੇ ਬੋਲੀ, "ਵੇਖ ਜਦ ਮੈਂ ਤੇਰੀ ਸ਼ਕਲ ਵੇਖਦੀ ਹਾਂ, ਤਾਂ ਇਉਂ ਜੀ ਕਰਦਾ, ਤੇਰੇ ਠਾਹ ਦੇਣੇ ਮਾਰਾਂ, ਪਰ ਜਦ ਤੇਰੀ ਆਵਾਜ਼ ਸੁਣਦੀ ਆਂ ਤਾਂ ਜੀ ਕਰਦਾ ਤੈਨੂੰ ਬਾਹਾਂ 'ਚੋਂ ਨਾ ਛੱਡਾਂ।" ਇਹ ਸੁਣ ਕੇ ਜਸਵੰਤ ਸੇਖੋਂ ਖਿੜ ਖੜ੍ਹਾ ਕੇ ਹੱਸਦਾ ਬੋਲਿਆ, "ਆਹ! ਬਣੀ ਆ ਗੱਲ। ਆਹ! ਅਸਲ ਆਲੋਚਨਾ। ਲੈ ਉਦਾਸੀ ਤੈਨੂੰ ਇਸ ਤੋਂ ਵਧੀਆ ਆਲੋਚਕ ਨਾ ਤਾਂ ਮਿਲਿਆ ਹੋਣਾ ਤੇ ਨਾ ਹੀ ਮਿਲੇ।" ਅਸੀਂ ਤਾੜੀਆਂ ਮਾਰੀਆਂ ਤੇ ਉਦਾਸੀ ਸਿਰ ਪਾਰਟੀ ਕਰ ਦਿੱਤੀ, ਤੇ ਉਹ ਵੀ ਬਿਨਾਂ ਦੇਰੀ ਤੋਂ।

ਸਮਾਂ ਬੀਤਣ ਨਾਲ ਯਾਦਾਂ ਦੀਆਂ ਦਿਨ, ਤਾਰੀਖਾਂ ਤਾਂ ਭੁੱਲ ਜਾਂਦੀਆਂ ਹਨ ਪਰ ਘਟਨਾਵਾਂ ਜ਼ਰੂਰ ਯਾਦ ਰਹਿੰਦੀਆਂ ਹਨ। ਇਕ ਦਿਨ ਮੈਨੂੰ ਬੀਹਲਾ ਪਿੰਡ ਆਪਣੀ ਰਿਸ਼ਤੇਦਾਰੀ ਵਿਚ ਕੰਮ ਸੀ। ਮੈਨੂੰ ਆਪਣੇ ਮੂਮ ਸਕੂਲ ਤੋਂ ਇਸ ਪਿੰਡ ਨੂੰ ਜਾਣ ਲਈ ਰਸਤਾ ਤਾਂ ਕੋਈ ਹੋਰ ਜਾਂਦਾ ਸੀ, ਪਰ ਮੈਂ ਗਿਆ ਵਾਇਆ ਬੀਹਲਾ ਖੁਰਦ ਹੋ ਕੇ, ਕਿਉਂਕਿ ਬੀਹਲਾ ਖੁਰਦ ਮੇਰੇ ਮਿੱਤਰ ਜਸਵੰਤ ਸਿੰਘ ਸੇਖੋਂ ਤੇ ਸੰਤ ਰਾਮ ਉਦਾਸੀ ਪੜ੍ਹਾਉਂਦੇ ਸਨ। ਛੁੱਟੀ ਹੋਈ ਤਾਂ ਉਦਾਸੀ ਨੇ ਵੀ ਆਪਣਾ ਸਾਈਕਲ ਚੁੱਕਿਆ ਤੇ ਮੇਰੇ ਨਾਲ ਹੀ ਬੀਹਲੇ ਪਿੰਡ ਨੂੰ ਹੋ ਤੁਰਿਆ। ਜਦ ਕਿ ਉਸਦਾ ਪਿੰਡ ਦੂਸਰੀ ਦਿਸ਼ਾ ਵੱਲ ਸੀ। ਇਹ ਸਾਡਾ ਹੋਰ ਸਮਾਂ ਇਕੱਠੇ ਰਹਿਣ ਦਾ ਕਾਰਨ ਸੀ। ਜਦ ਅਸੀਂ ਬੀਹਲੇ ਪਿੰਡ ਤੋਂ ਮਿਲ ਕੇ ਵਾਪਸ ਆਉਣ ਲੱਗੇ ਤਾਂ ਸਾਨੂੰ ਗਿੱਦੜ ਉਆਕਣੀ ਉਠ ਖੜ੍ਹੀ ਹੋਈ। ਅਸੀਂ ਦੋਵੇਂ ਹੀ ਪੀੜ ਦੇ ਸ਼ੌਕੀਨ ਸਾਂ ਤੇ ਸਮਾਂ ਵੀ ਦਿਨ ਛੁਪਾ ਦਾ ਹੋ ਗਿਆ ਸੀ। ਪਰ ਮੈਂ ਇਸ ਕਰਕੇ ਚੁੱਪ ਹੋ ਗਿਆ ਸੀ ਕਿਉਂਕਿ ਮੇਰੀ ਜੇਬ ਵਿਚ ਪੀੜ ਜੋਗੇ ਪੈਸੇ ਨਹੀਂ ਸਨ। ਮੈਂ ਉਸ ਨੂੰ ਅਸਲੀਅਤ ਦੱਸੀ ਵੀ ਪਰ ਉਸ ਇਕ ਨਾ ਸੁਣੀ, ਮੇਰੀ ਬਾਂਹ ਫੜੀ ਤੇ ਠੇਕੇ ਅੰਦਰ ਲੈ ਵੜਿਆ। ਜਦ ਮੈਂ ਉਸ ਨੂੰ ਬਟੂਆ ਫੜਾ ਦਿੱਤਾ ਤਾਂ ਉਸ ਨੂੰ ਸੋਚ ਆਇਆ। ਗੱਲ ਮੁਕਦੀ, ਸਾਡੇ ਦੋਹਾਂ ਕੋਲੇ ਇਕ ਪਊਏ ਜੋਗੇ ਪੈਸੇ ਬਣੇ। ਸ਼ਰਾਬ ਲੈਣ ਮੌਕੇ ਜੋ ਸਾਡੀ ਕਰਿੰਦੇ ਭਈਏ ਨਾਲ ਵਾਰਤਾਲਾਪ ਹੋਈ, ਜੇ ਮੈਂ ਉਹ ਦੱਸਾਂ ਤਾਂ ਪਾਠਕ ਸਾਡਾ ਦੋਹਾਂ ਦਾ ਮਖੌਲ ਉਡਾਉਣਗੇ। ਅਸੀਂ ਪਊਆ ਲਿਆ ਤੇ ਪੀ ਕੇ ਹੱਸਦੇ ਹੱਸਦੇ ਬਾਹਰ ਨਿਕਲ ਆਏ। ਉਦਾਸੀ ਕਦ ਪਿਛੇ ਹਟਣ ਵਾਲਾ ਸੀ, ਉਹ ਮੈਨੂੰ ਧੱਕੇ ਨਾਲ ਚੰਨਣਵਾਲ ਪਿੰਡ ਨੂੰ ਘੜੀਸ ਤੁਰਿਆ। ਉਸ ਠੇਕੇ ਵਿਚ ਉਦਾਸੀ ਦਾ ਉਧਾਰ ਖਾਤਾ ਚਲਦਾ ਸੀ। ਅਸੀਂ ਆਪਣਾ ਕੋਟਾ ਪੂਰਾ ਕੀਤਾ। ਉਦਾਸੀ ਆਪਣੇ ਪਿੰਡ ਰਾਏਸਰ ਨੂੰ ਚਲਾ ਗਿਆ ਤੇ ਮੈਂ ਦੁੱਗਣਾ ਤਿੱਗਣਾ ਸਫ਼ਰ ਕਰਕੇ ਆਪਣੇ ਪਿੰਡ ਅੱਚਰਵਾਲ ਪਹੁੰਚ ਗਿਆ।

ਮੇਰੇ ਪਿੰਡ ਦੇ ਦੱਖਣ ਪਾਸੇ ਦਾ ਪਿੰਡ ਫੇਰੂਰਾਈਂ ਹੈ। ਸਾਡੇ ਦੋਹਾਂ ਪਿੰਡਾਂ ਦਾ ਹਾਈ ਸਕੂਲ ਸਾਂਝਾ ਹੈ, ਜੋ ਸ਼ਹੀਦ ਕੇਹਰ ਸਿੰਘ ਦੇ ਨਾਂਅ ਉਪਰ ਹੈ। ਇਹ ਗੱਲ 14 ਅਕਤੂਬਰ 1978 ਰਾਤ ਦੀ ਹੈ। 14 ਅਕਤੂਬਰ ਦਾ ਦਿਨ ਸ੍ਰ. ਕੇਹਰ ਸਿੰਘ ਦਾ ਸ਼ਹੀਦੀ ਦਿਨ ਹੈ, ਜੋ ਦੋਹਾਂ ਪਿੰਡਾਂ ਵਲੋਂ ਸਾਂਝੇ ਰੂਪ ਵਿਚ ਮਨਾਇਆ ਜਾਂਦਾ ਹੈ। ਅੱਜ ਦੇ ਸਮੇਂ ਨੂੰ ਦੇਖਦਿਆਂ 1984 ਦੇ ਕਾਲੇ ਦੌਰ ਤੋਂ ਪਹਿਲਾਂ ਦੇ ਸਮੇਂ ਨੂੰ ਭਲਾ ਸਮਾਂ ਹੀ ਕਿਹਾ ਜਾ ਸਕਦਾ ਹੈ ਜਦ ਕਿਸੇ ਦਾ ਕਿਸੇ ਨੂੰ ਡਰ ਨਹੀਂ ਸੀ ਹੁੰਦਾ। ਲੋਕ ਦਿਨ ਰਾਤ ਬੇਖ਼ੌਫ ਤੁਰੇ ਫਿਰਦੇ ਸਨ। ਸ਼ਹੀਦ ਕੇਹਰ ਸਿੰਘ ਦੇ ਸ਼ਹੀਦੀ ਦਿਨ ਦੀ ਗੱਲ ਵੀ 14 ਅਕਤੂਬਰ ਰਾਤ ਦੇ ਸਮੇਂ ਦੀ ਹੈ। ਗੁਰਸ਼ਰਨ ਭਾਅ ਜੀ ਦੇ ਨਾਟਕ ਸਨ। ਆਲੇ ਦੁਆਲੇ ਪਿੰਡਾਂ ਦੇ ਲੋਕ ਨਾਟਕ ਵੇਖਣ ਲਈ ਪਹੁੰਚੇ ਹੋਏ ਸਨ। ਸਟੇਜ ਸਕੱਤਰ ਦਾ ਕੰਮ ਜਰਨੈਲ ਅੱਚਰਵਾਲ ਦੇ ਹੱਥ ਸੀ। ਸ਼ਹੀਦੀ ਯਾਦਗਾਰ ਕਮੇਟੀ ਵਲੋਂ ਸੱਦਾ ਪੱਤਰ ਦੇ ਕੇ ਸੰਤ ਰਾਮ ਉਦਾਸੀ ਨੂੰ ਬੁਲਾਇਆ ਗਿਆ ਸੀ। ਇਸ ਪ੍ਰੋਗਰਾਮ ਤੋਂ ਪਹਿਲਾਂ ਉਹ ਇਨ੍ਹਾਂ ਪਿੰਡਾਂ ਵਿਚ ਕਿਸੇ ਪ੍ਰੋਗਰਾਮ ਤੇ ਨਹੀਂ ਸੀ ਆਇਆ। ਉਸ ਨੂੰ ਸੁਣਨ ਲਈ ਲੋਕਾਂ ਦਾ ਪਹਿਲਾ ਮੌਕਾ ਸੀ। ਬੜੀ ਉਤਸੁਕਤਾ ਜਾਗੀ ਹੋਈ। ਜਦ ਸਟੇਜ ਤੋਂ ਗੀਤ ਲਈ ਉਦਾਸੀ ਦਾ ਨਾਂਅ ਬੋਲਿਆ ਗਿਆ ਤਾਂ ਤਾੜੀਆਂ ਦੇ ਸ਼ੋਰ ਨੇ ਉਸ ਦਾ ਸੁਆਗਤ ਕੀਤਾ। ਟਿੱਕੀ ਰਾਤ ਵਿਚ ਸੰਤ ਰਾਮ ਉਦਾਸੀ ਨੇ ਕੰਨ 'ਤੇ ਹੱਥ ਧਰਿਆ ਤੇ ਉਚੀ ਸੁਰ ਵਿਚ "ਤੂੰ ਮਜ਼ਦੂਰ ਤੇ ਤੇਰੀ ਵਿਥਿਆ ਵੀ ਮਜ਼ਦੂਰ ਹੈ....' ਨਾਂਅ ਦੀ ਕਲੀ ਗਾਉਣ



ਲੱਗ ਪਿਆ। ਹਜ਼ਾਰਾਂ ਦੇ ਇਕੱਠ ਵਿਚ ਸੁੰਨ ਵਰਤ ਗਈ। ਕਲੀ ਖਤਮ ਹੋਈ ਤਾਂ ਸਟੇਜ 'ਤੇ ਪੈਸਿਆਂ ਦਾ ਮੀਂਹ ਵਰ੍ਹ ਗਿਆ।

ਤਿੰਨ ਚਾਰ ਘੰਟੇ ਪ੍ਰੋਗਰਾਮ ਚੱਲਿਆ। ਗੁਰਸ਼ਰਨ ਭਾਅ ਜੀ ਨੇ ਦੋ ਨਾਟਕ ਖੇਡੇ ਤੇ ਉਦਾਸੀ ਨੇ ਕਈ ਗੀਤ ਗਾਏ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਕਮੇਟੀ ਦੇ ਕਹਿਣ 'ਤੇ ਜਦ ਮੈਂ ਸਟੇਜ 'ਤੇ ਇਕੱਤਰ ਹੋਏ ਪੈਸੇ ਸੰਤ ਰਾਮ ਉਦਾਸੀ ਨੂੰ ਦੇਣ ਲੱਗਿਆ ਤਾਂ ਉਹ ਮੇਰੇ ਮੂੰਹ ਵੇਖ ਕੇ ਹੱਸ ਪਿਆ, ਕਿਉਂਕਿ ਉਹ ਇਕੱਤਰ ਹੋਏ ਪੈਸਿਆਂ ਨੂੰ ਆਪ ਕਦੇ ਨਹੀਂ ਸੀ ਲੈਂਦਾ, ਉਸੇ ਕਮੇਟੀ ਨੂੰ ਦੇ ਦਿੰਦਾ ਸੀ ਅਤੇ ਆਪਣਾ ਕਰਾਇਆ ਵਸੂਲ ਲੈਂਦਾ ਸੀ। ਜਦ ਮੈਂ ਇਹ ਸਾਰੀ ਗੱਲ ਕਮੇਟੀ ਨੂੰ ਸਮਝਾਈ ਤਾਂ ਉਹ ਹੈਰਾਨ ਹੋ ਕੇ ਉਦਾਸੀ ਨੂੰ ਜੱਫੀਆਂ ਵਿਚ ਲੈਣ ਲੱਗੇ।

ਗਰਮੀਆਂ ਦੇ ਮੌਸਮ ਸਕੂਲ ਵਿਚ ਅੱਧੀ ਛੁੱਟੀ ਦਾ ਸਮਾਂ ਸੀ। ਅਸੀਂ ਅਧਿਆਪਕ ਸਾਥੀ ਦਰੱਖਤਾਂ ਦੀ ਛਾਂ ਹੇਠ ਕੁਰਸੀਆਂ ਉਪਰ ਬੈਠੇ ਗੱਲਾਂ ਕਰ ਰਹੇ ਸਾਂ ਤਾਂ ਗੇਟ ਵੜਦਿਆਂ ਹੀ ਖੁੱਲ੍ਹੀ ਗਰਾਉਂਡ ਵਿਚ ਉਦਾਸੀ ਆਉਂਦਾ ਨਜ਼ਰ ਪਿਆ। ਜਦ ਨੇੜੇ ਆਇਆ ਤਾਂ ਮੈਂ ਸੁਭਾਵਿਕ ਹੀ ਕਹਿ ਦਿੱਤਾ, "ਕੀ ਗੱਲ ਬੜਾ ਸੁਸਤ ਜਿਹਾ ਲਗਦੈਂ"। "ਨਹੀਂ, ਐਵੇਂ ਲਗਦਾ।" ਇਹ ਆਖਦਿਆਂ ਉਸ ਕੁਰਸੀ ਮੱਲ ਲਈ। ਥੋੜ੍ਹਾ ਸਮਾਂ ਬੈਠਣ ਤੋਂ ਬਾਅਦ ਅਸੀਂ ਦੂਸਰੇ ਸਾਥੀਆਂ ਤੋਂ ਵੱਖ ਹੋ ਕੇ ਬੈਠ ਗਏ। ਉਦਾਸੀ ਨੇ ਕੁਝ ਹੋਰ ਬੋਲਣ ਤੋਂ ਪਹਿਲਾਂ ਆਪਣੀ ਜੇਬ ਵਿਚ ਹੱਥ ਮਾਰਿਆ ਤੇ ਮੈਨੂੰ ਇਕ ਚਿੱਠੀ ਫੜਾਉਂਦਾ ਬੋਲਿਆ, "ਲੈ ਸੁਸਤ ਨਾ ਹੋਵਾਂ ਤਾਂ ਕੀ ਕਰਾਂ? ਪੜ੍ਹ, ਜੋ ਤਾਰੀਖ਼ ਲਿਖੀ ਹੈ, ਇਸ ਦਿਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸੰਤ ਮੱਖਣ ਸਿੰਘ ਨੇ ਰਾਤ ਨੂੰ ਮੇਰੇ ਘਰ ਠਹਿਰਨਾ ਹੈ।" ਮੈਂ ਚਿੱਠੀ ਪੜ੍ਹੀ ਤੇ ਉਸ ਨੂੰ ਵਾਪਸ ਕਰ ਦਿੱਤੀ। ਮਿੱਤਰ ਦੇ ਮਨ ਦੀ ਪੀੜਾ ਨੂੰ ਸਮਝ ਗਿਆ। ਇਕ ਪਾਸੇ ਉਹ ਇਨ੍ਹਾਂ ਦੇ ਦਿੱਤੇ ਸਤਿਕਾਰ ਨੂੰ ਸਮਝਦਾ ਸੀ ਤੇ ਦੂਸਰੇ ਪਾਸੇ ਉਸ ਨੂੰ ਰਾਤ ਠਹਿਰਣ ਲਈ ਆਪਣੇ ਘਰ ਦੀਆਂ ਮਜ਼ਬੂਰੀਆਂ ਨਜ਼ਰ ਆਉਂਦੀਆਂ ਸਨ। ਉਹ ਇਸ ਪੀੜਾ 'ਚੋਂ ਨਿਕਲਣ ਲਈ ਹੀ ਮੇਰੇ ਪਾਸ ਆਇਆ ਸੀ। ਮੈਂ ਸਾਰੀ ਗੱਲ ਨੂੰ ਸਮਝਦਿਆਂ ਆਖਿਆ, "ਇਹ ਮਨ ਤੇ ਬੋਝ ਪਾਉਣ ਵਾਲੀ ਕਿਹੜੀ ਗੱਲ ਹੈ? ਤੈਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ, ਉਹ ਤੇਰੀ ਕਵਿਤਾ ਦੇ ਸਤਿਕਾਰ ਵਿਚ ਤੇਰੇ ਘਰ ਆ ਰਹੇ ਹਨ। ਆਪਾਂ ਤੇਰੀ ਮਜ਼ਬੂਰੀ ਦਾ ਹੱਲ ਕੱਢ ਲੈਂਦੇ ਆਂ?" ਕੁਝ ਮਿੰਟਾਂ ਵਿਚ ਅਸੀਂ ਇਹ ਫੈਸਲਾ ਲਿਆ ਕਿ ਉਸ ਰਾਤ ਮੈਂ (ਜਰਨੈਲ ਅੱਚਰਵਾਲ) ਤੇ ਮਾਸਟਰ ਹਰਬੰਤ ਸਿੰਘ ਫੇਰੂਰਾਈਂ ਵੀ ਉਦਾਸੀ ਦੇ ਘਰ ਰਾਏਸਰ ਹੀ ਠਹਿਰਾਂਗੇ। ਉਦਾਸੀ ਨੂੰ ਸਾਰੀ ਸਕੀਮ ਜਚ ਗਈ ਤੇ ਉਹ ਆਪਣਾ ਮਨ ਹੌਲਾ ਕਰਕੇ ਵਾਪਸ ਮੁੜ ਗਿਆ।

ਤਕਰੀਬਨ 3-4 ਦਿਨ ਬਾਅਦ ਸੰਤ ਰਾਮ ਉਦਾਸੀ ਫੇਰ ਉਸੇ ਸਮੇਂ ਮੇਰੇ ਸਕੂਲ ਮੂਮ ਪਹੁੰਚ ਗਿਆ, ਪਰ ਅੱਜ ਉਸ ਦੇ ਚਿਹਰੇ 'ਤੇ ਪਹਿਲੀ ਉਦਾਸੀ ਨਹੀਂ ਸੀ। ਉਹ ਹੱਸਦਾ ਹੋਇਆ ਸਾਡੇ ਵਲ ਵੱਧ ਰਿਹਾ ਸੀ। ਸਟਾਫ਼ ਦਾ ਇਕ ਸਾਥੀ ਉਦਾਸੀ ਨੂੰ ਬੋਲਿਆ, "ਅੱਜ ਬਣੀ ਨਾ ਗੱਲ? ਉਸ ਦਿਨ ਤਾਂ ਤੂੰ ਉਦਾਸ ਲੱਗ ਰਿਹਾ ਸੀ।" "ਹਾਂ" ਆਖਦਿਆਂ ਉਸ ਨੇ ਸਾਰਿਆਂ ਨਾਲ ਹੱਥ ਮਿਲਿਆ ਤੇ ਅਸੀਂ ਫੇਰ ਵੱਖ ਹੋ ਕੇ ਬੈਠ ਗਏ। ਉਦਾਸੀ ਨੇ ਫੇਰ ਪਹਿਲੇ ਦਿਨ ਦੀ ਤਰ੍ਹਾਂ ਜੇਬ ਵਿਚੋਂ ਚਿੱਠੀ ਕੱਢ ਕੇ ਮੇਰੇ ਵੱਲ ਵਧਾ ਦਿੱਤੀ। ਇਹ ਚਿੱਠੀ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸੀ ਜਿਸ ਵਿਚ ਉਦਾਸੀ ਦੇ ਘਰ ਰਾਤ ਠਹਿਰਨ ਦਾ ਪ੍ਰੋਗਰਾਮ ਕੋਈ ਜ਼ਰੂਰੀ ਕੰਮ ਹੋਣ ਕਾਰਨ ਕੈਂਸਲ ਕਰਨਾ ਪਿਆ ਸੀ।

1975 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਾਗੂ ਕਰਕੇ ਸਭ ਵਿਰੋਧੀ ਪਾਰਟੀਆਂ ਦੇ ਲੀਡਰਾਂ ਤੇ ਪ੍ਰਭਾਵਸ਼ਾਲੀ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ। ਉਦਾਸੀ ਵੀ ਜੇਲ੍ਹ ਬੰਦ ਸੀ। ਜੇਲ੍ਹ ਸਮੇਂ ਹੀ ਉਸ ਨੇ ਖ਼ੁੱਲ੍ਹੀਆਂ ਕਵਿਤਾਵਾਂ ਦੀ ਕਿਤਾਬ 'ਚੰਨੁਕਰੀਆਂ ਸੀਖਾਂ' ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੀਤ ਲਿਖੇ। ਜੇਲ੍ਹ ਅੰਦਰ ਉਹ ਵਜੂਦ ਵਿਚ ਆਇਆ ਆਪਣੇ ਗੀਤਾਂ ਨੂੰ ਕੰਨ 'ਤੇ ਹੱਥ ਕਰਕੇ ਛੂਹ ਬਹਿੰਦਾ। ਉਸ ਦੀ ਉਚੀ ਤੇ ਮਿੱਠੀ ਆਵਾਜ਼ ਉੱਡਦੇ ਪੰਛੀਆਂ ਨੂੰ ਵੀ ਰੋਕ ਲੈਂਦੀ। ਬੈਰਕਾਂ ਦੇ ਸਿਆਸੀ ਕੈਦੀ ਆਵਾਜ਼ ਸੁਣ ਕੇ ਸੀਖਾਂ ਨਾਲ ਆ ਲਗਦੇ। ਜਦ ਗੀਤ ਮੁੱਕ ਜਾਂਦਾ ਤਾਂ ਕੈਦੀ "ਉਦਾਸੀ, ਇਕ ਗੀਤ ਹੋਰ, ਇਕ ਗੀਤ ਹੋਰ" ਦੀਆਂ ਆਵਾਜ਼ਾਂ ਦਿੰਦੇ। ਉਦਾਸੀ ਦੀ ਆਵਾਜ਼ ਜੇਲ੍ਹ ਦੀ ਫਿਜ਼ਾ ਅੰਦਰ ਫੇਰ ਰੰਗ ਬੰਨ੍ਹ ਦਿੰਦੀ। ਜੇਲ੍ਹਾਂ ਅੰਦਰ ਜ਼ਿਆਦਾ ਲੀਡਰ ਤੇ ਵਰਕਰ ਅਕਾਲੀ ਦਲ ਦੇ ਸਨ, ਜਿਨ੍ਹਾਂ ਦੀ ਮੰਗ ਧਾਰਮਿਕ ਪ੍ਰਸੰਗ ਦੇ ਗੀਤ ਸੁਣਨ ਦੀ ਹੁੰਦੀ। ਇਸ ਸਮੇਂ ਤੋਂ ਅਕਾਲੀ ਲੀਡਰ ਸੰਤ ਰਾਮ ਉਦਾਸੀ ਦਾ ਬਹੁਤ ਸਤਿਕਾਰ ਕਰਨ ਲੱਗ ਗਏ। ਉਸ ਨੂੰ ਪੰਜਾਬ ਤੋਂ ਬਾਹਰ ਦੂਰ ਦੂਰ ਧਾਰਮਿਕ ਦਿਨਾਂ 'ਤੇ ਬੁਲਾਇਆ ਜਾਣ ਲੱਗ ਪਿਆ। ਨਿਪਾਲ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਇਕ ਕਾਲਜ ਦਾ ਨੀਂਹ ਪੱਥਰ ਰਖਵਾਇਆ ਸੀ। ਇਸ ਮੌਕੇ ਸੰਤ ਰਾਮ ਉਦਾਸੀ ਨੂੰ ਵੀ ਬੁਲਾਇਆ ਗਿਆ ਸੀ। ਇਸ ਨੇੜਤਾ ਕਾਰਨ ਹੀ ਸੰਤ ਲੌਂਗੋਵਾਲ ਨੇ ਉਦਾਸੀ ਦੇ ਘਰ ਰਾਤ ਠਹਿਰਨ ਲਈ ਚਿੱਠੀ ਲਿਖੀ ਸੀ।

905-499-4766

# ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।

ਬਲਜਿੰਦਰ ਸਿੰਘ ਵੜੈਚ

ਹਰ ਕੋਈ ਜਾਣਦਾ ਹੈ ਕਿ ਕ੍ਰਾਂਤੀਕਾਰੀ ਸ਼ਬਦ ਆਪਣੇ-ਆਪ ਵਿਚ ਬੜਾ ਵਿਸ਼ਾਲ ਅਤੇ ਅਥਾਹ ਭਾਵ ਰੱਖਦਾ ਹੈ ਪਰ ਜਦੋਂ ਕਦੇ ਇਹ ਸ਼ਬਦ ਕਿਸੇ ਜੀਵ ਆਤਮਾ ਨਾਲ ਜਾ ਰਲੇ ਤਾਂ ਇਹ ਭਵਸਾਗਰ ਬਣ ਜਾਂਦਾ ਹੈ। ਕੁਝ ਸਮਾਂ ਪਹਿਲਾਂ ਭਾਰਤ ਦੀ ਧਰਤੀ ਤੇ ਏਸੇ ਭਵਸਾਗਰ ਵਿਚੋਂ ਕ੍ਰਾਂਤੀ ਦੀ ਇਕ ਲਹਿਰ ਪੈਦਾ ਹੋਈ, ਜਿਸ ਨੂੰ ਲੋਕਾਂ ਨੇ ਸੰਤ ਰਾਮ ਉਦਾਸੀ ਦੇ ਨਾਂ ਨਾਲ ਸੱਦਿਆ। ਜੇ ਇਸ ਨਾਂ ਨੂੰ ਥੋੜ੍ਹਾ ਗਹੁ ਨਾਲ ਵਾਚੀਏ ਤਾਂ ਤਿੰਨੋਂ ਸ਼ਬਦ ਦੀ ਪੈਗੰਬਰੀ ਅਰਥ ਰੱਖਦੇ ਹਨ। ਸੰਤ ਰਾਮ ਉਦਾਸੀ ਜੋ ਕਿਸੇ ਦੀ ਜ਼ੁਬਾਨ 'ਚੋਂ ਨਿਕਲਿਆ ਤਾਂ ਇਹ ਇਕੱਠਾ ਹੀ ਨਿਕਲਿਆ। ਕਿਸੇ ਵੀ ਜ਼ੁਬਾਨ ਨੇ ਕਦੇ ਇਨ੍ਹਾਂ ਸ਼ਬਦਾਂ ਨੂੰ ਤੋੜ ਮਰੋੜ ਕੇ ਨਹੀਂ ਉਚਾਰਿਆ। ਜਿਸ ਸਖ਼ਸ਼ ਦਾ ਨਾਂ ਐਨੀ ਸ਼ਕਤੀ ਰੱਖਦਾ ਹੋਵੇ, ਉਹ ਸਾਧਾਰਨ ਆਦਮੀ ਨਹੀਂ ਸਗੋਂ ਇਕ ਅਦੁੱਤੀ ਆਤਮਾ ਹੋ ਨਿਬੜਦੀ ਹੈ। ਸੰਤ ਰਾਮ ਉਦਾਸੀ ਆਪਣੇ ਸਮੇਂ ਦਾ ਉਹ ਕਵੀ ਅਤੇ ਸ਼ਾਇਰ ਸੀ ਕਿ ਜਦੋਂ ਵੀ ਉਸਦੀ ਜ਼ੁਬਾਨ ਨੇ ਕੁਝ ਉਗਲਿਆ ਤਾਂ ਉਹ ਕ੍ਰਾਂਤੀਕਾਰੀ ਵਲਵਲਾ ਹੀ ਉਪਜਿਆ। ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ ਇਸ ਕ੍ਰਾਂਤੀਕਾਰੀ ਜੁਗਨੂੰ ਨੇ ਕਦੇ ਦਿਨ ਰਾਤ ਨਾ ਦੇਖਦੇ ਹੋਏ ਕਿਸੇ ਦੀ ਕੋਈ ਪ੍ਰਵਾਹ ਨਾ ਕੀਤੀ।

ਗੁਲਾਮ ਹੋਈ ਇਸ ਧਰਤੀ ਤੇ ਇਹ ਯੋਧਾ ਕ੍ਰਾਂਤੀ ਦੇ ਰਾਗ ਅਲਾਪਦਾ ਹੋਇਆ ਅੱਗੇ ਹੀ ਤੁਰਦਾ ਗਿਆ। ਇਸ ਨੇ ਗੁਲਾਮੀ ਦੀਆਂ ਹਨੇਰੀਆਂ ਰਾਤਾਂ ਨੂੰ ਸਦਾ ਹੀ ਆਪਣੀਆਂ ਰਚਨਾਵਾਂ ਨਾਲ ਰੋਸ਼ਨਾਈ ਰੱਖਿਆ। ਆਪਣੇ ਪਹਿਲੇ ਸਾਹ ਤੋਂ ਲੈ ਕੇ ਆਖਰੀ ਦਮ ਤੱਕ ਆਜ਼ਾਦੀ ਦੇ ਸੁਪਨੇ ਦੇਖਣ ਵਾਲਾ ਇਹ ਤੂਫ਼ਾਨ "ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵੇਹੜੇ।" ਦਾ ਸੁਨੇਹਾ ਦਿੰਦਾ ਹੋਇਆ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਕਹਿਣ ਨੂੰ ਤਾਂ ਭਾਵੇਂ ਇਹ ਕ੍ਰਾਂਤੀਕਾਰੀ ਸ਼ਾਇਰ ਸਾਡੇ ਵਿਚ ਨਹੀਂ ਰਿਹਾ ਪਰ ਇਸ ਦੀਆਂ ਸ਼ਬਦ ਰੂਪੀ ਧੁਨਾਂ ਅੱਜ ਵੀ ਕ੍ਰਾਂਤੀ ਦੇ ਸ਼ੋਲੇ ਗਾ ਰਹੀਆਂ ਹਨ।

+91-92167-29598

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST / Payrolls / ROE
WCB Returns
Tax Planning & Advisory Services
Weekends/Evenings Services also available.
Tel: 403-561-9011
Tel: 403-479-4220
Pandher_2004@yahoo.com or singhh73@gmail.com

# ਨਵੇਂ ਗ਼ਦਰ ਦੀ ਮਸ਼ਾਲ ਜਗਾਉਣ ਦਾ ਹੋਕਾ ਦੇ ਗਿਆ

- ਸਰਘੀ ਵੇਲੇ ਸੰਪਨ ਹੋਇਆ ਮੇਲਾ ਗ਼ਦਰੀ ਬਾਬਿਆਂ ਦਾ
- ਵਿਚਾਰ-ਚਰਚਾ, ਨਾਟਕ, ਗੀਤ-ਸੰਗੀਤ, ਪੁਸਤਕ ਸਭਿਆਚਾਰ ਦੀ ਨਵੀਂ ਰੀਤ ਪਾ ਗਿਆ ਮੇਲਾ
- ਪੰਜਾਬ ਦੀ ਜੁਆਨੀ ਦਾ ਮੇਲੇ 'ਚ ਆਇਆ ਹੜ੍ਹ, ਮੇਲੇ ਦਾ ਵਿਲੱਖਣ ਰੰਗ




ਜਲੰਧਰ (ਅਮੋਲਕ ਸਿੰਘ) : ਪੰਜਾਬ ਦੀ ਜੁਆਨੀ ਦਾ ਹੜ੍ਹ, ਬੁੱਧੀਜੀਵੀਆਂ ਵੱਲੋਂ ਆਰਥਕ-ਸਮਾਜਕ ਸਰੋਕਾਰਾਂ ਉਪਰ ਨਵੀਆਂ ਸੈਨਤਾਂ ਕਰਦੀ ਵਿਚਾਰ-ਚਰਚਾ, ਨਾਟਕਾਂ ਅਤੇ ਗੀਤਾਂ ਭਰੀ ਰਾਤ ਨੂੰ ਖਚਾਖਚ ਭਰੇ ਪੰਡਾਲ ਦਾ ਖੜ੍ਹੇ ਹੋ ਕੇ ਸਲਾਮ ਕਰਨਾ, ਮਠਿਆਈਆਂ ਵਾਂਗ ਪੁਸਤਕਾਂ ਲਿਜਾਣ ਦਾ ਡੁੱਲ੍ਹ ਡੁੱਲ੍ਹ ਪੈਂਦਾ ਚਾਅ ਅਤੇ ਲੋਕਾਂ ਦੇ ਮੱਥਿਆਂ ਅੰਦਰ ਬਲੀ ਨਵੀਂ ਜਵਾਲਾ ਦੀ ਲੋਅ ਦਾ ਰੰਗ ਅੱਜ ਸਰਘੀ ਵੇਲੇ ਨੇਪਰੇ ਚੜ੍ਹੇ ਮੇਲੇ ਤੋਂ ਵਿਛੜਦੇ ਲੋਕਾਂ ਵਿੱਚ ਨਵਾਂ ਜੋਸ਼, ਨਵੇਂ ਸੁਪਨੇ, ਨਵੇਂ ਆਦਰਸ਼ ਲੈ ਕੇ ਜਾਣ ਦੀ ਗਵਾਹੀ ਦੇ ਰਿਹਾ ਸੀ। ਪੂਰੇ ਜਲੌਅ ਨਾਲ ਗ਼ਦਰੀ ਮੇਲੇ ਦੀਆਂ ਸਿਖਰਾਂ ਸਮੇਂ ਸਾਰੀ ਰਾਤ ਦੇਸ਼ ਭਗਤ ਹਾਲ 'ਚ ਗ਼ਦਰੀ ਗੂੰਜਾਂ ਦੀ ਗੂੰਜ ਪੈਂਦੀ ਰਹੀ।






ਡਾ. ਕਮਲ ਨੈਣ ਕਾਬਰਾ, ਉੱਘੇ ਅਰਥ ਸ਼ਾਸਤਰੀ, ਸਾਬਕਾ ਪ੍ਰੋਫੈਸਰ, ਇੰਡੀਅਨ ਇਨਸਟੀਚਿਊਟ ਆਫ਼ ਪਬਲਿਕ ਐਡਮਿਨਸਟਰੇਸ਼ਨ, ਨਵੀਂ ਦਿੱਲੀ, 'ਨਵ-ਉਦਾਰਵਾਦੀ ਨੀਤੀਆਂ, ਮਿਹਨਤਕਸ਼ ਲੋਕ ਅਤੇ ਜਮਹੂਰੀ ਹੱਕ' ਵਿਸ਼ੇ 'ਤੇ ਕੁੰਜੀਵਤ ਭਾਸ਼ਣ ਦਿੱਤਾ। ਮੇਲੇ 'ਚ ਬੌਧਿਕ ਵਿਚਾਰ-ਚਰਚਾ ਦੀ ਇਹ ਨਿਵੇਕਲੀ ਵੰਨਗੀ ਸਮੇਂ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਨੱਕੋ-ਨੱਕ ਭਰਿਆ ਹੋਇਆ ਸੀ। ਡਾਕਟਰ ਕਮਲ ਨੈਣ ਨੇ ਇਨ੍ਹਾਂ ਨੀਤੀਆਂ ਦੇ ਲੋਕ-ਉਜਾੜੇ ਦੇ ਅਨੇਕਾਂ ਪੱਖਾਂ ਨੂੰ ਉਗਾੜਿਆ ਅਤੇ ਰੁਜ਼ਗਾਰ ਖੋਹਦਿਆਂ ਇਨ੍ਹਾਂ ਨੀਤੀਆਂ ਨੂੰ ਠੱਲ੍ਹ ਪਾਉਣ ਲਈ ਬੁੱਧੀਜੀਵੀਆਂ ਨੂੰ ਆਪਣੀ ਭੂਮਿਕਾ ਅਦਾ ਕਰਨ 'ਤੇ ਜ਼ੋਰ ਦਿੱਤਾ। ਡਾ. ਪਰਮਿੰਦਰ, ਅਜਮੇਰ ਸਿੰਘ, ਜਗਰੂਪ ਅਤੇ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਅਤੇ ਡਾ. ਪਰਮਿੰਦਰ ਦੀ ਮੰਚ ਸੰਚਾਲਨਾ 'ਚ ਹੋਈ ਇਸ ਵਿਚਾਰ ਚਰਚਾ ਦੀ ਸਿਖ਼ਰ 'ਤੇ ਪ੍ਰਧਾਨਗੀ ਮੰਡਲ ਤਰਫ਼ੋਂ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਮੇਲੇ ਵਿੱਚ ਵਿਦਵਾਨਾਂ ਵੱਲੋਂ ਕੀਤੀ ਇਸ ਵਿਚਾਰ-ਚਰਚਾ ਦੇ ਸਾਰਥਕਤਾ ਦੇ ਪੱਖ ਨੂੰ ਛੋਹਿਆ।

ਜਾਣੇ ਪਹਿਚਾਣੇ ਨਾਟਕਕਾਰ ਡਾ. ਸਵਰਾਜਬੀਰ ਦੀ ਰਚਨਾ ਅਤੇ ਸਿਰਮੌਰ ਨਿਰਦੇਸ਼ਕ ਕੇਵਲ ਧਾਲੀਵਾਲ ਦੁਆਰਾ ਨਿਰਦੇਸ਼ਤ ਨਾਟਕ 'ਪੁਲ ਸੀਰਾਤ', 1947 'ਚ ਮੁਲਕ ਦੀ ਹਿਰਦੇਵੇਦਕ ਵੰਡ, 1984 ਦੇ ਖ਼ੂਨੀ ਸਾਕੇ, ਨਿੱਕੀਆਂ ਜੰਗਾਂ, ਫ਼ਿਰਕੂ ਫਾਸੀ ਹੱਲਿਆਂ ਵਿੱਚ ਸਾੜੀ, ਲੁੱਟੀ-ਪੁੱਟੀ ਜਾਣ ਵਾਲੀ ਔਰਤ ਦੀ ਕਾਲਜੇ ਰੁੱਗ ਭਰਦੀ ਦਾਸਤਾਨ ਦੇਖਕੇ ਹਰ ਦਰਸ਼ਕ ਦੀ ਅੱਖ 'ਚ ਅੱਗ ਦੇ ਹੰਝੂ ਸੁਆਲੀਆ ਚਿੰਨ ਬਣ ਬਣ ਧਰਤੀ 'ਤੇ ਡਿਗੇ।

ਕਲਾ ਦੇ ਕਦਰਦਾਨ ਦਰਸ਼ਕਾਂ ਨੇ ਖੜ੍ਹੇ ਹੋ ਕੇ ਤਾੜੀਆਂ, ਨਾਅਰਿਆਂ ਦੀ ਗੂੰਜ ਨਾਲ ਕਲਾ ਦੀ ਦਾਦ ਦਿੱਤੀ। ਇੱਕ ਮਾਂ ਦੇ ਟੋਟੇ ਕਰਨ ਵਾਲਿਆਂ, ਔਰਤਾਂ ਦੇ ਉਧਾਲੇ ਕਰਕੇ ਜਬਰੀ ਘਰਾਂ 'ਚ ਰੱਖਣ ਵਾਲਿਆਂ ਵੱਲੋਂ ਸ਼ਰਮ ਹਯਾ ਦੇ ਪਰਦੇ ਲਾਹਕੇ ਕੀਤੇ ਕਾਰਿਆਂ ਦੀ ਕਹਾਣੀ ਨੇ ਸਭ ਦੇ ਲੂੰ ਕੰਡੇ ਖੜ੍ਹੇ ਕਰ ਦਿੱਤੇ।

ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ ਸੰਗੀਤ ਨਾਟ 'ਸ਼ਹੀਦੀ ਖੂਹ ਦੀ ਆਵਾਜ਼' ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਨੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ 'ਚ ਅਜੇਹੇ ਪ੍ਰਭਾਵਸ਼ਾਲੀ ਅੰਦਾਜ਼ 'ਚ ਪੇਸ਼ ਕੀਤਾ ਕਿ 1857 ਦੇ ਬਾਗ਼ੀ ਫੌਜੀਆਂ ਦੀ ਕਹਾਣੀ ਪੇਸ਼ ਕਰਨ ਅਤੇ ਧਰਮ ਦੇ ਅਜੋਕੇ ਠੇਕੇਦਾਰਾਂ ਦੀ ਫ਼ਿਰਕੂ ਸੋਚ ਨੂੰ ਲੰਗਾਰ ਕਰਨ 'ਚ ਸਫ਼ਲ ਰਿਹਾ।

ਡਾ. ਸਾਹਿਬ ਸਿੰਘ ਦੀ ਰਚਨਾ ਉਹਨਾਂ ਦੀ ਹੀ ਨਿਰਦੇਸ਼ਨਾ 'ਚ 'ਆ ਗਲਵੱਕੜੀ ਪਾ ਸੱਜਣਾ' ਨੇ ਕਿਰਤੀਆਂ, ਕਿਸਾਨਾਂ, ਬੁੱਧੀਜੀਵੀਆਂ ਅਤੇ ਘਰਾਂ ਦੀਆਂ ਮਜ਼ਬੂਰੀਆਂ ਮਾਰੇ ਮਜ਼ਬੂਰੀ ਵਸ ਪੁਲਸ 'ਚ ਭਰਤੀ ਹੋਏ ਮੁਲਾਜ਼ਮਾਂ ਅੰਦਰ ਉਠ ਰਹੀ ਆਪੋ ਵਿੱਚ ਗਲਵੱਕੜੀ ਪਾ ਕੇ ਨਵੀਂ ਗ਼ਦਰੀ ਕਵਿਤਾ ਲਿਖਣ ਦੀ ਤਾਂਘ ਦਾ ਬਾਖ਼ੂਬੀ ਚਿਤਰਣ ਕੀਤਾ।

ਵਿਸ਼ਵ ਪ੍ਰਸਿੱਧ ਨਾਵਲ 'ਮਾਂ' 'ਤੇ ਅਧਾਰਤ ਕੇਵਲ ਧਾਲੀਵਾਲ ਦੁਆਰਾ ਲਿਖਿਆ ਨਾਟਕੀ ਰੂਪ, ਸੰਗੀਤਾ ਗੁਪਤਾ ਅਤੇ ਜਗਦੀਸ਼ ਤਿਵਾੜੀ ਦੀ ਨਿਰਦੇਸ਼ਨਾ 'ਚ ਰੂਪਕ ਕਲਾ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਨਾਟਕ 'ਮਾਂ' ਖੇਡਿਆ ਗਿਆ ਜਿਹੜਾ ਇਕ ਮਾਂ ਦੇ ਵਿਚਾਰਾਂ 'ਚ ਆਈ ਕਰਾਂਤੀਕਾਰੀ ਤਬਦੀਲੀ ਦਾ ਚਿੰਨ੍ਹ ਹੈ, ਜਿਹੜੀ ਆਪਣੇ ਪੁੱਤ ਪਵੇਲ ਅਤੇ ਸਾਥੀਆਂ ਦੀ ਸੰਗਰਾਮੀ ਜੀਵਨੀ ਵਿੱਚੋਂ ਇਨਕਲਾਬ ਦੀ ਮਸ਼ਾਲ ਉਠਾਉਣ ਦਾ ਅਹਿਦ ਕਰਦੀ ਹੈ।

ਇਸ ਰਾਤ ਦੇਸ਼ ਭਗਤ ਯਾਦਗਾਰ ਕਮੇਟੀ ਵਲੋਂ ਮੰਗਤ ਰਾਮ ਪਾਸਲਾ, ਜਗਰੂਪ ਅਤੇ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਜ਼ੋਰ ਦਿੱਤਾ ਕਿ ਅਜੋਕੇ ਸਮੇਂ ਦੀਆਂ ਲੋਕ-ਸਮੱਸਿਆਵਾਂ ਦੀ ਨਬਜ਼ ਫੜਕੇ, ਸਮਾਜ ਨੂੰ ਚਿੰਬੜੀ ਮਰਜ ਦਾ ਇਲਾਜ ਕਰਨਾ ਹੀ ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇ ਗੰਢ ਦੀ ਸਫ਼ਲਤਾ ਦਾ ਪ੍ਰਮਾਣ ਹੈ।

ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਦੇਸ਼ ਭਗਤ ਕਮੇਟੀ ਤਰਫ਼ੋਂ ਤਿੰਨ ਮਤੇ ਪੇਸ਼ ਕੀਤੇ। ਨੱਕੋ ਨੱਕ ਭਰੇ ਸ਼ਹੀਦ ਭਗਤ ਸਿੰਘ ਸਟੇਡੀਅਮ ਨੇ ਦੋਵੇਂ ਹੱਥ ਖੜ੍ਹੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

ਮਤਿਆਂ 'ਚ ਮੰਗ ਕੀਤੀ ਗਈ ਕਿ ਅਜਨਾਲੇ ਦੇ ਸ਼ਹੀਦੀ ਖੂਹ 'ਤੇ ਯਾਦਗਾਰ ਬਣਾਈ ਜਾਏ। ਸ਼ਹੀਦਾਂ ਦੀ ਸੂਚੀ ਹਾਸਲ ਕੀਤੀ ਜਾਵੇ, ਸ਼ਹੀਦੀ ਯਾਦਗਾਰ ਨੂੰ ਜਾਂਦਾ ਰਾਹ ਚੌੜਾ ਕੀਤਾ ਜਾਵੇ। ਅਸਥੀਆਂ ਦੀ ਸਨਮਾਨਯੋਗ ਢੰਗ ਨਾਲ ਸਾਂਭ ਸੰਭਾਲ ਕੀਤੀ ਜਾਏ।

ਦੂਜੇ ਮਤੇ 'ਚ ਮੰਗ ਕੀਤੀ ਗਈ ਕਿ ਕਾਮਾਗਾਟਾ ਮਾਰੂ ਸਾਕੇ ਦੇ ਮਹਾਂ ਨਾਇਕ ਅਤੇ ਗ਼ਦਰ ਪਾਰਟੀ ਦੀ ਨਾਮਵਰ ਹਸਤੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੇ ਬੁੱਤ ਦੀ ਤਿੰਨ ਵਾਰ ਭੰਨ ਤੋੜ ਕਰਕੇ ਬੇਅਦਬੀ ਕਰਨ ਵਾਲੇ ਸਮਾਜ-ਵਿਰੋਧੀ ਤੱਤਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ।

ਤੀਜੇ ਮਤੇ 'ਚ ਕਿਹਾ ਗਿਆ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਫ਼ਿਰੋਜ਼ਪੁਰ ਸ਼ਹਿਰ ਦੀ ਜਿਸ ਇਮਾਰਤ ਵਿੱਚ ਮੀਟਿੰਗਾਂ ਕਰਿਆ ਕਰਦੇ ਸਨ ਉਸਦੀ ਸਨਾਖ਼ਤ ਹੋ ਗਈ ਹੈ। ਉਸ ਥਾਂ ਨੂੰ ਤੁਰੰਤ ਯਾਦਗਾਰ ਬਣਾਇਆ ਜਾਵੇ।

ਇਸ ਰਾਤ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਅਮਰਜੀਤ ਪ੍ਰਦੇਸੀ-ਸਵਰਨ ਰਸੂਲਪੁਰੀ, ਜੁਗਰਾਜ ਧੌਲਾ ਅਤੇ ਨਵਦੀਪ ਧੌਲਾ, ਕੰਵਰ ਬਹਾਰ, ਅੰਮ੍ਰਿਤਪਾਲ ਬਠਿੰਡਾ, ਵਿਕਟਰ, ਗੁਰਪ੍ਰੀਤ ਚੰਡੀਗੜ੍ਹ, ਦਸਤਕ ਬੈਂਡ, ਪ੍ਰੋ. ਦਵਿੰਦਰ ਸਿੰਘ ਨੇ ਗੀਤਾਂ ਦੀਆਂ ਉਹ ਸੁਰਾਂ ਛੇੜੀਆਂ ਕਿ ਸਾਰੀ ਰਾਤ ਫ਼ਿਜ਼ਾਂ 'ਚ ਸੰਗੀਤ ਦੀ ਰੌਸ਼ਨੀ ਖਿੜੀ ਰਹੀ।

ਨੌਰਾ ਰਿਚਰਡ ਕਲਾ ਮੰਚ ਦੀਨਾ ਨਗਰ, ਰੁਜ਼ਗਾਰ ਪ੍ਰਾਪਤੀ ਸਭਿਆਚਾਰਕ ਮੰਚ ਮੋਗਾ ਵੱਲੋਂ 'ਇਹ ਕੇਹੀ ਰੁੱਤ ਆਈ ਵੇ ਲਾਲੋ', 'ਸ਼ੂਦਰ', 'ਕਾਮਾਗਾਟਾ ਮਾਰੂ', 'ਕੁਰਸੀ ਤੇ ਲੋਕ', ਕੋਰਿਓਗਰਾਫ਼ੀਆਂ ਪੇਸ਼ ਕੀਤੀਆਂ ਗਈਆਂ।

ਨਾਟਕਾਂ ਅਤੇ ਗੀਤਾਂ ਭਰੀ ਇਸ ਰਾਤ ਦਾ ਮੰਚ ਸੰਚਾਲਨ ਅਮੋਲਕ ਸਿੰਘ ਅਤੇ ਗੁਰਮੀਤ ਨੇ ਕੀਤਾ।

ਗ਼ਦਰੀ ਮੇਲੇ 'ਤੇ 12 ਲੱਖ ਦਾ ਸਾਹਿਤ ਵਿਕਿਆ:

ਗ਼ਦਰੀ ਬਾਬਿਆਂ ਦੇ ਤਿੰਨ ਰੋਜ਼ਾ ਮੇਲੇ 'ਚ 92 ਬੁੱਕ ਸਟਾਲਾਂ ਲੱਗੀਆਂ। ਬੁੱਕ ਸਟਾਲਾਂ ਤੋਂ ਕੀਤੇ ਸਰਵੇ ਮੁਤਾਬਕ ਗ਼ਦਰੀ ਮੇਲੇ 'ਚ 12 ਲੱਖ ਦੀਆਂ ਪੁਸਤਕਾਂ ਲੈ ਕੇ ਗਏ ਲੋਕ। ਪੰਜਾਬ ਤੋਂ ਬਾਹਰੋਂ ਦਾਨਿਸ਼ ਪਬਲੀਕੇਸ਼ਨ ਦਿੱਲੀ, ਸੇਤੂ ਪ੍ਰਕਾਸ਼ਨ ਦਿੱਲੀ, ਇਕਲੱਵਿਆ ਜੰਮੂ, ਆਕਾਰ ਪ੍ਰਕਾਸ਼ਨ ਪੰਚਕੂਲਾ, ਮਾਰਕਸਿਸਟ ਪ੍ਰਕਾਸ਼ਨ ਵਿਜੈਵਾੜਾ ਤੋਂ ਇਲਾਵਾ ਦੇਸ਼ ਭਗਤ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਯੂਨੀਸਟਾਰ, ਚੇਤਨਾ ਪ੍ਰਕਾਸ਼ਨ, ਸੰਗਮ ਪਬਲੀਕੇਸ਼ਨ, ਤਰਕਭਾਰਤੀ ਪ੍ਰਕਾਸ਼ਨ ਬਰਨਾਲਾ, ਪੰਜ ਆਬ ਪ੍ਰਕਾਸ਼ਨ ਜਲੰਧਰ, ਪੀਪਲਜ਼ ਫੋਰਮ, ਦਿਲਦੀਪ ਪ੍ਰਕਾਸ਼ਨ ਆਦਿ ਤੋਂ ਇਲਾਵਾ 'ਹਵਾ ਵਿੱਚ ਮੋਮਬੱਤੀਆਂ' ਦਸਤਾਵੇਜ਼ੀ ਫ਼ਿਲਮ ਸਮੇਤ ਕਿੰਨੀਆਂ ਹੀ ਆਡੀਓ/ਵੀਡੀਓ ਸੀਡੀਜ਼ ਰੱਖੀਆਂ ਗਈਆਂ।

ਮਾਰਕਸੀ ਚਿੰਤਨ, ਕਰਾਂਤੀਵਾਰ ਸਾਹਿਤ, ਤਰਕਸ਼ੀਲ ਸਾਹਿਤ, ਇਤਿਹਾਸ, ਜੀਵਨੀਆਂ ਸਮੇਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦੇਸ਼ ਭਗਤ ਪ੍ਰਕਾਸ਼ਨ ਵੱਲੋਂ ਦੋ ਨਵੀਆਂ ਪੁਸਤਕਾਂ ਗ਼ਦਰੀ ਬਾਬਾ ਜਵਾਲਾ ਸਿੰਘ ਜੀਵਨ ਅਤੇ ਲਿਖਤਾਂ (ਲੇਖਕ: ਚੰਰੰਜੀ ਲਾਲ ਕੰਗਣੀਵਾਲ), ਝੰਡੇ ਦੇ ਗੀਤ (ਲੇਖਕ: ਅਮੋਲਕ ਸਿੰਘ) ਦੀਆਂ ਪੁਸਤਕਾਂ ਦੇ ਨਵੇਂ ਟਾਈਟਲ ਵੀ ਮੇਲੇ 'ਚ ਰੀਲੀਜ਼ ਕੀਤੇ ਗਏ।

**ਖਿੱਚ ਭਰਪੂਰ ਝਲਕੀਆਂ**

- ਮੇਲੇ 'ਚ ਜਿਥੇ 150 ਤੋਂ ਵੱਧ ਕਲਾਕਾਰ ਦੁਆਰਾ ਅਮੋਲਕ ਦੇ ਲਿਖੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਪੇਸ਼ 'ਝੰਡੇ ਦੇ ਗੀਤ' ਨੇ ਝੰਡੇ ਗੱਡੇ। ਉਥੇ ਇੱਕ ਤੋਂ ਵਧਕੇ ਇੱਕ ਨਾਟਕ ਨੇ ਦਰਸ਼ਕਾਂ ਉਪਰ ਕਦੇ ਨਾ ਲੱਥਣ ਵਾਲਾ ਰੰਗ ਚਾੜ੍ਹਿਆ।
- ਮੇਲੇ 'ਚ ਪਿਛਲੇ ਸਾਰੇ ਮੇਲਿਆਂ ਨਾਲੋਂ ਨੌਜਵਾਨ ਪੀੜ੍ਹੀ ਵੱਡੀ ਗਿਣਤੀ 'ਚ ਨਵੇਂ ਜੋਸ਼ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ ਜੋ ਜੁਆਨੀ 'ਚ ਨਵੀਆਂ ਤਰੰਗਾਂ ਦੀ ਸੈਨਤ ਹੈ।
- ਮੇਲੇ 'ਚ ਨਾ ਹਕੂਮਤ ਨਾ ਪ੍ਰਸਾਸ਼ਨ ਨਾ ਕਿਸੇ ਹਾਕਮ ਜਮਾਤੀ ਪਾਰਟੀ ਦਾ ਕੋਈ ਨੁਮਾਇੰਦਾ ਉਚੇਚੇ ਤੌਰ 'ਤੇ ਬੁਲਾਇਆ ਗਿਆ। ਮੇਲੇ 'ਚ ਪੇਸ਼ਕਾਰੀਆਂ ਕਰਨ, ਪ੍ਰਬੰਧ ਕਰਨ ਦੇ ਸਾਰੇ ਕੰਮਾਂ 'ਚ ਲੋਕ ਤੇ ਸਿਰਫ਼ ਲੋਕ ਹੀ ਸਨ।
- ਮੇਲੇ 'ਚ ਵੱਡੀ ਗਿਣਤੀ 'ਚ ਪਰਦੇਸਾਂ ਤੋਂ ਪਰਿਵਾਰ ਪੁੱਜੇ।
- ਕਾਮਾਗਾਟਾ ਮਾਰੂ ਦੇ ਸ਼ਹੀਦਾਂ, ਮੁਸਾਫ਼ਰਾਂ ਦੇ ਪਰਿਵਾਰਾਂ/ਨਗਰਾਂ/ਸਥਾਨਕ ਕਮੇਟੀਆਂ ਦਾ ਮੇਲੇ 'ਚ ਸਨਮਾਨ ਇੱਕ ਨਿਵੇਕਲਾ ਰੰਗ ਸੀ।
- 1857 ਦੇ ਬਾਗ਼ੀ ਫੌਜੀਆਂ ਦੀਆਂ ਅਸਥੀਆਂ ਮੇਲੇ 'ਚ ਹੋਣਾ ਆਪਣੇ ਆਪ 'ਚ ਖਿੱਚ ਦਾ ਕੇਂਦਰ ਸੀ।

94170 76735






Kulwant Singh Pannu
Sales Representative
416.276.1566
k.pannu@hotmail.com
Century 21
Century 21 Green Realty Inc., Brokerage
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
REALTOR
MLS
Buy Green, Build Green...Save Environment!!!
Each office is independently owned and operated.
Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 'ਧਰਮ ਅਤੇ ਸਾਇੰਸ' ਵਿਸ਼ੇ 'ਤੇ ਲੈਕਚਰ

- ਮਾ. ਭਜਨ ਸਿੰਘ ਕੈਲਗਰੀ -









ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਇਥੇ ਕੋਸੋ ਹਾਲ ਵਿਖੇ 'ਧਰਮ ਅਤੇ ਸਾਇੰਸ' ਵਿਸ਼ੇ 'ਤੇ ਇਕ ਸੈਮੀਨਾਰ ਕੀਤਾ ਗਿਆ। ਇਸ ਵਿਸ਼ੇ ਸਬੰਧੀ ਮਾਸਿਕ ਪੇਪਰ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਆਪਣੇ ਖੋਜ ਭਰਪੂਰ ਲੈਕਚਰ ਰਾਹੀਂ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਔਰਤਾਂ-ਮਰਦਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਧਰਮ ਅਤੇ ਸਾਇੰਸ ਦੋਵੇਂ ਹੀ ਵੱਖਰੇ ਵਿਸ਼ੇ ਹਨ ਪ੍ਰੰਤੂ ਇਨ੍ਹਾਂ ਵਿਚ ਵੀ ਖੋਜ ਦਾ ਵਿਸ਼ਾ ਸਾਂਝਾ ਹੈ। ਹੁਣ ਤੱਕ ਦੇ ਪ੍ਰਚਲਤ ਧਰਮ (ਲਗਭਗ) ਗੈਬੀ ਸ਼ਕਤੀ (ਰੱਬ, ਅੱਲ੍ਹਾ, ਭਗਵਾਨ, ਗੌਡ) ਵਿਚ ਵਿਸ਼ਵਾਸ ਰੱਖਦੇ ਹਨ ਤੇ ਸ੍ਰਿਸ਼ਟੀ ਨੂੰ ਸਾਜਣ ਅਤੇ ਚਲਾਉਣ ਵਿਚ ਉਸ ਸ਼ਕਤੀ ਨੂੰ ਹੀ ਮੁੱਖ ਮੰਨਦੇ ਹਨ। ਪ੍ਰੰਤੂ ਸਾਇੰਸ ਪਦਾਰਥ ਵਿਚ ਵਿਸ਼ਵਾਸ ਰੱਖਦੀ ਹੈ। ਭਾਵੇਂ ਧਰਮ ਵੀ ਮਨੁੱਖ ਅਤੇ ਸਮਾਜ ਨੇ ਵਧੀਆ ਬਣਾਉਣ ਦਾ ਦਾਅਵਾ ਕਰਦੇ ਹਨ ਪ੍ਰੰਤੂ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦੇ ਪੂਰਨ ਕਬਜ਼ੇ ਨੇ ਅਜਿਹਾ ਅਸੰਭਵ ਬਣਾ ਦਿੱਤਾ ਹੈ। ਹਰ ਧਰਮ ਹੀ ਆਪਣੇ ਆਪ ਨੂੰ ਸਰਬ ਉਚ ਅਤੇ ਪੂਰਨ ਸੱਚ ਮੰਨਦਾ ਹੈ। ਇਸੇ ਕਾਰਨ ਧਰਮਾਂ ਦੇ ਆਪਸੀ ਵਿਰੋਧਾਂ ਕਾਰਨ ਮਨੁੱਖਤਾ ਵਿਚ ਵੰਡੀਆਂ ਪੈਂਦੀਆਂ ਹਨ। ਜਿਹੜੇ ਲੋਕ ਇਹ ਸੁਆਲ ਕਰਦੇ ਹਨ ਕਿ ਜੇ ਰੱਬ ਇਕ ਹੈ ਤਾਂ ਧਰਮ ਵੱਖਰੇ ਕਿਉਂ ਹਨ? ਸਰਬਸ਼ਕਤੀਮਾਨ ਸਾਰੀ ਮਨੁੱਖਤਾ ਦਾ ਇਕੋ ਹੀ ਧਰਮ ਕਿਉਂ ਨਹੀਂ ਬਣਾ ਦਿੰਦਾ? ਅਜਿਹੇ ਬਹੁਤ ਸਾਰੇ ਸਵਾਲਾਂ ਦਾ ਧਰਮਾਂ ਪਾਸ ਕੋਈ ਠੋਸ ਜਵਾਬ ਨਹੀਂ। ਉਨ੍ਹਾਂ ਕਿਹਾ ਕਿ ਅਸਲ ਵਿਚ ਧਰਮ ਖੋਜ ਅਤੇ ਸੱਚ ਦਾ ਹੀ ਰਾਹ ਸੀ ਪ੍ਰੰਤੂ ਪੁਜਾਰੀਵਾਦ ਆਦਿ ਨੇ ਇਸ ਨੂੰ ਸ਼ਰਧਾ, ਪੂਜਣ ਵਾਲੀ ਚੀਜ਼ ਬਣਾ ਕੇ ਧਰ ਦਿੱਤਾ ਜਿਸ ਨਾਲ ਸਾਡੇ ਸਮਾਜ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨੇ ਆਪਣੀ ਤਕਰੀਰ ਵਿਚ ਗੁਰਬਾਣੀ ਦੇ ਹਵਾਲੇ ਵੀ ਦਿੱਤੇ।



ਸਾਇੰਸ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗਲੈਲੀਓ, ਕਾਪਰਨੀਕਸ ਅਤੇ ਹੋਰ ਸਾਰੇ ਸਾਇੰਸਦਾਨਾਂ ਨੇ ਜੋ ਲਾਮਿਸਾਲ ਖੋਜਾਂ ਕੀਤੀਆਂ ਹਨ ਉਹ ਸਮਾਜ ਦੀ ਤਰੱਕੀ ਲਈ ਆਧਾਰ ਬਣੀਆਂ ਹਨ। ਵੱਖ ਵੱਖ ਖੇਤਰਾਂ ਦੀ ਸਾਇੰਸਦਾਨਾਂ ਦੀਆਂ ਖੋਜ ਭਰਪੂਰ ਕੋਸ਼ਿਸ਼ਾਂ ਨੇ ਹੀ ਬ੍ਰਹਿਮੰਡ ਦੀ ਜਾਣਕਾਰੀ ਸਮਾਜ ਨੂੰ ਦਿੱਤੀ ਹੈ। ਆਪਣੀ ਗੱਲ ਨੂੰ ਪੂਰਾ ਕਰਦਿਆਂ ਉਨ੍ਹਾਂ ਕਿਹਾ ਕਿ ਧਰਮ ਅਤੇ ਸਾਇੰਸ ਵੱਖਰੇ ਹੋਣ ਦੇ ਬਾਵਜੂਦ ਵੀ ਸੁਮੇਲ ਹੈ। ਉਪਰੰਤ ਐਡਵੋਕੇਟ ਤਰਨਜੀਤ ਔਜਲਾ, ਮਾ. ਬਚਿੱਤਰ ਗਿੱਲ, ਜੀਤ ਇੰਦਰਪਾਲ, ਗੁਰਬਚਨ ਬਰਾੜ, ਮਾ. ਭਜਨ ਸਿੰਘ, ਹਰਨੇਕ ਸਿੰਘ ਬੱਧਲੀ, ਅਮਰ ਸਿੰਘ ਗਿੰਗਰਾ, ਪਰਸੋਤਮ ਭਾਰਦਵਾਜ, ਪ੍ਰਿੰਸੀਪਲ ਕੇ. ਡੀ. ਕੌਸਲ, ਅਜਾਇਬ ਸਿੰਘ ਸੇਖੋਂ ਅਤੇ ਹੋਰ ਕਈ ਸਾਥੀਆਂ ਨੇ ਸਵਾਲ ਪੁੱਛੇ ਜਿਨ੍ਹਾਂ ਦਾ ਹਰਚਰਨ ਪਰਹਾਰ ਵਲੋਂ ਬੜੀ ਸੁਹਿਰਦਤਾ ਨਾਲ ਜਵਾਬ ਦਿੱਤਾ ਗਿਆ।

ਅੱਜ ਦੇ ਵਿਸ਼ੇ ਸਬੰਧੀ ਬੀਬੀ ਦਵਿੰਦਰ ਕੌਰ, ਗੁਰਬਚਨ ਬਰਾੜ, ਪ੍ਰੋਫੈਸਰ ਮਨਜੀਤ ਸਿੰਘ 'ਪਿਆਸਾ', ਦਿਲਾਵਰ ਸਿੰਘ ਸਮਰਾ, ਇਕਬਾਲ ਖਾਨ ਨੇ ਵੀ ਅੱਜ ਦੇ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਲਗਭਗ ਸਾਰੇ ਹੀ ਬੁਲਾਰਿਆਂ ਨੇ ਕਿਹਾ ਕਿ ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਹਰੇਕ ਦਾ ਜਾਤੀ ਮਸਲਾ ਹੈ। ਹਰ ਇਕ ਨੂੰ ਚੰਗਾ ਸਮਾਜ ਸਿਰਜਣ ਲਈ ਵਧੀਆ ਮਨੁੱਖ ਬਣਨਾ ਜ਼ਰੂਰੀ ਹੈ। ਸਾਇੰਸ ਦੇ ਯੁੱਗ 'ਚ ਜੋ ਚੀਜ਼ ਤਰਕ ਜਾਂ ਅਮਲ ਦੀ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ ਉਹ ਜ਼ਿਆਦਾ ਦੇਰ ਖੜ੍ਹ ਨਹੀਂ ਸਕਦੀ।

ਹਰਨੇਕ ਬੱਧਨੀ, ਅਵੀ ਜਸਵਾਲ ਅਤੇ ਅਜਾਇਬ ਸਿੰਘ ਸੇਖੋਂ ਨੇ ਵਿਸ਼ੇ ਨਾਲ ਸਬੰਧਤ ਰਚਨਾਵਾਂ ਪੜ੍ਹੀਆਂ। ਮੰਚ ਸੰਚਾਲਨ ਮਾ. ਭਜਨ ਸਿੰਘ ਵਲੋਂ ਕੀਤਾ ਗਿਆ। ਤਿੰਨ ਘੰਟੇ ਚੱਲੇ ਸੈਮੀਨਾਰ ਨੂੰ ਜਿਥੇ ਸਰੋਤਿਆਂ ਨੇ ਨਿੱਠਕੇ ਸੁਣਿਆ ਉਥੇ ਸਭ ਤੋਂ ਵਧੀਆ ਗੱਲ ਇਹ ਰਹੀ ਕਿ ਸਰੋਤਿਆਂ ਨੇ ਸਬੰਧਤ ਵਿਸ਼ੇ ਸਬੰਧੀ ਕਿਤਾਬਾਂ ਖਰੀਦਣ 'ਚ ਬਹੁਤ ਦਿਲਚਸਪੀ ਦਿਖਾਈ। ਪ੍ਰਧਾਨ ਸੋਹਣ ਮਾਨ ਜੀ ਨੇ ਵੀ ਵਿਚਾਰ ਸਾਂਝੇ ਕੀਤੇ ਅਤੇ ਸਭ ਦਾ ਹਾਰਦਿਕ ਧੰਨਵਾਦ ਕੀਤਾ। ਹਮੇਸ਼ਾ ਦੀ ਤਰ੍ਹਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਅਗਲੀ ਮੀਟਿੰਗ ਦਸੰਬਰ ਦੇ ਪਹਿਲੇ ਐਤਵਾਰ 2 ਵਜੇ ਕੋਸੋ ਹਾਲ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਮਾ. ਭਜਨ ਨੂੰ 403-455-4220 ਅਤੇ ਗੋਪਾਲ ਸਿੰਘ ਕਾਉਂਕੇ ਨੂੰ 403-970-3588 'ਤੇ ਸੰਪਰਕ ਕਰੋ।

## ਹਰਚਰਨ ਸਿੰਘ ਪਰਹਾਰ ਦਾ 'ਧਰਮ ਤੇ ਸਾਇੰਸ' ਵਿਸ਼ੇ 'ਤੇ ਕੈਲਗਰੀ ਵਿੱਚ ਸਫਲ ਸੈਮੀਨਾਰ !

'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ' ਵਲੋਂ 'ਧਰਮ ਤੇ ਸਾਇੰਸ' ਵਿਸ਼ੇ ਤੇ ਇੱਕ ਸਫਲ ਤੇ ਪ੍ਰਭਾਵਸ਼ਾਲੀ ਸੈਮੀਨਾਰ ਕਰਵਾਇਆ ਗਿਆ। ਜਿਸ ਜਿਸ ਵਿੱਚ ਮੁੱਖ ਬੁਲਾਰੇ ਦੇ ਤੌਰ ਤੇ ਮਾਸਿਕ ਮੈਗਜ਼ੀਨ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ "ਧਰਮ ਤੇ ਸਾਇੰਸ' ਵਿਸ਼ੇ ਤੇ ਇੱਕ ਘੰਟੇ ਦਾ ਪ੍ਰਭਾਵਸਾਲੀ ਤੇ ਜਾਣਕਾਰੀ ਭਰਪੂਰ ਲੈਕਚਰ ਦਿੱਤਾ ਗਿਆ। ਜਿਸ ਵਿੱਚ ਧਰਮ ਕੀ ਹੈ, ਸਾਇੰਸ ਕੀ ਹੈ, ਕੀ ਧਰਮ ਤੇ ਸਾਇੰਸ ਇੱਕ ਦੂਜੇ ਦੇ ਵਿਰੋਧੀ ਹਨ ਜਾਂ ਇੱਕ ਦੂਜੇ ਦੇ ਸਹਿਯੋਗੀ ਹਨ, ਸਾਇੰਸ ਵਾਲੇ ਧਰਮ ਦਾ ਤੇ ਧਰਮ ਵਾਲੇ ਸਾਇੰਸ ਦਾ ਵਿਰੋਧ ਕਿਉਂ ਕਰਦੇ ਹਨ, ਧਰਮ ਦਾ ਭਵਿੱਖ ਕੀ ਹੈ, ਵਿਗਿਆਨ ਤਰੱਕੀ ਕਰਦਾ ਅੱਗੇ ਕਿਉਂ ਵਧ ਰਿਹਾ ਹੈ ਤੇ ਧਰਮ ਪਿਛਾਂਹਖਿਚੂ ਕਿਉਂ ਹੈ ਆਦਿ ਅਨੇਕਾਂ ਸਵਾਲਾਂ ਨੂੰ ਵਿਚਾਰਿਆ ਗਿਆ। ਸਰੋਤਿਆਂ ਵਲੋਂ ਸਾਰੇ ਲੈਕਚਰ ਨੂੰ ਸਰਾਹਿਆ ਗਿਆ। ਲੈਕਚਰ ਤੋਂ ਬਾਅਦ ਸਰੋਤਿਆਂ ਵਲੋਂ ਉਠਾਏ ਅਨੇਕਾਂ ਸਵਾਲਾਂ ਦੇ ਜਵਾਬ ਮਿ. ਪਰਹਾਰ ਵਲੋਂ ਦਿੱਤੇ ਗਏ। ਸਾਰੇ ਸੈਮੀਨਾਰ ਦਾ ਤੱਤਸਾਰ ਇਹ ਸੀ ਕਿ ਧਰਮ ਤੇ ਸਾਇੰਸ ਇੱਕ ਦੂਜੇ ਦੇ ਵਿਰੋਧੀ ਨਹੀਂ ਹਨ, ਦੋਨੋਂ ਮਨੁੱਖਤਾ ਦਾ ਭਲਾ ਚਾਹੁੰਦੇ ਹਨ, ਦੋਨੋਂ ਕੁਦਰਤ ਦੇ ਰਹੱਸ ਨੂੰ ਜਾਨਣ, ਖੋਜਣ ਦੇ ਸਾਧਨ ਹਨ। ਸਾਇੰਸ ਜਿਥੇ ਦਿਸਦੇ ਮੈਟਰ ਦੀ ਖੋਜ ਕਰਦੀ ਹੈ, ਉਥੇ ਧਰਮ ਉਸ ਮਾਦੇ ਵਿਚਲੀ ਚੇਤੰਨਤਾ ਦੀ ਖੋਜ ਕਰਦੀ ਹੈ।ਪਰ ਧਰਮਾਂ ਦਾ ਕੱਟੜਪੁਣਾ, ਨਕਲੀ ਮਰਿਯਾਦਾਵਾਂ, ਅੰਧ-ਵਿਸ਼ਵਾਸ਼, ਕਰਮਕਾਂਡ ਆਦਿ ਧਰਮ ਨੂੰ ਪਿਛਾਂਹਖਿਚੂ ਤੇ ਮਨੁੱਖਤਾ ਦੇ ਸੋਸ਼ਣ ਦਾ ਸੰਦ ਬਣਾਉਂਦੇ ਹਨ। ਧਰਮ ਨੇ ਮਨੁੱਖਤਾ ਨੂੰ ਝੂਠੇ ਲਾਰਿਆਂ ਤੋਂ ਇਲਾਵਾ ਕੁਝ ਨਹੀਂ ਦਿੱਤਾ। ਲੋਕ ਧਰਮ ਅਸਥਾਨਾਂ ਵਿੱਚ ਆਤਮਿਕ ਸ਼ਾਂਤੀ ਲਈ ਜਾਂਦੇ ਹਨ, ਪਰ ਦੁਨੀਆਂ ਭਰ ਵਿੱਚ ਧਰਮਾਂ ਦੇ ਇਤਨੇ ਪ੍ਰਚਾਰ-ਪ੍ਰਸਾਰ ਦੇ ਬਾਵਜੂਦ ਵੀ ਅਧਰਮ ਫੈਲਿਆ ਹੈ, ਮਾਨਸਿਕ ਰੋਗ ਵਧੇ ਹਨ, ਲੜਾਈ-ਝਗੜੇ ਤੇ ਜ਼ੁਰਮ ਵਧਿਆ ਹੈ, ਧਾਰਮਿਕ ਯੁੱਧਾਂ ਤੇ ਦੰਗਿਆਂ ਵਿੱਚ ਮਨੁੱਖਤਾ ਦਾ ਘਾਣ ਹੋਇਆ ਹੈ, ਡਿਪਰੈਸ਼ਨ ਤੇ ਪਾਗਲਪਨ ਵਧਿਆ ਹੈ, ਧਰਮ ਇਸਦੇ ਹੱਲ ਲਈ ਕੁਝ ਨਹੀਂ ਕਰ ਸਕਿਆ। ਧਰਮ ਅਜਿਹੇ ਅਧਰਮ ਫੈਲਾਉਣ ਵਿੱਚ ਸਹਾਈ ਹੋਇਆ ਹੈ। ਆਉਣ ਵਾਲਾ ਸਮਾਂ ਸਾਇੰਸ ਦਾ ਯੁਗ ਹੈ, ਜਥੇਬੰਧਕ ਧਰਮਾਂ ਦਾ ਕੋਈ ਭਵਿੱਖ ਨਹੀਂ, ਮੌਜੂਦਾ ਨਕਲੀ ਧਰਮ ਸਾਇੰਸ, ਤਰਕ, ਦਲੀਲ, ਸਚਾਈ ਅੱਗੇ ਟਿਕ ਨਹੀਂ ਸਕਣਗੇ, ਜੇ ਉਨ੍ਹਾਂ ਨੇ ਅਗਿਆਨਤਾ, ਅੰਧ-ਵਿਸ਼ਵਾਸ਼, ਫੋਕਟ ਕਰਮਕਾਂਡ, ਦਿਖਾਵੇ ਵਾਲੇ ਬਾਹਰੀ ਚਿੰਨ੍ਹ, ਪਹਿਰਾਵੇ ਆਦਿ ਦੀ ਜਗ੍ਹਾ ਧਰਮ ਨੂੰ ਖੋਜਣ, ਜਾਨਣ ਦਾ ਵਿਸ਼ਾ ਨਾ ਬਣਾਇਆ।

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)


Velocity
Colission
Complete truck - auto body repair & electrical centre
Tel: 905.673.7878
Fax: 905.673.7876
Cell: 416.817.5760
7120 Tranmere Drive
Mississauga, ON L5S 1L9


Varun Mehra
Sales Representative
cell: 416.833.2162
email: varun.m.mehra@gmail.com
web: www.properties2profit.com
Millennium Inc.
Brokerage*
Commercial
Residential
Investment properties
We fulfill your dreams!


Home Life/Superstars
HOMELIFE
HIGHER STANDARDS
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6


CHERA IMMIGRATION CONSULTANCY SERVICES
22 Years of Service
Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com
WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6


Rush Lube Inc.
Complete Truck Repairs & Truck
Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1


Brampton
www.BcVc.info
Brampton
Crematorium & Visitation Centre
30 Bramwin Court, Brampton, ON, L6T 5A9
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ਿਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
ਫਿਊਨਰਲ ਹੋਮ
24/7 Service Available
Inderjit S. Bal
416-666-7655
Tel: 905-458-2222


WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org
Suresh Gupta
Certified Immigration
Practitioner (RCIC)



ਸੰਤ ਰਾਮ ਉਦਾਸੀ ਦੀ 28ਵੀਂ ਬਰਸੀ 'ਤੇ

# ਲੋਕ ਕਾਵਿ ਦਾ ਮਘਦਾ ਸੂਰਜ ਸੰਤ ਰਾਮ ਉਦਾਸੀ



ਪ੍ਰਿੰ. ਸਰਵਣ ਸਿੰਘ

**ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ**
**ਮਘਦਾ ਰਹੀਂ ਤੂੰ ਸੂਰਜਾ ਕੰਮੀਆਂ ਦੇ ਵਿਹੜੇ**

ਸੰਤ ਰਾਮ ਉਦਾਸੀ ਪੰਜਾਬੀ ਲੋਕ ਕਾਵਿ ਦਾ ਮਘਦਾ ਸੂਰਜ ਸੀ ਜੋ ਅਚਾਨਕ ਛਿਪ ਗਿਆ। ਉਹ ਆਪ ਭਾਵੇਂ ਛਿਪ ਗਿਆ ਪਰ ਉਹਦੇ ਕਾਵਿ ਦਾ ਤਪ-ਤੇਜ ਸਦਾ ਤਪਦਾ ਰਹੇਗਾ ਤੇ ਕਿਰਤੀ ਕਾਮਿਆਂ ਅੰਦਰ ਰੋਹ ਦੀਆਂ ਚਿਣਗਾਂ ਬਾਲ਼ਦਾ ਰਹੇਗਾ। ਉਦਾਸੀ ਨੇ ਆਪਣੇ ਗੀਤਾਂ ਤੇ ਨਜ਼ਮਾਂ ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਐਸੀ ਅੱਗ ਬਾਲ਼ੀ ਜੋ ਹਾਕਮਾਂ ਤੇ ਲੋਟੂਆਂ ਦੇ ਬੁਝਾਉਣ ਦੇ ਬਾਵਜੂਦ ਬੁਝਣ ਵਾਲੀ ਨਹੀਂ। ਜਦੋਂ ਉਹ ਗਾਉਂਦਾ ਤਾਂ ਉਹਦੇ ਗੀਤਾਂ ਵਿਚਲੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਉਹ ਖੱਬਾ ਹੱਥ ਕੰਨ 'ਤੇ ਧਰ ਕੇ ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਹੂਕ ਦੀਆਂ ਤਰੰਗਾਂ ਨਾਲ ਚਾਰਚੁਫੇਰਾ ਲਰਜ਼ ਉੱਠਦਾ। ਉਹ ਸੰਖ ਵਰਗੀ ਗੂੰਜਵੀਂ ਆਵਾਜ਼ ਨਾਲ ਹਜ਼ਾਰਾਂ ਸਰੋਤਿਆਂ ਦੇ 'ਕੱਠਾਂ ਨੂੰ ਕੀਲ ਲੈਂਦਾ। ਲੋਕ ਪੱਬਾਂ ਭਾਰ ਹੋ ਕੇ ਉਦਾਸੀ ਨੂੰ ਸੁਣਦੇ ਤੇ ਉਹਦੇ ਗੀਤਾਂ ਦੇ ਰੰਗ ਵਿਚ ਰੰਗੇ ਜਾਂਦੇ। ਜਿੰਨੇ ਜਾਨਦਾਰ ਉਹਦੇ ਗੀਤ ਸਨ ਉਨੀ ਹੀ ਧੜੱਲੇਦਾਰ ਉਹਦੀ ਆਵਾਜ਼ ਸੀ। ਗੀਤਾਂ ਤੇ ਕਵਿਤਾਵਾਂ ਨੂੰ ਪੇਸ਼ ਕਰਨ ਦਾ ਉਹਦਾ ਅੰਦਾਜ਼ ਵੀ ਅਦੁੱਤੀ ਸੀ। ਉਹ ਹਿੱਕ ਦੇ ਤਾਣ ਨਾਲ ਗਾਉਂਦਾ :

**-ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ**
**ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ**
**ਅਸਾਂ ਤੋੜ ਦੇਣੀ,**
**ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...।**
**ਰੁੱਸੀਆਂ ਬਹਾਰਾਂ ਅਸੀਂ ਮੋੜ ਕੇ ਲਿਆਉਣੀਆਂ ਨੇ**
**ਆਖਦੇ ਨੇ ਲੋਕੀਂ ਹਿੱਕਾਂ ਠੋਕ ਹਾਣੀਆਂ**
**ਹੜ੍ਹ ਲੋਕਤਾ ਦਾ, ਹੜ੍ਹ ਲੋਕਤਾ ਦਾ ਕਿਹੜਾ ਸਕੂ**
**ਰੋਕ ਹਾਣੀਆਂ...।**
**ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ,**
**ਰੱਜਣਗੇ ਕਿਰਤੀ ਕਿਸਾਨ ਮੁੜ ਕੇ**
**ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ**
**ਜੁੜ ਕੇ...।**

ਉਦਾਸੀ ਮੈਥੋਂ ਇਕ ਸਾਲ ਵੱਡਾ ਸੀ ਤੇ ਅਸੀਂ ਕੁਝ ਸਾਲ ਨੇੜੇ ਤੇੜੇ ਵਿਚਰੇ। ਉਹ 20 ਅਪ੍ਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ ਵਿਚ ਕੰਮੀਆਂ ਦੇ ਵਿਹੜੇ ਜੰਮਿਆ ਸੀ। ਕੰਮੀ ਵੀ ਉਹ ਜਿਨ੍ਹਾਂ ਨੂੰ ਮਜ਼ਬੀ ਸਿੱਖ ਕਿਹਾ ਜਾਂਦੈ। ਉਸ ਦੇ ਪਿਤਾ ਦਾ ਨਾਂ ਮੇਹਰ ਸਿੰਘ ਤੇ ਮਾਤਾ ਦਾ ਧੰਨ ਕੌਰ ਸੀ। ਉਸ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਹੇਕਮਈ ਸੁਰੀਲੀ ਆਵਾਜ਼ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਉਨ੍ਹਾਂ ਦੇ ਵਡੇਰੇ ਦਿਆਲਪੁਰਾ ਭਾਈਕਾ ਤੋਂ ਉੱਠ ਕੇ ਰਾਏਸਰ ਆਏ ਸਨ। ਇਨ੍ਹਾਂ ਦੋਹਾਂ ਪਿੰਡਾਂ ਵਿਚਕਾਰ ਵੀਹ ਪੱਚੀ ਮੀਲਾਂ ਦਾ ਫਾਸਲਾ ਹੈ। ਉਦਾਸੀ ਦੇ ਚਾਰ ਭਰਾ ਸਨ ਤੇ ਤਿੰਨ ਭੈਣਾਂ। ਸਭ ਤੋਂ ਵੱਡਾ ਭਰਾ ਗੁਰਦਾਸ ਸਿੰਘ ਘਾਰੂ ਸੀ ਜਿਸ ਨੇ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ' ਸਵੈਜੀਵਨੀ ਲਿਖੀ। ਉਹ ਆਪਣੇ ਵੱਡ ਵਡੇਰਿਆਂ ਦਾ ਵੇਰਵਾ ਦਿੰਦਿਆਂ ਦੱਸਦਾ ਹੈ ਕਿ ਉਨ੍ਹਾਂ ਦਾ ਪੜਦਾਦਾ ਪੂਰਨ ਗੁਰਸਿੱਖ ਸੀ। ਲੋਕ ਉਸ ਨੂੰ ਸੰਤ ਬਾਬਾ ਕਾਹਲਾ ਸਿੰਘ ਕਹਿੰਦੇ ਸਨ। ਉਹ ਗੁਰਬਾਣੀ ਦਾ ਗਿਆਤਾ ਸੀ ਤੇ ਰਸਭਿੰਨਾ ਕੀਰਤਨੀਆਂ ਸੀ। ਉਸ ਦੇ ਬਾਬੇ ਜੋਤਾ ਸਿੰਘ ਤੇ ਜੇਠਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਸਮੇਂ ਸਰਸਾ ਨਦੀ 'ਤੇ ਹੋਏ ਯੁੱਧ ਵਿਚ ਸ਼ਹੀਦੀਆਂ ਪਾ ਗਏ ਸਨ।

ਬਾਬਾ ਕਾਹਲਾ ਸਿੰਘ ਦੇ ਵੱਡੇ ਭਾਈ ਬਾਬਾ ਚੇਤ ਸਿੰਘ ਭੰਗੀ ਮਿਸਲ ਦੇ 1400 ਘੋੜ ਸਵਾਰਾਂ ਦੀ ਖਾਲਸਾ ਫੌਜ ਦੇ ਆਗੂ ਸਨ। 1798 ਵਿਚ ਰੰਗਰੇਟਾ ਭੰਗੀ ਮਿਸਲ ਦਾ ਇਹ ਜਰਨੈਲ ਮਿਸਲਾਂ ਦੀ ਲੜਾਈ ਵਿਚ ਸ਼ਹੀਦੀ ਪਾ ਗਿਆ ਸੀ। ਸਿੱਖ ਸਿਧਾਂਤ ਤੋਂ ਥਿੜਕੀ ਲਹਿਰ ਤੋਂ ਉਪਰਾਮ ਹੋ ਕੇ ਬਾਬਾ ਕਾਹਲਾ ਸਿੰਘ ਨੇ ਦਿਆਲਪੁਰੇ ਭਾਈਕੇ ਮਿਲੀ ਸੱਤ ਹਲਾਂ ਦੀ ਜ਼ਮੀਨ ਛੱਡ ਕੇ ਪਿੰਡ ਰਾਇਸਰ ਆ ਵਸੇਬਾ ਕੀਤਾ। ਬਾਬਾ ਕਾਹਲਾ ਸਿੰਘ ਪੰਜਾਬੀ, ਉਰਦੂ, ਫਾਰਸੀ ਤੇ ਬ੍ਰਿਜ ਭਾਸ਼ਾ ਲਿਖਣੀ ਜਾਣਦੇ ਸਨ। ਉਨ੍ਹਾਂ ਨੇ ਉਦਾਸੀ ਤੇ ਨਿਰਮਲੇ ਸਾਧੂਆਂ ਨੂੰ ਬੇਨਤੀ ਕੀਤੀ, ਮਹਾਰਾਜ ਜੀਓ, ਆਪਣੇ ਭੰਡਾਰਿਆਂ ਵਿਚੋਂ ਬੱਚਿਆਂ ਨੂੰ ਵਿਦਿਆ ਦਾ ਦਾਨ ਵਰਤਾਓ।


FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates

urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



GILL
Truck & Trailer Repair and Mobile Service
OPEN 7 DAYS A WEEK
Cell: 416.312.4707
Tel: 905.458.3455
Fax: 905.458.3456

04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic



Century 21
Buy Green, Build Green ...Save Environment
Century 21 Green Realty Inc.,Brokerage
Each Office is independently owned and operated
Sohan Mann
Sales Representative

Dir. 416-564-1699, Off. : 905-565-9565
Fax : 905-565-9522
Email : sohanmann@hotmail.com
151 Super Blvd. Unit 18-21, Mississauga, ON. L5T 2L1



Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

ਇਹ ਪੁੰਨ ਧੂਣੀਆਂ ਤਾਪਣ ਤੇ ਜਲ ਧਾਰੇ ਕਰਨ ਨਾਲੋਂ ਵਧੇਰੇ ਫਲਦਾ ਹੈ। ਉਨ੍ਹਾਂ ਦੀ ਪ੍ਰੇਰਨਾ ਨਾਲ ਕਈ ਸਾਲ ਬਾਅਦ ਨੌਜੁਆਨ ਸੰਤ ਨਿਰਮੋਹ ਦਾਸ ਨੇ 1882 ਵਿਚ ਪਿੰਡ ਮੂੰਮਾਂ ਵਿਖੇ 'ਨਿਰਮਾਣ ਸਰ ਵਿਦਿਆਲਾ' ਸ਼ੁਰੂ ਕੀਤਾ।

ਬਾਬਾ ਕਾਹਲਾ ਸਿੰਘ ਗਦਰ ਦੇ ਸਾਲ 1857 ਵਿਚ ਪਰਲੋਕ ਸਿਧਾਰ ਗਏ। ਉਦੋਂ ਉਨ੍ਹਾਂ ਦਾ ਵੱਡਾ ਪੁੱਤਰ ਯਾਨੀ ਉਦਾਸੀ ਹੋਰਾਂ ਦਾ ਵੱਡਾ ਬਾਬਾ ਸਰਮੁੱਖ ਸਿੰਘ ਦਸ ਕੁ ਸਾਲ ਦਾ ਸੀ। ਉਦਾਸੀ ਹੋਰਾਂ ਦਾ ਬਾਬਾ ਭਗਤ ਸਿੰਘ ਛੋਟਾ ਸੀ ਜੋ ਬਾਅਦ ਵਿਚ ਕੂਕਾ ਕਰ ਕੇ ਜਾਣਿਆ ਜਾਂਦਾ ਰਿਹਾ ਤੇ ਉਸ ਦੇ ਪਰਿਵਾਰ ਨੂੰ ਕੂਕਿਆਂ ਦਾ ਟੱਬਰ ਕਿਹਾ ਜਾਣ ਲੱਗਾ। ਉਦਾਸੀ ਦੇ ਵੱਡੇ ਬਾਬੇ ਸਰਮੁੱਖ ਸਿੰਘ ਦਾ ਪੁੱਤਰ ਯਾਨੀ ਉਦਾਸੀ ਹੋਰਾਂ ਤਾਇਆ ਕੇਹਰ ਸਿੰਘ 16 ਸਾਲ ਨਿਰਮਾਣ ਸਰ ਵਿਦਿਆਲੇ ਵਿਚ ਪੜ੍ਹਿਆ ਜਿਥੇ ਪੰਜਾਬੀ, ਉਰਦੂ ਤੇ ਫਾਰਸੀ ਦੇ ਨਾਲ ਅੰਗਰੇਜ਼ੀ ਵੀ ਪੜ੍ਹਾਈ ਜਾਂਦੀ ਸੀ ਪਰ ਡਿਗਰੀ ਕੋਈ ਨਹੀਂ ਸੀ ਦਿੱਤੀ ਜਾਂਦੀ। ਪਿੰਡ ਪੂਹਲੀ ਤੋਂ ਈਸ਼ਰ ਸਿੰਘ ਤੇ ਹਰਦਿੱਤ ਸਿੰਘ ਪੂਹਲੀ (ਜੋ ਪੰਜਾਬੀ ਸੂਬਾ ਬਣ ਜਾਣ ਪਿੱਛੋਂ ਐੱਮ. ਐੱਲ. ਏ. ਬਣਿਆ) ਆਪਣੀ ਭੈਣ ਧੰਨ ਕੌਰ ਦਾ ਰਿਸ਼ਤਾ ਕੇਹਰ ਸਿੰਘ ਨੂੰ ਕਰ ਗਏ। ਧੰਨ ਕੌਰ ਦੀ ਮਾਂ ਵਿਧਵਾ ਸੀ।

ਕੇਹਰ ਸਿੰਘ ਤੇ ਧੰਨ ਕੌਰ ਦਾ ਵਿਆਹ ਹੋ ਗਿਆ ਪਰ ਤਿੰਨ ਮਹੀਨਿਆਂ ਬਾਅਦ ਪਲੇਗ ਦੀ ਬਿਮਾਰੀ ਨਾਲ ਕੇਹਰ ਸਿੰਘ ਗੁਜ਼ਰ ਗਿਆ। ਮੁਕਾਣਾਂ ਆਈਆਂ ਤਾਂ ਕੇਹਰ ਸਿੰਘ ਦੀ ਸੱਸ ਆਸ ਕੌਰ ਨੇ ਨਗਰ ਨੂੰ ਬੇਨਤੀ ਕੀਤੀ ਕਿ ਮੈਂ ਆਪਣੀ ਧੀ ਨੂੰ ਰਾਇਸਰ ਦੀ ਨੂੰਹ ਬਣਾ ਚੁੱਕੀ ਹਾਂ। ਹੁਣ ਵਾਪਸ ਪੂਹਲੀ ਕਿਵੇਂ ਲਿਜਾਵਾਂ? ਮੈਂ ਤਾਂ ਆਪ ਵਿਧਵਾ ਹੋਣ ਦਾ ਦੁੱਖ ਭੋਗ ਰਹੀ ਆਂ। ਉਹ ਚਾਹੁੰਦੀ ਸੀ ਕਿ ਵਿਧਵਾ ਧੰਨ ਕੌਰ ਕਿਸੇ ਸਕੇ ਸੋਧਰੇ ਦੇ ਸਿਰ ਧਰ ਦਿੱਤੀ ਜਾਵੇ। ਕੇਹਰ ਸਿੰਘ ਦਾ ਕੋਈ ਸਕਾ ਭਰਾ ਨਹੀਂ ਸੀ ਇਸ ਲਈ ਧੰਨ ਕੌਰ ਨੂੰ ਭਗਤ ਸਿੰਘ ਦੇ ਤੇਰਾਂ ਸਾਲਾਂ ਦੇ ਕੁਆਰੇ ਪੁੱਤਰ ਮੇਹਰ ਸਿੰਘ ਦੇ ਸਿਰ ਧਰ ਦਿੱਤਾ ਗਿਆ।

ਜਵਾਨ ਜਹਾਨ ਧੰਨ ਕੌਰ ਨੇ ਆਪਣੇ ਸਿਰ ਦੇ ਨਿਆਣੇ ਸਾਈਂ ਭਗਤ ਸਿੰਘ ਨੂੰ ਸੰਤ ਨਿਰਮੋਹ ਦਾਸ ਦੇ ਨਿਰਮਾਣ ਸਰ ਵਿਦਿਆਲੇ ਮੂੰਮਾਂ ਵਿਚ ਪੜ੍ਹਨੇ ਪਾਇਆ ਜਿਥੇ ਰਹਿ ਕੇ ਉਸ ਨੇ ਸਿੱਖਿਆ ਹਾਸਲ ਕੀਤੀ ਤੇ ਮੁਕਲਾਵੇ ਲਈ ਭਰ ਜੁਆਨ ਹੋ ਕੇ ਪਿੰਡ ਪਰਤਿਆ। ਫਿਰ ਉਹ ਮਿਹਨਤ ਮਜ਼ਦੂਰੀ ਕਰ ਕੇ ਪਰਿਵਾਰ ਪਾਲਣ ਲੱਗਾ। ਉਸ ਨੂੰ ਸਬਜ਼ੀਆਂ ਭਾਜੀਆਂ ਲਾਉਣ ਦਾ ਵੀ ਸ਼ੌਕ ਸੀ। ਇੰਜ ਘਰ ਦੇ ਸਾਰੇ ਜੀਅ ਕੰਮੀਂ ਕਾਰੀਂ ਲੱਗੇ ਰਹਿੰਦੇ। ਮੇਹਰ ਸਿੰਘ ਦੀਆਂ ਤਿੰਨ ਭੂਆਂ ਤੇ ਚਾਚਿਆਂ ਤਾਇਆਂ ਦਾ ਵੱਡਾ ਪਰਿਵਾਰ ਸੀ। ਅੱਗੋਂ ਮੇਹਰ ਸਿੰਘ ਤੇ ਧੰਨ ਕੌਰ ਦੇ ਘਰ ਪੰਜ ਪੁੱਤਰਾਂ ਤੇ ਤਿੰਨ ਭੈਣਾਂ ਨੇ ਜਨਮ ਲਿਆ। ਬਾਅਦ ਵਿਚ ਸੰਤਾਨ ਸੰਜਮ ਦੇ ਸਮੇਂ ਸੰਤ ਰਾਮ ਉਦਾਸੀ ਦੇ ਘਰ ਵੀ ਤਿੰਨ ਧੀਆਂ ਤੇ ਦੋ ਪੁੱਤਰ ਪੈਦਾ ਹੋਏ। ਕੰਮੀਆਂ ਕਾਰੀਆਂ ਦੀ ਉਲਾਦ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਉਨ੍ਹਾਂ ਨੇ ਕਿਹੜਾ ਜਾਇਦਾਦਾਂ ਵੰਡਣੀਆਂ ਹੁੰਦੀਆਂ ਨੇ?

ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਦਾ ਜਨਮ 1923 ਵਿਚ ਹੋਇਆ ਸੀ। ਹਰਦਾਸ ਸਿੰਘ 1927 'ਚ ਪੈਦਾ ਹੋਇਆ। ਉਹ ਵਿਆਹਿਆ ਗਿਆ ਸੀ ਪਰ ਅਫ਼ੀਮ ਦਾ ਅਮਲੀ ਹੋਣ ਕਰਕੇ 1964-65 ਵਿਚ ਗੁਜ਼ਰ ਗਿਆ। ਉਹਦੀ ਘਰ ਵਾਲੀ ਪੇਕੀਂ ਜਾ ਬੈਠੀ ਸੀ। ਤੀਜਾ ਭਰਾ ਪ੍ਰਕਾਸ਼ ਸਿੰਘ 1933 'ਚ ਜੰਮਿਆ। ਫਿਰ ਤਿੰਨ ਭੈਣਾਂ ਕਾਕੀ, ਘੁੱਕੋ ਤੇ ਨਿੱਕੀ ਜੰਮੀਆਂ। ਗੁਰਦੇਵ ਸਿੰਘ ਕੋਇਲ 1948 'ਚ ਪੈਦਾ ਹੋਇਆ ਤੇ ਸੰਤ ਰਾਮ 1939 ਵਿਚ। ਗੁਰਦਾਸ ਸਿੰਘ ਤੇ ਉਦਾਸੀ ਦੇ ਜੰਮਣ ਵਿਚਕਾਰ 26 ਸਾਲਾਂ ਦਾ ਅੰਤਰ ਹੈ। ਸਾਰੇ ਭਰਾ ਕਿਸੇ ਨਾ ਕਿਸੇ ਖੇਤਰ ਦੇ ਕਲਾਕਾਰ ਨਿਕਲੇ। ਇਹਦਾ ਇਕ ਕਾਰਨ ਸ਼ਾਇਦ ਉਨ੍ਹਾਂ ਦੇ ਵਿਰਸੇ ਦੇ ਜੀਨਜ਼ ਹੋਣ।

ਉਦਾਸੀ ਦੇ ਪਿੰਡ ਰਾਇਸਰ ਤੋਂ ਮੇਰਾ ਪਿੰਡ ਚਕਰ ਪੱਚੀ ਤੀਹ ਕਿਲੋਮੀਟਰ ਦੂਰ ਹੈ ਜਿਥੇ ਉਹ ਕਈ ਵਾਰ ਆਇਆ। ਸਾਡੇ ਗੁਆਂਢੀ ਮਾਸਟਰ ਗੁਰਪ੍ਰੀਤ ਸਿੰਘ ਧੰਜਲ ਦਾ ਉਹ ਦੋਸਤ ਸੀ ਜੋ ਉਦਾਸੀ ਦੇ ਗੀਤ ਵੀ ਗਾਇਆ ਕਰਦਾ ਸੀ। ਗੁਰਪ੍ਰੀਤ ਦੀ ਉਹਦੇ ਨਾਲ ਦੋਸਤੀ ਅਧਿਆਪਕ ਯੂਨੀਅਨ ਤੇ 'ਕੱਠਿਆਂ ਖਾਣ ਪੀਣ ਤੋਂ ਹੋਈ ਸੀ। ਜਦੋਂ ਉਹ ਚਕਰ ਆਇਆ ਹੁੰਦਾ ਤਾਂ ਉਹਦੇ ਗੀਤ ਸੁਣਨ ਦਾ ਮੈਨੂੰ ਵੀ ਮੌਕਾ ਮਿਲ ਜਾਂਦਾ। ਉਹ ਕਦੇ ਕਦੇ ਢੁੱਡੀਕੇ ਕਾਲਜ ਵਿਚ ਵੀ ਫੇਰਾ ਪਾਉਂਦਾ ਜਿਥੇ ਮੈਂ ਤੀਹ ਸਾਲ ਦੇ ਕਰੀਬ ਪੜ੍ਹਾਇਆ। ਉਹਦੀਆਂ ਕਵਿਤਾਵਾਂ ਤੇ ਗੀਤ ਕਾਲਜ ਦੇ ਵਿਦਿਆਰਥੀ ਹੁੱਬ ਕੇ ਸੁਣਦੇ ਤੇ ਗਾਉਂਦੇ। ਉਥੇ ਗੁਰਚਰਨ ਸਿੰਘ ਸੰਘਾ ਪੜ੍ਹਦਾ ਹੁੰਦਾ ਸੀ ਜੋ ਉਦਾਸੀ ਦਾ ਸੰਗੀ ਸਾਥੀ ਬਣਿਆ। ਮੈਨੂੰ ਉਦੋਂ ਇਸ ਦਾ ਪਤਾ ਨਹੀਂ ਸੀ।

1967 ਵਿਚ ਜਦੋਂ ਢੁੱਡੀਕੇ ਕਾਲਜ ਚਾਲੂ ਹੋਇਆ ਤੇ ਮੈਂ ਦਿੱਲੀ ਦੇ ਖਾਲਸਾ ਕਾਲਜ ਦੀ ਨੌਕਰੀ ਛੱਡ ਕੇ ਢੁੱਡੀਕੇ ਆਇਆ ਉਦੋਂ ਉਦਾਸੀ ਦੇ ਗੀਤਾਂ ਦੀ ਗੁੱਡੀ ਚੜ੍ਹ ਰਹੀ ਸੀ। ਅਗਲੇ ਦੋ ਕੁ ਸਾਲਾਂ ਵਿਚ ਮੋਗੇ-ਜਗਰਾਵਾਂ ਤੇ ਬਠਿੰਡੇ-ਬਰਨਾਲੇ ਦੇ ਇਲਾਕੇ ਵਿਚ ਉਦਾਸੀ-ਉਦਾਸੀ ਹੋ ਗਈ ਸੀ। ਉਦੋਂ ਪੰਜਾਬ ਵਿਚ ਵੀ ਨਕਸਲਬਾੜੀ ਲਹਿਰ ਪਹੁੰਚ ਚੁੱਕੀ ਸੀ। ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਿਆ ਸੀ ਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ ਸੀ। ਉਹਦੇ ਬੋਲ ਵੱਡੇ-ਵੱਡੇ 'ਕੱਠਾਂ ਨੂੰ ਬੰਨ੍ਹ ਬਿਠਾਉਂਦੇ ਸਨ। ਟੋਲੀਆਂ ਦੀਆਂ ਟੋਲੀਆਂ ਉਹਨੂੰ ਇਓਂ ਸੁਣਨ ਜਾਂਦੀਆਂ ਜਿਵੇਂ ਕਦੇ ਅਮਰ ਸਿੰਘ ਸ਼ੌਂਕੀ, ਸੋਹਣ ਸਿੰਘ ਸੀਤਲ ਤੇ ਕਰਨੈਲ ਸਿੰਘ ਪਾਰਸ ਦੇ ਜਥੇ ਨੂੰ ਸੁਣਨ ਜਾਂਦੀਆਂ ਸਨ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ ਤੇ ਉਦਾਸੀ ਨੇ ਆਪਣੀ ਥਾਂ ਬਣਾ ਲਈ ਸੀ। ਸ਼ਿਵ ਕੁਮਾਰ ਪਿਆਰ ਮੁਹੱਬਤ, ਬਿਰਹਾ ਵਿਜੋਗ ਤੇ ਮੌਤ ਦੇ ਨਗ਼ਮੇ ਗਾਉਂਦਾ ਸੀ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ ਸੀ। ਦੋਵੇਂ ਆਵਾਜ਼ ਦੇ ਧਨੀ ਸਨ ਤੇ ਬਿਨਾਂ ਸਾਜ਼ਾਂ ਤੋਂ ਤਰੰਨਮ ਵਿਚ ਗਾਉਂਦੇ ਸਨ। ਸ਼ਿਵ ਦਰਦੀਲਾ ਸੀ ਉਦਾਸੀ ਰੋਹੀਲਾ। ਦੋਹਾਂ ਨੂੰ ਜੀਂਦੇ ਜੀਅ ਸਰੋਤਿਆਂ ਦੀ ਕਦੇ ਤੋਟ ਨਹੀਂ ਆਈ।

ਸੰਤ ਰਾਮ ਉਦਾਸੀ ਦਾ ਬਚਪਨ ਆਮ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀ ਤੁਰਸ਼ੀ ਵਿਚ ਬੀਤਿਆ ਪਰ ਇਸ ਗੱਲੋਂ ਉਹ ਖ਼ੁਸ਼ਕਿਸਮਤ ਰਿਹਾ ਕਿ ਪਛੜੇ ਇਲਾਕੇ ਦੇ ਪਛੜੇ ਪਿੰਡ ਵਿਚ ਵੀ ਦਸਵੀਂ ਤਕ ਪੜ੍ਹ ਗਿਆ। ਰਾਇਸਰ ਅੱਧਾ ਪੰਜਾਬ ਦਾ ਪਿੰਡ ਸੀ ਤੇ ਅੱਧਾ ਰਿਆਸਤ ਪਟਿਆਲੇ ਦਾ। ਪਿੰਡ ਵਿਚ ਜੱਟਾਂ ਦੀ ਪਾਰਟੀਬਾਜ਼ੀ ਮਰਨ ਮਾਰਨ ਤਕ ਸੀ ਜਿਸ ਕਰਕੇ ਕਤਲ ਹੁੰਦੇ ਰਹਿੰਦੇ ਸਨ। ਉਥੇ ਵੀਹ ਤੋਂ ਵੱਧ ਕਤਲ ਹੋਏ। ਕੰਮੀਆਂ ਕਾਰੀਆਂ ਖ਼ਾਸ ਕਰ ਕੇ ਮਜ਼੍ਹਬੀਆਂ ਨੂੰ ਪਾਰਟੀਬਾਜ਼ ਭਾੜੇ 'ਤੇ ਵਰਤਦੇ ਸਨ। ਇਨਕਾਰ ਕਰਨ 'ਤੇ ਦਾਬੇ ਦਿੰਦੇ ਸਨ। ਜੇ ਉਹ ਕਿਸੇ ਪਾਰਟੀ ਦੇ ਢਹੇ ਚੜ੍ਹਦੇ ਤਾਂ ਵੀ ਮਰਦੇ, ਨਾ ਚੜ੍ਹਦੇ ਤਾਂ ਵੀ ਮਰਦੇ। ਕੰਮੀਆਂ ਨੂੰ ਦੂਹਰੀ ਦਬੇਲ ਝੱਲਣੀ ਪੈਂਦੀ ਸੀ। ਕਿਸੇ ਕਵੀ/ਲੇਖਕ/ਕਲਾਕਾਰ ਨੂੰ ਸਮਝਣ ਲਈ ਉਸ ਦੇ ਪਿਛੋਕੜ ਤੇ ਬਚਪਨ ਦੇ ਮਾਹੌਲ ਨੂੰ ਜਾਣਨਾ ਜ਼ਰੂਰੀ ਹੈ। ਸੰਤ ਰਾਮ ਉਦਾਸੀ ਨੂੰ ਇਸੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।

ਭਗਤ ਸਿੰਘ ਦਾ ਪਰਿਵਾਰ ਨਾਮਧਾਰੀ ਬਣ ਗਿਆ ਸੀ ਜਿਨ੍ਹਾਂ ਨੂੰ ਕੂਕੇ ਕਿਹਾ ਜਾਂਦਾ ਸੀ। ਉਹ ਚਿੱਟੀਆਂ ਗੋਲ ਪੱਗਾਂ ਬੰਨ੍ਹਦੇ। ਨਾਮਧਾਰੀ ਮਾਹੌਲ ਵਿਚ ਸੰਤ ਰਾਮ ਪੜ੍ਹਾਈ ਵੱਲ ਪ੍ਰੇਰਿਆ ਗਿਆ। ਅੱਖਰਾਂ ਦੀ ਜਾਣਕਾਰੀ ਨੇ ਉਸ ਲਈ ਗਿਆਨ ਦੇ ਬੂਹੇ ਖੋਲ੍ਹ ਦਿੱਤੇ। ਪਰ ਪੜ੍ਹਾਈ ਲਈ ਉਹਦਾ ਰਾਹ ਸਿੱਧਾ ਪੱਧਰਾ ਨਹੀਂ ਸੀ। 1952-53 ਦੇ ਆਸ ਪਾਸ ਮੇਹਰ ਸਿੰਘ ਦਾ ਪਰਿਵਾਰ ਖੱਖੜੀਆਂ ਕਰੇਲੇ ਹੋ ਗਿਆ ਸੀ। ਉਸ ਦੇ ਪੁੱਤਰ ਅੱਡ-ਵਿੱਢ ਹੋ ਗਏ ਸਨ। ਮੇਹਰ ਸਿੰਘ ਰਾਇਸਰ ਤੋਂ ਸਰਸੇ ਦੇ ਪਿੰਡ ਜਗਮਲੇਰੇ ਚਲਾ ਗਿਆ। ਗੁਰਦਾਸ ਸਿੰਘ ਤੇ ਪ੍ਰਕਾਸ਼ ਸਿੰਘ ਵੀ ਜਗਮਲੇਰੇ ਚਲੇ ਗਏ ਜਿਸ ਨੂੰ ਜੀਵਨ ਨਗਰ ਕਿਹਾ ਜਾਣ ਲੱਗਾ। ਉਥੇ ਮੇਹਰ ਸਿੰਘ ਦੀ ਨਵੰਬਰ 1957 ਵਿਚ ਮ੍ਰਿਤੂ ਹੋ ਗਈ। ਉਦੋਂ ਬਖਤਗੜ੍ਹ ਦੇ ਸਕੂਲ ਵਿਚ ਪੜ੍ਹ ਰਹੇ ਉਦਾਸੀ ਨੇ ਦਸਵੀਂ ਦਾ ਇਮਤਿਹਾਨ ਦੇਣਾ ਸੀ। ਪਿਤਾ ਦੀ ਮੌਤ ਦੇ ਸਦਮੇ ਵਿਚ ਉਹ ਇਮਤਿਹਾਨ ਦੀ ਤਿਆਰੀ ਨਾ ਕਰ ਸਕਿਆ ਤੇ ਦਸਵੀਂ 'ਚੋਂ ਫੇਲ੍ਹ ਹੋ ਗਿਆ।

ਫਿਰ ਅਗਲੇ ਸਾਲ ਪ੍ਰਾਈਵੇਟ ਦਾਖਲਾ ਭੇਜਿਆ ਤੇ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ। ਦਾਖਲੇ ਦੇ ਪੈਸੇ ਉਦਾਸੀ ਤੇ ਉਹਦੇ ਵੱਡੇ ਭਰਾ ਗੁਰਦਾਸ ਸਿੰਘ ਨੇ ਦਿਹਾੜੀਆਂ ਕਰ ਕੇ 'ਕੱਠੇ ਕੀਤੇ ਸਨ। ਦਸਵੀਂ ਕਰ ਕੇ ਉਹ ਭੈਣੀ ਸਾਹਿਬ ਚਲਾ ਗਿਆ ਤੇ ਕੁਝ ਸਮਾਂ ਪੌਂਗ ਡੈਮ 'ਤੇ ਮੁਣਸ਼ੀ ਦੀ ਨੌਕਰੀ ਕੀਤੀ। ਫਿਰ ਉਹ ਬਖਤਗੜ੍ਹ ਤੋਂ ਜੇ. ਬੀ. ਟੀ. ਦਾ ਕੋਰਸ ਕਰ ਕੇ ਪ੍ਰਾਇਮਰੀ ਸਕੂਲ ਬੀਹਲੇ ਵਿਚ ਅਧਿਆਪਕ ਲੱਗ ਗਿਆ ਜਿਸ ਨਾਲ ਉਹ ਪੈਰਾਂ ਸਿਰ ਹੋ ਗਿਆ ਤੇ ਪਜਾਮੇ ਦੀ ਥਾਂ ਪੈਂਟ ਪਾਉਣ ਲੱਗਾ। ਉਦੋਂ ਪਿੰਡ ਦੇ ਜੱਟ ਉਸ ਨੂੰ ਛੇੜਦੇ, "ਲੈ ਢੇਡ ਪੈਂਟਾਂ ਪਾ-ਪਾ ਦਿਖਾਉਂਦੈ!"

ਮਾਸਟਰ ਲੱਗ ਕੇ ਉਹਦੇ ਗਿਆਨ ਤੇ ਤਜਰਬੇ ਵਿਚ ਵਾਧਾ ਹੋਣਾ ਸ਼ੁਰੂ ਹੋਇਆ ਅਤੇ ਅਧਿਆਪਕਾਂ ਵਿਚ ਉਹਦਾ ਦਾਇਰਾ ਖੁੱਲ੍ਹ ਗਿਆ। ਬਚਪਨ ਵਿਚ ਉਹਦੀਆਂ ਅੱਖਾਂ 'ਚ ਕੁੱਕਰੇ ਪੈ ਜਾਣ ਕਾਰਨ ਸਾਰੀ ਉਮਰ ਉਹ ਚੁੰਨ੍ਹੀਆਂ ਅੱਖਾਂ ਵਾਲਾ ਅਖਵਾਉਂਦਾ ਰਿਹਾ। ਉਹਤੋਂ ਕੁੱਟ ਖਾਣ ਵਾਲੇ ਨਾਲਾਇਕ ਵਿਦਿਆਰਥੀ ਉਹਨੂੰ ਚੁੰਨ੍ਹੀਆਂ ਅੱਖਾਂ ਵਾਲਾ ਮਾਸਟਰ ਕਹਿੰਦੇ। ਦਾੜ੍ਹੀ ਉਹਦੀ ਠੋਡੀ ਉਤੇ ਹੀ ਸੀ ਜਿਸ ਕਰਕੇ ਕਈ ਮਨਚਲੇ ਉਹਨੂੰ ਬੋਕ ਦਾਹੜੀਆ ਵੀ ਕਹਿ ਦਿੰਦੇ। ਇਸ ਵਿਚ ਉਹਦਾ ਆਪਣਾ ਕੋਈ ਕਸੂਰ ਨਹੀਂ ਸੀ। ਵਧੇਰੇ ਮਖੌਲ ਉਹਦਾ ਨੀਵੀਂ ਜਾਤ ਦਾ ਹੋਣ ਕਾਰਨ ਉਡਦਾ ਸੀ। ਉਸ ਦਾ ਇਹ ਕਾਵਿ-ਬੰਦ ਉਹਦੀ ਤੇ ਉਹਦੇ ਵਿਹੜੇ ਦੇ ਜੁਆਕਾਂ ਦੀ ਹਾਲਤ ਹੀ ਬਿਆਨਦਾ ਹੈ:

**-ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ**
**ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ**
**ਜਿਥੇ ਵਾਲ ਤਰਸਦੇ ਕੰਘੀਆਂ ਨੂੰ**
**ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ**
**ਤੂੰ ਮਘਦਾ ਰਹੀਂ ਵੇ ਸੂਰਜਾ...**

ਸੰਤ ਰਾਮ ਦੇ ਕੁੱਕਰਿਆਂ ਦਾ ਇਲਾਜ ਕਰਾਉਣ ਲਈ ਉਹਦੀ ਮਾਂ ਉਹਨੂੰ ਸਾਧੂ ਈਸ਼ਰ ਦਾਸ ਉਦਾਸੀ ਦੇ ਡੇਰੇ ਪਿੰਡ ਮੂੰਮ ਲੈ ਗਈ ਸੀ। ਇਲਾਜ ਨਾਲ ਅੱਖਾਂ ਕੁਝ ਠੀਕ ਹੋਈਆਂ ਤਾਂ ਸੰਤ ਰਾਮ ਦਾ ਉਸ ਡੇਰੇ ਵਿਚ ਆਉਣ ਜਾਣ ਹੋ ਗਿਆ। ਉਹਦੇ ਦਾਦੇ ਨੇ ਉਹਨੂੰ ਉਦਾਸੀ ਕਹਿਣਾ ਸ਼ੁਰੂ ਕਰ ਦਿੱਤਾ ਜੋ ਸੰਤ ਰਾਮ ਦੇ ਨਾਂ ਨਾਲ ਤਖ਼ੱਲਸ ਵਾਂਗ ਹਮੇਸ਼ਾਂ ਲਈ ਜੁੜ ਗਿਆ। ਬਚਪਨ ਵਿਚ ਉਹ ਧਾਰਮਿਕ ਕਵਿਤਾਵਾਂ ਕੰਠ ਕਰਦਾ ਤੇ ਧਾਰਮਿਕ ਸਮਾਗਮਾਂ 'ਤੇ ਸੁਣਾਇਆ ਕਰਦਾ ਸੀ। ਉਹਦੇ ਮਾਪੇ ਨਾਮਧਾਰੀਏ ਹੋਣ ਕਾਰਨ ਉਸ ਨੂੰ ਧਰਮ ਦੀ ਗੁੜ੍ਹਤੀ ਬਚਪਨ ਵਿਚ ਹੀ ਮਿਲ ਗਈ ਸੀ। ਸਿੱਖ ਧਰਮ ਦਾ ਵਿਰਸਾ ਉਹਦੇ ਹੱਡਾਂ 'ਚ ਰਚ ਗਿਆ ਸੀ ਜੋ ਉਹਦੀਆਂ ਰਚਨਾਵਾਂ ਵਿਚ ਨਮੂਦਾਰ ਹੁੰਦਾ ਰਿਹਾ। ਉਹ ਬਾਹਰੋਂ ਖ਼ੁੱਗ ਕੇ ਲਿਆਂਦੀ ਕੋਰੀ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਨਹੀਂ ਸਗੋਂ ਪੰਜਾਬ ਦੀ ਧਰਤੀ 'ਚੋਂ ਉੱਗੀ ਇਨਕਲਾਬੀ ਸਿੱਖ ਵਿਚਾਰਧਾਰਾ ਦੇ ਅਨੁਕੂਲ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਸੀ। ਉਸ ਉਤੇ ਪ੍ਰੋ. ਸੰਤ ਸਿੰਘ ਸੇਖੋਂ ਨਾਲੋਂ ਪ੍ਰੋ. ਕਿਸ਼ਨ ਸਿੰਘ ਦੇ ਵਿਚਾਰਾਂ ਦਾ ਵਧੇਰੇ ਅਸਰ ਸੀ। ਉਸ ਨੇ ਆਪਣੇ ਗੀਤਾਂ ਤੇ ਨਜ਼ਮਾਂ ਵਿਚ ਇਨਕਲਾਬੀ ਸਿੱਖ ਵਿਰਸੇ ਤੇ ਸਿੱਖ ਬਿੰਬਾਂ ਦੀ ਰੂਹ ਨਾਲ ਵਰਤੋਂ ਕੀਤੀ। ਉਹ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬਾਂ 'ਤੇ ਗਾਉਂਦਾ:

**-ਮੈਂ ਏਸੇ ਲਈ ਮੰਨਿਆ ਸੀ ਆਪਣੇ ਆਪ ਨੂੰ ਗੁਰੂ-ਚੇਲਾ,**
**ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ।**
**ਮੈਂ ਏਸੇ ਲਈ ਗੜ੍ਹੀ ਚਮਕੌਰ ਦੀ ਵਿਚ ਜੰਗ ਲੜਿਆ ਸੀ,**
**ਕਿ ਕੱਚੇ ਕੋਠੜੇ ਮੂਹਰੇ ਮਹਿਲ ਮਿਨਾਰ ਝੁਕ ਜਾਵੇ।**
**ਜੇਕਰ ਤੁਸੀਂ ਮੈਨੂੰ ਆਪਣਾ ਸਰਦਾਰ ਮੰਨਿਆ ਹੈ,**
**ਤਾਂ ਮੈਂ ਮੁੱਲ ਵੀ ਸਰਦਾਰੀਆਂ ਦਾ ਤਾਰ ਚੱਲਿਆ ਹਾਂ।**
**ਮੈਂ ਦੇਵਣ ਲਈ ਉਦਾਹਰਣ ਜੱਗ ਦੇ ਕੌਮੀ ਨੇਤਾਵਾਂ ਨੂੰ,**
**ਵਾਰ ਲੋਕਾਂ ਤੋਂ ਪਹਿਲਾਂ ਆਪਣਾ ਪਰਿਵਾਰ ਚੱਲਿਆ ਹਾਂ।**
**ਰੰਘਰੇਟੇ ਆਖ ਕੇ ਕਿਰਤੀ ਦਾ ਮੈਂ ਸਤਿਕਾਰ ਕਰਦਾ ਹਾਂ,**
**ਇਹਨਾਂ ਨੇ ਦਰਸ਼ ਅੰਤਮ ਬਾਪ ਦਾ ਮੈਨੂੰ ਕਰਾਇਆ ਸੀ।**
**ਮੈਂ ਨਾਈਆਂ, ਛੀਂਬਿਆਂ, ਝਿਊਰਾਂ ਤੋਂ ਜ਼ੁਲਮੀ ਛੱਟ ਲਾਹੁਣੀ ਸੀ,**
**ਮੈਂ ਸਾਂਝਾ ਪੰਥ ਸਾਜਣ ਦਾ ਤਾਹੀਓਂ ਕੌਤਕ ਰਚਾਇਆ ਸੀ।**
**ਤੇ ਗੁਰੂ ਨਾਨਕ ਦੇ ਗੁਰਪੁਰਬਾਂ 'ਤੇ ਗੁਰੂ ਨੂੰ ਸਿਜਦਾ ਕਰਦਾ ਕਹਿੰਦਾ:**

**-ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,**
**ਸਾਰੀ ਧਰਤ ਦੇ ਉਤੇ ਪਰਚਾਰਿਆ ਸੀ।**
**ਭੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ,**
**ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।**
**ਜਿਹੜਾ ਕਰੇ ਸੇਵਾ ਉਹੀ ਖਾਵੇ ਮੇਵਾ,**
**ਦੈਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।**
**ਰਾਜੇ ਅਫ਼ਸਰਾਂ ਤੋਂ ਕਦੇ ਭਲਾ ਨਾਹੀਂ,**
**ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।**

ਸੰਤ ਰਾਮ ਉਦਾਸੀ ਦੇ ਗੀਤਾਂ ਤੇ ਕਵਿਤਾਵਾਂ ਉਤੇ ਕੁਝ ਕੱਟੜ ਮਾਰਕਸਵਾਦੀ ਆਲੋਚਕਾਂ ਦਾ ਕਿੰਤੂ ਹੈ ਕਿ ਉਸ ਵਿਚ ਸਿੱਖ ਧਾਰਮਿਕਤਾ ਦਾ ਅੰਸ਼ ਹੱਦੋਂ ਵੱਧ ਹੈ। ਇਸ ਦਾ ਕਾਰਨ ਇਹ ਹੈ ਕਿ ਉਦਾਸੀ ਪੰਜਾਬ ਦੇ ਇਤਿਹਾਸ ਤੇ ਮਿਥਿਹਾਸ ਵਿਚ ਦਿਲ ਦੀਆਂ ਡੂੰਘਾਣਾਂ ਤਕ ਖੁੱਭਿਆ ਤੇ ਭਿੱਜਿਆ ਹੋਇਆ ਸੀ। ਉਸ ਨੇ ਪੰਜਾਬ ਦੇ ਤੇ ਖ਼ਾਸ ਕਰ ਕੇ ਸਿੱਖ ਧਰਮ ਦੇ ਇਨਕਲਾਬੀ ਵਿਰਸੇ ਨੂੰ ਸਮਾਜਵਾਦੀ ਇਨਕਲਾਬ ਲਿਆਉਣ ਲਈ ਰੱਜ ਕੇ ਵਰਤਿਆ। ਉਸ ਨੇ ਲਿਖਿਆ ਤੇ ਉੱਚੀ ਸੁਰ ਵਿਚ ਗਾਇਆ:

**-ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,**
**ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।**
**ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,**
**ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।**
**ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,**
**ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।**
**ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,**
**ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।**

ਉਸ ਦੀ ਕਵਿਤਾ ਦਿੱਲੀਏ ਦਿਆਲਾ ਦੇਖ ਨੀਝ ਨਾਲ ਪੜ੍ਹਨ ਤੇ ਸੁਣਨ ਵਾਲੀ ਹੈ:

**-ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ,**
**ਅਜੇ ਤੇਰਾ ਦਿਲ ਨਾ ਠਰੇ।**
**ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ,**
**ਅਜੇ ਮਨ ਮੱਤੀਆਂ ਕਰੇ।**
**ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦੇ ਜੋ ਕੈਦ ਹੈ,**
**ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।**
**ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,**
**ਤੇਰੇ ਮਹਿਲੀਂ ਵੜੇ ਕਿ ਵੜੇ।**
**ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ,**
**ਇਕ ਦਾ ਤੂੰ ਮੁੱਲ ਭਾਵੇਂ ਰੱਖਦੀਂ ਕਰੋੜ ਨੀ।**
**ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ, ਸਿੰਘ ਤੈਥੋਂ ਜਾਣੇ ਨਾ ਫੜੇ...।**

ਉਹ ਨਕਸਲਵਾੜੀਆਂ ਨੂੰ ਵੀ ਗੁਰੂ ਦੇ ਸਿੰਘ ਕਹਿੰਦਾ ਸੀ। ਉਹ ਧਰਮ ਦੇ ਨਾਂ 'ਤੇ ਇਕ ਦੂਜੇ ਦਾ ਵਿਰੋਧ ਕਰਨ ਨੂੰ ਬੇਹੱਦ ਮਾੜਾ ਸਮਝਦਾ ਸੀ। 1984 ਵਿਚ ਜੋ ਕੁਛ ਵਾਪਰਿਆ ਉਹਦੇ ਬਾਰੇ ਉਹਨੇ ਇਥੋਂ ਤਕ ਲਿਖਿਆ:

**-ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ**
**ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ**
**ਕਿਸ ਨੂੰ ਕਿਸ ਦਾ ਦਮਨ ਕਹੂੰਗਾ**
**ਮੈਂ ਹੁਣ ਕਿਸ ਨੂੰ ਵਤਨ ਕਹੂੰਗਾ...**

ਸੰਤ ਰਾਮ ਉਦਾਸੀ ਕਿਤਾਬਾਂ ਦੇ ਵਿਦਵਾਨ ਪਾਠਕਾਂ ਦੀ ਥਾਂ ਆਮ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਬਿੰਬਾਵਲੀ, ਛੰਦਾਬੰਦੀ, ਗੀਤਾਂ ਦੀ ਹੇਕ ਤੇ ਰੋਹੀਲੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ। ਉਸ ਦੇ ਗੀਤਾਂ ਤੇ ਨਜ਼ਮਾਂ ਦੇ ਵਿਸ਼ੇ ਵੀ ਵੰਨਗੀ ਭਰਪੂਰ ਹਨ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਲਿਖਦਾ, ਕਦੇ ਦੇਸ਼ ਪਿਆਰ ਦਾ, ਕਦੇ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ, ਕਦੇ ਮਲੰਗ ਲੱਖੇ ਦੇ ਨਾਂ ਗੀਤ ਲਿਖਦਾ ਤੇ ਕਦੇ ਕਿਰਤੀ ਨੂੰ ਉੱਠਣ ਦਾ ਸੱਦਾ ਦਿੰਦਾ:

**-ਉੱਠ ਕਿਰਤੀਆ ਉੱਠ ਵੇ ਉੱਠਣ ਦਾ ਵੇਲਾ**
**ਜੜ੍ਹ ਵੈਰੀ ਪੁੱਟ ਵੇ, ਪੁੱਟਣ ਦਾ ਵੇਲਾ...।**

ਉਸ ਨੇ ਚੂੜੀਆਂ ਦਾ ਹੋਕਾ ਵੀ ਦਿੱਤਾ ਤੇ ਮਾਰੇ ਗਏ ਮਿੱਤਰਾਂ ਦੇ ਵੈਣ ਵੀ ਪਾਏ:

**-ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,**
**ਖ਼ੈਰ-ਸੁੱਖ ਦਾ ਸੁਨੇਹੜਾ ਲਿਆ।**
**ਓਸ ਮਾਂ ਦਾ ਬਣਿਆ ਕੀ,**
**ਆਂਦਰਾਂ ਦੀ ਅੱਗ ਜੀਹਦੀ,**
**ਗਈ ਕਸਤੂਰੀਆਂ ਖਿੰਡਾ...।**

ਉਹ ਇਨਕਲਾਬੀ ਜੁਝਾਰੂਆਂ ਵੱਲੋਂ ਵਾਰਸਾਂ ਦੇ ਨਾਂ ਲਿਖਦਾ ਹੈ:

**-ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,**
**ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।**
**ਬਦਲਾ ਲਏ ਤੋਂ ਵੀ ਜਿਹੜੀ ਟੁੱਟਣੀ ਨਾ,**
**ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।**

ਇਹ ਸਤਰਾਂ ਉਹਨੇ ਉਦੋਂ ਲਿਖੀਆਂ ਸਨ ਜਦੋਂ ਨਕਸਲਬਾੜੀਆਂ ਨੂੰ ਫੜ ਫੜ ਕੇ ਪੁਲਿਸ ਝੂਠੇ ਮੁਕਾਬਲਿਆਂ ਵਿਚ ਬੇਦਰਦੀ ਨਾਲ ਮਾਰ ਰਹੀ ਸੀ। ਇਹਨਾਂ ਹੀ ਸਤਰਾਂ ਨੂੰ ਬਾਅਦ ਵਿਚ ਸੰਤ ਭਿੰਡਰਾਂਵਾਲੇ ਦੇ ਖਾੜਕੂ ਆਪਣੇ ਇਸ਼ਤਿਹਾਰਾਂ ਵਿਚ ਵਰਤਦੇ ਰਹੇ। ਉਹ ਵੀ ਇਹੋ ਕਹਿੰਦੇ ਰਹੇ-ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ...।

ਉਹਦੇ ਲੋਕ ਕਾਵਿ ਦੇ ਬਿੰਬ, ਤੁਲਨਾਵਾਂ ਤੇ ਅਲੰਕਾਰ ਮੌਲਿਕ ਸਨ ਜੋ ਕਿਰਤੀ ਕਾਮਿਆਂ ਦੇ ਕਿੱਤੇ ਤੇ ਖੇਤਾਂ ਵਿਚੋਂ ਲਏ ਗਏ ਸਨ:

**-ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,**
**ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।**
**ਨਰਮ ਦੋਧਿਆਂ ਦੇ ਸੂਹੇ ਪਿੰਡਿਆਂ 'ਤੇ,**
**ਅਸੀਂ ਲੁੱਟ ਦਾ ਤਾਪ ਨਾ ਚੜ੍ਹਨ ਦੇਣਾ।**
**ਅਸੀਂ ਗਭਰੂ ਤੂਤ ਦੀ ਛਿਟੀ ਵਰਗੇ**
**ਜਿੰਨਾ ਛਾਂਗੋਗੇ ਓਨਾ ਹੀ ਫੈਲਰਾਂਗੇ...।**
**-ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,**
**ਬੋਹਲਾਂ ਵਿਚੋਂ ਨੀਰ ਵਗਿਆ।**
**ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,**
**ਤੂੜੀ ਵਿਚੋਂ ਪੁੱਤ ਜੱਗਿਆ।**
**ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ,**
**ਤੇ ਖਾਦ ਖਾ ਗੀ ਹੱਡ ਖਾਰ ਕੇ।**
**ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,**
**ਬੋਹਲ ਨੂੰ ਖੰਘੂਰਾ ਮਾਰ ਕੇ।**
**ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,**
**ਕਿ ਸਧਰਾਂ ਨੂੰ ਲਾਂਬੂ ਲੱਗਿਆ।**
**ਗਲ ਲੱਗ ਕੇ...।**

ਇਕ ਵਾਰ ਸਾਥੀਆਂ ਦੇ ਸੱਦੇ ਉਤੇ ਜਦੋਂ ਉਹ ਵਿਦੇਸ਼ਾਂ ਵਿਚ ਗਿਆ ਤਾਂ ਉਸ ਨੂੰ ਪਰਵਾਸੀਆਂ ਦੇ ਦੁੱਖਾਂ ਦਾ ਨੇੜਿਓਂ ਅਹਿਸਾਸ ਹੋਇਆ। ਇਸੇ ਅਹਿਸਾਸ ਵਿਚੋਂ ਉਸ ਨੇ ਗੀਤ ਗਾਇਆ:

**-ਮੈਨੂੰ ਲੈ ਜਾ ਨੀ ਹਵਾਏ ਮੇਰੇ ਦੇਸ਼,**
**ਕਰੇ ਜੋਦੜੀ ਨੀ ਇਕ ਦਰਵੇਸ਼।**
**ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ,**
**ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ,**
**ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ,**
**ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ,**
**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼,**
**ਕਰੇ ਜੋਦੜੀ ਨੀ ਇਕ ਦਰਵੇਸ਼...।**

ਉਹਦੇ ਵਿਦੇਸ਼ ਜਾਣ ਦੀ ਵੱਡੀ ਪ੍ਰਾਪਤੀ ਇਹ ਹੋਈ ਕਿ ਉਥੇ ਉਹਦੇ ਗੀਤਾਂ ਦੀ ਉਹਦੀ ਆਵਾਜ਼ ਵਿਚ ਹੀ ਕੈਸਿਟ ਰਿਕਾਰਡ ਕਰ ਲਈ ਗਈ। ਨਹੀਂ ਤਾਂ ਸੰਭਵ ਸੀ ਕਿ ਉਹਦੀ ਰੋਹੀਲੀ ਆਵਾਜ਼ ਅਗਲੀਆਂ ਪੀੜ੍ਹੀਆਂ ਤਕ ਪੁੱਜਦੀ ਹੀ ਨਾ। ਅੱਜ ਵੀ ਅਸੀਂ ਉਸ ਨੂੰ ਉਸੇ ਤਰ੍ਹਾਂ ਸੁਣ ਸਕਦੇ ਹਾਂ ਜਿਵੇਂ ਉਹ ਵੱਡੇ-ਵੱਡੇ 'ਕੱਠਾਂ ਵਿਚ ਗਾਉਂਦਾ ਹੁੰਦਾ ਸੀ।

ਕੈਨੇਡਾ ਵਿਚ ਰਹਿੰਦੇ ਹਰਿੰਦਰ ਮਾਹਲ ਤੇ ਸੁਰਿੰਦਰ ਧੰਜਲ ਹੋਰਾਂ ਨਾਲ ਉਹਦਾ ਚਿੱਠੀ ਪੱਤਰ ਹੁੰਦਾ ਰਹਿੰਦਾ ਸੀ। ਕਲਕੱਤੇ ਹਰਦੇਵ ਸਿੰਘ ਗਰੇਵਾਲ ਨਾਲ ਵੀ ਚਿੱਠੀ ਪੱਤਰ ਚਲਦਾ

ਰਹਿੰਦਾ ਸੀ। ਇਪਾਨਾ ਦੇ ਸੱਦੇ 'ਤੇ ਉਸ ਨੂੰ ਕੈਨੇਡਾ ਦਾ ਵੀਜ਼ਾ ਮਿਲ ਗਿਆ। ਉਸ ਨੇ ਇਕ ਦਮ ਤਿਆਰੀ ਕਰ ਲਈ। ਉਹਦੀ ਮਾਤਾ ਉਦੋਂ ਆਪਣੇ ਤੀਜੇ ਪੁੱਤ ਗੁਰਦੇਵ ਸਿੰਘ ਕੋਇਲ ਕੋਲ ਜਲੰਧਰ ਗਈ ਹੋਈ ਸੀ। ਉਹ ਮਾਤਾ ਨੂੰ ਮਿਲੇ ਬਿਨਾਂ ਹੀ ਜਹਾਜ਼ ਚੜ੍ਹ ਗਿਆ। ਮਾਤਾ ਪਿੰਡ ਆਈ ਤਾਂ ਆਪਣੀ ਨੂੰਹ ਨਸੀਬ ਕੌਰ ਨਾਲ ਖ਼ਫਾ ਹੋਈ, "ਤੂੰ ਮੇਰਾ ਸਾਧ ਪੁੱਤ ਕਿਉਂ ਪਰਦੇਸ ਤੋਰਿਆ?"

ਪਰ ਪਰਦੇਸ ਉਹ ਬਹੁਤਾ ਸਮਾਂ ਨਹੀਂ ਰਿਹਾ। ਵਤਨ ਲਈ ਵੈਰਾਗਿਆ ਉਹ ਲੰਮੀਆਂ ਚਿੱਠੀਆਂ ਲਿਖਦਾ ਤੇ ਅਚਾਨਕ ਵਾਪਸ ਆ ਗਿਆ। ਆਉਂਦੇ ਨੇ ਬੇਬੇ ਨੂੰ ਗੋਦੀ ਚੁੱਕ ਲਿਆ ਤੇ ਨਿਆਣਿਆਂ ਦੇ ਮੂੰਹ ਮੱਥੇ ਚੁੰਮੇ। ਕੰਧਾਂ ਕੰਧੋਲੀਆਂ ਤੇ ਮੱਝਾਂ ਨੂੰ ਪਿਆਰ ਕੀਤਾ ਅਤੇ ਉਨ੍ਹਾਂ ਦੇ ਪਿੰਡਿਆਂ 'ਤੇ ਹੱਥ ਫੇਰਦਾ ਰਿਹਾ। ਦੱਸੀ ਗਿਆ ਕਿ ਦੋਸਤਾਂ ਨੇ ਕਿੰਨੀ ਸੇਵਾ ਕੀਤੀ ਤੇ ਕਿਥੇ ਕਿਥੇ ਪ੍ਰੋਗਰਾਮ ਕੀਤੇ। ਕਿਵੇਂ ਉਹਨੂੰ ਕੈਨੇਡੀਅਨ/ਅਮਰੀਕਨ ਬਣਨ ਲਈ ਚੋਗਾ ਪਾਇਆ ਗਿਆ ਤੇ ਕਿਵੇਂ ਉਹਨੇ ਇਨਕਾਰ ਕੀਤਾ। ਕਾਹਦੀ ਖਿੱਚ ਸੀ ਉਸ ਨੂੰ ਆਪਣੇ ਵਤਨ ਦੀ? ਉਸ ਵਤਨ ਦੀ ਜਿਸ ਵਿਚ ਉਹ ਕੁੱਤੇ-ਜੂੰਨ ਜਿਊਂ ਰਿਹਾ ਸੀ! ਉਹ ਜੁਗਾੜੀ ਕਿਉਂ ਨਾ ਬਣਿਆ?

ਦੁਨੀਆਦਾਰ ਹੈਰਾਨ ਸਨ ਕਿ ਉਹ ਕੈਨੇਡਾ/ਅਮਰੀਕਾ ਵਰਗੇ ਮੁਲਕਾਂ 'ਚੋਂ ਮੁੜਿਆ ਕਿਉਂ? ਇੰਡੀਆ 'ਚ ਉਹਦੇ ਕਿਹੜੇ ਕਿੱਲੇ ਗੱਡੇ ਸਨ? ਬਥੇਰੇ ਨਕਸਲਬਾੜੀਏ ਸਨ ਜੋ ਕਿਸੇ ਨਾ ਕਿਸੇ ਢੰਗ ਨਾਲ ਕੈਨੇਡਾ/ਅਮਰੀਕਾ ਗਏ ਤੇ ਮੁੜ ਕੇ ਨਹੀਂ ਪਰਤੇ। ਉਹ ਉਥੇ ਰੰਗੀਂ ਵਸਦੇ ਹੋਏ ਇੰਡੀਆ ਵਿਚ ਇਨਕਲਾਬ ਲਿਆਈ ਜਾਂਦੇ ਸਨ। ਇਨਕਲਾਬੀ ਹੋਣ ਦਾ ਵਧੇਰੇ ਨਾਮਣਾ ਖੱਟੀ ਜਾਂਦੇ ਸਨ। ਦੇਸ਼ ਵਿਚ ਜਿਹੜਾ ਸਾਥੀ ਇਨਕਲਾਬੀ ਪੈਂਤੜੇ ਤੋਂ ਰਤਾ ਵੀ ਪਿੱਛੇ ਹਟਦਾ ਸੀ ਉਹਨੂੰ ਗ਼ਦਾਰ ਕਹੀ ਜਾਂਦੇ ਸਨ। 'ਲੋਕ ਕਵੀ' ਨੂੰ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲੇ ਨੂੰ 'ਸ਼ਰਾਬ ਭਿੱਜੇ ਬੋਲਾਂ' ਬੋਲਾਂ ਵਾਲਾ ਕਹਿ ਕੇ ਮਖੌਲ ਉਡਾਉਂਦੇ ਸਨ। ਪਰ ਉਦਾਸੀ ਵਿਦੇਸ਼ਾਂ 'ਚ ਟਿਕ ਜਾਣ ਵਾਲੇ ਇਨਕਲਾਬੀਆਂ ਵਿਚ ਨਾ ਰਲਿਆ। ਉਹ ਉਥੇ ਹੀ ਪਰਤ ਆਇਆ ਜਿਥੇ ਉਸ ਦੀ ਵਧੇਰੇ ਲੋੜ ਸੀ।

1972 ਵਿਚ ਕੀਤੀ ਇਕ ਇੰਟਰਵਿਊ ਵਿਚ ਉਸ ਨੇ ਦੱਸਿਆ ਸੀ, "ਮੈਂ 1961 ਵਿਚ ਲਿਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਮੈਂ ਆਪਣੀਆਂ ਕਵਿਤਾਵਾਂ ਵਿਚ ਅਧਿਆਤਮਵਾਦ ਲਿਆਂਦਾ। ਅਧਿਆਤਮਿਕ ਕੁਰੀਤੀਆਂ ਨੂੰ ਵੇਖ ਕੇ ਮੈਂ ਮਾਰਕਸੀ ਸੋਚ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵਾਂਦਾ ਵਾਸਲਿਊਸਕਾ, ਗੋਰਕੀ, ਸ਼ੋਲੋਖ਼ੋਵ, ਆਸਤ੍ਰੋਵਸਕੀ, ਪਰਲ ਐੱਸ. ਬੱਕ ਤੇ ਜੂਲੀਅਸ ਫਿਊਚਿਕ ਨੂੰ ਪੜ੍ਹਿਆ। ਪੰਜਾਬੀ ਵਿਚ ਮੈਂ ਬਹੁਤਾ ਕੰਵਲ, ਧੀਰ ਤੇ ਮੋਹਨ ਸਿੰਘ ਤੋਂ ਪ੍ਰਭਾਵਤ ਹੋ ਕੇ ਸਾਧਾਰਨ ਲੋਕ ਪੱਧਰ ਦੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਤੇ ਹੁਣ ਮੈਂ ਬੁੱਧੀਜੀਵੀਆਂ ਨੂੰ ਵੀ ਸੰਤੁਸ਼ਟ ਕਰ ਸਕਦਾ ਹਾਂ। ਕੂਕਾ ਲਹਿਰ ਤੇ ਕਿਸਾਨ ਲਹਿਰ ਨੇ ਮੇਰੇ ਗੀਤਾਂ ਨੂੰ ਅਧਿਆਤਮਕ ਅਗਾਂਹ ਵਧੂ ਰਾਹ ਦੱਸਿਆ। ਅਧਿਆਤਮਵਾਦ ਤੋਂ ਮਗਰੋਂ ਮੈਂ ਮਾਰਕਸਇਜ਼ਮ ਨੂੰ ਘੋਖਿਆ ਤੇ ਉਸ ਤੋਂ ਮਗਰੋਂ ਦੁਬਾਰਾ ਅਧਿਆਤਮਵਾਦ ਨੂੰ ਮਾਰਕਸੀ ਫਲਸਫ਼ੇ 'ਤੇ ਪਰਖਿਆ ਤੇ ਮੈਨੂੰ ਲੱਗਿਆ ਕਿ ਅਧਿਆਤਮਵਾਦ ਬਾਰੇ ਲਿਖੇ ਗੀਤ ਕਿਰਤੀ ਲੁੱਟ ਖਸੁੱਟ ਨੂੰ ਖ਼ਤਮ ਕਰਨ ਲਈ ਸਹਾਈ ਨਹੀਂ ਹੋ ਸਕਦੇ।

"ਮੈਂ ਆਪਣੇ ਆਪ ਨੂੰ ਲੋਕ ਪੱਧਰ ਦਾ ਗੀਤਕਾਰ ਸਮਝਦਾ ਹਾਂ। ਸਾਡੇ ਸਾਧਾਰਨ ਲੋਕ ਅਜੇ ਵੀ ਬਹੁਤ ਸਾਰੇ ਵਿਸ਼ਵਾਸਾਂ ਵਿਚ ਫਸੇ ਹੋਏ ਹਨ। ਮੈਂ ਜਿਹੜੇ ਗੀਤ ਅਧਿਆਤਮਵਾਦ ਦੇ ਵੀ ਲਿਖੇ ਹਨ, ਉਹਨਾਂ ਵਿਚ ਵੀ ਉਸਾਰੂ ਪੱਖ ਨੂੰ ਵਿਖਾਇਆ ਹੈ ਜਿਵੇਂ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਸੁਨੇਹਾ, ਜ਼ਫ਼ਰਨਾਮਾ, ਬੂਬਨੇ ਸਾਧ ਆਦਿ। ਅੱਜ ਵੀ ਜਦੋਂ ਮੈਂ ਲੋਕਾਂ ਸਾਹਮਣੇ ਇਹਨਾਂ ਗੀਤਾਂ ਨੂੰ ਗਾਉਂਦਾ ਹਾਂ ਤਾਂ ਇਹਨਾਂ ਵਿਚਲਾ ਉਸਾਰੂ ਭਾਵ ਮੈਨੂੰ ਚਿਰਜੀਵੀ ਲੱਗਦਾ ਹੈ।"

ਉਸ ਦਾ ਕਥਨ ਹੈ, "ਰੇਡੀਓ ਤੇ ਸਪੀਕਰਾਂ ਦੇ ਰਿਕਾਰਡ ਲੋਕਾਂ ਦੀ ਸੋਚ ਨੂੰ ਖੁੱਸੀ ਕਰਨ ਲਈ ਮਾਰਫੀਏ ਦਾ ਟੀਕਾ ਹਨ। ਸੌੜੇ ਕੌਮਵਾਦ ਦੀ ਭਾਵਨਾ ਲੋਕਾਂ ਵਿਚ ਜਗਾ ਕੇ ਲੋਕਾਂ ਨੂੰ ਆਪਣੇ ਉੱਜਲੇ ਭਵਿੱਖ ਤੋਂ ਪਰ੍ਹੇ ਰੱਖਿਆ ਜਾਂਦਾ ਹੈ। ਪਰ ਹੁਣ ਲੋਕਾਂ ਦੇ ਕੰਨਾਂ ਵਿਚ ਚੇਤਨਾ ਘਰ ਕਰ ਗਈ ਹੈ। ਉਹ ਸਮਝਦੇ ਹਨ ਕਿ ਕੱਲ੍ਹ ਪਾਕਿਸਤਾਨ ਦੇ ਉਲਟ ਬੋਲਿਆ ਗਿਆ ਰਿਕਾਰਡ ਕਿਵੇਂ ਅੱਜ ਪਾਕਿਸਤਾਨ ਦੇ ਹੱਕ ਵਿਚ ਵੱਜ ਰਿਹਾ ਹੈ। ਇਹ ਪਾਕਿਸਤਾਨ ਦਾ ਮਜ਼ਦੂਰ ਵੀ ਜਾਣਦਾ ਹੈ।"

ਸੰਤ ਰਾਮ ਉਦਾਸੀ ਦਾ ਜੁੱਸਾ ਇਕਹਿਰਾ ਤੇ ਕੱਦ ਪੌਣੇ ਛੇ ਫੁੱਟ ਸੀ। ਉਹ ਨੰਗੇ ਪੈਰੀਂ ਤੁਰ ਕੇ ਪੜ੍ਹਨ ਜਾਂਦਾ ਰਿਹਾ ਤੇ ਸਾਈਕਲ ਉਤੇ ਚੜ੍ਹ ਕੇ ਮਾਸਟਰੀ ਕਰਦਾ ਰਿਹਾ। ਤੀਹ ਚਾਲੀ ਮੀਲ ਸਾਈਕਲ ਚਲਾਉਣਾ ਉਹਦੇ ਲਈ ਮਾਮੂਲੀ ਗੱਲ ਸੀ। ਸਾਈਕਲ ਉਹਨੇ ਚਲਾਇਆ ਵੀ ਬਹੁਤ ਤੇ ਸਾਈਕਲ ਚਲਾਉਂਦਿਆਂ ਗੀਤ ਵੀ ਬਹੁਤ ਸਿਰਜੇ। ਉਹ ਆਪਣੇ ਗੀਤ ਕਾਗਜ਼ ਕਾਪੀ ਉਤੇ ਲਿਖਣ ਦੀ ਥਾਂ ਮੂੰਹ ਜ਼ਬਾਨੀ ਰਚ ਕੇ ਯਾਦ ਰੱਖਿਆ ਕਰਦਾ ਸੀ। ਸਾਈਕਲ ਚਲਾਉਂਦਾ ਜਾਂ ਤੁਰਿਆ ਜਾਂਦਾ ਤੁਕਾਂ ਜੋੜਦਾ ਜਾਂਦਾ ਜਿਨ੍ਹਾਂ ਦਾ ਗੀਤ ਬਣਦਾ ਜਾਂਦਾ। ਉਹੀ ਗੀਤ ਬਾਅਦ ਵਿਚ ਕਾਪੀ 'ਤੇ ਨੋਟ ਕਰ ਲੈਂਦਾ। ਬਹੁਤੇ ਗੀਤ ਉਹਦੇ ਅੰਦਰੋਂ ਉਦੋਂ ਨਿਕਲੇ ਜਦੋਂ ਉਹ ਘੁੱਟ ਪੀ ਕੇ ਸਰੂਰ ਵਿਚ ਸਾਈਕਲ ਚਲਾਉਂਦਾ ਹੁੰਦਾ ਸੀ। ਕਈ ਵਾਰ ਉਹ ਆਪਣੀ ਪਤਨੀ ਤੋਂ ਇਹ ਕਹਿ ਕੇ ਵੀ ਪਊਆ ਪੀਣ ਲਈ ਪੈਸੇ ਲੈਂਦਾ ਕਿ ਉਸ ਦੇ ਗੋਡੇ ਦੁਖਦੇ ਹਨ ਨਾਲੇ ਉਸ ਨੇ ਗੀਤ ਪੂਰਾ ਕਰਨੈਂ! ਉਦੋਂ ਉਹ ਨਸੀਬ ਕੌਰ ਨੂੰ ਕਾਮਰੇਡਣੀਏਂ ਕਹਿ ਕੇ ਸੰਬੋਧਨ ਕਰਦਾ ਸੀ।

ਉਹਦੀਆਂ ਅੱਖਾਂ ਤਾਂ ਚੁੰਨ੍ਹੀਆਂ ਸਨ ਹੀ, ਦਾੜ੍ਹੀ ਵੀ ਖੋਦੀ ਸੀ ਜੋ ਠੋਡੀ ਉਤੇ ਵੱਧ ਤੇ ਜਾਭਾਂ ਉਤੇ ਘੱਟ ਸੀ। ਜੂੜਾ ਜ਼ਰੂਰ ਵੱਡਾ ਸੀ। ਨੱਕ ਤਿੱਖਾ ਸੀ, ਮੁੱਛਾਂ ਪਤਲੀਆਂ ਤੇ ਰੰਗ ਸਾਂਵਲਾ। ਉਹ ਬਣਦੀ ਸਰਦੀ ਸੁਕੀਨੀ ਵੀ ਲਾਉਂਦਾ ਸੀ ਪਰ ਫੈਸ਼ਨਾਂ ਨੇ ਨਹੀਂ ਸੀ ਪੱਟਿਆ। ਉਹਦੀ ਖੱਬੀ ਅੱਖ ਵਿਚ ਟੀਰ ਸੀ ਤੇ ਪੁਲਿਸ ਦੇ ਅੰਨ੍ਹੇ ਤਸ਼ੱਦਦ ਨਾਲ ਅੱਖਾਂ ਦੀ ਜੋਤ ਹੋਰ ਵੀ ਘਟ ਗਈ ਸੀ। ਉਹ ਅਕਸਰ ਕਾਲੀ ਐਨਕ ਲਾਉਂਦਾ ਸੀ। ਨਕਸਲਬਾੜੀ ਦੌਰ ਵਿਚ ਉਸ ਉਤੇ ਬੇਰਹਿਮੀ ਨਾਲ ਤਸ਼ੱਦਦ ਢਾਹਿਆ ਗਿਆ ਸੀ।

ਉਹ 1960 ਤੋਂ 64 ਤਕ ਸੀ.ਪੀ.ਆਈ. ਦਾ ਹਮਦਰਦ ਸੀ, 64 ਤੋਂ 69 ਤਕ ਸੀ. ਪੀ. ਐੱਮ. ਨਾਲ ਰਿਹਾ ਤੇ ਫਿਰ ਨਕਸਲੀ ਲਹਿਰ ਦੀ ਧਿਰ ਬਣ ਗਿਆ। ਨਕਸਲੀ ਖੱਖੜੀਆਂ ਕਰੇਲੇ ਹੋਏ ਤਾਂ ਗਰੁੱਪਾਂ ਦੀ ਦੁਸ਼ਣਬਾਜ਼ੀ ਵਿਚ ਉਹ ਵੀ ਬਚ ਨਾ ਸਕਿਆ। ਜਿਵੇਂ ਕਿਰਤੀਆਂ ਦੀ ਕਿਰਤ ਲੁੱਟੀ ਜਾਂਦੀ ਹੈ ਉਵੇਂ ਨਕਸਲੀਆਂ ਦੇ ਕੁਝ ਗਰੁੱਪਾਂ ਨੇ ਉਸ ਦੀ ਗੀਤਕਾਰੀ ਤੇ ਗਾਇਕੀ ਲੁੱਟਣ ਦੀ ਵੀ ਕਸਰ ਨਹੀਂ ਛੱਡੀ। ਜਿਨ੍ਹਾਂ ਨੇ ਹਮਦਰਦੀ ਜਿਤਾਉਣੀ ਸੀ ਉਨ੍ਹਾਂ 'ਚੋਂ ਕਈ ਉਸ ਨੂੰ ਬੇਦਰਦ ਬਣ ਕੇ ਟੱਕਰੇ। ਉਸ ਦੀ ਇਨਕਲਾਬੀ ਸੁਰ ਨੂੰ ਸਲਾਹੁਣ ਵਾਲਿਆਂ ਨੇ ਹੀ ਉਸ ਨੂੰ ਰੱਜ ਕੇ ਨਾ ਜਿਊਣ ਦਿੱਤਾ। ਉਹਦੇ 47 ਸਾਲ ਦੀ ਅੱਧਖੜ ਉਮਰੇ ਗੁਜ਼ਰ ਜਾਣ ਦੇ ਕਾਰਨਾਂ ਵਿਚ ਕੁਝ ਉਹ ਸਾਥੀ ਵੀ ਸ਼ਾਮਲ ਸਨ ਜਿਨ੍ਹਾਂ ਕਰਕੇ ਉਹ ਵਾਰ ਵਾਰ ਗ੍ਰਿਫਤਾਰ ਹੋਇਆ ਸੀ। ਨਾ ਉਸ ਨੂੰ ਉਹ ਰੋਟੀ ਖਾਂਦਾ ਵੇਖਦਿਆਂ ਜਰਦੇ ਸਨ ਤੇ ਨਾ ਲਾਲ ਕਿਲੇ ਦੇ ਵੱਡੇ ਮੰਚ ਤੋਂ ਲੋਕ ਹਿਤੈਸ਼ੀ ਨਜ਼ਮਾਂ ਪੜ੍ਹਦਿਆਂ ਤੇ ਸੱਤਾ ਵਿਰੋਧੀ ਗੀਤ ਗਾਉਂਦਿਆਂ ਵੇਖ ਕੇ ਜਰਦੇ ਸਨ। ਉਸ ਨੂੰ ਮਾਨ ਸਨਮਾਨ ਮਿਲਦੇ ਤਾਂ ਉਹ ਉਸ ਨੂੰ ਵਿਕ ਜਾਣ ਦੇ ਮਿਹਣੇ ਮਾਰਦੇ ਸਨ। ਉਦਾਸੀ ਇਨਟੈਰੋਗੇਸ਼ਨਾਂ ਦੇ ਤਸ਼ੱਦਦ 'ਚ ਨਹੀਂ ਸੀ ਡੋਲਿਆ ਪਰ ਸਾਥੀਆਂ ਦੀ ਬੇਰੁਖੀ ਉਸ ਨੂੰ ਲੈ ਬੈਠੀ ਸੀ। ਇਕ ਇੰਟਰਵਿਊ ਵਿਚ ਉਸ ਤੋਂ ਪੁੱਛਿਆ ਗਿਆ ਕਿ ਇੰਟੈਰੋਗੇਸ਼ਨ ਸੈਂਟਰ ਵਿਚ ਕਿਹੋ ਜਿਹਾ ਟਾਰਚਰ ਹੋਇਆ?

ਉਦਾਸੀ ਦਾ ਉੱਤਰ ਸੀ, "ਖ਼ਾਸ ਤੌਰ 'ਤੇ ਮੇਰੇ ਸਿਰ ਨੂੰ ਤੇ ਗੁਪਤ ਅੰਗਾਂ ਨੂੰ ਵੱਧ ਟਾਰਚਰ ਕੀਤਾ ਗਿਆ। ਭੁੱਲੜ ਵੀਰਾਂ ਨੇ ਮੇਰੇ ਸਿਰ ਨੂੰ ਡੰਡਿਆਂ ਨਾਲ ਕੁੱਟ ਕੇ ਲੋਹੜੀ ਮਨਾਈ। ਘੋਟਣਾ ਫੇਰਨਾ, ਕੁਰਸੀ ਲਾਉਣੀ, ਹੱਥਕੜੀਆਂ ਦੀ ਮਾਰ, ਜੋੜ ਕੁੱਟਣੇ ਤਾਂ ਆਮ ਜਿਹੀ ਗੱਲ ਹੈ। ਮੇਰੇ ਸਿਰ ਨੂੰ ਏਨਾ ਕੁੱਟਿਆ ਜਿਸ ਦਾ ਇਲਾਜ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਵੀ ਨਾ ਕਰ ਸਕਿਆ। ਜਦੋਂ ਪੁਰੇ ਦੀ ਹਵਾ ਵਗਦੀ ਹੈ ਤਾਂ ਇੰਟੈਰੋਗੇਸ਼ਨ ਦੀਆਂ ਲਾਸਾਂ ਉਭਰ ਆਉਂਦੀਆਂ ਹਨ। ਦੂਜੀ ਵੇਰ ਵੀ ਮੇਰੇ ਸਿਰ ਨੂੰ ਨਿਸ਼ਾਨਾ ਬਣਾਇਆ ਗਿਆ। ਤੀਸਰੀ ਵੇਰ ਮਾਨਸਿਕ ਤੌਰ 'ਤੇ ਭੁਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਚੌਥੀ ਵਾਰ ਹਸਪਤਾਲ ਵਿਚ ਹੋਣ ਕਰਕੇ ਬਚ ਗਿਆ।"

ਜਦੋਂ ਪੁੱਛਿਆ ਕਿ ਪੁਲਿਸ ਕਰਮੀਆਂ ਨੂੰ ਤੁਸੀਂ ਕੁਝ ਤਾਂ ਕਿਹਾ ਹੋਵੇਗਾ। ਉਦਾਸੀ ਦਾ ਜਵਾਬ ਸੀ, "ਪੁਲੀਸ ਨੂੰ ਮੈਂ ਕਿਹਾ ਮੇਰੇ ਗੀਤ ਤੁਹਾਡੇ ਵੀ ਗੀਤ ਹਨ। ਤੁਸੀਂ ਇਹਨਾਂ ਨੂੰ ਸੁਣ ਲਵੋ ਪਰ ਪੁਲੀਸ ਅਫ਼ਸਰ ਕਹਿੰਦਾ ਸੀ, ਅਸੀਂ ਕਿਹੜਾ ਸਟੇਜ ਲਾਈ ਐ। ਅਸੀਂ ਤਾਂ ਤੇਰੇ ਦਿਮਾਗ 'ਚੋਂ ਮਾਓ-ਜੇ-ਤੁੰਗ ਨੂੰ ਕੱਢਣਾ ਹੈ।"

ਪੰਜਾਬੀ ਦੇ ਇਸ ਅਜ਼ੀਮ ਸ਼ਾਇਰ ਨਾਲ ਜੱਗੋਂ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਨਾਈਆਂ ਨਜ਼ਮਾਂ ਲਿਖਣ ਤੇ ਉੱਚੀ ਆਵਾਜ਼ ਵਿਚ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਬੁੱਢੀ ਮਾਤਾ ਤੇ ਬਿਮਾਰ ਵੱਡਾ ਭਰਾ ਜਿਵੇਂ ਕਿਵੇਂ ਲੱਡਾ ਕੋਠੀ ਪਹੁੰਚੇ। ਡਰ ਸੀ ਕਿ ਉਦਾਸੀ ਨੂੰ ਕਿਤੇ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਖਪਾ ਨਾ ਦਿੱਤਾ ਹੋਵੇ। ਹੰਝੂ ਕੇਰਦੀ ਮਾਤਾ ਨੇ ਡੀ. ਐੱਸ. ਪੀ. ਅੱਗੇ ਅਰਜ਼ ਗੁਜ਼ਾਰੀ, "ਵੇ ਵੀਰਾ ਮੈਂ ਸੰਤ ਰਾਮ ਉਦਾਸੀ ਦੀ ਮਾਂ ਹਾਂ। ਮੈਂ ਉਹਦੇ ਨਾਲ ਮੁਲਾਕਾਤ ਕਰਨੀ ਐਂ। ਵੇ ਮੈਂ ਆਪਣੇ ਪੁੱਤ ਨੂੰ ਮਿਲਣ ਆਈ ਆਂ। ਮਿਲਾ ਦਿਓ, ਰੱਬ ਥੋਡਾ ਭਲਾ ਕਰੇ।"

ਉਸ ਵੇਲੇ ਉਦਾਸੀ ਬੈਰਕ ਅੰਦਰ ਮੂੰਹ ਭਾਰ ਬੇਸੁਰਤ ਪਿਆ ਸੀ। ਉਸ ਨੂੰ ਏਨਾ ਕੁੱਟਿਆ ਮਾਰਿਆ ਗਿਆ ਸੀ ਕਿ ਉੱਠ ਨਹੀਂ ਸੀ ਸਕਦਾ। ਉਹਨੂੰ ਰੱਸਿਆਂ ਨਾਲ ਪੁੱਠਾ ਟੰਗ ਕੇ ਸਿਰ ਡੰਡਿਆਂ ਨਾਲ ਕੁੱਟਿਆ ਗਿਆ ਸੀ। ਸਿਰ ਹੇਠਾਂ ਵੱਡੀ ਮੋਮਬੱਤੀ ਬਾਲ ਕੇ ਸੇਕ ਦਿੱਤਾ ਗਿਆ ਸੀ ਤਾਂ ਕਿ ਦਿਮਾਗ ਦੀ ਮਿੱਝ ਢਾਲ ਕੇ ਉਦਾਸੀ ਨੂੰ ਕਮਲ਼ਾ ਕਰ ਦਿੱਤਾ ਜਾਵੇ। ਮੁੜ ਕੇ ਨਾ ਕਦੇ ਉਹ ਲਿਖ ਸਕੇ ਤੇ ਨਾ ਬੋਲ ਸਕੇ। ਹੱਥਾਂ ਦੇ ਪੋਟਿਆਂ ਨੂੰ ਸੂਈਆਂ ਮਾਰ-ਮਾਰ ਕੇ ਛਾਣਨੀ ਕੀਤਾ ਹੋਇਆ ਸੀ। ਸਿਰ ਦੇ ਵਾਲ ਪੁੱਟ-ਪੁੱਟ ਕੇ ਖੋਪੜੀ ਰੋਡੀ ਕੀਤੀ ਹੋਈ ਸੀ। ਵਾਲ ਪੁੱਟਣ ਨਾਲ ਥਾਂ ਪੁਰ ਥਾਂ ਸੋਜ਼ਸ਼ ਹੋਈ ਪਈ ਸੀ। ਉਤੋਂ ਪੋਹ ਦੀ ਕੱਕਰਮਾਰੀ ਠਾਰੀ। ਉਦਾਸੀ ਦੇ ਪੈਰਾਂ ਦੀਆਂ ਤਲ਼ੀਆਂ ਵਿਚ ਖ਼ੂਨ ਜੰਮਿਆ ਹੋਇਆ ਸੀ। ਸਾਰੇ ਸਰੀਰ ਦੇ ਜੋੜ ਡੰਡੇ ਮਾਰ-ਮਾਰ ਸੁਜਾਏ ਹੋਏ ਸਨ।

ਡੀ. ਐੱਸ. ਪੀ. ਨੇ ਬੁੱਢੀ ਮਾਈ ਨੂੰ ਪੁੱਛਿਆ, "ਜੇ ਅਸੀਂ ਉਦਾਸੀ ਨੂੰ ਦੂਰੋਂ ਦਿਖਾ ਦੇਈਏ ਤਾਂ ਠੀਕ ਐ? ਕੋਈ ਇਤਰਾਜ਼ ਤਾਂ ਨਹੀਂ?"

ਮਮਤਾ ਮਾਰੀ ਮਾਂ ਨੇ ਕਿਹਾ, "ਵੇ ਵੀਰਾ, ਮੈਂ ਗਰੀਬਣੀ ਨੇ ਕਾਹਦਾ ਇਤਰਾਜ਼ ਕਰਨੈਂ? ਥੋਡੇ ਰਹਿਮ ਨਾਲ ਮੇਰਾ ਪੁੱਤਰ ਮੈਨੂੰ ਦਿਸ ਜੇ। ਮੈਂ ਸਮਝ ਲੂੰ ਮੇਰਾ ਪੁੱਤ ਜਿਊਂਦੈ! ਪੁਲਿਸ ਨੇ ਮਾਰਿਆ ਨੀ। ਮੈਂ ਤਾਂ ਉਹਨੂੰ ਦੇਖਣਾ ਈ ਚਾਹੁੰਨੀ ਆਂ। ਜੇ ਮੇਰੇ ਨੇੜੇ ਨੀ ਲੈ ਕੇ ਆਉਣਾ ਬੇਸ਼ਕ ਨਾ ਲਿਆਓ। ਮੈਨੂੰ ਦੂਰੋਂ ਈ ਖੜ੍ਹਾ ਦਿਖਾ ਦਿਓ। ਸੰਤ ਰਾਮ ਦੂਰੋਂ ਖੜ੍ਹਾ ਈ ਆਖ ਦੇਵੇ, ਬੇਬੇ ਮੈਂ ਜਿਓਨਾਂ। ਤੂੰ ਜਾਹ ਘਰ ਨੂੰ।"

ਹਵਾਲਦਾਰ ਬੈਰਕ ਵਿਚ ਜਾ ਕੇ ਉਦਾਸੀ ਨੂੰ ਹਲੂਣਨ ਲੱਗਾ, "ਓਏ ਉਦਾਸੀ, ਓਏ ਉਦਾਸੀ। ਉੱਠ ਓਏ, ਤੇਰੀ ਮਾਂ ਤੈਨੂੰ ਸਰਸੇ ਤੋਂ ਮਿਲਣ ਆਈ ਐ। ਬਾਹਰ ਖੜ੍ਹੀ ਐ ਤੇਰੀ ਮਾਂ। ਉੱਠ ਨਹੀਂ ਤਾਂ ਮਰਜੂ ਓਹ ਵੀ।"

ਮਾਂ ਸ਼ਬਦ ਨੇ ਉਦਾਸੀ ਦੀ ਸੁਰਤ ਮੋੜੀ। ਕਿਤੇ ਉਹ ਸੱਚੀਂ ਨਾ ਸਾਹ ਖਿੱਚਜੇ। ਉਹ ਔਖਾ ਸੌਖਾ ਮਾਂ ਤਕ ਪੁੱਜਾ ਤੇ ਦੂਰ ਸੀ ਸੋਚ ਕੇ ਬੋਲਿਆ, "ਮਾਂ, ਮੈਂ ਠੀਕ ਠਾਕ ਆਂ। ਤੂੰ ਕਿਤੇ ਮਮਤਾ ਦੇ ਪਿਆਰ ਵਿਚ ਆ ਕੇ ਸਾਹ ਨਾ ਚੜ੍ਹਾ ਲਈਂ। ਏਥੇ ਫੇਰ ਤੈਨੂੰ ਕੌਣ ਸਾਂਭੂਗਾ?"

ਮਾਂ ਨੇ ਘਾਇਲ ਪੁੱਤਰ ਨੂੰ ਬੁਕਲ 'ਚ ਲੈ ਕੇ ਪਿਆਰ ਦਿੱਤਾ ਤੇ ਕਿਹਾ, "ਪੁੱਤ ਤੇਰਾ ਰੱਬ ਰਾਖਾ। ਪੁੱਤ ਹੁਣ ਮੇਰਾ ਸਾਹ ਨੀ ਚੜ੍ਹਦਾ। ਤੂੰ ਮੇਰਾ ਫਿਕਰ ਨਾ ਕਰੀਂ।"

ਬੱਸ ਏਨੀ ਹੀ ਹੋ ਸਕੀ ਮੁਲਾਕਾਤ। ਉਧਰ ਗੁਰਦਾਸ ਸਿੰਘ ਘਾਰੂ ਹੋਰੀਂ ਸੱਜੇ ਖੱਬੇ ਦੇ ਕਾਮਰੇਡਾਂ ਨੂੰ ਨਾਲ ਲੈ ਕੇ ਐੱਮ. ਪੀ. ਤੇਜਾ ਸਿੰਘ ਸੁਤੰਤਰ ਰਾਹੀਂ ਉਦਾਸੀ ਨੂੰ ਜ਼ਮਾਨਤ ਉਤੇ ਛੁਡਾਉਣ ਵਿਚ ਕਾਮਯਾਬ ਹੋ ਗਏ। ਫਿਰ ਉਸ ਨੂੰ ਮੋਗਾ ਗੋਲੀ ਕਾਂਡ ਵੇਲੇ ਗ੍ਰਿਫਤਾਰ ਕਰ ਲਿਆ ਗਿਆ। ਉਧਰੋਂ ਬੰਦ ਖਲਾਸ ਹੋਈ ਤਾਂ ਐਮਰਜੈਂਸੀ 'ਚ ਅੰਦਰ ਕਰ ਲਿਆ। ਚੌਥੀ ਵਾਰ ਡੀ. ਆਈ. ਆਰ. ਤਹਿਤ ਫਿਰ ਪੁਲਿਸ ਲੈ ਗਈ। ਉਹਦੀ ਨੌਕਰੀ ਵੀ ਖ਼ਤਰੇ ਵਿਚ ਪਈ ਰਹੀ ਪਰ ਉਹ ਦੁੱਖ ਤਕਲੀਫ਼ਾਂ ਸਹਿੰਦਾ ਗਾਉਂਦਾ ਰਿਹਾ:

**-ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ,**
**ਸਾਡੀ ਭਾਵੇਂ ਜੜ੍ਹ ਨਾ ਰਹੇ,**
**ਲੋਕ ਵੇ! ਅੱਗ ਵਿਚ ਜਿੰਦੜੀ ਨੂੰ**
**ਦੇਣਾ ਝੋਕ ਵੇ।**
**ਜਿਹੜੀ ਖ਼ੂਨ ਹੈ ਕਿਰਤ ਦਾ ਪੀਂਦੀ,**
**ਤੋੜ ਦੇਣੀ ਤਨ ਦੇ ਉਤੋਂ,**
**ਜੋਕ ਵੇ! ਲੋਕੀਂ ਹੁਣ ਨਿਕਲ ਪਏ**
**ਹਿੱਕਾਂ ਠੋਕ ਵੇ।**

ਉਦਾਸੀ ਨੇ ਆਪਣੇ ਗੀਤਾਂ ਨੂੰ ਲੋਕਾਂ ਦੇ ਮੂੰਹ ਚੜ੍ਹਾਉਣ ਲਈ ਲੋਕ ਗੀਤਾਂ ਤੇ ਕਿੱਸਾਕਾਰੀ ਦੇ ਛੰਦਾਂ ਦੀ ਭਰਪੂਰ ਵਰਤੋਂ ਕੀਤੀ। ਕਿਤੇ ਕੋਰੜਾ ਛੰਦ ਵਰਤਿਆ, ਕਿਤੇ ਕਬਿੱਤ ਤੇ ਕਿਤੇ ਕਲੀ:

**-ਤੇਰਾ ਭੋਲੂ ਤਾਂ ਨਿੱਤ ਗੀਂ ਗੀਂ ਕਰਦਾ ਰਹਿੰਦਾ ਹੈ,**
**ਧੀ ਹੈ ਤੇਰੀ ਜਾਂਦੀ ਬੰਗਲੀਂ ਬਾਲ ਖਿਡਾਉਣ ਨੂੰ।**
**ਤੇਰੇ ਮਿੱਠੂ ਦੀ ਨਿੱਤ ਜਾਏ ਤੜਾਗੀ ਢਿਲਕਦੀ,**
**ਭੁੱਖੀ ਪਤਨੀ ਨੂੰ ਨਾ ਉਤਰੇ ਦੁੱਧ ਚੁੰਘਾਉਣ ਨੂੰ।**
**ਤੈਨੂੰ ਪਿਆ ਭੁਲੇਖਾ ਭਗਤੀ ਦੇ ਵਿਚ ਭੰਗਣਾ ਦਾ,**
**ਤਾਹੀਓਂ ਸਾਧਾਂ ਤੋਂ ਨਿੱਤ ਫਿਰਦਾ ਉਨ ਲਹਾਉਣ ਨੂੰ।**
**ਤੇਰੀ ਕਿਰਤ ਤਾਂ ਭਾਵੇਂ ਜੱਸ ਖੱਟ ਲੈਂਦੀ ਰਾਠਾਂ ਦਾ,**
**ਐਪਰ ਜਾਤ ਤਾਂ ਤੇਰੀ, ਗਿੱਟਲ ਢੇਡ ਕਹਾਉਣ ਨੂੰ।**
**ਕਦੋਂ ਕੁ ਪਿੰਡੇ ਉਤੋਂ ਉਤਰੂਗੀ ਪੰਡ ਜੂਆਂ ਦੀ,**
**ਕਦੋਂ ਕੁ ਤੁਰਨਾ ਹੈ ਤੂੰ ਚਾਨਣ ਵਿਚ ਨਹਾਉਣ ਨੂੰ।**

ਜਦੋਂ ਉਹਦੀ ਪਹਿਲੀ ਗ੍ਰਿਫਤਾਰੀ ਹੋਈ ਸੀ ਉਦੋਂ ਉਹਦੀ ਪਤਨੀ ਨੂੰ ਬਾਲ ਬੱਚੇ ਚੁੱਕ ਕੇ ਪੇਕੀਂ ਰਹਿਣਾ ਪਿਆ ਸੀ। ਉਥੇ ਹੀ ਉਹਦੀ ਤੀਜੀ ਧੀ ਦਾ ਜਨਮ ਹੋਇਆ ਸੀ। ਨਾਨਕੇ ਦਾਦਕੇ ਧੀਆਂ ਦੇ ਉਪ੍ਰੋਥਲੀ ਜਨਮ ਤੋਂ ਦੁਖੀ ਸਨ। ਉਦਾਸੀ ਦੀ ਮਾਂ ਤਾਂ ਇਹੋ ਕਹਿੰਦੀ ਰਹਿੰਦੀ, "ਮੇਰੇ ਸਾਧ ਪੁੱਤ ਨੂੰ ਕਿਥੋਂ ਪੱਥਰਾਂ ਦੀ ਮਾਰ ਪੈ ਗਈ? ਇਹ ਤਾਂ ਏਨੀ ਜੋਗਾ ਹੈ ਨੀ ਸੀ, ਇਹਨੇ ਤਾਂ ਕਦੇ ਕਿਸੇ ਦਾ ਮਾੜਾ ਨੀ ਸੀ ਚਿਤਵਿਆ।"

ਜਦੋਂ ਉਹ ਰਿਹਾਅ ਹੋ ਕੇ ਆਪਣੇ ਸਹੁਰੀਂ ਆਇਆ ਤਾਂ ਉਸ ਨੇ ਤੀਜੀ ਧੀ ਦੇ ਜੰਮਣ ਨੂੰ ਸ਼ੁਭ ਸ਼ਗਨ ਕਿਹਾ। ਉਹਦੀ ਪਤਨੀ ਬੇਸ਼ਕ ਰੋਈ ਜਾਂਦੀ ਸੀ ਪਰ ਉਦਾਸੀ ਲਈ ਧੀ ਪੁੱਤ 'ਚ ਕੋਈ ਫਰਕ ਨਹੀਂ ਸੀ। ਉਹਨੂੰ ਮਿਲਣ ਗਿਲਣ ਆਏ ਵਾਰ-ਵਾਰ ਸਮਝਾਉਂਦੇ, "ਤੂੰ ਸੋਹਣੇ ਰੁਜ਼ਗਾਰ 'ਤੇ ਲੱਗਿਐਂ, ਅਰਾਮ ਨਾਲ ਬੱਚੇ ਪਾਲ, ਚਲ ਹੋਰ ਨੀ ਤਾਂ ਤਿੰਨਾਂ ਕੁੜੀਆਂ ਦੇ ਮੂੰਹ ਵੱਲ ਈ ਦੇਖ। ਸਰਕਾਰ ਨਾਲ ਪੰਗੇ ਲੈ ਕੇ ਕੀ ਕਰ ਲਏਂਗਾ ਤੂੰ? ਐਮੇ ਪੁਲਸ ਤੋਂ ਕੁੱਟ ਖਾਂਦਾ ਫਿਰਦੈਂ!" ਉਦਾਸੀ ਇਹੋ ਜਵਾਬ ਦਿੰਦਾ, "ਮੈਂ ਕੋਈ ਚੋਰ ਡਾਕੂ ਨੀ। ਆਪਣੇ ਲਈ ਤਾਂ ਸਾਰੇ ਮਰਦੇ ਐ ਪਰ ਲੋਕਾਂ ਲਈ ਕੋਈ-ਕੋਈ ਈ ਮਰਦੈ।"

ਪੁਲਿਸ ਉਹਦੇ ਮਗਰ ਪਈ ਰਹੀ ਤੇ ਉਹ ਰਾਤ ਬਰਾਤੇ ਘਰ ਆਉਂਦਾ ਰਿਹਾ। ਘਰ ਵਾਲੇ ਕੋਈ ਉੱਘ ਸੁੱਘ ਨਾ ਦਿੰਦੇ। ਪਰ ਇਕ ਵਾਰ ਪੁਲਿਸ ਨੇ ਅਜਿਹਾ ਛਾਪਾ ਮਾਰਿਆ ਕਿ ਉਸ ਨੂੰ ਚੁੱਕਿਆ, ਧੂਹਿਆ ਘਸੀਟਿਆ ਤੇ ਲੱਡਾ ਕੋਠੀ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਲੈ ਗਈ। ਕਈ ਦਿਨਾਂ ਦੀ ਕੁੱਟ ਮਾਰ ਪਿੱਛੋਂ ਛੱਡਿਆ ਤਾਂ ਨਾ ਉਹਤੋਂ ਖੜ੍ਹਾ ਹੋਇਆ ਜਾਂਦਾ ਸੀ ਤੇ ਨਾ ਤੁਰਿਆ ਜਾਂਦਾ ਸੀ। ਪੈਰਾਂ ਦੀਆਂ ਤਲੀਆਂ ਸੁੱਜੀਆਂ ਪਈਆਂ ਸਨ।

ਘਰ ਆ ਕੇ ਵੀ ਉਹਨੂੰ ਕੋਈ ਅਮਨ ਚੈਨ ਨਹੀਂ ਸੀ। ਉਹਦਾ ਬਿਸਤਰਾ ਨੀਰੇ ਵਾਲੇ ਅੰਦਰ ਤੂੜੀ ਉਤੇ ਹੀ ਹੁੰਦਾ ਜਿਸ ਦੇ ਬਾਰ ਨੂੰ ਬਾਹਰੋਂ ਜਿੰਦਾ ਲੱਗਾ ਰਹਿੰਦਾ। ਰਾਤ ਬਰਾਤੇ ਨਕਸਲੀ ਕਾਮਰੇਡਾਂ ਦੀਆਂ ਮਿਲਣੀਆਂ ਤੇ ਮੀਟਿੰਗਾਂ ਹੁੰਦੀਆਂ। ਸਹਿਣੇ ਠਾਣੇ ਦੀ ਪੁਲਿਸ ਦੇ ਛਾਪੇ ਤਾਂ ਪੈਂਦੇ ਹੀ ਰਹਿੰਦੇ ਸਨ ਇਕੇਰਾਂ ਪਟਿਆਲੇ ਦੀ ਪੁਲਿਸ ਵੀ ਆ ਪਈ। ਉਹਨੇ ਘਰ ਵਾਲੀ ਤੇ ਜੁਆਕਾਂ ਦੀ ਵੀ ਧੂਹ ਘੜੀਸ ਕੀਤੀ। ਘਰ ਦਾ ਸਾਮਾਨ ਭੰਨ ਤੋੜ ਦਿੱਤਾ। ਉਦਾਸੀ ਦੇ ਨਾਲ ਉਹਦੇ ਪਰਿਵਾਰ ਨੇ ਵੀ ਅਤਿਅੰਤ ਦੁੱਖ ਦੇ ਦਿਨ ਦੇਖੇ।

ਫਿਰ ਐਮਰਜੈਂਸੀ ਲੱਗ ਗਈ। ਪੁਲਿਸ ਦਾ ਆਉਣਾ, ਫੜਨਾ, ਤਸ਼ੱਦਦ ਕਰਨਾ ਤੇ ਛੱਡ ਦੇਣਾ ਆਮ ਗੱਲ ਸੀ। ਤਸੱਨਾਲ ਉਦਾਸੀ ਦੀ ਕਮਜ਼ੋਰ ਨਿਗ੍ਹਾ ਹੋਰ ਕਮਜ਼ੋਰ ਹੋ ਗਈ, ਹੱਡਾਂ ਦੇ ਜੋੜ ਦਰਦ ਕਰਨ ਲੱਗੇ ਤੇ ਯਾਦਾਸ਼ਤ ਘਟ ਗਈ। ਉਹ ਆਪਣੀ ਪਤਨੀ ਨੂੰ ਅਕਸਰ ਕਹਿੰਦਾ, "ਮੇਰਾ ਕੀ ਪਤੈ, ਮੈਨੂੰ ਕਦੋਂ ਪੁਲਸ ਮਾਰ ਦੇਵੇ। ਤੂੰ ਜੁਆਕਾਂ ਦਾ ਧਿਆਨ ਰੱਖੀਂ।" ਅੱਗੋਂ ਉਹਦੀ ਪਤਨੀ ਕਹਿੰਦੀ, "ਕੋਈ ਮਾਰ ਕੇ ਤਾਂ ਦਿਖਾਵੇ ਜੇ ਢਿੱਡ ਨਾ ਪਾੜ ਦਿਆਂ ਅਗਲੇ ਦਾ।"

ਜਦ ਉਹਦਾ ਕੋਈ ਸਾਥੀ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਤਾਂ ਉਹ ਕਈ ਕਈ ਦਿਨ ਮਸੋਸਿਆ ਰਹਿੰਦਾ। ਰਾਤਾਂ ਨੂੰ ਉਭੜਵਾਹੇ ਉਠਦਾ ਤੇ ਹੰਝੂ ਵਹਾਉਣ ਲੱਗਦਾ। ਮੋਏ ਸਾਥੀਆਂ ਦੀ ਯਾਦ ਵਿਚ ਗੀਤ ਜੋੜਦਾ ਤੇ 'ਕੱਠਾਂ ਵਿਚ ਰੋਹ ਨਾਲ ਗਾਉਂਦਾ:

**-ਜਿਥੇ ਗਏ ਹੋ ਅਸੀਂ ਵੀ ਆਏ ਜਾਣੋ,**
**ਬਲਦੀ ਚਿਖਾ ਹੁਣ ਠੰਢੀ ਨੀ ਹੋਣ ਦੇਣੀ।**
**ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,**
**ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ...।**

ਉਸ ਦੀ ਧੀ ਇਕਬਾਲ ਕੌਰ ਦਸਦੀ ਹੈ ਕਿ ਜਿੱਦਣ ਮੋਗਾ ਗੋਲੀ ਕਾਂਡ ਹੋਇਆ ਉਹਦੇ ਪਾਪਾ ਜੀ ਕਿਤੇ ਪ੍ਰੋਗਰਾਮ ਕਰ ਕੇ ਆ ਰਹੇ ਸਨ। ਖ਼ਬਰ ਸੁਣਨ ਸਾਰ ਬੜੇ ਦੁਖੀ ਹੋਏ ਤੇ ਤਵਾਜ਼ਨ ਖੋਹ ਬੈਠੇ। ਕਿਤੋਂ ਬੇਹੱਦ ਸ਼ਰਾਬ ਪੀ ਕੇ ਘਰ ਪਹੁੰਚੇ। ਘਰ ਦੇ ਉਹਦੀ ਹਾਲਤ ਵੇਖ ਕੇ ਘਬਰਾ ਗਏ। ਪ੍ਰੋਗਰਾਮ ਵਿਚ ਜਿੰਨੇ ਨੋਟ ਮਿਲੇ ਸਨ ਉਹ ਸਾਰੇ ਪਾੜ ਦਿੱਤੇ ਤੇ ਟੋਟੇ-ਟੋਟੇ ਕਰ ਕੇ ਖਿਲਾਰ ਦਿੱਤੇ। ਫਿਰ ਭੁੱਬਾਂ ਮਾਰ ਕੇ ਰੋਣ ਲੱਗੇ।

ਨਵੰਬਰ 84 ਵਿਚ ਦਿੱਲੀ ਦੇ ਘੱਲੂਘਾਰੇ ਤੋਂ ਬਾਅਦ ਉਸ ਨੂੰ ਲਾਲ ਕਿਲੇ ਦੇ ਕਵੀ ਦਰਬਾਰ ਵਿਚ ਬੁਲਾਇਆ ਗਿਆ। ਉਥੇ ਉਹਨੇ ਢੱਠੇ ਗੁਰਦਵਾਰੇ ਤੇ ਸਿੱਖਾਂ ਦੇ ਸੜੇ ਮਕਾਨ ਵੇਖੇ ਤੇ ਉੱਜੜੇ ਪਰਿਵਾਰਾਂ ਦੀ ਬਰਬਾਦੀ ਅਤੇ ਦਰਦਨਾਕ ਕਤਲਾਂ ਦੇ ਕਿੱਸੇ ਸੁਣੇ ਤਾਂ ਉਹ ਫਿਰ ਮਾਨਸਿਕ ਤੌਰ 'ਤੇ ਹਿੱਲ ਗਿਆ। ਉਸ ਉਤੇ ਏਨਾ ਜ਼ਿਆਦਾ ਅਸਰ ਹੋਇਆ ਕਿ ਉਹ ਸੱਚਮੁੱਚ ਹੀ ਪਾਗਲਾਂ ਵਰਗਾ ਵਰਤਾਵ ਕਰਨ ਲੱਗਾ। ਵਾਪਸ ਆਉਂਦਾ ਪਿੰਡ ਭੋਤਨੇ 'ਚ ਵੜਦਾ ਕਹੀ ਜਾਵੇ, "ਸਾਡਾ ਘਰ ਬਾਰ ਸੜ ਗਿਆ, ਓਥੇ ਪੁਲਿਸ ਬੈਠੀ ਐ, ਮੈਨੂੰ ਮਾਰ ਦੇਣਗੇ...।" ਦਿੱਲੀ ਦੇ ਕਤਲੇਆਮ ਦਾ ਉਹਦੇ ਅਚੇਤ ਮਨ 'ਤੇ ਏਨਾ ਡੂੰਘਾ ਅਸਰ ਪਿਆ ਕਿ ਉਹ ਰਾਤਾਂ ਨੂੰ ਉੱਠ ਕੇ ਭੱਜ ਪੈਂਦਾ ਤੇ ਅਚਾਨਕ ਰੋਣ ਲੱਗ ਜਾਂਦਾ। ਲਗਭਗ ਇਕ ਸਾਲ ਉਹਦਾ ਏਹੀ ਹਾਲ ਰਿਹਾ ਜਿਸ ਨਾਲ ਪਰਿਵਾਰ ਵੀ ਪਰੇਸ਼ਾਨ ਰਿਹਾ।

ਜਿਥੇ ਉਦਾਸੀ ਦੇ ਕਾਵਿ ਵਿਚ ਲੋਹੜੇ ਦਾ ਵੇਗ ਤੇ ਗਾਉਣ ਦੀ ਬੁਲੰਦੀ ਸੀ ਉਥੇ ਉਸ ਦੀ ਸ਼ਖ਼ਸੀਅਤ ਦੇ ਕੁਝ ਉਲਾਰ ਪੱਖ ਵੀ ਸਨ। ਉਹ ਪਲ 'ਚ ਤੋਲਾ ਤੇ ਪਲ 'ਚ ਮਾਸਾ ਹੋ ਜਾਂਦਾ ਸੀ। ਉਹਦੇ ਸੁਭਾਅ ਨੂੰ ਹੋਰ ਤਾਂ ਕੀ ਉਹਦੇ ਘਰ ਵਾਲੇ ਵੀ ਨਹੀਂ ਸਨ ਸਮਝ ਸਕੇ। ਉਹ ਹੱਸਦਾ-ਹੱਸਦਾ ਰੋ ਪੈਂਦਾ ਸੀ ਰੋਂਦਾ-ਰੋਂਦਾ ਹੱਸ ਪੈਂਦਾ ਸੀ। ਕਦੇ ਕੂਕਾਂ ਮਾਰਦਾ ਤੇ ਕਦੇ ਚੁੱਪ ਗੜੁੱਪ। ਲੰਘ ਜਾਣ ਤਾਂ ਹਾਥੀ ਲੰਘ ਜਾਣ ਨਹੀਂ ਤਾਂ ਕੀੜੀ ਵੀ ਨਹੀਂ ਸੀ ਲੰਘ ਸਕਦੀ। ਅਜੀਬ ਸ਼ਖ਼ਸੀਅਤ ਦਾ ਮਾਲਕ ਸੀ ਸੰਤ ਰਾਮ ਉਦਾਸੀ। ਕਦੇ ਸੋਫੀ ਤੇ ਸਾਊ, ਕਦੇ ਐਬੀ ਤੇ ਸ਼ਰਾਬੀ!

ਕੁਝ ਐਬ ਉਹਦੇ ਦੋਸਤਾਂ ਨੇ ਆਪਣੇ ਕੋਲੋਂ ਵੀ ਉਹਦੇ ਨਾਂ ਜੋੜ ਰੱਖੇ ਸਨ। ਮਸਲਨ ਉਹ

ਇੰਟੈਰੋਗੇਸ਼ਨ ਸੈਂਟਰ ਦਾ ਤਸ਼ੱਦਦ ਝੱਲ ਕੇ ਬਾਹਰ ਆਉਂਦਾ ਹੈ। ਕਿਸੇ ਸਭਾ ਦੇ ਸਮਾਗਮ ਵਿਚ ਹੱਡਬੀਤੀ ਬਿਆਨ ਕਰਦਾ ਹੈ। ਦੱਸਦਾ ਹੈ ਕਿ ਇੰਟੈਰੋਗੇਸ਼ਨ ਸੈਂਟਰ ਵਿਚ ਉਹਦੇ ਉਤੇ ਅੰਨ੍ਹਾਂ ਤਸ਼ੱਦਦ ਢਾਹਿਆ ਗਿਆ ਜਿਸ ਨਾਲ ਉਹਦੀ ਨਿਗ੍ਹਾ ਘਟ ਗਈ ਤੇ ਹੁਣ ਬੜਾ ਘੱਟ ਦਿਸਦੈ। ਸਾਹਮਣੇ ਬੈਠੇ ਸਰੋਤਿਆਂ ਦਾ ਵੀ ਬੱਸ ਝੌਲਾ ਜਿਹਾ ਈ ਪੈਂਦੈ। ਸਿਰ ਸ਼ਿਕੰਜੇ 'ਚ ਪੀੜਿਆ ਗਿਐ ਜਿਸ ਨਾਲ ਯਾਦਾਸ਼ਤ ਘਟ ਗਈ ਐ...।

ਸਭਾ ਸਮਾਪਤ ਹੋਣ ਉਤੇ ਯਾਰਾਂ ਬੇਲੀਆਂ ਦੀਆਂ ਢਾਣੀਆਂ ਬਣ ਜਾਂਦੀਆਂ ਹਨ। ਉਦਾਸੀ ਦੀ ਢਾਣੀ ਚਾਰ ਜਣਿਆਂ ਦੀ ਹੈ। ਸਭ ਨੇ ਸਾਈਕਲਾਂ ਉਤੇ ਆਪੋ ਆਪਣੇ ਪਿੰਡੀਂ ਜਾਣਾ ਹੈ ਜੋ ਕਈ-ਕਈ ਮੀਲ ਦੂਰ ਹਨ। ਪ੍ਰੋਗਰਾਮ ਬਣਦਾ ਹੈ ਕਿ ਠੇਕੇ ਤੋਂ ਪਊਆ ਪਊਆ ਪੀ ਕੇ ਸਾਈਕਲਾਂ 'ਤੇ ਲੱਤ ਦਿੱਤੀ ਜਾਵੇ। ਉਦਾਸੀ ਨੂੰ ਇਹ ਪ੍ਰੋਗਰਾਮ ਪਸੰਦ ਹੈ ਕਿਉਂਕਿ ਸਾਈਕਲ ਉਤੇ ਜਾਂਦਿਆਂ ਉਸ ਨੇ ਕੋਈ ਗੀਤ ਜੋੜ ਲੈਣਾ ਹੈ। ਐਨ ਉਵੇਂ ਜਿਵੇਂ ਬਾਬੂ ਰਜਬ ਅਲੀ ਨੇ ਕਾਫੀ ਸਾਰੀ ਕਵੀਸ਼ਰੀ ਨਹਿਰੀ ਬਾਬੂ ਬਣ ਕੇ ਘੋੜੇ ਦੀ ਸਵਾਰੀ ਕਰਦਿਆਂ ਜੋੜੀ ਸੀ। ਉਹ ਘੋੜੇ ਦੀ ਚਾਲ ਨਾਲ ਛੰਦ ਜੋੜਦਾ ਜਾਂਦਾ ਸੀ। ਉਦਾਸੀ ਪੈਡਲ ਮਾਰਦਾ ਤੁਕਾਂ ਜੋੜ ਲੈਂਦਾ।

ਉਨ੍ਹਾਂ ਦੀ ਢਾਣੀ ਠੇਕੇ ਨੇੜੇ ਜਾ ਖੜ੍ਹਦੀ ਹੈ। ਸਲਾਹਾਂ ਕਰਦੀ ਹੈ ਕਿ ਰਸਭਰੀ ਪੀਤੀ ਜਾਵੇ ਜਾਂ ਸੰਤਰਾ ਮਾਲਟਾ? ਕੋਈ ਸ਼ੌਂਫੀਏ ਦਾ ਨਾਂ ਲੈਂਦਾ ਹੈ। ਉਨ੍ਹੀਂ ਦਿਨੀਂ ਸਭ ਤੋਂ ਸਸਤੀ ਬੋਤਲ ਅੱਠ ਰੁਪਿਆਂ ਦੀ ਮਿਲਦੀ ਸੀ ਤੇ ਸਭ ਤੋਂ ਸਸਤਾ ਪਊਆ ਤਿੰਨਾਂ ਰੁਪਿਆਂ ਦਾ। ਜੇ ਚਾਰੇ ਜਣੇ ਆਪੋ ਆਪਣੇ ਪਊਏ ਖਰੀਦਦੇ ਹਨ ਤਾਂ ਮਹਿੰਗੇ ਪੈਂਦੇ ਹਨ। ਸਵਫੇ-ਹੱਥੇ ਚਾਰੇ ਜਣੇ ਦੋ-ਦੋ ਰੁਪਏ ਪਾਉਂਦੇ ਹਨ ਤੇ ਸਾਂਝੀ ਬੋਤਲ ਲੈ ਲੈਂਦੇ ਹਨ। ਚਾਰ ਗਲਾਸਾਂ ਦਾ ਪ੍ਰਬੰਧ ਵੀ ਹੋ ਜਾਂਦੈ। ਉਤੋਂ ਦਿਨ ਛਿਪ ਰਿਹਾ ਹੁੰਦੈ। ਉਦਾਸੀ ਦੇ ਕਾਲੀਆਂ ਐਨਕਾਂ ਲਾਈਆਂ ਹੁੰਦੀਐਂ। ਗਲਾਸਾਂ 'ਚ ਪਊਆ ਪਊਆ ਪਾਉਣ ਵਾਲਾ ਸੋਚਦੈ, "ਉਦਾਸੀ ਨੂੰ ਕਿਹੜਾ ਦਿਸਦੈ?" ਉਹ ਉਹਦੇ ਗਲਾਸ ਵਿਚ ਘੱਟ ਪਾਉਂਦੈ ਤੇ ਬਾਕੀ ਤਿੰਨਾਂ 'ਚ ਵੱਧ। ਉਦਾਸੀ ਕਾਲੀਆਂ ਐਨਕਾਂ ਲਾਹ ਕੇ ਆਖਦੈ, "ਪਤੰਦਰੋ, ਮੈਨੂੰ ਏਨਾ ਘੱਟ ਵੀ ਨਈਂ ਦੀਂਹਦਾ ਬਈ ਪਤਾ ਨਾ ਲੱਗੇ ਕਿ ਤੁਸੀਂ ਮੇਰੇ ਗਲਾਸ 'ਚ ਪੂਰਾ ਹਿੱਸਾ ਨੀ ਪਾਇਆ!"

ਬਨਦਾ ਹਿੱਸਾ ਲੈਣ ਬਾਰੇ ਤਾਂ ਉਸ ਨੇ ਕਵਿਤਾ ਵੀ ਲਿਖੀ ਸੀ:

**-ਉੱਚੀ ਕਰ ਕੇ ਆਵਾਜ਼ ਮਜ਼ਦੂਰ ਨੇ ਹੈ ਕਹਿਣਾ,**
**ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ।**

ਉਦਾਸੀ ਦਾ ਪਰਿਵਾਰ ਜਿਵੇਂ ਜਿਵੇਂ ਵਧ ਰਿਹਾ ਸੀ ਉਸ ਦੇ ਖਰਚੇ ਵੀ ਵਧ ਰਹੇ ਸਨ ਜੋ ਇਕੱਲੇ ਜਣੇ ਦੀ ਤਨਖਾਹ ਨਾਲ ਪੂਰੇ ਨਹੀਂ ਸਨ ਹੋ ਰਹੇ। ਬਿਰਧ ਮਾਂ ਸਣੇ ਸੁੱਖ ਨਾਲ ਅੱਠਾਂ ਜੀਆਂ ਦਾ ਟੱਬਰ ਸੀ। ਤਿੰਨ ਧੀਆਂ ਸਨ ਤੇ ਦੋ ਪੁੱਤ ਜੋ ਪੜ੍ਹਾਈ ਕਰ ਰਹੇ ਸਨ। ਉਨ੍ਹਾਂ ਦੀਆਂ ਕਾਪੀਆਂ ਕਿਤਾਬਾਂ, ਲੀੜੇ ਕਪੜੇ ਤੇ ਹੋਰ ਵੀਹ ਖਰਚੇ ਸਨ। ਪਹਿਲਾਂ ਤਾਂ ਉਹ ਦਿਨ ਦਿਹਾਰ 'ਤੇ ਹੀ ਪੀਂਦਾ ਤੇ ਮੀਟ ਖਾਂਦਾ ਸੀ। ਫਿਰ ਦਿਨ ਦਿਹਾਰ ਤੋਂ ਮਹੀਨੇਵਾਰ ਤੇ ਹਫ਼ਤੇਵਾਰ 'ਤੇ ਉੱਤਰ ਆਇਆ। ਜਦੋਂ ਉਹ ਸ਼ਹਿਰੋਂ ਤਨਖਾਹ ਲੈਣ ਜਾਂਦਾ ਤਾਂ ਰਸੋਈ ਦੇ ਹੋਰ ਸਮਾਨ ਨਾਲ ਮੀਟ ਵੀ ਲੈ ਆਉਂਦਾ। ਨਾਲ ਨਿਆਣਿਆਂ ਨੂੰ ਵੀ ਮੀਟ ਖੁਆਉਂਦਾ। ਵੱਡੀ ਬੇਬੇ ਘਰ 'ਚ ਮੁਰਗਾ ਨਹੀਂ ਸੀ ਵੱਢਣ ਦਿੰਦੀ। ਉਹ ਨਾਮ ਬਾਣੀ ਦੀ ਭਗਤਣੀ ਸੀ ਤੇ ਮੀਟ ਸ਼ਰਾਬ ਤੋਂ ਖਿਝਦੀ ਸੀ। ਬਹੁਤੀ ਵਾਰ ਉਦਾਸੀ ਬਾਹਰੇ ਬਾਹਰ ਹੀ ਪੀ ਖਾ ਆਉਂਦਾ।

ਉਹ ਸਾਹਿਤ ਸਭਾ ਬਰਨਾਲੇ ਤੇ ਹੋਰਨਾਂ ਮੀਟਿੰਗਾਂ ਵਿਚ ਵੀ ਜਾਂਦਾ ਰਹਿੰਦਾ। ਉਂਦਨ ਤਾਂ ਯਾਰਾਂ ਬੇਲੀਆਂ ਸੰਗ ਘੁੱਟ ਲਾ ਕੇ ਹੀ ਘਰ ਮੁੜਦਾ। ਕੁਝ ਨਾ ਕੁਝ ਨਿਆਣਿਆਂ ਦੇ ਖਾਣ ਲਈ ਵੀ ਲਿਆਉਂਦਾ। ਰਸੋਈ ਦਾ ਸਮਾਨ ਵੀ ਉਹਦੇ ਸਾਈਕਲ ਉਤੇ ਲੱਦਿਆ ਹੁੰਦਾ। ਘਰ ਆ ਕੇ ਧੀਆਂ ਪੁੱਤਾਂ ਨਾਲ ਲਾਡ ਕਰਦਾ ਤੇ ਉਨ੍ਹਾਂ ਦੇ ਮੂੰਹ ਚੁੰਮਦਾ। ਬੇਬੇ ਧੀਆਂ ਨਾਲ ਅਜਿਹੇ ਲਾਡ ਕਰਨੋਂ ਰੋਕਦੀ ਪਰ ਨਿਆਣੇ ਖੁਸ਼ੀ ਵਿਚ ਚਾਂਭਲਦੇ। ਉਹ ਕਦੇ ਲੱਤਾਂ ਨੂੰ ਚੰਬੜਦੇ ਕਦੇ ਮੋਢਿਆਂ 'ਤੇ ਚੜ੍ਹਦੇ। ਉਂਦਨ ਉਦਾਸੀ ਦੇ ਵਿਹੜੇ ਸੂਰਜ ਚੜ੍ਹਿਆ ਲੱਗਦਾ। ਨਿਆਣੇ ਉਡੀਕਦੇ ਰਹਿੰਦੇ ਕਿ ਪਾਪਾ ਕਦ ਸ਼ਹਿਰ ਜਾਵੇ ਤੇ ਪੀ ਕੇ ਲਾਡ-ਬਾਡੀਆਂ ਕਰੇ। ਮਹੀਨੇ ਮਗਰੋਂ ਤਨਖਾਹ ਲੈਣ ਲਈ ਤਾਂ ਉਹ ਸ਼ਹਿਰ ਜਾਂਦਾ ਹੀ ਸੀ। ਉਦਾਸੀ ਆਪਣੇ ਬੱਚਿਆਂ ਨਾਲ ਨਰਮ ਵੀ ਸੀ ਤੇ ਪੜ੍ਹਾਈ ਕਰਾਉਣ ਲਈ ਸਖ਼ਤ ਵੀ ਸੀ। ਉਨ੍ਹਾਂ ਨੇ ਦੋ ਮੱਝਾਂ ਰੱਖੀਆਂ ਹੋਈਆਂ ਸਨ ਜਿਨ੍ਹਾਂ ਨੂੰ ਬੰਨ੍ਹਣ ਖੋਲ੍ਹਣ, ਚਾਰਨ, ਪਾਣੀ ਪਿਆਉਣ, ਨਹਾਉਣ, ਪੱਠੇ ਪਾਉਣ ਤੇ ਗੋਹਾ ਕੂੜਾ ਕਰਨ ਵਿਚ ਸਾਰਾ ਟੱਬਰ ਰੁਝਿਆ ਰਹਿੰਦਾ।

ਜਦੋਂ ਉਦਾਸੀ ਸਹੁਰੀਂ ਜਾਂਦਾ ਤਾਂ ਮੱਛਰ ਵੀ ਜਾਂਦਾ। ਉਹ ਜਣੇ ਖਣੇ ਨੂੰ ਸਾਲਾ ਬਣਾ ਧਰਦਾ। ਉਹਦਾ ਸਹੁਰਾ ਪਿੰਡ ਨੱਥੋਕੇ ਜ਼ਿਲ੍ਹਾ ਫਰੀਦਕੋਟ ਵਿਚ ਹੋਣ ਕਰਕੇ ਲਾਚੜਿਆ ਹੋਇਆ ਉਹ ਫਰੀਦਕੋਟ ਦੇ ਕਾਮਰੇਡਾਂ ਨੂੰ ਵੀ ਸਾਲੇ ਆਖਣੋਂ ਨਾ ਟਲਦਾ। ਆਪਣੇ ਜੁਆਕਾਂ ਨੂੰ ਕਹਿੰਦਾ ਕਿ ਇਹ ਥੋਡੇ ਮਾਮੇ ਨੇ! ਸਹੁਰੀਂ ਗਿਆ ਵਿਹੜੇ ਦੇ ਮੁਰਗੇ ਨਾ ਛੱਡਦਾ। ਜੀਹਦਾ ਕੁੱਕੜ ਕੋਲ ਦੀ ਲੰਘਦਾ ਫੜ ਕੇ ਧੌਣ ਮਰੋੜ ਦਿੰਦਾ। ਅਗਲੇ ਜੁਆਈ ਭਾਈ ਸਮਝ ਕੇ ਚੁੱਪ ਰਹਿੰਦੇ। ਲੁਕ ਛਿਪ ਕੇ ਰਾਤ ਕੱਟਣ ਵਾਲੇ ਉਹਦੇ ਨਕਸਲਬਾੜੀਏ ਸਾਥੀ ਕਹਿੰਦੇ ਕਿ ਉਦਾਸੀ ਦੇ ਸਹੁਰੇ ਆਏ ਗਏ ਦੀ ਬੜੀ ਖ਼ਾਤਰ ਕਰਦੇ ਨੇ। ਜਦੋਂ ਉਹ ਰਾਇਸਰ ਜਾ ਕੇ ਉਦਾਸੀ ਦੇ ਸਹੁਰਿਆਂ ਦੀ ਵਡਿਆਈ ਕਰਦੇ ਤਾਂ ਉਦਾਸੀ ਘਰ ਵਾਲੀ ਨੂੰ ਲਾ ਕੇ ਕਹਿੰਦਾ, "ਆਹੀ ਸੰਧਿਲ ਜੀ ਖ਼ਾਤਰ ਨੀ ਕਰਦੀ, ਉਹ ਤਾਂ ਬਥੇਰੀ ਖ਼ਾਤਰ ਕਰਦੇ ਆ ਭਾਈ।"

ਉਹਦਾ ਹੱਥ ਹਮੇਸ਼ਾਂ ਤੰਗ ਰਹਿੰਦਾ ਸੀ। ਯਾਰ ਬੇਲੀ ਵੀ ਮਦਦ ਕਰਨ ਦੀ ਹੈਸੀਅਤ ਵਿਚ ਨਹੀਂ ਸਨ। ਹੱਥ ਸੁਖਾਲਾ ਕਰਨ ਲਈ ਉਹ ਵਿਆਹਾਂ ਦੇ ਅਨੰਦ ਕਾਰਜਾਂ ਉਤੇ ਕਵਿਤਾਵਾਂ ਤੇ ਗੀਤ ਗਾਉਣ ਲੱਗ ਪਿਆ ਸੀ। ਜਿਹੜੇ ਪੈਸੇ ਸਿਹਰੇ ਤੇ ਸਿੱਖਿਆ ਪੜ੍ਹਨ ਵਾਲਿਆਂ ਨੂੰ ਮਿਲਣੇ ਹੁੰਦੇ ਉਹ ਉਦਾਸੀ ਨੂੰ ਮਿਲ ਜਾਂਦੇ ਬਲਕਿ ਉਹਦੇ ਪ੍ਰਸੰਸਕ ਕੁਝ ਵੱਧ ਹੀ ਦੇ ਦਿੰਦੇ। ਇੰਜ ਪੈਸੇ ਕਮਾਉਣ ਨੂੰ ਉਹਦੇ ਕੁਝ ਸਾਥੀ ਚੰਗਾ ਨਾ ਸਮਝਦੇ 'ਤੇ ਪਿੱਠ ਪਿੱਛੇ ਉਹਦੀ ਨਿੰਦਿਆ ਕਰਦੇ ਕਹਿੰਦੇ, "ਇਹਨੇ ਭਾਈਆਂ ਵਾਲਾ ਕੰਮ ਕਿਉਂ ਫੜ ਲਿਆ?" ਪਰ ਉਦਾਸੀ ਨੂੰ ਪੈਸਿਆਂ ਦੀ ਲੋੜ ਸੀ ਤੇ ਉਹ ਅਨੰਦ ਕਾਰਜਾਂ ਤੋਂ ਅਗਾਂਹ ਗੁਰਦਵਾਰਿਆਂ ਵਿਚ ਦੀਵਾਨਾਂ ਮੌਕੇ ਵੀ ਗੀਤ-ਕਵਿਤਾਵਾਂ ਗਾਉਣ ਲੱਗ ਪਿਆ ਤੇ ਰਾਗੀਆਂ ਢਾਡੀਆਂ ਵਾਂਗ ਹੀ ਦਮੜੇ ਲੈਣ ਲੱਗ ਪਿਆ।

ਉਹ ਬੇਸ਼ੱਕ ਗੁਰਦਵਾਰੇ ਦੀ ਸਟੇਜ 'ਤੇ ਗਾਉਂਦਾ, ਬੇਸ਼ਕ ਸਰਕਾਰੀ ਕਵੀ ਦਰਬਾਰਾਂ ਵਿਚ, ਬੇਸ਼ੱਕ ਅਨੰਦ ਕਾਰਜਾਂ ਸਮੇਂ ਗਾਉਂਦਾ, ਉਹਦੇ ਗੀਤ ਹਮੇਸ਼ਾਂ ਇਨਕਲਾਬੀ ਤੇ ਉਸਾਰੂ ਹੁੰਦੇ। ਕੋਈ ਉਸ ਦੇ ਗੀਤਾਂ 'ਚ ਨੁਕਸ ਨਹੀਂ ਸੀ ਕੱਢ ਸਕਦਾ। ਉਹਦੇ ਇਨਕਲਾਬੀ ਸਾਥੀ ਉਦਾਸੀ ਦੇ ਇਸ ਤਰ੍ਹਾਂ ਪੈਸੇ ਕਮਾਉਣ ਦੀ ਨੁਕਤਾਚੀਨੀ ਤਾਂ ਕਰਦੇ ਪਰ ਇਹਦਾ ਕੋਈ ਹੋਰ ਇਲਾਜ ਨਾ ਸੋਚਦੇ। ਕੋਈ ਅਦਾਰਾ ਉਹਦੀ ਆਰਥਕ ਮਦਦ ਲਈ ਅੱਗੇ ਨਾ ਆਇਆ। ਉਦਾਸੀ ਨੂੰ ਘਰ ਦੇ ਗੁਜ਼ਾਰੇ ਲਈ ਪੈਸਿਆਂ ਦੀ ਲੋੜ ਸੀ ਜੋ ਹੋਰ ਕਿਸੇ ਤਰ੍ਹਾਂ ਪੂਰੀ ਨਾ ਹੁੰਦੀ। ਇਸ ਸਥਿਤੀ ਵਿਚ ਜੋ ਉਦਾਸੀ ਦੇ ਦਿਲ 'ਤੇ ਬੀਤਦੀ ਉਹਦਾ ਦੁੱਖ ਉਹੀ ਜਾਣਦਾ ਸੀ। ਇਕੇਰਾਂ ਉਸ ਨੇ ਆਪਣੀ ਧੀ ਨੂੰ ਉਚੇਰੀ ਪੜ੍ਹਾਈ ਕਰਾਉਣ ਦੇ ਖਰਚੇ ਦੀ ਗੱਲ ਮੇਰੇ ਕੋਲ ਵੀ ਕੀਤੀ ਸੀ। ਹੋਰਨਾਂ ਕੋਲ ਵੀ ਕਰਦਾ ਹੋਵੇਗਾ। ਇਹ ਸਾਡੇ ਬਹੁਤ ਸਾਰੇ ਕਲਾਕਾਰਾਂ ਦਾ ਦੁਖਾਂਤ ਹੀ ਰਿਹਾ ਕਿ ਗ਼ਰੀਬੀ ਨੇ ਪੱਟੀ ਨਹੀਂ ਬੱਝਣ ਦਿੱਤੀ। ਵਿਚਾਰਾ ਉਦਾਸੀ ਕੀ ਕਰਦਾ? ਵੱਡੇ ਪਰਿਵਾਰ ਦੀ ਪਾਲਣਾ ਪ੍ਰਾਇਮਰੀ ਮਾਸਟਰ ਦੀ ਤਨਖਾਹ ਨਾਲ ਨਹੀਂ ਸੀ ਹੋ ਸਕਦੀ।

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਾਰਨ ਉਹ ਗੁਰਦਵਾਰਿਆਂ ਦੀਆਂ ਸਟੇਜਾਂ ਉਤੇ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ਵਿਚ ਵੀ ਸਰਕਾਰ ਵਿਰੋਧੀ ਕਵਿਤਾਵਾਂ ਪੜ੍ਹਦਾ। ਸਰਕਾਰੀ ਅਫ਼ਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਸੀ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ ਰਿਹਾ। ਦਿੱਲੀਏ ਦਿਆਲਾ ਦੇਖ ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ। ਉਹ ਅਕਸਰ ਕਹਿੰਦਾ ਸੀ, "ਲਾਲ ਕਿਲੇ 'ਤੇ ਕਵਿਤਾ ਹੀ ਨਹੀਂ ਪੜ੍ਹਨੀ, ਲਾਲ ਕਿਲੇ 'ਤੇ ਲਾਲ ਝੰਡਾ ਵੀ ਗੱਡਣੈਂ।"

ਅਨੰਦ ਕਾਰਜਾਂ ਉਤੇ ਉਹ ਅਕਸਰ ਡੋਲੀ ਨਾਂ ਦੀ ਕਵਿਤਾ ਸੁਣਾਉਂਦਾ:

**-ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,**
**ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ**
**ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ, ਮੰਗ ਮੇਰੀ ਮੰਗਦੀ ਸੰਧੂਰ...**
**ਇਕ ਤਲਵਾਰ ਮੇਰੀ ਡੋਲੀ ਵਿਚ ਰੱਖ ਦਿਓ, ਹੋਰ ਵੀਰੋ ਦਿਓ ਨਾ ਵੇ ਦਾਜ**
**ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇ ਸਕੇ, ਸਾਡਾ ਰਸਮੀ ਤੇ ਵਹਿਮੀ ਇਹ ਸਮਾਜ**
**ਰਾਹਾਂ ਵਿਚ ਪਿੰਡ ਦਿਆਂ ਲੰਬੜਾਂ ਨੇ ਘਾਤ ਲਾਈ, ਜੁਰਮਾਂ ਦਾ ਜਿਨ੍ਹਾਂ ਨੂੰ ਗ਼ਰੂਰ**
**ਜਿਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਹੈ, ਮੰਗ ਮੇਰੀ ਮੰਗਦੀ ਸੰਧੂਰ।**

ਉਹ ਅਨੰਦ ਕਾਰਜਾਂ 'ਤੇ ਜਾਂਦਾ ਤਾਂ ਵਿਆਹਾਂ ਵਾਲਾ ਖਾਣ ਪੀਣ ਵੀ ਕਰ ਲੈਂਦਾ। ਉਹਦੇ ਪ੍ਰਸੰਸਕ ਉਹਨੂੰ ਦਾਰੂ ਪਿਆ ਕੇ ਗੀਤ ਸੁਣਦੇ ਤੇ ਪਿੱਛੋਂ ਉਹਦੀ ਪੀਤੀ ਦੀਆਂ ਗੱਲਾਂ ਕਰਦੇ। ਕਦੇ ਕਦੇ ਸ਼ਰਾਬ ਉਹਦੇ ਉਤੋਂ ਦੀ ਵੀ ਹੋ ਜਾਂਦੀ ਤੇ ਉਹ ਜਿਥੇ ਹੁੰਦਾ ਉਥੇ ਹੀ ਡਿੱਗ ਢਹਿ ਪੈਂਦਾ। ਦਿਨ ਦਿਹਾਰ ਤੋਂ ਹਫ਼ਤੇਵਾਰ 'ਤੇ ਆਇਆ ਉਹ ਨਿੱਤ ਦਾ ਪਿਆਕੜ ਬਣ ਗਿਆ ਸੀ। ਪਊਆ ਪੀਤੇ ਬਿਨਾਂ ਉਹਨੂੰ ਟੇਕ ਨਾ ਆਉਂਦੀ। ਕਈ ਵਾਰ ਅਧੀਆ ਤੋਂ ਵੱਧ ਵੀ ਖਿੱਚ ਜਾਂਦਾ। ਰੂੜੀ ਮਾਰਕਾ ਤੋਂ ਸੰਤਰਾ ਤੇ ਵਿਸਕੀ ਤਕ ਜਿਹੋ ਜਿਹੀ ਮਿਲਦੀ ਉਹੋ ਜਿਹੀ ਪੀਈ ਜਾਂਦਾ। ਪੀਣ ਉਤੇ ਉਹਦਾ ਕੰਟਰੋਲ ਨਾ ਰਹਿੰਦਾ। ਉਹ ਪੂਰਾ ਨਹੀਂ ਤਾਂ ਅਰਧ ਅਲਕੋਹਲਿਕ ਜ਼ਰੂਰ ਹੋ ਗਿਆ ਸੀ।

ਸ਼ਰਾਬ ਸਾਡੇ ਕਈ ਕਵੀਆਂ ਤੇ ਲੇਖਕਾਂ ਦੀ ਕਮਜ਼ੋਰੀ ਬਣੀ ਹੈ। ਸ਼ਿਵ ਕੁਮਾਰ ਬਟਾਲਵੀ ਕਮਾਲ ਦਾ ਕਵੀ ਸੀ, ਉਸ ਨੂੰ ਇਸ਼ਕ ਮੁਸ਼ਕ ਨਾਲ ਸ਼ਰਾਬ ਵੀ ਲੈ ਬੈਠੀ। ਕਰਮਜੀਤ ਕੁੱਸਾ ਬੜਾ ਹੋਣਹਾਰ ਨਾਵਲਕਾਰ ਸੀ ਪਰ ਸ਼ਰਾਬ ਨੇ ਉਹ ਛੋਟੀ ਉਮਰ ਵਿਚ ਹੀ ਨਿਗਲ ਲਿਆ। ਮੀਸ਼ੇ ਦੀ ਮੌਤ ਵੀ ਸ਼ਰਾਬ ਨਾਲ ਜੋੜੀ ਜਾਂਦੀ ਹੈ। ਸਵਿਤੋਜ ਨੂੰ ਵੀ ਸ਼ਰਾਬ ਦਾ ਸੰਤਾਪ ਲੱਗਾ। ਨੰਦ ਲਾਲ ਨੂਰਪੁਰੀ ਸ਼ਰਾਬ ਦੇ ਦੁੱਖੋਂ ਖੁਦਕਸ਼ੀ ਕਰ ਗਿਆ। ਸ਼ਰਾਬ ਨੇ ਹੋਰ ਵੀ ਕਈਆਂ ਦਾ ਖਾਨਾ ਖਰਾਬ ਕੀਤਾ। ਕੀ ਪਤਾ ਉਦਾਸੀ ਦੇ ਅਧਖੜ ਉਮਰ ਵਿਚ ਹੀ ਗੁਜ਼ਰ ਜਾਣ ਦਾ ਇਕ ਕਾਰਨ ਸ਼ਰਾਬ ਵੀ ਹੋਵੇ। ਉਹਦੀ ਮੌਤ ਅਜੇ ਵੀ ਬੁਝਾਰਤ ਹੈ।

ਮੈਂ ਉਦਾਸੀ ਨਾਲ ਆਪ ਤਾਂ ਘੱਟ ਹੀ ਪੀਤੀ ਪਰ ਉਹਨੂੰ ਰੱਜ ਕੇ ਪੀਂਦੇ ਜ਼ਰੂਰ ਵੇਖਿਆ। ਇਕ ਵਾਰ ਅਸੀਂ ਪਿੰਡ ਕੁੱਸੇ 'ਕੱਠੇ ਹੋਏ। ਕਰਮਜੀਤ ਕੁੱਸੇ ਦੀ ਭੈਣ ਦਾ ਵਿਆਹ ਸੀ। ਕੁਝ ਅਧਿਆਪਕ ਦੋਸਤ ਮਿੱਤਰ ਬਾਹਰਲੇ ਘਰ ਜਾ ਬੈਠੇ ਜਿਥੇ ਦਾਰੂ ਦੀ ਮਹਿਫ਼ਲ ਜੰਮ ਗਈ। ਦਾਰੂ ਦੀ ਲੋਰ ਵਿਚ ਉਦਾਸੀ ਚੜ੍ਹਦੇ ਤੋਂ ਚੜ੍ਹਦਾ ਗੀਤ ਗਾਉਂਦਾ ਗਿਆ। ਲੋਹੜਿਆਂ ਦਾ ਤਰੰਨਮ ਸੀ ਉਹਦੇ ਗਾਉਣ ਵਿਚ। ਮੰਝੇ ਹੋਏ ਗਾਇਕਾਂ ਵਾਲਾ। ਗੜਗੀਆਂ ਵਾਲੀ ਦਿਲ ਧੂਹਵੀਂ ਆਵਾਜ਼। ਕਈ ਤਰਜ਼ਾਂ ਉਹਨੇ ਕਮਾਲ ਦੀਆਂ ਕੱਢੀਆਂ। ਡੋਲੀ ਤੋਰਨ ਦਾ ਵਕਤ ਹੋਇਆ ਤਾਂ ਮਹਿਫ਼ਲ ਉੱਠ ਖੜ੍ਹੀ ਹੋਈ ਪਰ ਉਦਾਸੀ ਤੋਂ ਉਠਿਆ ਨਾ ਗਿਆ। ਉਹ ਘਰੋੜੇ ਮੰਜੇ ਉਤੇ ਹੀ ਲਮਲੇਟ ਹੋ ਗਿਆ ਤੇ ਉਹਦੇ ਸਾਥੀ ਉਹਨੂੰ ਉਥੇ ਹੀ ਛੱਡ ਗਏ। ਛੱਡ ਹੀ ਨਹੀਂ ਗਏ ਬਲਕਿ ਉਹਦੀ ਵੱਧ ਪੀਤੀ ਉਤੇ ਆਪਣੀ ਘੱਟ ਪੀਤੀ ਖੇੜਦੇ ਗਏ!

1982 'ਚ ਉਹ ਮੇਰੇ ਸਨਮਾਨ ਲਈ ਕੀਤੇ ਜਾ ਰਹੇ ਢੁੱਡੀਕੇ ਸਾਹਿਤ ਸਭਾ ਦੇ ਸਮਾਗਮ ਵਿਚ ਸਾਡੇ ਪਿੰਡ ਚਕਰ ਆਇਆ। ਜਸਵੰਤ ਸਿੰਘ ਕੰਵਲ ਵੀ ਹਾਜ਼ਰ ਸੀ ਤੇ ਹਾਕੀ ਵਾਲਾ ਪ੍ਰਿਥੀਪਾਲ ਸਿੰਘ ਵੀ। ਜਥੇਦਾਰ ਤੋਤਾ ਸਿੰਘ ਵੀ ਤੇ ਗੁਰਭਜਨ ਸਿੰਘ ਗਿੱਲ ਵੀ। ਸਮਾਗਮ ਉਹਦੇ ਗੀਤਾਂ ਨਾਲ ਸਰਸ਼ਾਰਿਆ ਗਿਆ। ਸਰੋਤੇ ਬੜੇ ਖ਼ੁਸ਼ ਹੋਏ ਤੇ ਉਹਦਾ ਗੀਝਾ ਨੋਟਾਂ ਨਾਲ ਭਰ ਗਿਆ। ਮੈਨੂੰ ਡਰ ਕਿ ਖਾਣ ਪੀਣ ਵੇਲੇ ਉਦਾਸੀ ਕਿਤੇ ਕੁੱਸੇ ਵਾਲੀ ਨਾ ਕਰ ਬਹੇ। ਪੈਸੇ ਨਾ ਡੋਗ ਬੈਠੇ। ਇਸ ਲਈ ਮੈਂ ਪੀਣ ਪਿਆਉਣ ਦੀ ਸੁਲ੍ਹਾ ਨਾ ਮਾਰੀ ਤੇ ਉਦਾਸੀ ਬਿਨ ਪੀਤਿਆਂ ਉਦਾਸ ਜਿਹਾ ਰਾਇਸਰ ਚਲਾ ਗਿਆ। ਫਿਰ ਉਹ ਮੇਰੇ ਭਰਾ ਦੇ ਵਿਆਹ ਤੇ ਅਮਰੀਕਾ ਜਾਣ ਦੀ ਖ਼ੁਸ਼ੀ ਵਿਚ ਰੱਖੇ ਅਖੰਡ ਪਾਠ ਦੇ ਭੋਗ ਮੌਕੇ ਆਇਆ। ਉਸ ਨੇ ਕਵਿਤਾਵਾਂ ਸੁਣਾਈਆਂ ਜੋ ਸੰਗਤ ਵੱਲੋਂ ਸਲਾਹੀਆਂ ਗਈਆਂ। ਮਾਣ ਤਾਣ ਤਾਂ ਹੋਣਾ ਹੀ ਸੀ। ਭੋਗ ਪੈ ਚੁੱਕਾ ਤਾਂ ਢੁੱਡੀਕੇ ਦੇ ਪ੍ਰੋਫੈਸਰ ਕਹਿਣ ਲੱਗੇ, "ਉਦਾਸੀ ਆਇਆ ਹੋਇਐ। ਏਥੋਂ ਉਠੀਏ ਤੇ ਕਿਤੇ ਹੋਰ ਬਹਿ ਕੇ ਉਦਾਸੀ ਦੇ ਗੀਤ ਸੁਣਨ ਦੀ ਮਹਿਫ਼ਲ ਲਾਈਏ।"

ਉਂਦਨ ਸਾਹਿਤ ਸਭਾ ਦੇ ਸਮਾਗਮ ਥਾਂ ਭਰਾ ਦੇ ਵਿਆਹ ਦੀ ਖ਼ੁਸ਼ੀ ਮਨਾਉਣ ਦਾ ਮੌਕਾ ਸੀ। ਇਸ ਖ਼ੁਸ਼ੀ 'ਚ ਦਾਰੂ ਪੀਣ ਪਿਆਉਣ ਤੋਂ ਸੰਕੋਚ ਕਰਨਾ ਵਾਜਬ ਨਹੀਂ ਸੀ। ਮਾਸਟਰ ਗੁਰਪ੍ਰੀਤ ਦੇ ਚੁਬਾਰੇ ਵਿਚ ਖਾਣ ਪੀਣ ਦਾ ਪ੍ਰਬੰਧ ਕਰ ਦਿੱਤਾ ਗਿਆ। ਬਾਅਦ ਦੁਪਹਿਰ ਲੱਗੀ ਮਹਿਫ਼ਲ ਡੂੰਘੀ ਸ਼ਾਮ ਤਕ ਲੱਗੀ ਰਹੀ। ਚੁਬਾਰੇ ਦੀਆਂ ਕੰਧਾਂ ਉਦਾਸੀ ਦੇ ਗੀਤਾਂ ਨਾਲ ਲਰਜ਼ਦੀਆਂ ਰਹੀਆਂ। ਮੇਰੀ ਤੇ ਗੁਰਪ੍ਰੀਤ ਦੀ ਕੋਸ਼ਿਸ਼ ਸੀ ਕਿ ਉਦਾਸੀ ਠੀਕ ਠਾਕ ਰਹੇ ਪਰ ਕਿਸੇ ਪ੍ਰੋਫੈਸਰ ਨੇ ਪਤਾ ਨਹੀਂ ਕਦੋਂ ਉਹਨੂੰ ਭਰਵਾਂ ਹਾੜਾ ਲੁਆ ਕੇ ਤਾਲੋਂ ਬੇਤਾਲ ਕਰ ਦਿੱਤਾ। ਫਿਰ ਉਹੀ ਗੱਲ ਹੋਈ ਜੀਹਦਾ ਡਰ ਸੀ। ਉਦਾਸੀ ਗੀਤ ਗਾਉਣ ਦੀ ਥਾਂ ਘਿਆਕੇ ਬਿੱਲੀਆਂ ਬੁਲਾਉਣ ਲੱਗਾ। ਉਸ ਨੇ ਪੱਗ ਲਾਹ ਧਰੀ ਤੇ ਜਟਾਂ ਖਿਲਾਰ ਲਈਆਂ। ਬਾਕੀ ਤਾਂ ਸਾਰੇ ਆਪੋ ਆਪਣੇ ਰਾਹ ਪੈ ਗਏ ਪਰ ਉਦਾਸੀ ਚੁਬਾਰੇ 'ਚੋਂ ਉਤਰਨ ਜੋਗਾ ਵੀ ਨਾ ਰਿਹਾ। ਅਗਲੇ ਦਿਨ ਪਤਾ ਲੱਗਾ ਕਿ ਗੁਰਪ੍ਰੀਤ ਹੋਰੀਂ ਸਾਰੀ ਰਾਤ ਜਾਗਦੇ ਰਹੇ ਕਿ ਹਾਏ ਹਾਏ ਕਰਦੇ ਉਦਾਸੀ ਨੂੰ ਕੁਝ ਹੋ ਹੀ ਨਾ ਜਾਵੇ। ਸਵੇਰੇ ਉਹ ਸ਼ਰਮ ਦਾ ਮਾਰਿਆ ਮੈਨੂੰ ਮਿਲੇ ਬਿਨਾਂ ਹੀ ਚਲਾ ਗਿਆ। ਉਹਦੀ ਭਾਜੀ ਵੀ ਬੰਨ੍ਹੀ ਰਹਿ ਗਈ। ਇਹ 1984 ਦੀ ਗੱਲ ਸੀ।

ਇਕ ਵਾਰ ਜਗਰਾਓਂ ਦੇ ਲਾਲਾ ਲਾਜਪਤ ਰਾਏ ਕਾਲਜ ਵਿਚ ਗੁਰਭਜਨ ਗਿੱਲ ਹੋਰਾਂ ਨੇ ਕਵੀ ਦਰਬਾਰ ਕਰਵਾਇਆ। ਹੋਰਨਾਂ ਕਵੀਆਂ ਤੋਂ ਬਿਨਾਂ ਸੂਬਾ ਸਿੰਘ ਨੂੰ ਵੀ ਸੱਦਿਆ ਗਿਆ ਤੇ ਸੰਤ ਰਾਮ ਉਦਾਸੀ ਨੂੰ ਵੀ। ਸੂਬਾ ਸਿੰਘ ਦੀਆਂ ਹਾਸਰਸੀ ਕਵਿਤਾਵਾਂ ਰੰਗ ਬੰਨ੍ਹ ਦਿੰਦੀਆਂ ਸਨ ਪਰ ਉਥੇ ਇਸ ਕਰਕੇ ਰੰਗ ਨਾ ਬੱਝਾ ਕਿ ਵਿਦਿਆਰਥੀ ਵਾਰ-ਵਾਰ ਉਦਾਸੀ ਦੀ ਮੰਗ ਕਰਦੇ ਰਹੇ। ਅੱਕ ਕੇ ਗੁਰਭਜਨ ਨੇ ਕਿਹਾ, "ਓਏ ਚੁੱਪ ਵੀ ਕਰੋ। ਪਹਿਲਾਂ ਸੂਬਾ ਸਿੰਘ ਦੀ ਹਾਸੀ ਤਾਂ ਸੁਣ ਲਓ ਫੇਰ ਸੰਤ ਰਾਮ ਦੀ ਉਦਾਸੀ ਵੀ ਵਰਤਾ ਦਿਆਂਗੇ! ਉਦਾਸੀ ਏਥੇ ਈ ਐ ਕਿਤੇ ਭੱਜ ਨਹੀਂ ਚੱਲਿਆ।"

ਸਾਹਿਤ ਟ੍ਰਸਟ ਢੁੱਡੀਕੇ ਵੱਲੋਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ 1978 ਵਿਚ ਸੰਤ ਰਾਮ ਉਦਾਸੀ ਨੂੰ ਦਿੱਤਾ ਗਿਆ ਸੀ। ਜਸਵੰਤ ਸਿੰਘ ਕੰਵਲ ਨਾਲ ਅਸੀਂ ਢੁੱਡੀਕੇ ਤੋਂ ਲੁਧਿਆਣੇ ਦੀ ਜ਼ਰਾਇਤੀ ਯੂਨੀਵਰਸਿਟੀ ਗਏ ਸਾਂ। ਸਮਾਗਮ ਪਾਲ ਆਡੀਟੋਰੀਅਮ ਵਿਚ ਸੀ ਜਿਸ ਦਾ ਇੰਤਜ਼ਾਮ ਡਾ. ਐੱਸ. ਐੱਸ. ਦੁਸਾਂਝ ਨੇ ਕੀਤਾ ਸੀ। ਉਥੇ ਸੰਤ ਸਿੰਘ ਸੇਖੋਂ ਤੇ ਹੋਰ ਕਈ ਸਾਹਿਤਕਾਰ ਵੀ ਹਾਜ਼ਰ ਸਨ। ਵਿਦਿਆਰਥੀਆਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਉਦਾਸੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਇਆ ਸੀ। ਉਦੋਂ ਤਕ ਉਹ ਸਟਾਰ ਸ਼ਾਇਰ ਬਣ ਚੁੱਕਾ ਸੀ ਜਿਸ ਦੇ ਆਟੋਗਰਾਫ ਯੂਨੀਵਰਸਿਟੀ ਦੀਆਂ ਕੁੜੀਆਂ ਵੀ ਲੈ ਰਹੀਆਂ ਸਨ। ਉਥੇ ਉਸ ਨੂੰ ਕੰਬਲੀ ਨਾਲ 11 ਸੌ ਰੁਪਏ ਦੀ ਥੈਲੀ ਭੇਟ ਕੀਤੀ ਗਈ ਜਿਸ ਨਾਲ ਉਸ ਨੇ ਖਰਚਿਆਂ ਦੀਆਂ ਕਈ ਖੁੱਡਾਂ ਬੰਦ ਕੀਤੀਆਂ। ਸਮਾਗਮ ਵਿਚ ਉਸ ਨੇ ਕੰਮੀਆਂ ਦੇ ਵਿਹੜੇ ਦਾ ਗੀਤ ਆਪਣੀ ਬੁਲੰਦ ਆਵਾਜ਼ ਵਿਚ ਗਾਇਆ ਸੀ:

**-ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।**
**ਜਿਥੇ ਜੰਮਦਾ ਬੰਦਾ ਸੀਰੀ ਹੈ, ਟਕਿਆਂ ਦੀ ਮੀਰੀ ਪੀਰੀ ਹੈ,**
**ਜਿਥੇ ਕਰਜ਼ੇ ਹੇਠ ਪੰਜੀਰੀ ਹੈ...**
**ਜਿਥੇ ਹਾਰ ਮੰਨ ਲਈ ਚਾਵਾਂ ਨੇ, ਜਿਥੇ ਕੂੰਜ ਘੇਰ ਲਈ ਕਾਵਾਂ ਨੇ,**
**ਜਿਥੇ ਅਣਵਿਆਹੀਆਂ ਹੀ ਮਾਵਾਂ ਨੇ, ਜਿਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜੜੇਰੇ,**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ...।**

ਇਸ ਗੀਤ ਨੂੰ ਏਨਾ ਪਸੰਦ ਕੀਤਾ ਗਿਆ ਕਿ ਹਾਲ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ।

ਫਿਰ ਜਗਦੇਵ ਸਿੰਘ ਜੱਸੋਵਾਲ ਨੇ ਐਲਾਨ ਕਰ ਦਿੱਤਾ ਕਿ ਉਦਾਸੀ ਦਾ ਸਨਮਾਨ ਸਿੱਕਿਆਂ ਨਾਲ ਤੋਲ ਕੇ ਕੀਤਾ ਜਾਵੇਗਾ। ਉਦਾਸੀ ਕਈ ਦਿਨ ਫੈਸਲਾ ਨਾ ਕਰ ਸਕਿਆ ਕਿ ਅਜਿਹਾ ਸਨਮਾਨ ਲਵੇ ਜਾਂ ਨਾ? ਆਖ਼ਰ ਉਸ ਨੇ ਇਹ ਸਨਮਾਨ ਲੈ ਲਿਆ ਤੇ ਆਪਣਾ ਭਾਰ ਸਿੱਕਿਆਂ ਨਾਲ ਤੁਲਵਾ ਲਿਆ। ਇਹਦੇ ਨਾਲ ਵੀ ਕਈ ਖਰਚਿਆਂ ਦੀਆਂ ਖੁੱਡਾਂ ਮੁੰਦੀਆਂ ਗਈਆਂ। ਪਰ ਉਹਦੇ ਕਈ ਕਾਮਰੇਡ ਯਾਰਾਂ ਦੋਸਤਾਂ ਨੇ ਇਸ ਦਾ ਬੁਰਾ ਮਨਾਇਆ ਤੇ ਮਤੇ ਪਾਸ ਕਰ ਦਿੱਤੇ ਕਿ ਉਦਾਸੀ ਨੂੰ ਹੁਣ ਨਕਸਲੀਆਂ ਦੀਆਂ ਸਟੇਜਾਂ 'ਤੇ ਨਹੀਂ ਬੋਲਣ ਦੇਣਾ। ਉਨ੍ਹਾਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਤ ਰਾਮ ਉਦਾਸੀ ਹੁਣ ਪਹਿਲਾਂ ਵਾਲਾ ਉਦਾਸੀ ਨੀ ਰਿਹਾ। ਉਹ ਪਰੋਲੇਤਾਰੀ ਬਣੇ ਰਹਿਣ ਦੀ ਥਾਂ ਪੈਸੇ ਦਾ ਪੁੱਤ ਬਣ ਗਿਐ! ਪੈਸਿਆਂ ਬਦਲੇ ਵਿਕ ਗਿਐ!!

ਪਰ ਉਨ੍ਹਾਂ ਦਾ ਇਹ ਫਤਵਾ ਆਰਜ਼ੀ ਸਾਬਤ ਹੋਇਆ। ਉਦਾਸੀ ਦੀ ਮੌਤ ਤੋਂ ਪਿੱਛੋਂ ਉਹੀ ਕਾਮਰੇਡ ਉਸ ਨੂੰ ਇਨਕਲਾਬੀ ਸ਼ਾਇਰ ਮੰਨ ਰਹੇ ਨੇ ਤੇ ਉਹਦੀ ਯਾਦ ਵਿਚ ਸਮਾਗਮ ਰਚਾ ਰਹੇ ਨੇ!

1984 ਤੋਂ ਬਾਅਦ ਮੇਰਾ ਉਦਾਸੀ ਨਾਲ ਮੇਲ ਨਹੀਂ ਹੋ ਸਕਿਆ। ਸੰਭਵ ਹੈ ਕਿਸੇ ਸਭਾ ਸਮਾਗਮ 'ਚ ਪਲ ਦੋ ਪਲ ਮਿਲੇ ਹੋਈਏ। ਉਂਜ ਉਹਦੀ ਖ਼ਬਰਸਾਰ ਮਿਲਦੀ ਰਹਿੰਦੀ ਸੀ। ਨਵੰਬਰ 1986 ਵਿਚ ਖ਼ਬਰ ਮਿਲੀ ਕਿ ਉਸ ਦਾ ਰੇਲ ਗੱਡੀ ਵਿਚ ਸਫ਼ਰ ਕਰਦਿਆਂ ਦੇਹਾਂਤ ਹੋ ਗਿਆ। ਪੜ੍ਹਨ ਸੁਣਨ ਵਾਲਿਆਂ ਨੂੰ ਪਹਿਲਾਂ ਤਾਂ ਇਸ ਖ਼ਬਰ ਦਾ ਸੱਚ ਨਾ ਆਇਆ ਪਰ ਇਹ ਸੱਚ ਸੀ। ਉਸ ਦੀ ਮੌਤ ਤੋਂ ਪਹਿਲਾਂ ਦਾ ਵੇਰਵਾ ਉਸ ਦੀ ਧੀ ਇਕਬਾਲ ਕੌਰ ਨੇ ਤੇ ਮੌਤ ਸਮੇਂ ਦਾ ਵੇਰਵਾ ਉਸ ਦੇ ਹਮਸਫ਼ਰ ਪ੍ਰੋ. ਬਲਕਾਰ ਸਿੰਘ ਨੇ ਕਲਮਬੰਦ ਕੀਤਾ। ਕਿਰਿਆ ਕਰਮ ਦਾ ਵੇਰਵਾ ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਨੇ ਲਿਖਿਆ।

ਉਦਾਸੀ ਆਏ ਸਾਲ ਦਿੱਲੀ, ਕਾਨਪੁਰ, ਕਲਕੱਤੇ ਤੇ ਨੇਪਾਲ ਦੇ ਕਵੀ ਦਰਬਾਰਾਂ ਵਿਚ ਜਾਣ ਲੱਗ ਪਿਆ ਸੀ। ਅਗਲੇ ਮਾਣ ਨਾਲ ਸੱਦਦੇ ਤੇ ਮਾਣ ਸਨਮਾਨ ਕਰਦੇ। 1986 ਵਿਚ ਕਵੀ ਦਰਬਾਰ ਦਾ ਸੱਦਾ ਆਇਆ ਤਾਂ ਪਹਿਲਾਂ ਉਹ ਦੁਚਿੱਤੀ ਵਿਚ ਪੈ ਗਿਆ ਫਿਰ ਜੱਕੋ-ਤਕੀ ਵਿਚ ਚਲਾ ਗਿਆ। ਰੇਲ ਗੱਡੀ ਵਿਚ ਵਾਪਸ ਆਉਂਦਿਆਂ ਉਹਦੀ ਪੱਗ ਦਾੜ੍ਹੀ ਕਰਕੇ ਫਿਰਕੂ ਜਨੂੰਨੀਆਂ ਨੇ ਉਹਨੂੰ ਭੱਦੇ ਮਜ਼ਾਕ ਕੀਤੇ ਤੇ ਉਹਦੇ ਉਤੇ ਬੀੜੀਆਂ ਸੁੱਟੀਆਂ। ਇਥੋਂ ਤਕ ਕਿ ਧੱਕਾ ਮਾਰ ਕੇ ਗੱਡੀ 'ਚੋਂ ਬਾਹਰ ਸੁੱਟ ਦਿੱਤਾ ਪਰ ਉਸ ਦਾ ਬਚਾਅ ਹੋ ਗਿਆ। ਘਰ ਪੁੱਜ ਕੇ ਉਸ ਨੇ ਸਾਰੀ ਵਾਰਦਾਤ ਪਰਿਵਾਰ ਨੂੰ ਦੱਸੀ ਤੇ ਅੱਗੇ ਤੋਂ ਕਿਤੇ ਦੂਰ ਜਾਣੋਂ ਤੋਬਾ ਕਰ ਲਈ। ਪਰਿਵਾਰ ਨੇ ਉਸ ਦੇ ਬਚ ਜਾਣ ਦਾ ਸ਼ੁਕਰ ਮਨਾਇਆ।

ਅਕਤੂਬਰ 1986 ਵਿਚ ਹਜ਼ੂਰ ਸਾਹਿਬ ਤੋਂ ਚਿੱਠੀ ਆ ਗਈ ਕਿ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਮਨਾ ਰਹੇ ਹਾਂ ਜਿਸ ਵਿਚ ਪੁੱਜਣ ਲਈ ਸਹਿਮਤੀ ਭੇਜੋ। ਗੱਡੀ ਦੇ ਸਫ਼ਰ ਦੇ

ਡਰਿਆ ਉਹ ਸਹਿਮਤੀ ਭੇਜਣ ਲਈ ਫਿਰ ਦੁਚਿੱਤੀ ਵਿਚ ਪੈ ਗਿਆ। ਇਕ ਪਾਸੇ ਸਫ਼ਰ ਵਿਚ ਅਣਹੋਣੀ ਹੋਣ ਦਾ ਡਰ ਸੀ ਪਰ ਦੂਜੇ ਪਾਸੇ ਸਿੱਖ ਹੋਣ ਦੇ ਨਾਤੇ ਹਜ਼ੂਰ ਸਾਹਿਬ ਜਾਣ ਦੀ ਖਿੱਚ ਸੀ। ਆਖ਼ਰ ਉਸ ਨੇ ਸਹਿਮਤੀ ਭੇਜ ਹੀ ਦਿੱਤੀ। ਹਜ਼ੂਰ ਸਾਹਿਬ ਤੋਂ ਇਸ਼ਤਿਹਾਰ ਆ ਗਿਆ ਜਿਸ ਵਿਚ ਉਹਦਾ ਨਾਂ ਛਪਿਆ ਹੋਇਆ ਸੀ। ਉਹ ਕਹਿਣ ਲੱਗਾ, "ਲੈ ਪਤੰਦਰਾਂ ਨੇ ਇਸ਼ਤਿਹਾਰ ਵਿਚ ਨਾਂ ਵੀ ਦੇ ਦਿੱਤੈ। ਹੁਣ ਤਾਂ ਲਾਜ਼ਮੀ ਜਾਣਾ ਪਵੇਗਾ।"

ਕਵੀ ਦਰਬਾਰ 3 ਨਵੰਬਰ ਨੂੰ ਸੀ। ਇਕ ਦਿਨ ਉਸ ਨੇ ਰੱਜ ਕੇ ਸ਼ਰਾਬ ਪੀਤੀ ਤੇ ਆਪਣੀ ਪਤਨੀ ਨੂੰ ਕਿਹਾ, "ਹੁਣ ਮੈਂ ਹਜ਼ੂਰ ਸਾਹਿਬ ਜਾਣਾ ਤੇ ਓਦੋਂ ਤਕ ਸ਼ਰਾਬ ਨੀ ਪੀਣੀ। ਜੇ ਮੈਂ ਹੁਣ ਨਾ ਛੱਡੀ ਤਾਂ ਹਜ਼ੂਰ ਸਾਹਿਬ ਜਾ ਕੇ ਔਖਾ ਹੋਊਂ।" ਘਰ ਦੇ ਦਸਦੇ ਹਨ ਕਿ ਅੱਠ ਨੌਂ ਦਿਨ ਉਹਨੇ ਸ਼ਰਾਬ ਨੂੰ ਹੱਥ ਨਾ ਲਾਇਆ। ਫਿਰ ਕਦੇ ਕਹਿ ਦਿੰਦਾ ਜਾਣੈਂ, ਕਦੇ ਕਹਿ ਦਿੰਦਾ ਨਹੀਂ ਜਾਣਾ। ਜਾਣ ਦੀ ਤਿਆਰੀ ਹੋ ਗਈ ਤੇ ਸਮਾਨ ਬੈਗ ਵਿਚ ਪੈਕ ਕਰ ਦਿੱਤਾ ਗਿਆ। ਉਹਦੀ ਧੀ ਦੇ ਦੱਸਣ ਮੁਜਬ ਉਹਦੇ ਤੁਰਨ 'ਚ ਅੱਧਾ ਕੁ ਘੰਟਾ ਰਹਿੰਦਾ ਸੀ ਕਿ ਅਚਾਨਕ ਕਹਿਣ ਲੱਗਾ, "ਬੇਟੇ ਸਾਰਾ ਸਮਾਨ ਬੈਗ 'ਚੋਂ ਕੱਢ ਦਿਓ, ਮੈਂ ਨੀ ਜਾਣਾ।" ਉਹਦੀ ਪਤਨੀ ਬੋਲੀ, "ਨਹੀਂ ਜਾਣਾ ਨਾ ਜਾਹ, ਖੇਡਾਂ ਨਾ ਕਰ। ਇਹ ਕੋਈ ਬੰਦਿਆਂ ਆਲੀ ਗੱਲ ਐ?" ਅਸਲੀ ਗੱਲ ਸੀ ਕਿ ਘਰ 'ਚ ਨਿੱਕੀ ਨਿੱਕੀ ਗੱਲ ਤੋਂ ਕਲੇਸ਼ ਰਹਿਣ ਲੱਗ ਪਿਆ ਪਿਆ ਸੀ। ਉਦਾਸੀ ਮਾਨਸਿਕ ਤੌਰ 'ਤੇ ਸਤਿਆ ਪਿਆ ਸੀ। ਉਸ ਨੇ ਸਕੂਲ ਤੋਂ ਛੁੱਟੀ ਲੈਣ ਵਾਲੀ ਅਰਜ਼ੀ ਵਿਚ ਲਿਖਿਆ ਸੀ, ਜੇ ਉਹ ਵਾਪਸ ਨਾ ਆ ਸਕਿਆ ਤਾਂ ਉਸ ਦੀ ਸਰਵਿਸ ਦੇ ਸਾਰੇ ਲਾਭ ਉਸ ਦੀ ਪਤਨੀ ਨੂੰ ਦਿੱਤੇ ਜਾਣ।

ਉਹ ਅੰਦਰ ਜਾ ਕੇ ਮੰਜੇ 'ਤੇ ਪੈ ਗਿਆ ਤੇ ਕਹਿਣ ਲੱਗਾ, "ਮੈਨੂੰ ਅੱਧੇ ਘੰਟੇ ਤਕ ਜਗਾ ਦੇਣਾ।" ਜਦੋਂ ਉਹਦੀ ਧੀ ਜਗਾਉਣ ਲਈ ਅੰਦਰ ਗਈ ਤਾਂ ਉਹ ਰੋ ਰਿਹਾ ਸੀ। ਧੀ ਨੇ ਪੁੱਛਿਆ, "ਪਾਪਾ ਜੀ ਕੀ ਹੋ ਗਿਐ?" ਉਹ ਕਹਿਣ ਲੱਗਾ, "ਬੇਟੇ! ਪਹਿਲਾਂ ਮੈਂ ਮਸਾਂ ਬਚ ਕੇ ਆਇਆ ਸੀ, ਹੁਣ ਪਤਾ ਨੀ ਕੀ ਹੋਊਗਾ? ਅਸਲ ਵਿਚ ਬੇਟੇ, ਮੇਰਾ ਘਰੋਂ ਜਾਣ ਨੂੰ ਦਿਲ ਨੀ ਕਰਦਾ।" ਧੀ ਨੇ ਪਾਣੀ ਫੜਾਇਆ। ਉਸ ਨੇ ਪਾਣੀ ਦੀਆਂ ਦੋ ਕੁ ਘੁੱਟਾਂ ਪੀਤੀਆਂ ਤੇ ਘੜੀ ਵੇਖ ਕੇ ਬੋਲਿਆ, "ਇਹ ਬੱਸ ਤਾਂ ਲੰਘ ਗਈ, ਮੈਂ ਅਗਲੀ ਬੱਸ ਤੇ ਜਾਊਂ, ਜਾਹ ਪੁੱਤ ਦੇਖ ਕੇ ਆ ਜਿਹੜੀ ਮਾਂਹਾਂ ਦੀ ਦਾਲ ਬਣਾਈ ਸੀ ਉਹ ਪਈ ਐ?" ਉਸ ਨੇ ਮਾਂਹਾਂ ਦੀ ਦਾਲ ਵਿਚ ਦੋ ਆਂਡੇ ਪੁਆ ਕੇ ਰੋਟੀ ਖਾਧੀ ਤੇ ਅਗਲੀ ਬੱਸ ਚੜ੍ਹ ਕੇ ਹਜ਼ੂਰ ਸਾਹਿਬ ਜਾਣ ਲਈ ਗੱਡੀ ਜਾ ਫੜੀ। 4 ਨਵੰਬਰ ਨੂੰ ਉਦਾਸੀ ਲਈ ਰੋਟੀ ਪਕਾ ਕੇ ਰੱਖੀ ਗਈ ਕਿ ਹੋ ਸਕਦੈ ਰਾਤ ਦੀ ਗੱਡੀ ਆ ਜਾਵੇ। 5 ਨਵੰਬਰ ਨੂੰ ਦਿਨੇ ਵੀ ਤੇ ਰਾਤ ਨੂੰ ਵੀ ਉਹਦੀ ਉਡੀਕ ਹੁੰਦੀ ਰਹੀ ਪਰ ਉਹ ਨਾ ਆਇਆ। 6 ਨਵੰਬਰ ਦਾ ਦਿਨ ਵੀ ਲੰਘ ਗਿਆ। 7 ਨਵੰਬਰ ਨੂੰ ਨਸੀਬ ਕੌਰ ਬੱਚਿਆਂ ਨੂੰ ਕਹਿਣ ਲੱਗੀ, "ਅੱਜ ਤਾਂ ਥੋਡੇ ਭਾਪੇ ਨੇ ਜ਼ਰੂਰ ਈ ਰਾਤ ਆਲੀ ਗੱਡੀ ਆ ਜਾਣੈ।"

ਧੀਆਂ ਨੇ ਭਿੰਡੀਆਂ ਦੀ ਸਬਜ਼ੀ ਬਣਾਈ ਜੋ ਉਹਨਾਂ ਦੇ ਭਾਪੇ ਨੂੰ ਪਸੰਦ ਸੀ। ਉਨ੍ਹਾਂ ਦੀ ਬੀਬੀ ਨੇ ਭਾਪੇ ਦੇ ਹਿੱਸੇ ਦਾ ਆਟਾ ਚੁੱਕ ਦੇਣ ਲਈ ਕਿਹਾ, "ਮੈਂ ਆਪੇ ਆਏ ਤੇ ਰੋਟੀ ਬਣਾ ਦੂੰ।"

ਪਰ ਭਾਪੇ ਦੇ ਆਉਣ ਦੀ ਥਾਂ ਤਾਰ ਆਈ ਕਿ ਸੰਤ ਰਾਮ ਉਦਾਸੀ ਮਨਵਾੜ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਵਿਚ ਮੁਰਦਾ ਪਾਇਆ ਗਿਆ। 8 ਨਵੰਬਰ ਨੂੰ ਰੇਲਵੇ ਪੁਲਿਸ ਦੀ ਤਾਰ ਆਈ ਕਿ ਸੰਤ ਰਾਮ ਉਦਾਸੀ ਦੀ ਮ੍ਰਿਤਕ ਦੇਹ ਲੈ ਜਾਓ। 9 ਨਵੰਬਰ ਨੂੰ ਮਨਵਾੜ ਰੇਲਵੇ ਸਟੇਸ਼ਨ ਅਤੇ ਹਜ਼ੂਰ ਸਾਹਿਬ ਤੋਂ ਵੀ ਤਾਰਾਂ ਆ ਗਈਆਂ। ਤਾਰਾਂ ਮਿਲਦਿਆਂ ਹੀ ਉਦਾਸੀ ਦਾ ਵੱਡਾ ਭਰਾ ਗੁਰਦਾਸ ਸਿੰਘ ਤੇ ਨਸੀਬ ਕੌਰ ਦਾ ਭਰਾ ਕਾਕੂ ਮਹਾਰਾਸ਼ਟਰ ਦੇ ਮਨਵਾੜ ਸਟੇਸ਼ਨ ਵੱਲ ਚੱਲ ਪਏ। ਰਾਇਸਰ ਵਿਚ ਮਾਤਮ ਛਾ ਗਿਆ। ਕੋਈ ਆਖੇ ਉਹਦਾ ਗੱਡੀ ਚੜ੍ਹਦੇ ਦਾ ਪੈਰ ਤਿਲ੍ਹਕ ਗਿਆ ਹੋਊ, ਕੋਈ ਕਹੇ ਕਿਸੇ ਨੇ ਮਾਰਤਾ ਹੋਊ ਜਾਂ ਆਤਮਘਾਤ ਕਰ ਲਿਆ ਹੋਊ! ਜਿੰਨੇ ਮੂੰਹ ਉਨੀਆਂ ਗੱਲਾਂ।

ਗੁਰਦਾਸ ਸਿੰਘ ਘਾਰੂ ਲਿਖਦਾ ਹੈ ਕਿ ਉਹ ਉਦਾਸੀ ਦੇ ਵੱਡੇ ਲੜਕੇ ਇਕਬਾਲ ਸਿੰਘ ਬੱਲੀ ਨੂੰ ਆਪਣੇ ਨਾਲ ਹਜ਼ੂਰ ਸਾਹਿਬ ਲਿਜਾਣਾ ਤੇ ਉਹਦੇ ਹੱਥੋਂ ਕਿਰਿਆ ਕਰਮ ਕਰਵਾਉਣਾ ਚਾਹੁੰਦਾ ਸੀ। ਪਰ ਨਸੀਬ ਕੌਰ ਨੇ ਜ਼ਿਦ ਕਰ ਕੇ ਕਾਕੂ ਨੂੰ ਨਾਲ ਤੋਰ ਦਿੱਤਾ। ਕਾਕੂ ਅਫ਼ੀਮ ਦਾ ਅਮਲੀ ਸੀ। ਦਿੱਲੀ ਜਾ ਕੇ ਅਫੀਮ ਬਗ਼ੈਰ ਗੱਡੀ ਨਹੀਂ ਸੀ ਚੜ੍ਹਦਾ। ਕਹਿਣ ਲੱਗਾ, ਮੈਂ 24 ਘੰਟੇ ਅਫ਼ੀਮ ਬਗ਼ੈਰ ਨੀ ਬਚ ਸਕਦਾ। ਅਫ਼ੀਮ ਦਾ ਬੰਦੋਬਸਤ ਕਰਦਿਆਂ ਪੰਜਾਬ ਮੇਲ ਲੰਘ ਗਈ ਤੇ ਚਾਰ ਘੰਟਿਆਂ ਬਾਅਦ ਸ਼ਾਰਦਾ ਐਕਸਪ੍ਰੈੱਸ ਫੜੀ। ਉਹ 24 ਘੰਟਿਆਂ ਬਾਅਦ ਮਨਵਾੜ ਰੇਲਵੇ ਸਟੇਸ਼ਨ 'ਤੇ ਉਤਰੇ ਤੇ ਗੁਰਦਵਾਰੇ ਚਲੇ ਗਏ ਜਿਥੇ ਉਨ੍ਹਾਂ ਦੀ ਉਡੀਕ ਹੋ ਰਹੀ ਸੀ। ਥੋੜ੍ਹੀ ਦੇਰ ਬਾਅਦ ਭਾਈ ਮੋਹਨ ਸਿੰਘ ਆ ਗਏ ਜਿਨ੍ਹਾਂ ਨੇ ਮਨਵਾੜ ਦੇ ਰਾਮ ਬਾਗ ਸਮਸ਼ਾਨ ਘਾਟ ਵਿਚ ਉਦਾਸੀ ਦੀ ਚਿਖਾ ਨੂੰ ਅਗਨੀ ਦਿਖਾਈ ਸੀ ਤੇ ਪੂਰੀ ਗੁਰ ਮਰਿਆਦਾ ਨਾਲ ਉਦਾਸੀ ਦਾ ਸੰਸਕਾਰ ਕੀਤਾ ਸੀ।

ਭਾਈ ਮੋਹਨ ਸਿੰਘ ਨੇ ਗੁਰਦਾਸ ਸਿੰਘ ਨੂੰ ਦੱਸਿਆ, "ਭਾਈ ਘਾਰੂ ਸਾਹਿਬ ਸਾਨੂੰ ਰੇਲਵੇ ਵਾਲਿਆਂ ਤੋਂ ਉਦਾਸੀ ਦੀ ਡੈੱਡ ਬਾਡੀ 55 ਘੰਟਿਆਂ ਬਾਅਦ ਮਿਲੀ ਸੀ। ਪੋਸਟ ਮਾਰਟਮ ਨਾਲ ਬਾਡੀ ਬਿਲਕੁਲ ਖਰਾਬ ਹੋ ਗਈ ਸੀ। ਉਹ ਕਿਸੇ ਵੀ ਹਾਲਤ ਵਿਚ ਪੰਜਾਬ ਪਹੁੰਚ ਨਹੀਂ ਸੀ ਸਕਦੀ, ਇਸੇ ਕਰਕੇ ਸਾਧ ਸੰਗਤ ਨੇ ਇਥੇ ਹੀ ਸਸਕਾਰ ਕਰਨ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਭਾਈ ਸਾਹਿਬ ਤੁਸੀਂ ਕਿਰਿਆ ਕਰਮ ਵੱਲੋਂ ਕੋਈ ਫਿਕਰ ਨਾ ਕਰੋ, ਉਦਾਸੀ ਦਾ ਕਿਰਿਆ ਕਰਮ ਰਾਜੇ-ਮਹਾਰਾਜੇ ਤੋਂ ਵੀ ਵੱਧ ਸ਼ਾਨ ਨਾਲ ਹੋਇਆ ਹੈ। ਅਸੀਂ ਆਪ ਜੀ ਦੀ ਉਡੀਕ ਵਿਚ ਅੰਗੀਠਾ ਨਹੀਂ ਫੋਲਿਆ। ਅੱਜ ਆਪਾਂ ਸਾਰੇ ਫੁੱਲ ਚੁਗਣ ਜਾਵਾਂਗੇ। ਪ੍ਰੋਫੈਜੋਗਿੰਦਰ ਸਿੰਘ ਸਾਹਿਬ ਨੂੰ ਆ ਲੈਣ ਦੇਵੋ।"

ਪ੍ਰੋ. ਜੋਗਿੰਦਰ ਸਿੰਘ ਆਏ ਤਾਂ ਘਾਰੂ ਤੇ ਕਾਕੂ ਨਾਲ ਕਾਫੀ ਸਾਰੇ ਸੱਜਣ ਰਾਮ ਬਾਗ ਸਮਸ਼ਾਨ ਘਾਟ ਗਏ ਤੇ ਉਦਾਸੀ ਦੇ ਫੁੱਲ ਚੁਗੇ। ਫੁੱਲ ਲੈ ਕੇ ਉਹ ਹਜ਼ੂਰ ਸਾਹਿਬ ਚਲੇ ਗਏ। ਉਥੇ ਗੁਰੂ ਸਰਾਂ ਵਿਚ ਠਹਿਰੇ। ਬਹੁਤ ਸਾਰੇ ਸੱਜਣ ਅਫਸੋਸ ਕਰਨ ਆਏ। ਗੁਰਦਾਸ ਸਿੰਘ ਨੇ ਸੰਗਤ ਨਾਲ ਜਾ ਕੇ ਉਦਾਸੀ ਦੇ ਫੁੱਲ ਗੋਦਾਵਰੀ ਨਦੀ ਦੇ ਨਗੀਨਾ ਘਾਟ ਵਿਖੇ ਤਾਰ ਦਿੱਤੇ ਤੇ ਸੱਚਖੰਡ ਸਾਹਿਬ ਵਿਚ ਸਹਿਜ ਪਾਠ ਆਰੰਭ ਕਰਵਾ ਦਿੱਤਾ। ਪਾਠ ਆਰੰਭ ਕਰਨ ਸਮੇਂ ਜੋ ਹੁਕਮਨਾਮਾ ਮਿਲਿਆ ਉਹ ਲੈ ਕੇ ਮਨਵਾੜ ਨੂੰ ਚੱਲ ਪਏ। ਮਨਵਾੜ ਸਟੇਸ਼ਨ 'ਤੇ ਮਰਹੂਮ ਸੰਤ ਰਾਮ ਉਦਾਸੀ ਦੀ ਜਾਮਾ ਤਲਾਸ਼ੀ ਵੇਲੇ ਜੋ ਸਮਾਨ ਰੇਲਵੇ ਪੁਲਿਸ ਨੇ ਪ੍ਰਾਪਤ ਕੀਤਾ ਸੀ ਉਹ ਵਾਪਸ ਲੈਣਾ ਸੀ। ਮੈਜਿਸਟ੍ਰੇਟ ਦੀ ਹਾਜ਼ਰੀ ਜੋ ਸਮਾਨ ਗੁਰਦਾਸ ਸਿੰਘ ਨੂੰ ਦਿੱਤਾ ਗਿਆ ਉਸ ਵਿਚ 1300 ਰੁਪਏ, ਇਕ ਘੜੀ, ਦਸਤਾਰ, ਜੁਰਾਬਾਂ ਦਾ ਜੋੜਾ, ਇਕ ਰੁਮਾਲ, ਕਾਲੀ ਐਨਕ, ਇਕ ਬੁਸ਼ਰਟ, ਇਕ ਪੀਲਾ ਪਰਨਾ, ਦੋ ਪਜਾਮੇ, ਇਕ ਕਪੜੇ ਦਾ ਬੈਗ, ਰੋਟੀ ਵਾਲਾ ਡੱਬਾ ਤੇ ਇਕ ਹਵਾਈ ਚੱਪਲ ਸੀ। ਗੁਰਦਾਸ ਸਿੰਘ ਨੇ ਇਹ ਸਮਾਨ ਆਪਣੀ ਮਾਤਾ ਦੀ ਹਾਜ਼ਰੀ ਵਿਚ ਨਸੀਬ ਕੌਰ ਦੀ ਝੋਲੀ ਜਾ ਪਾਇਆ। ਐਨਕ ਤੇ ਰੁਮਾਲ ਭਰਾ ਦੀ ਨਿਸ਼ਾਨੀ ਵਜੋਂ ਉਸ ਨੇ ਆਪਣੇ ਪਾਸ ਰੱਖ ਲਏ।

ਦੋ ਵਿਅਕਤੀ ਹਨ ਜਿਨ੍ਹਾਂ ਉਦਾਸੀ ਦੀ ਮ੍ਰਿਤੂ ਤੋਂ ਪਹਿਲਾਂ ਉਸ ਦੇ ਅੰਤਲੇ ਪਲ ਵੇਖੇ ਸਨ। ਇਕ ਹੈ ਡਰੌਲੀ ਭਾਈ ਦਾ ਗੁਰਚਰਨ ਸਿੰਘ ਸੰਘਾ ਜੋ ਸਾਡੇ ਕੋਲ ਢੁੱਡੀਕੇ ਕਾਲਜ ਵਿਚ ਪੜ੍ਹਦਾ ਸੀ। ਉਦੋਂ ਉਹ ਅਲੂੰਆਂ ਜਿਹਾ ਮੁੰਡਾ ਸੀ। ਉਥੇ ਪੜ੍ਹਦਿਆਂ ਹੀ ਉਹ ਨਕਸਲਬਾੜੀ ਲਹਿਰ ਦਾ ਹਮਦਰਦ ਬਣ ਗਿਆ ਤੇ ਕੁਝ ਸਾਲਾਂ ਬਾਅਦ ਸ੍ਰੀ ਹਜ਼ੂਰ ਸਾਹਿਬ ਗੁਰਦਵਾਰੇ ਦੀ ਸ਼ਰਨ ਲੈ ਕੇ 'ਸੱਚਖੰਡ' ਮਾਸਕ ਪੱਤਰ ਦਾ ਐਡੀਟਰ ਲੱਗ ਗਿਆ। ਉਹ ਢੁੱਡੀਕੇ ਤੋਂ ਹੀ ਉਦਾਸੀ ਦੇ ਸੰਪਰਕ ਵਿਚ ਸੀ। ਉਸੇ ਨੇ ਹਜ਼ੂਰ ਸਾਹਿਬ ਦੇ ਕਵੀ ਦਰਬਾਰ ਵਿਚ ਉਦਾਸੀ ਨੂੰ ਸੱਦਿਆ ਸੀ। ਉਸ ਨੇ ਹੋਰ ਵੀ ਕਈ ਕਵੀ ਤੇ ਵਿਦਵਾਨ ਸੱਦੇ ਸਨ ਜਿਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਪ੍ਰੋ. ਬਲਕਾਰ ਸਿੰਘ ਵੀ ਸੀ। ਗੁਰਦਾਸ ਸਿੰਘ ਉਦਾਸੀ ਦੇ ਕਿਰਿਆ ਕਰਮ ਤੋਂ ਵਿਹਲਾ ਹੋਇਆ ਤਾਂ ਸੰਘੇ ਨੇ ਉਸ ਨੂੰ 'ਸੱਚਖੰਡ' ਪੱਤਰ ਦੇ ਦਫ਼ਤਰ ਸੱਦਵਾ ਲਿਆ।

ਗੁਰਚਰਨ ਸਿੰਘ ਸੰਘੇ ਨੇ ਅਫਸੋਸ ਕਰਦਿਆਂ ਦੱਸਿਆ, "ਭਾਈ ਘਾਰੂ ਜੀ ਉਦਾਸੀ ਮੇਰੇ ਗਲ ਲੱਗ ਕੇ ਰੋਇਆ। ......ਫ਼ੇਰ ਰੱਜ ਕੇ ਗੱਲਾਂ ਕਰਨੀਆਂ ਹਨ। ਮੈਂ ਘਰ ਦੀ ਜਿੱਤੋਂ ਤੰਗ ਆ ਗਿਆ ਹਾਂ। ਮੈਂ ਆਖਿਆ, ਉਦਾਸੀ ਹੁਣ ਢਾਈ ਵੱਜ ਗਏ ਹਨ। ਹੁਣ ਆਪਾਂ ਨੂੰ ਆਰਾਮ ਕਰਨਾ ਚਾਹੀਦਾ ਹੈ। ਆਪਾਂ ਸਵੇਰੇ ਗੱਲਾਂ-ਬਾਤਾਂ ਕਰਾਂਗੇ। ਉਦਾਸੀ ਨੇ ਫੇਰ ਆਖਿਆ, ਨਹੀਂ ਬਾਈ ਜੀ ਨਹੀਂ, ਆਪਾਂ ਕਾਫੀ ਚਿਰਾਂ ਤੋਂ ਵਿਛੜੇ ਹੋਏ ਹਾਂ। ਅੱਜ ਵਰਗਾ ਮੌਕਾ ਫੇਰ ਨਹੀਂ ਮਿਲੇਗਾ। ..ਮੈਂ ਘਰ ਤੋਂ ਸੰਨਿਆਸ ਲੈਣਾ ਚਾਹੁੰਦਾ ਹਾਂ। ..ਮੈਂ ਆਖਿਆ, ਤੂੰ ਕੁੜੀਆਂ ਮੁੰਡੇ ਵਿਆਹ ਲੈ ਫੇਰ ਜੋ ਕਹੇਂਗਾ ਕਰਾਂਗਾ। ਤੂੰ ਕੋਈ ਫਿਕਰ ਨਾ ਕਰ। ਤੇਰੀ ਰਿਟਾਇਰਮੈਂਟ ਦੇ ਕਾਫੀ ਸਾਲ ਰਹਿੰਦੇ ਹਨ। ਤੂੰ ਫਿਕਰ ਕਿਉਂ ਕਰਦਾ ਹੈਂ? ਅਸੀਂ ਜਿਉਂਦੇ ਹਾਂ...।"

ਉਦਾਸੀ ਦੀ ਵਿਗੜੀ ਦਸ਼ਾ ਦੇਖ ਕੇ ਸੰਘੇ ਨੇ ਉਸ ਨੂੰ ਆਪਣੇ ਕੋਲ ਰੱਖਣ ਦਾ ਬਹੁਤ ਯਤਨ ਕੀਤਾ ਪਰ ਉਸ ਨੇ ਉਸ ਕੋਲ ਰਹਿਣ ਤੋਂ ਉੱਕਾ ਹੀ ਨਾਂਹ ਕਰ ਦਿੱਤੀ। ਸੰਘੇ ਨੇ ਇਹ ਵੀ ਬੇਨਤੀ ਕੀਤੀ ਕਿ ਉਸ ਦੀ ਛੁੱਟੀ ਵਾਸਤੇ ਅਰਜ਼ੀ ਲਿਖ ਕੇ ਪ੍ਰੋ. ਬਲਕਾਰ ਸਿੰਘ ਨੂੰ ਦੇ ਦਿੰਦੇ ਹਾਂ ਜੋ ਸਵੇਰ ਦੀ ਗੱਡੀ ਜਾ ਰਿਹੈ। ਪਰ ਉਦਾਸੀ ਅੜ ਗਿਆ ਕਿ ਉਹ ਬਲਕਾਰ ਸਿੰਘ ਨਾਲ ਹੀ ਪਿੰਡ ਨੂੰ ਚਲਾ ਜਾਵੇਗਾ ਤੇ ਲੜਖੜਾਉਂਦਾ ਆਪਣੇ ਟਿਕਾਣੇ 'ਤੇ ਜਾ ਸੁੱਤਾ।

ਗੁਰਚਰਨ ਸਿੰਘ ਸੰਘਾ ਲਿਖਦਾ ਹੈ, 5 ਨਵੰਬਰ ਦੀ ਰਾਤ ਨੂੰ ਕਵੀ ਦਰਬਾਰ ਹੋਇਆ ਸੀ। 17 ਕਵੀਆਂ ਵਿਚੋਂ ਉਦਾਸੀ ਬਾਜ਼ੀ ਲੈ ਗਿਆ ਸੀ। ਉਸ ਨੂੰ ਸੁਣਨ ਲਈ ਦਰਸ਼ਕ ਦੋ ਵਜੇ ਤਕ ਬੈਠੇ ਰਹੇ ਸਨ। ਉਦਾਸੀ ਦੀ ਦਰਦਭਰੀ ਲੰਮੀ ਹੇਕ ਨੇ ਸਰੋਤਿਆਂ 'ਤੇ ਜਾਦੂ ਕਰ ਦਿੱਤਾ ਸੀ। ਉਸ ਨੇ ਆਖ਼ਰੀ ਗੀਤ ਗਾਇਆ, ਜਦ ਠੰਢੇ ਬੁਰਜ ਵਿਚ ਬੈਠੀ ਮਾਤਾ ਗੁਜਰੀ ਆਪਣੇ ਛੋਟੇ ਪੋਤਰਿਆਂ ਨੂੰ ਗੋਦੀ ਵਿਚ ਲੈ ਕੇ ਨਿੱਘ ਦੇ ਰਹੀ ਹੁੰਦੀ ਹੈ ਤਾਂ ਉਹ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਆਖਦੀ ਹੈ:

**ਕਰੀਂ ਨਾ ਦਰੇਗ ਪੁੱਤ ਵੇ,**
**ਤੇਰੇ ਬਾਲਾਂ ਨੂੰ ਬੁਢਾਪੇ 'ਚ ਲੁਕਾਵਾਂ**
**ਹੱਡੀਆਂ ਦੀ ਮੁੱਠ ਬਾਲ ਕੇ,**
**ਤੇਰੀ ਆਂਦਰਾਂ ਦੀ ਅੱਗ ਨੂੰ ਸੇਕਾਵਾਂ**

ਲੋਕਾਂ ਨੇ ਉਦਾਸੀ ਨੂੰ ਹੱਥਾਂ 'ਤੇ ਚੁੱਕ ਲਿਆ। ਉਸ ਵਕਤ ਯਾਦ ਚੇਤੇ ਵੀ ਨਹੀਂ ਸੀ ਕਿ ਇਹ ਆਵਾਜ਼ ਅੱਜ ਆਖ਼ਰੀ ਹੋਕਰਾ ਦੇ ਕੇ ਕੁਝ ਘੰਟਿਆਂ ਨੂੰ ਸਦਾ ਸਦਾ ਲਈ ਸ਼ਾਂਤ ਹੋ ਜਾਵੇਗੀ। ਇਸ ਕਵੀ ਦਰਬਾਰ ਤੋਂ ਬਾਅਦ ਮੈਂ ਤੇ ਉਦਾਸੀ 2.45 ਵਜੇ ਤਕ ਇਕੱਠੇ ਰਹੇ। ਅਸੀਂ ਇਸ ਸਮੇਂ ਵਿਚ ਬਹੁਤ ਗੱਲਾਂ ਕੀਤੀਆਂ....। ਉਦਾਸੀ ਨੇ ਤੇ ਡਾ. ਬਲਕਾਰ ਸਿੰਘ ਨੇ ਸਵੇਰੇ ਪਹਿਲੀ ਗੱਡੀ 'ਤੇ ਪੰਜਾਬ ਨੂੰ ਜਾਣ ਦਾ ਪ੍ਰੋਗਰਾਮ ਬਣਾਇਆ ਸੀ।

ਡਾ. ਬਲਕਾਰ ਸਿੰਘ ਲਿਖਦਾ ਹੈ, "ਦੋ ਸੀਟਾਂ ਦੀ ਰਿਜ਼ਰਵੇਸ਼ਨ ਦਾ ਪ੍ਰਬੰਧ ਕਿਵੇਂ ਨਾ ਕਿਵੇਂ ਤਖ਼ਤ ਸਾਹਿਬ ਵੱਲੋਂ ਸ. ਗੁਰਚਰਨ ਸਿੰਘ ਸੰਘਾ ਨੇ ਕਰ ਲਿਆ ਸੀ। ..ਮੈਂ ਤਿਆਰ ਹੋਣ ਤੋਂ ਪਹਿਲਾਂ ਉਦਾਸੀ ਨੂੰ ਜਗਾ ਆਇਆ ਸੀ, ਪਰ ਜਦੋਂ ਮੈਂ ਤਿਆਰ ਹੋ ਕੇ ਉਸ ਨੂੰ ਲੈਣ ਲਈ ਗਿਆ ਤਾਂ ਉਹ ਅਜੇ ਸੁੱਤਾ ਪਿਆ ਸੀ। ਸੁਭਾਅ ਮੁਤਾਬਿਕ ਤਾਂ ਮੈਨੂੰ ਚਲੇ ਜਾਣਾ ਚਾਹੀਦਾ ਸੀ, ਪਰ ਪਤਾ ਨਹੀਂ ਕਿਉਂ ਮੈਂ ਉਸ ਨੂੰ ਉਠਾਇਆ ਅਤੇ ਗੱਡੀ ਨਿਕਲ ਜਾਣ ਦੀ ਸੰਭਾਵਨਾ ਬਾਰੇ ਤਾੜਨਾ ਕੀਤੀ। ਉਹ ਚਾਹ ਪੀਣੀ ਚਾਹੁੰਦਾ ਸੀ ਪਰ ਮੈਂ ਉਸ ਨੂੰ ਸਟੇਸ਼ਨ 'ਤੇ ਚਾਹ ਪੀਣ ਲਈ ਮਨਾ ਲਿਆ। ਉਹ ਦਾਇਮੀ ਬਿਮਾਰਾਂ ਵਾਂਗ ਤਿਆਰ ਹੋਇਆ ਸੀ। ਰਿਕਸ਼ੇ 'ਚ ਬੈਠਣ ਵੇਲੇ ਮੈਨੂੰ ਪਤਾ ਲੱਗਿਆ ਕਿ ਉਸ ਨੇ ਰਾਤੀਂ ਸ਼ਰਾਬ ਪੀਤੀ ਸੀ ਅਤੇ ਟੋਟ ਕਰਕੇ ਵੀ ਉਸ ਦਾ ਮਾੜਾ ਹਾਲ ਸੀ। ਮੈਂ ਖਿਝ ਗਿਆ ਸੀ ਅਤੇ ਬੋਲਣਾ ਬਿਲਕੁਲ ਹੀ ਨਹੀਂ ਸੀ ਚਾਹੁੰਦਾ ਪਰ ਉਦਾਸੀ ਚੁੱਪ ਰਹਿਣ ਵਾਸਤੇ ਤਿਆਰ ਨਹੀਂ ਸੀ। ਉਦਾਸੀ ਕੋਲੋਂ ਲੁਕਾਇਆ ਵੀ ਕੀ ਜਾ ਸਕਦਾ ਸੀ? ਉਸ ਨੇ ਸਟੇਸ਼ਨ ਤਕ ਜਾਂਦਿਆਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਕਿਉਂਕਿ ਉਹ ਲਗਾਤਾਰ ਬੋਲੀ ਜਾ ਰਿਹਾ ਸੀ। ਉਦੋਂ ਮੈਨੂੰ ਵੀ ਚੇਤਾ ਨਹੀਂ ਸੀ ਕਿ ਉਸ ਨੇ ਕੀ ਕਿਹਾ ਹੈ ਕਿਉਂਕਿ ਮੈਂ ਉਸ ਨੂੰ ਸੁਣ ਹੀ ਨਹੀਂ ਸੀ ਰਿਹਾ। ਗੱਡੀ ਕੁਝ ਲੇਟ ਸੀ ਅਤੇ ਉਥੇ ਉਦਾਸੀ ਨੇ ਫਿਰ ਆਪਣੇ ਝੋਰਿਆਂ ਤੇ ਸ਼ਿਕਵਿਆਂ ਦਾ ਕਿੱਸਾ ਛੋਹ ਲਿਆ...।"

ਗੱਡੀ ਆਈ ਤਾਂ ਉਹ ਗੱਡੀ ਚੜ੍ਹ ਗਏ। ਉਦਾਸੀ ਦੀ ਤਬੀਅਤ ਠੀਕ ਨਾ ਹੋਣ ਕਾਰਨ ਉਸ ਨੂੰ ਉਪਰਲੇ ਫੱਟੇ 'ਤੇ ਸੁਆ ਦਿੱਤਾ ਗਿਆ। ਤਿੰਨ ਚਾਰ ਘੰਟਿਆਂ ਦੇ ਸਫ਼ਰ ਪਿੱਛੋਂ ਔਰੰਗਾਬਾਦ ਦੇ ਸਟੇਸ਼ਨ 'ਤੇ ਗੱਡੀ ਕੁਝ ਵੱਧ ਸਮੇਂ ਲਈ ਰੁਕੀ ਤਾਂ ਬਲਕਾਰ ਸਿੰਘ ਨੇ ਸੋਚਿਆ, ਉਦਾਸੀ ਨੂੰ ਚਾਹ ਪਾਣੀ ਪੁੱਛ ਲਵਾਂ। ਇਥੇ ਉਸ ਦਾ ਹੀ ਲਿਖਿਆ ਹਵਾਲਾ ਦੇਣਾ ਉਚਿਤ ਹੋਵੇਗਾ, "ਮੈਂ ਜਾ ਕੇ ਇਕ ਦੋ ਆਵਾਜ਼ਾਂ ਮਾਰੀਆਂ ਉਹ ਬੋਲਿਆ ਨਹੀਂ। ਮੈਂ ਸੁੱਤਾ ਹੋਇਆ ਸਮਝ ਕੇ ਚੁੱਪ ਕਰ ਗਿਆ। ਮਨਮਾੜ ਤੋਂ ਦੋ ਤਿੰਨ ਸਟੇਸ਼ਨ ਪਹਿਲਾਂ ਮੈਂ ਉਦਾਸੀ ਨੂੰ ਜਗਾਉਣ ਦਾ ਮਨ ਬਣਾ ਕੇ ਉਸ ਨੂੰ ਆਵਾਜ਼ਾਂ ਮਾਰੀਆਂ। ਜਦੋਂ ਉਹ ਨਾ ਬੋਲਿਆ ਤਾਂ ਮੈਂ ਹਲੂਣ ਕੇ ਉਸ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ। ਹੱਥ ਲਾਉਂਦਿਆਂ ਹੀ ਮੇਰੀਆਂ ਲੱਤਾਂ ਦੀ ਜਾਨ ਜਾਂਦੀ ਰਹੀ। ਮਰਨ ਤੋਂ ਪਹਿਲਾਂ ਮਰਨ ਦੀ ਇਹ ਘੜੀ ਅੱਜ ਵੀ ਮੇਰੇ ਅੰਦਰ ਕੰਬਣੀ ਛੇੜ ਜਾਂਦੀ ਹੈ।"

ਉਸੇ ਡੱਬੇ ਵਿਚ ਟੀ. ਟੀ. ਰਹਿ ਚੁੱਕਾ ਇਕ ਸਿੰਘ ਵੀ ਸਫ਼ਰ ਕਰ ਰਿਹਾ ਸੀ। ਬਲਕਾਰ ਸਿੰਘ ਦੇ ਦੱਸਣ ਉਤੇ ਉਸ ਨੇ ਵੀ ਉਦਾਸੀ ਨੂੰ ਹਿਲਾ ਕੇ ਵੇਖਿਆ। ਉਸ ਨੇ ਬਲਕਾਰ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਆਪ ਨੂੰ ਸੰਭਾਲੇ ਅਤੇ ਮਨਮਾੜ ਜਾ ਕੇ ਹੀ ਰਿਪੋਰਟ ਕਰੇ ਕਿਉਂਕਿ ਛੋਟੇ ਸਟੇਸ਼ਨਾਂ ਉਤੇ ਪ੍ਰਬੰਧ ਬਹੁਤ ਘੱਟ ਹੁੰਦੇ ਹਨ ਅਤੇ ਇਹੋ ਜਿਹੇ ਕੇਸਾਂ ਵਿਚ ਖੱਜਲ ਖੁਆਰੀ ਦੀ ਸੰਭਾਵਨਾ ਵਧ ਜਾਂਦੀ ਹੈ। ਉਸੇ ਸਿੰਘ ਨੇ ਸਮਝਾਇਆ ਕਿ ਸਭ ਤੋਂ ਪਹਿਲਾਂ ਰੇਲਵੇ ਪੁਲਿਸ ਨੂੰ ਸੂਚਨਾ ਦਿੱਤੀ ਜਾਵੇ। ਮਨਵਾੜ ਰੇਲਵੇ ਸਟੇਸ਼ਨ 'ਤੇ ਬਲਕਾਰ ਸਿੰਘ ਨੇ ਪੁਲਿਸ ਨੂੰ ਸੂਚਨਾ ਦੇ ਦਿੱਤੀ ਕਿ ਮੇਰੇ ਦੋਸਤ ਦੀ ਸਫ਼ਰ ਦੌਰਾਨ ਮ੍ਰਿਤੂ ਹੋ ਗਈ ਹੈ। ਇੰਸਪੈਕਟਰ ਨੇ ਲਾਸ਼ ਦਾ ਮੁਆਇਨਾ ਕੀਤਾ ਤਾਂ ਬਲਕਾਰ ਸਿੰਘ ਨੇ ਦੱਸਿਆ ਕਿ ਮਰਹੂਮ ਸਾਧਾਰਨ ਆਦਮੀ ਨਹੀਂ। ਕਵੀ ਵਜੋਂ ਰਾਸ਼ਟਰਪਤੀ ਤੋਂ ਇਨਾਮ ਲੈ ਚੁੱਕਾ ਹੈ। ਤੁਸੀਂ ਰਾਸਟਰਪਤੀ ਭਵਨ ਨਾਲ ਸੰਪਰਕ ਕਰੋ ਅਤੇ ਗਿਆਨੀ ਜ਼ੈਲ ਸਿੰਘ ਦੇ ਨਿੱਜੀ ਸਕੱਤਰ ਸ. ਕੁਲਵੰਤ ਸਿੰਘ ਨੂੰ ਦੱਸੋ ਕਿ ਉਦਾਸੀ ਨਾਲ ਇਹ ਘਟਨਾ ਵਾਪਰ ਗਈ ਹੈ। ਇਹ ਵੀ ਕਿਹਾ ਕਿ ਹੋ ਸਕੇ ਤਾ ਮੇਰੇ ਨਾਲ ਗੱਲ ਕਰਵਾਉ। ਸ਼ਹਿਰ ਦੇ ਕੁਝ ਪਤਵੰਤੇ ਵੀ ਪਹੁੰਚ ਗਏ। ਸਭ ਨੇ ਵਾਪਰੀ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ ਤੇ ਬਲਕਾਰ ਸਿੰਘ ਨੂੰ ਹੌਸਲਾ ਦਿੱਤਾ। ਬਲਕਾਰ ਸਿੰਘ ਦੀ ਲਿਖਤ ਅਨੁਸਾਰ ਵਿਚਾਰ ਵਟਾਂਦਰੇ ਉਪਰੰਤ ਪੁਲਿਸ ਦੀ ਸੰਮਤੀ ਨਾਲ ਇਹ ਨਿਰਣੇ ਲਏ ਗਏ:

1. ਲਾਸ਼ ਦਾ ਪੰਜਾਬ ਲਿਜਾਣਾ ਮੁਸ਼ਕਲ ਹੈ। ਬਹੁਤੇ ਪ੍ਰਾਂਤਾਂ 'ਚੋਂ ਲੰਘਣ ਕਰਕੇ ਵੀ ਅਤੇ ਗਰਮੀ ਹੋਣ ਕਰਕੇ ਵੀ।

2. ਮਰਹੂਮ ਦੇ ਬੱਚਿਆਂ ਨੂੰ ਤੁਰੰਤ ਸੂਚਿਤ ਕਰਨ ਦਾ ਕੰਮ ਮੇਰੇ ਜ਼ੁੰਮੇ ਲਾਇਆ ਗਿਆ।

3. ਤਖ਼ਤ ਸਾਹਿਬ ਨੰਦੇੜ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੇ ਅਗਲੇ ਦਿਨ ਪਹੁੰਚਣ ਲਈ ਕਿਹਾ ਕਿਉਂਕਿ ਇੰਨਾ ਸਮਾਂ ਤਾਂ ਲੱਗਣਾ ਹੀ ਸੀ।

4. ਮੈਨੂੰ ਰਾਤ ਨੂੰ ਚੱਲਣ ਵਾਲੀ ਗੱਡੀ ਉਤੇ ਚੜ੍ਹਾ ਦਿੱਤਾ ਗਿਆ, ਜਿਸ ਲਈ ਸਾਡੇ ਦੋਹਾਂ ਦੀ ਰੀਜ਼ਰਵੇਸ਼ਨ ਸੀ। ਉਦਾਸੀ ਦੀ ਖਾਲੀ ਸੀਟ ਨਾਲੋਂ ਉਸ ਦੀ ਲਾਸ਼ ਨਾਲ ਆਉਣਾ ਕਿਤੇ ਸੌਖਾ ਹੋਣਾ ਸੀ।

"ਮੈਂ ਸਿੱਧਾ ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਦੁਕਾਨ 'ਤੇ ਬਰਨਾਲੇ ਪਹੁੰਚਿਆ। ਉਥੇ ਸਾਹਿਤ ਸਭਾ ਦੀ ਮੀਟਿੰਗ ਹੋ ਰਹੀ ਸੀ। ਪੁਰਾਣੇ ਦੋਸਤ ਮੈਨੂੰ ਦੇਖ ਕੇ ਖੁਸ਼ ਹੋ ਗਏ ਪਰ ਛੇਤੀ ਹੀ ਮੇਰੀਆਂ ਉੱਡੀਆਂ ਹੋਈਆਂ ਹਵਾਈਆਂ ਦਾ ਸਬੱਬ ਪੁੱਛਿਆ। ਭਰੇ ਹੋਏ ਮਨ ਨਾਲ ਮੈਂ ਸੱਚ ਬਿਆਨ ਕਰ ਦਿੱਤਾ। ਉਨ੍ਹਾਂ ਨੇ ਉਦਾਸੀ ਦੇ ਘਰਦਿਆਂ ਨੂੰ ਸੂਚਿਤ ਕਰਨ ਦਾ ਜ਼ੁੰਮਾ ਲੈ ਲਿਆ ਸੀ ਕਿਉਂਕਿ ਮੈਨੂੰ ਤਾਂ ਅੱਜ ਵੀ ਉਦਾਸੀ ਦੇ ਪਿੰਡ ਜਾਂ ਘਰ ਵਾਲਿਆਂ ਦਾ ਅਤਾ ਪਤਾ ਨਹੀਂ ਹੈ।"

ਬਲਕਾਰ ਸਿੰਘ ਉਥੋਂ ਪਟਿਆਲੇ ਚਲਾ ਗਿਆ। ਉਸ ਨੇ ਖ਼ੁਦ ਉਦਾਸੀ ਦੇ ਪਰਿਵਾਰ ਕੋਲ ਜਾਣ ਦੀ ਲੋੜ ਨਾ ਸਮਝੀ ਜਿਸ ਕਰਕੇ ਪਰਿਵਾਰ ਨੂੰ ਪਤਾ ਨਾ ਲੱਗ ਸਕਿਆ ਕਿ ਆਖ਼ਰੀ ਸਮੇਂ ਉਦਾਸੀ ਨਾਲ ਕੀ ਬੀਤੀ, ਕੀ ਹੋਇਆ, ਕੀ ਨਾ ਹੋਇਆ? ਉਹ ਲਿਖਦਾ ਹੈ, "ਇਹ ਸੱਚ ਹੈ ਕਿ ਉਦਾਸੀ ਦੇ ਅੰਤਲੇ ਪਲਾਂ ਵਿਚ ਮੈਂ ਉਸ ਦੇ ਕੰਮ ਵੀ ਨਹੀਂ ਆਇਆ ਕਿਉਂਕਿ ਇਸ ਦਾ ਉਸ ਨੇ ਮੌਕਾ ਹੀ ਨਹੀਂ ਦਿੱਤਾ ਸੀ। ਬੇਗਾਨੀ ਧਰਤੀ 'ਤੇ ਉਦਾਸੀ ਦੇ ਚੱਲ ਵਸਣ ਨਾਲ ਜੁੜੇ ਹੋਏ ਪ੍ਰਸ਼ਨਾਂ ਦੀ ਕੋਈ ਲੋੜ ਹੀ ਨਹੀਂ ਹੈ ਕਿਉਂਕਿ ਮੈਂ ਤਾਂ ਪਾਟੀ ਹੋਈ ਮਾਨਸਿਕਤਾ ਅਤੇ ਸ਼ਿਕਵਿਆਂ ਨਾਲ ਭਰੇ ਹੋਏ ਉਦਾਸੀ ਨੂੰ ਨਾਲ ਲਿਆ ਰਿਹਾ ਸੀ। ਅੱਜ ਮੈਨੂੰ ਲੱਗਦਾ ਹੈ ਕਿ ਉਹ ਅੰਤਾਂ ਦਾ ਬਿਮਾਰ ਸੀ ਤੇ ਉਸ ਨੂੰ ਤੀਮਾਰਦਾਰੀ ਦੀ ਬੜੀ ਲੋੜ ਸੀ। ਇਸ ਪਾਸੇ ਧਿਆਨ ਦੇਣ ਦੀ ਥਾਂ ਮੈਨੂੰ ਲੱਗਦਾ ਹੈ ਕਿ ਉਸ ਦੀ ਵਿਦਰੋਹੀ ਸੁਰ ਨਾਲ ਸੰਤੁਸ਼ਟ ਹੋਣ ਵਾਲਿਆਂ ਨੇ ਉਸ ਨੂੰ ਰੱਜ ਕੇ ਨਹੀਂ ਜਿਉਣ ਦਿੱਤਾ। ਸ਼ਾਇਦ ਉਦਾਸੀ ਵਰਗੇ ਫੜਫੜਾਉਂਦੇ ਜਿਉੜਿਆਂ ਦਾ ਇਹੀ ਅੰਤ ਹੁੰਦਾ ਹੈ ਅਤੇ ਹੁੰਦੇ ਰਹਿਣਾ ਹੈ...।"

ਸੰਤ ਰਾਮ ਉਦਾਸੀ ਪੰਜਾਬੀ ਦਾ ਅਜ਼ੀਮ ਸ਼ਾਇਰ ਸੀ ਜੋ 1939 ਤੋਂ 1986 ਤਕ ਸੰਤਾਲੀ ਸਾਲ ਜੀਵਿਆ। ਉਸ ਦੇ ਤਿੰਨ ਕਾਵਿ ਸੰਗ੍ਰਹਿ ਲਹੂ ਭਿੱਜੇ ਬੋਲ, ਚੌ-ਨੁਕਰੀਆਂ ਸੀਖਾਂ ਤੇ ਸੈਨਤਾਂ ਉਸ ਦੀ ਹਯਾਤੀ ਵਿਚ ਛਪੇ। ਉਸ ਦੀਆਂ ਕੁਝ ਕਵਿਤਾਵਾਂ ਅਣਛਪੀਆਂ ਵੀ ਰਹਿ ਗਈਆਂ ਜੋ ਬਾਅਦ ਵਿਚ ਛਪਦੀਆਂ ਰਹੀਆਂ। ਲਿਖਾਰੀ ਸਭਾ ਬਰਨਾਲਾ ਨੇ ਉਸ ਦੇ ਅਣਛਪੇ ਗੀਤਾਂ ਤੇ ਕਵਿਤਾਵਾਂ ਦਾ ਸੰਗ੍ਰਹਿ ਕੰਮੀਆਂ ਦਾ ਵਿਹੜਾ ਨਾਂ ਹੇਠ ਛਾਪਿਆ। ਇਹ ਨਾਂ ਉਦਾਸੀ ਨੇ ਜੀਂਦੇ ਜੀਅ ਤਜਵੀਜ਼ ਕੀਤਾ ਸੀ। ਜੀਂਦੇ ਜੀਅ ਉਸ ਦੀ ਕਦਰ ਤਾਂ ਪਈ ਪਰ ਉਨੀ ਨਹੀਂ ਪੈ ਸਕੀ ਜਿੰਨੀ ਦਾ ਉਹ ਹੱਕਦਾਰ ਸੀ। ਅਜੇ ਵੀ ਉਨੀ ਨਹੀਂ ਪੈ ਰਹੀ ਜਿੰਨੀ ਦਾ ਉਹ ਹੱਕਦਾਰ ਹੈ ਜਦ ਕਿ ਕੁਝ ਇਕਨਾਂ ਦੀ ਹੱਦੋਂ ਵੱਧ ਪੈ ਰਹੀ ਹੈ।

ਉਦਾਸੀ ਦੀ ਦੇਹ ਦਾ ਅੰਤਮ ਸੰਸਕਾਰ ਧੜਿਆਂ ਵਿਚ ਵੰਡੇ ਕਾਮਰੇਡਾਂ ਵੱਲੋਂ ਲਾਲ ਸਲਾਮ ਕਹੇ ਬਿਨਾਂ ਇਕ ਸਿੱਖ ਦੀ ਲਾਵਾਰਸ ਲਾਸ਼ ਵਜੋਂ ਮਨਵਾੜ ਦੇ ਸਿੱਖਾਂ ਨੇ ਕੀਤਾ। ਉਹਦੀ ਜਨਮ ਭੋਇੰ ਰਾਇਸਰ ਨੂੰ ਆਪਣੇ ਲਾਲ ਦੀ ਮ੍ਰਿਤਕ ਦੇਹ ਦੇ ਦਰਸ਼ਨ ਨਾ ਨਸੀਬ ਹੋ ਸਕੇ। 12 ਨਵੰਬਰ ਨੂੰ ਉਦਾਸੀ ਦੇ ਦੋਵੇਂ ਰਿਸ਼ਤੇਦਾਰਾਂ ਨੇ ਆ ਕੇ ਦੱਸਿਆ ਕਿ ਉਹਦੇ ਫੁੱਲ ਗੋਦਾਵਰੀ ਨਦੀ ਵਿਚ ਤਾਰ ਆਏ ਹਨ ਤੇ ਉਹਦੇ ਸਮਾਨ ਵਾਲਾ ਬੈਗ ਲੈ ਆਏ ਹਨ। ਅਜਿਹੀ ਹੋਣੀ ਸੀ ਪੰਜਾਬੀ ਦੇ ਇਸ ਲੋਕ ਕਵੀ ਦੀ!

ਉਦਾਸੀ ਦੀ ਵਸੀਅਤ ਹੈ:

**ਮੇਰੀ ਮੌਤ 'ਤੇ ਰੋਇਓ, ਮੇਰੀ ਸੋਚ ਨੂੰ ਬਚਾਇਓ।**
**ਮੇਰ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।**
**ਮੇਰੀ ਜ਼ਿੰਦਗੀ ਵੀ ਕੀ? ਬਸ ਬੂਰ ਸਰਕੜੇ ਦਾ,**
**ਆਹਾਂ ਦਾ ਸੇਕ ਕਾ.ਫੀ ਤੀਲੀ ਬੇਸ਼ੱਕ ਨਾ ਲਾਇਓ।**
**ਵਲਗਣ 'ਚ ਕੈਦ ਹੋਣਾ, ਮੇਰੇ ਨਹੀਂ ਮੁਆ.ਫਕ,**
**ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ।**
**ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,**
**ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ।**

# Joint Nobel Peace Prize for Indo-Pak Nationals.



Darbara Singh Kahlon

Awarding jointly the Nobel Peace Prize to an Indian national Mr. Kailash Satyarthi and a Pakistani national Ms. Malala Yousafzai this year, the Norwegian Nobel Committee has given a very long term and meaningful message of peace to the people and the political leaders of both the nations. The Committee said lucidly," It regards it as an important point for a Hindu and a Muslim, an Indian and a Pakistani, to join in a common struggle for education and extremism.

To both the individuals it is bestowed upon them for their struggle against the suppression of children and young people and for the right of all children to education.

Mr. Kailash Satyarthi , 60 was an Electrical Engineer from Vidisha in Madhya Pradesh who sacrificed his job to end the chronic practice of child labour about three decades ago. Actually he began to work for children rights when he was 26 years old.

Mr. Kailash is a devout Gandhian fighting for the security, rights, education and emancipation of children. He knows well the ills of rural Indian Society, complexities of caste system, decadence of rural school education. But he chose to concentrate on the emanicipation of children from bonded labour . Mostly in the Indian Society people sell or hand over their children for money to middlemen who work for carpet, bangle and fire cracker productions, brick kilns, restaurants and child trafficking dens.

The child labour, which is a most shameful stigma on the face of humanity often disguised in the name of ' help' to the poor parents by notorious gangs of middlemen and entrepreneurs. Many laws are enacted to curb this menace but the perpetrators of such heinous crime, find out many lacunas in them to carry forward it. The dilapidated mud huts, marshy buildings and stinky places can be seen overcrowded with small sick children where their tiny hands and soft fingers got exploited to work.

It is most shameful on the part of carpet industry entrepreneurs in India, Pakistan, Bangla Desh and Nepal, a major international retailers like Ikea, who continue such crime inspite of the anti bonded labour laws.

According to the U.N., there were 168 million child workers in 2012.

India has 280 million children between the age of 5 to 14 according to 2011 census. Unichef says that there are 12 percent of them are child labourers though Indian official figure is 1.5 percent or about 4.3 million children.

Mr. Kailash Satyarthi formed 'Bachpan Bachao Andolan' Organisation in 1983 and worked very hard, day and night to end the child slavery and exploitative child labour. He rescued nearly 80,000 children from bonded labour. His front is internationally recognized and respected. He launched Rugmark, to certify carpets made without child labour. He led the Global March against child labour in 1998, in which children rescued from bonded labour marched through 60 countries and reached Geneva.

He won so many internal awards. Among them Defenders of Democracy (U.S.-2009), Fredric Ebert International Human Rights Award (U.S.-1995), Alfanso Comin International Award (Spain-2008) are notable . He is the first Indian who won Nobel Peace Prize. Mother Teresa won this award in 1979 for her charity work in India, but she was a native of Albania.

His co-winner, Malala Yousafzai, 17 is the youngest ever winner. She is a school girl and education campaigner in Pakistan. She was barely 11 years old when she started championing the cause of girls' education and speaking about it in T.V. interviews. The most dreaded Talibans raged her home town Mingora in Swat Valley, blew up the girl schools and ordered the teachers and students to wear burqas. But she stood before them as a rock for the pious cause of girls' education.

So, she was critically shot by




a masked Taliban in the head and seriously injured on October 9, 2012 when she was coming back from school on a van. She survived through luck as the bullet did not enter her brain. British doctors visiting Pakistan quickly helped her. She was taken to Britain for special treatment at

Queen Elizabath Hospital. She got fully recovered after so many surgical operations. Now she lives in Birmingham and studies in a school.

Speaking for the cause of girls' education she won many Human Rights awards. She won European Parliament's Sakharov Award also. She has the honour to speak in U.N.General Assembly. She raised the voice against Boko Harem Kidnappers of the girl students in Nigeria, who wanted to go to school. She speaks for the 66 million girls in the world who are still out of schools. She speaks for the raped girls in India. She speaks for those girls who caught in crossfire of Gaza and Israel.

She has written a book " I Am Malala : The Girl who stood up for Education and was shot by Taliban." Daringly she took part in Jon Stewart's The Daily Show.

She is of the view, " One child, One teacher, one book and one pen change the World. It is the strength and power which should be firmly kept.

Speaking about the winning of the award, she said, " I am proud that I am first Pakistani and first Young woman or the first young person, who is getting this award. This is not the end, this is not the end of my campaign, this is the beginning."

In the same way Mr. Kailash told the journalists in his office in New Delhi, " The Prize is a recognition and honour to hundreds and millions of children who are still languishing in slavery, who are still deprived of their childhood, their education, their health care, their fundamental rights. "

In Pakistan, this award resuscitates the campaign of education for girls and children in the Swat Valley. It is a victory not for Swat but for Pakistan also. It is a hard slap on the face of Talibans. People of the Valley desire that Malala should open a Women University in Swat and change it as a Valley of Education.

India, this award is a hard slap on the face of those entrepreneurs and the notorious gangs of their middle-men who put the millions of children in bonded labour.

Perhaps the world does not know the most powerful inspiration behind children emancipation and rights movement is Iqbal Masih . He was a 10 years old Pakistani boy who escaped with his dare-devilry from a child labour centre.

After that he spoke against this evil loudly and became an eye-opener. He was shot dead at the tender age of 12 by the notorious gang in his home town Muridke. A monument must be constructed as the memory of that great martyr.

Significantly this award was announced for both the nationals of India and Pakistan jointly when the cross boarder violence flared up between both the countries.

On this occasion, Anna EK, Chairwoman for the Swedish Peace and Arbitration Society spoke historic and wistful words full of diplomatic wisdom. She said, " This an excellent choice. This is the way to acknowledge people who are trying to change the world with peaceful means on grass roots level. " She further said, " There's a very nice symbolism in sharing the prize jointly between an Indian and a Pakistani. Hopefully, this can be positive injection in that conflict and put pressure on Leaders to approach each other. "

The people and leaders of India and Pakistan must understand the historical and diplomatic gesture of Nobel Peace Prize Committee to bury their differences and work together for peace and cooperation. Conflict brings miseries and peace brings prosperity. Both the nations should jointly fight against poverty, extremism, bonded labour , improve the quality of education and clean up the environment.

**State Information Commissioner,Punjab ( Retd.)**
**V.P.O. Awankha.**
**Distt.Gurdaspur.**
**Present Address:**
**Meadow Glode Road, Brampton, ON, Canada**
**L6R IZ7**
001-416-857-7665




# CONDEMN DASTARDLY MASSACRE OF SIKHS ON 30TH ANNIVERSARY!MAY THE CULPRITS BE PUNISHED!


**Harsh Thakor**

Let us dip our blood on 30th anniversary of Sikh massacre today which took place in Delhi from October 31st to November 3rd in 1984 in the aftermath of the death of Indira Gandhi.We commemorate this day in memory of the late prime minster's death and the birthday of Sardar Vallabahai Patel but forget it was the inaugural day of one of the most gruesome massacres.This event will remain as one of the darkest days ever in the history of India..To this day the people responsible have not been brought to the book and one of the assasins wrongly awarded capital punishment.It was not the Hindus who were responsible but the Congress politicians who incited the mob.Infact several Hindu familes went out of the way to save their Sikh brethren.The riots spread to Kolkata,Kanpur,Patna etc.The most important aspect is to so analyze the historical context of the Punjab problem and how Indira Gandhi herself indirectly sponsored the Khalistani phenomenan.While condemning the assassination we have to condemn the dastardly assault on the Sikh community many times more!The author can't forget the fear psychosis created in the Sikh community after the riots in every nook and corner of India.Sikh taxi drivers shaved of their beards,children hid in dustbins.The psyche of the Sikh community was deeply hurt and for the first time tensions communalized between Sikhs and Hindus in Punjab.Nevertheless there were several instance of Sikh lives being saved by Hindu neighbours giving them shelter.Amazingly Rajiv Gandhi justified it stating :"When a great tree falls,mother earth shakes."Later on February 15th. an AFDR publication of translation of the PUDR report on the massacre was seized by the Jalandhar police which had alaredy sold out 7000 editions.The PUDR report was one of the most concise reportings of the true background and events of the massacre which was perpetrated by the Congress leaders.I reccomend everyone to read the PUDR-PUCL report of 1984 which should be engraved for ever in the annals of history.The massacre instigated fury in many section sof society,particularly city youth.As a college student I can never forget the anger in the hearts of the youth in Mumbai and in sections of workers who participated in a series of protests.The 'Ekta' communal harmony repeatedly condemned the riots.Student bodies like Vidhayarti Pragahti Sanghatana and Andhra Pradesh Radical Studenst Union vociferously condemned the massacre and exposed the event in the journal 'Kalam.'

Till today hardly any justice has been done and Sikh communal forces like Akali Dal have used the riots as a pretext to propagate fundamentalist poltics.It is significant that the Akali Dal is allied with the BJP in Punjab who eralier sponsored communal terrorism.Today the Hindu fascistic communal trend will also use this issue to promote their interests but history always records how the pretext of 'Hindus' was used as an excuse to attack the Sikh community in 1984.

Only a concerted peoples movement brought the culprits close to the book and created havoc in the hearts of the Congress party.The fury of the incident still prevales in the hearts of relatives of victims like a flame burning.





The 1984 anti-Sikhs riots or the 1984 Sikh Massacre were a series of pogroms[2][3][4][5] directed against Sikhs in India, by anti-Sikh mobs, in response to the assassination of Indira Gandhi by her Sikh bodyguards. There were more than 8,000[6] deaths, including 3,000 in Delhi.[4] The Central Bureau of Investigation, the main Indian investigating agency, is of the opinion that the acts of violence were organized with the support from the then Delhi police and some central government officials.[7] Rajiv Gandhi was sworn in as Prime Minister after his mother's death and, when asked about the riots, said "when a big tree falls, the earth shakes".[8]

During the Indian Emergency imposed by Indira Gandhi in the 1970s, thousands of Sikhs campaigning for autonomous government were imprisoned.[citation needed] The sporadic violence continued as a result of an armed Sikh separatist group which was designated as a terrorist entity by the Indian government. In June 1984, during Operation Blue Star, Indira Gandhi ordered the Indian Army to attack the Golden Temple and eliminate any insurgents, as it had been occupied by Sikh separatists who were stockpiling weapons. Later operations by Indian paramilitary forces were initiated to clear the separatists from the countryside of Punjab state.[9]

The violence in Delhi was triggered by the assassination of Indira Gandhi, India's prime minister, on 31 October 1984, by two of her Sikh bodyguards in response to her actions authorising the military operation. The Indian government reported 2,700 deaths in the ensuing chaos. In the aftermath of the riots, the Indian government reported 20,000 had fled the city, however the People's Union for Civil Liberties reported "at least" 1,000 displaced persons.[10] The most affected regions were the Sikh neighbourhoods in Delhi. Human rights organisations and newspapers across India believe the massacre was organised.[4][7][11] The collusion of political officials in the massacres and the Judiciary's failure to penalise the killers alienated normal Sikhs and increased support for the Khalistan movement.[12] The Akal Takht, the governing religious body of Sikhism, considers the killings to be a genocide.[13]

In 2011, Human Rights Watch reported the Government of India had "yet to prosecute those responsible for the mass killings".[14] The 2011 WikiLeaks cable leaks revealed that the United States was convinced about the complicity of the Indian government ruled by the Indian National Congress in the riots, and termed it as "opportunism" and "hatred" of the Congress government against Sikhs.[15][16] The United States has refused to recognize the riots as genocide, but do acknowledge that "grave human rights violations" did take place.[17] Also in 2011, a new set of mass graves were discovered in Haryana, and Human Rights Watch reported that "Widespread anti-Sikh attacks in Haryana were part of broader revenge attacks" in India.[18]

On 31 October, the crowd around the All India Institute of Medical Sciences, began shouting for vengeance with slogans such as "Blood for blood!" and turned into an unruly mob. At 17:20, President Zail Singh arrived at the hospital and the mob outside stoned his car. The mob began assaulting Sikhs by stopping cars and buses to pull Sikhs out of them and burn their turbans.[34] The violence on 31 October was restricted to the area around the AIIMS and did result in many Sikh deaths.[34] People in other parts of Delhi reported their neighbourhoods were peaceful.

Throughout the night of 31 October and morning of 1 November, Congress leaders met with local supporters to distribute money and weapons. Congress party MP Sajjan Kumar and Trade Union leader Lalit Maken handed out 100 rupee notes and bottles of liquor to assailants.[34] On the morning of 1 November, Sajjan Kumar was seen holding rallies in, at least, the following Delhi neighbourhoods; in Palam Colony from 06:30 to 07:00, in Kiran Gardens from 08:00 to 08:30, and in Sultanpuri from around 08:30 to 09:00.[34] In Kiran Gardens at 8:00 AM, Sajjan Kumar was seen distributing iron rods from a parked truck to a group of 120 people and instructing them to "attack Sikhs, kill them, and loot and burn their properties".[34] At an undefined time in the morning of 1 November, Sajjan Kumar led a mob of people along the Palam Railway main road to the Mangolpuri neighbourhood where the crowd answered his calls with chants of "Kill the Sardars" and "Indira Gandhi is our mother and these people have killed her".[35] In Sultanpuri, Moti Singh, a Sikh who had served in the Congress party for 20 years heard Sajjan Kumar give the following speech:

Whoever kills the sons of the snakes, I will reward them. Whoever kills Roshan Singh and Bagh Singh will get 5,000 rupees each and 1,000 rupees each for killing any other Sikhs. You can collect these prizes on November

3 from my personal assistant Jai Chand Jamadar.[note 1]

The CBI recently told the court that during the riot Sajjan Kumar had said that "not a single Sikh should survive".[7][37] It also said that Delhi police kept its "eyes closed" during the riot as it was pre-planned.[7]

In the neighbourhood of Shakarpur, Congress (I) leader Shyam Tyagi's home was used as a meeting place for an undefined number of people.[36] H. K. L. Bhagat, the Minister of Information and Broadcasting distributed money to Boop Tyagi, Shyam Tyagi's brother, and ordered him to "Keep these two thousand rupees for liquor and do as I have told you.... You need not worry at all. I will look after everything."[36]

During the night of 31 October, Balwan Khokhar, a local Congress (I) party leader who was later implicated in the ensuing massacre, held a meeting at the Ration Shop of Pandit Harkesh in the Palam Colony.[36] At 08:30 on 1 November, Shankar Lal Sharma, an active Congress party supporter, held a meeting at his shop where he formed a mob and had the people swear to kill Sikhs.[36]

The chief weapon used by the mobs, kerosene was supplied by a group of Congress Party leaders who owned filling stations.[38] In Sultanpuri, Brahmanand Gupta, the president of the A-4 block Congress Party distributed oil while Congress Party MP Sajjan Kumar "instructed the crowd to kill Sikhs, and to loot and burn their properties" as he had in other meetings throughout New Delhi.[38] In much the same way, meetings were held in places like Cooperative Colony in Bokaro where P.K. Tripathi, president of the local Congress Party and owner of a gas station in Nara More, provided kerosene to mobs.[38] Aseem Shrivastava, a Masters student at the Delhi School of Economics described the organised nature of the mobs in an affidavit submitted to the Misra Commission:

The attack on Sikhs and their property in our locality appeared to be an extremely organized affair...There were also some young men on motorcycles, who were instructing the mobs and supplying them with kerosene oil from time to time. On more than a few occasions we saw auto-rickshaw arriving with several tins of kerosene oil and other inflammable material such as jute-sacks.[39]

A senior official at the Ministry of Home Affairs informed journalist Ivan Fera, that an arson investigation of several businesses burned in the riots had uncovered an unnamed combustible chemical "whose provision required large-scale coordination".[40] Eyewitness reports confirmed the use of a combustible chemical besides kerosene.[40] The Delhi Sikh Gurdwara Management Committee later identified 70 affidavits which cited the use of a highly flammable chemical in its written arguments before the Misra Commission.[38]

Use of voter lists by the Congress Party

On 31 October, Congress party officials provided assailants with voter lists, school registration forms, and ration lists.[41] The lists were used to find the location of Sikh homes and business, an otherwise impossible task because they were located in unmarked and diverse neighbourhoods. On the night of 31 October, the night before the massacres began, assailants used the lists to mark the houses of Sikhs with letter "S".[41] In addition, because most of the mobs were illiterate, Congress Party officials provided help in reading the lists and leading the mobs to Sikh homes and businesses in the other neighbourhoods.[38] By using the lists the mobs were able to pinpoint the locations of Sikhs they otherwise would have missed.[38]

Sikh men not in their homes were easily identified by their distinctive turban and beard while Sikh women were identified by their dress. In some cases, the mobs returned to locations where they knew Sikhs were hiding after consulting their lists. One man, Amar Singh, escaped the initial attack on his house by having a Hindu neighbour drag him into his neighbour's house and declare him dead. However, a group of 18 assailants later came looking for his body, and when his neighbour replied that others had already taken away the body an assailant showed him a list and replied, "Look, Amar Singh's name has not been struck off from the list so his dead body has not been taken away."

# ਸੰਤ ਰਾਮ ਉਦਾਸੀ

## ਦੇ ਗੀਤਾਂ ਵਿਚੋਂ ਸਿੰਮਦੀ ਦਲਿਤ ਵੇਦਨਾ

**ਨਿਰਪਾਲ ਸਿੰਘ ਜਲਾਲਦੀਵਾਲ**

ਕਵਿਤਾ ਨੂੰ ਭਾਵੇਂ ਦੀ ਬੋਲੀ ਕਿਹਾ ਜਾਂਦਾ ਹੈ ਤੇ ਆਲੇ ਦੁਆਲੇ ਵਿਚ ਵਾਪਰਦੇ ਵਰਤਾਰਿਆਂ ਪ੍ਰਤੀ ਕਿਸੇ ਵਿਅਕਤੀ ਦੀ ਸੂਝ ਤੋਂ ਅਨੁਭਵ ਰਾਹੀਂ ਮਨ ਵਿਚ ਉਠਦੇ ਵਲਵਲਿਆਂ ਨੂੰ ਕਵਿਤਾ ਦੇ ਬੋਲਾਂ ਰਾਹੀਂ ਸਾਕਾਰ ਕੀਤਾ ਜਾਂਦਾ ਹੈ। ਕਵਿਤਾ ਅਰਸੋਂ ਉਤਰੀ ਉਹ ਸੂਖਮ ਕ੍ਰਿਤ ਹੈ ਜੋ ਕਵੀ ਦੇ ਧੁਰ ਅੰਦਰ ਹੁੰਦੀ ਉਥਲ ਪੁੱਥਲ ਨੂੰ ਪ੍ਰਗਟਾਏ ਰਾਹੀਂ ਸ਼ਾਂਤ ਕਰਦੀ ਹੈ। ਨਿੱਜੀ ਦੁੱਖਾਂ ਸੁੱਖਾਂ, ਪ੍ਰਾਪਤੀਆਂ, ਹਾਰਾਂ, ਜਿੱਤਾਂ ਤੇ ਨਮੋਸ਼ੀਆਂ, ਉਦਾਸੀਆਂ ਵਿਚੋਂ ਗੁਜ਼ਰਦਾ ਜਦੋਂ ਕੋਈ ਕਵੀ ਸਮੂਹ ਦੇ ਹਿੱਤਾਂ, ਦੁੱਖਾਂ-ਦਰਦਾਂ ਤੇ ਖੁਸ਼ੀਆਂ ਗਮੀਆਂ ਵਿਚ ਆਪਣੇ ਆਪ ਨੂੰ ਆਤਮਸਾਤ ਕਰ ਲੈਣ ਦੇ ਸਮਰੱਥ ਹੋ ਜਾਂਦਾ ਹੈ ਤਾਂ ਉਹ ਇਕ ਸਧਾਰਨ ਕਵੀ ਤੋਂ 'ਲੋਕ ਕਵੀ' ਦਾ ਰੁਤਬਾ ਹਾਸਲ ਕਰ ਲੈਂਦਾ ਹੈ। ਇਹ ਪ੍ਰਾਪਤੀ ਐਵੇਂ ਹੀ ਨਸੀਬ ਨਹੀਂ ਹੋ ਜਾਂਦੀ ਸਗੋਂ ਕਵੀ ਦੇ ਲਹੂ ਵਿਚ ਡੁੱਬ ਕੇ ਕਵਿਤਾ ਦੇ ਮਖਮਲੀ ਬਸਤਰਾਂ ਵਿਚ ਪ੍ਰਗਟ ਹੋਣ ਵਾਲੀ ਗੱਲ ਹੁੰਦੀ ਹੈ ਤਾਂ ਹੀ ਤਾਂ ਇਕ ਕਵੀ ਕਹਿੰਦਾ ਹੈ,

"ਅਸੀਂ ਤਾਂ ਲਹੂ 'ਚ ਡੁੱਬ ਕੇ ਲਿਖੀ ਹੈ ਗ਼ਜ਼ਲ :

ਉਹ ਹੋਰ ਹੋਣਗੇ ਜੋ ਲਿਖਦੇ ਨੇ ਬਹਿਰ ਅੰਦਰ।"

ਅਜਿਹਾ ਹੀ ਜੁਝਾਰੂ ਤੇ ਲੋਕ ਕਵੀ ਸੀ ਸੰਤ ਰਾਮ ਉਦਾਸੀ ਜਿਸ ਬਾਰੇ ਉਘੇ ਨਾਟਕਕਾਰ ਤੇ ਇਨਕਲਾਬੀ ਗੁਰਸ਼ਰਨ ਸਿੰਘ ਨੇ ਕਿਹਾ ਕਿ ਪੰਜਾਬੀ ਕਵਿਤਾ ਦੇ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸੰਤ ਰਾਮ ਉਦਾਸੀ ਨੇ ਹੀ ਦਲਿਤ ਵੇਦਨਾ ਤੇ ਲੋਕਾਂ ਦੇ ਦੁੱਖਾਂ ਦਰਦਾਂ ਨੂੰ ਉਚੀ ਸੁਰ ਵਿਚ ਚੁੱਕਿਆ ਹੈ। ਗੁਰੂ ਨਾਨਕ ਦੇਵ ਜੀ ਵਾਂਗ ਹੀ ਉਨ੍ਹਾਂ ਨੂੰ ਵੀ ਸਮੇਂ ਦੇ ਹਾਕਮਾਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਿਆ ਤੇ ਜੇਲ੍ਹਾਂ ਦੇ ਤਸੀਹੇ ਝੱਲਣੇ ਪਏ। ਉਦਾਸੀ ਆਪਣੇ ਵਿਰਸੇ ਨਾਲ ਜੁੜਿਆ ਹੋਇਆ ਤੇ ਜਾਗਦੀ ਜ਼ਮੀਰ ਵਾਲਾ ਉਹ ਕਵੀ ਸੀ, ਜਿਸ ਨੇ ਨਾਮਧਾਰੀ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਲਹਿਰ ਨੂੰ ਸਮਝਿਆ, ਜਾਣਿਆ ਤੇ ਆਪਣੀ ਚੇਤਨਾ ਰਾਹੀਂ ਸਿੱਖ ਗੁਰੂ ਸਾਹਿਬਾਨ ਦੀਆਂ ਮਹਾਨ ਕੁਰਬਾਨੀਆਂ ਦਾ ਗੁਣਗਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਮਹਾਨ ਕਾਰਨਾਮੇ ਉਦਾਸੀ ਦੀ ਕਵਿਤਾ ਵਿਚ ਹੀਰਿਆਂ ਵਾਂਗ ਜਗਮਗਾਉਂਦੇ ਹਨ ਤੇ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਦੇ ਨਾਲ ਨਾਲ 'ਰੰਘਰੇਟੇ ਗੁਰੂ ਕੇ ਬੇਟੇ' ਤੇ ਮਾਧੋ ਦਾਸ ਬੈਰਾਗੀ ਤੋਂ ਬੰਦਾ ਸਿੰਘ ਬਹਾਦਰ ਬਣੇ ਮਹਾਨ ਯੋਧਿਆਂ ਦੀਆਂ ਬੀਰ ਗਾਥਾਵਾਂ ਵੀ ਉਦਾਸੀ ਦੀ ਕਲਮ ਦਾ ਸ਼ਿੰਗਾਰ ਬਣੀਆਂ ਹਨ। ਗੁਰਦਾਸ ਨੰਗਲ ਵਿਚ ਘਿਰੇ ਹੋਏ ਬੰਦਾ ਸਿੰਘ ਬਹਾਦਰ ਨੂੰ ਛੱਡ ਕੇ ਜਾਣ ਵਾਲੇ 'ਬਾਬਾ ਵਿਨੋਦ ਸਿੰਘ' ਦੇ 'ਦੋਰਾਹੇ' ਦੇ ਸ਼ਿਕਾਰ ਹੋਣ ਨੂੰ ਵੀ ਉਦਾਸੀ ਇਤਿਹਾਸਕਾਰਾਂ ਵਾਂਗ ਤਵਾਰੀਖ ਦੇ ਸੱਚ ਨੂੰ ਸਾਹਮਣੇ ਲਿਆ ਕੇ ਲੋਕ ਕਟਹਿਰੇ ਵਿਚ ਖੜ੍ਹਾ ਕਰਦਾ ਹੈ। ਇਤਿਹਾਸ ਦੇ 'ਸੱਚ' ਨੂੰ ਲੋਕ ਕਵੀ ਸੰਤ ਰਾਮ ਉਦਾਸੀ ਪੇਸ਼ ਕਰਦਾ ਲਿਖਦਾ ਹੈ :

**"ਇਹਨਾਂ ਥੱਕਿਆਂ, ਜ਼ਖ਼ਮੀਆਂ, ਭੁੱਖਿਆਂ ਤੋਂ,**
**ਜੇਕਰ ਸਾਡਾ ਵੀ ਮੁੱਕੇ ਵਿਸ਼ਵਾਸ ਸਿੰਘਾ।**
**ਭਲਾ ਆਉਣ ਵਾਲੇ ਲੋਕ ਲੀਡਰਾਂ 'ਤੇ,**
**ਲੋਕੀਂ ਕਰਨਗੇ ਕਿਵੇਂ ਵਿਸ਼ਵਾਸ ਸਿੰਘਾ।"**

ਸਮੇਂ ਦੇ ਨਾਲ ਨਾਲ ਚਲਦੀ ਉਦਾਸੀ ਦੀ ਚੇਤਨਾ, ਸਮਕਾਲੀ ਪ੍ਰਸਥਿਤੀਆਂ ਵਿਚ ਸਿੱਖ ਲਹਿਰ ਦੇ ਲੋਕ ਪੱਖੀ ਖਾਸੇ ਤੋਂ 'ਮਲਕ ਭਾਗੋਆਂ' ਦੇ ਹੱਥਾਂ ਵਿਚ ਕੇਂਦਰਤ ਹੋਣ ਦੇ ਸੱਚ ਨੂੰ ਪਛਾਣਦੀ ਹੈ ਤੇ ਗੁਰੂ ਨਾਨਕ ਵਾਂਗ 'ਭਾਈ ਲਾਲੋਆਂ' ਦੇ ਨਾਲ ਆ ਖੜ੍ਹਦੀ ਹੈ। ਸਿੱਖ ਗੁਰੂਆਂ ਤੇ ਸਿੱਖ ਸ਼ਹੀਦਾ ਨੂੰ ਸਿਜਦਾ ਕਰਦੀ ਲੋਕ ਕਵਿ ਸੰਤ ਰਾਮ ਉਦਾਸੀ ਦੀ ਕਲਮ 'ਦਲਿਤ ਵੇਦਨਾ' ਨੂੰ ਬੋਲ ਦੇਣ ਲੱਗੀ ਹੈ ਤੇ ਇਸ ਦੌਰ ਤੱਕ ਪਹੁੰਚ ਕੇ ਕਵੀ ਦੀ ਚੇਤਨਾ ਸਿੱਖ ਲਹਿਰ ਦੇ 'ਸਮਾਜਿਕ ਬਰਾਬਰੀ' ਦੇ ਸਿਧਾਂਤ ਦੇ ਬਾਵਜੂਦ ਊਚ ਨੀਚ, ਜਾਤ ਪਾਤ ਤੇ ਛੋਟੇ ਵੱਡੇ ਦੇ ਅੰਤਰ ਵਿਰੋਧਾਂ ਵਿਚ



ਬ੍ਰਾਹਮਣਵਾਦੀ ਨੀਤੀਆਂ ਦਾ ਸ਼ਿਕਾਰ ਹੋਣ ਨੂੰ ਸਪਸ਼ਟ ਰੂਪ ਵਿਚ ਪਛਾਣ ਲੈਂਦੀ ਹੈ। ਇਹ 'ਦਿੱਬ ਦ੍ਰਿਸ਼ਟੀ' ਉਸ ਨੂੰ ਸਮਕਾਲੀ ਖੱਬੀ ਲਹਿਰ 'ਨਕਸਲਬਾੜੀ ਦੇ ਕਿਸਾਨ ਘੋਲ' ਵਿਚੋਂ ਪ੍ਰਾਪਤ ਹੁੰਦੀ ਹੈ ਤੇ ਕਵੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਦਿਵਸ 'ਤੇ ਸਿੱਖ ਲਹਿਰ ਦੇ ਬ੍ਰਾਹਮਣੀ ਸੋਚ ਨਾਲ ਗ੍ਰਹਿਣੇ ਜਾਣ 'ਤੇ ਵਿਅੰਗ ਕਰਦਾ ਹੋਇਆ 'ਦਲਿਤ ਵੇਦਨਾ' ਨੂੰ 'ਮਰਦਾਨਣ ਦਾ ਮਰਦਾਨੇ ਨੂੰ ਖ਼ਤ' ਰਾਹੀਂ ਪ੍ਰਗਟ ਕਰਦਾ ਲਿਖਦਾ ਹੈ :

**"ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ,**
**ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ।**
**ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,**
**ਕਹਿੰਦੀ ਕਿਧਰੇ ਨੀ ਜਾਂਦਾ ਤੇਰਾ ਡੂੰਮ ਵੇ।"**

ਕਵੀ ਕਲਪਨਾ ਰਾਹੀਂ ਮਰਦਾਨੇ ਦੇ ਘਰ ਦੀਆਂ ਤੰਗੀਆਂ ਤੁਰਸ਼ੀਆਂ ਦੇ ਜਾਤਪਤੀ ਵਖਰੇਵਿਆਂ ਨੂੰ ਨਾਨਕ ਦੀ ਪਰਵਾਰਕ ਹਾਲਤ ਨਾਲ ਤੁਲਨਾ ਕਰਦਿਆਂ ਸਪਸ਼ਟ ਤੌਰ 'ਤੇ ਵੱਡਿਆਂ ਤੇ ਛੋਟਿਆਂ ਦੀ ਨਿਸ਼ਾਨਦੇਹੀ ਕਰਦਾ ਲਿਖਦਾ ਹੈ :

**"ਵੇਖ ਮੇਰੀ ਕੁਰਬਾਨੀ,**
**ਭਾਵੇਂ ਕਿੰਨੀ ਭੁੱਖੀ ਭਾਣੀ,**
**ਪਰ ਵੱਧ ਹੈ ਸੁਲੱਖਣੀ ਤੋਂ ਜੇਰਾ ਵੇ।**
**ਇਹ ਹੈ ਵੱਡਿਆਂ ਦਾ ਯੁੱਗ,**
**ਤੇਰੀ ਸਕਣੀ ਨਾ ਪੁੱਗ,**
**ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ।"**

ਸੰਤ ਰਾਮ ਉਦਾਸੀ ਦੀਆਂ ਅਨੇਕਾਂ ਹੀ ਕਵਿਤਾਵਾਂ ਤੇ ਗੀਤਾਂ ਵਿਚ ਹਰੇ ਇਨਕਲਾਬ ਤੋਂ ਪਹਿਲਾਂ ਦੇ ਪੰਜਾਬ ਦੇ ਸਮਾਜਿਕ ਜੀਵਨ ਦੀ ਕਾਣੀ ਵੰਡ ਤੇ ਜਾਤ ਪਾਤੀ ਵਿਵਸਥਾ ਦੀ ਦਮ ਘੋਟੂ ਹਕੀਕਤ ਰੂਪਮਾਨ ਹੁੰਦੀ ਹੈ। ਕਵੀ ਜਾਤ ਪਾਤੀ ਵਿਵਸਥਾ ਦੇ 'ਸੱਚ' ਨੂੰ ਸਮਝਦਾ ਹੋਇਆ ਨਕਸਲਬਾੜੀ ਘੋਲ ਰਾਹੀਂ ਪ੍ਰਾਪਤ ਸੂਝ ਤੇ ਜਮਾਤੀ ਘੋਲ 'ਤੇ ਆਧਾਰਤ ਲੁੱਟੇ ਜਾ ਰਹੇ ਕਿਸਾਨਾਂ ਤੇ ਮਜ਼ਦੂਰਾਂ ਦੀ ਸਾਂਝ ਨੂੰ ਬੜੇ ਭਾਵ ਪੂਰਤ ਬੋਲਾਂ ਰਾਹੀਂ ਪ੍ਰਗਟ ਕਰਦਾ ਹੈ ਕਿ :

**"ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲਾਂ ਵਿਚੋਂ ਨੀਰ ਵਗਿਆ।**
**ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,**
**ਤੂੜੀ ਵਿਚੋਂ ਪੁੱਤ ਜੱਗਿਆ। ਗਲ ਲੱਗ ਕੇ...।"**

ਕਵੀ ਕਾਵਿਕ ਉਡਾਰੀਆਂ, ਵਿਅੰਗਮਈ ਚੋਭਾਂ, ਢੁਕਵੇਂ ਤੇ ਲੋਕ ਜੀਵਨ ਦੇ ਪੇਂਡੂ ਤੇ ਠੇਠ ਬਿੰਬਾਂ ਤੇ ਅਲੰਕਾਰਾਂ ਦੀ ਵਰਤੋਂ ਰਾਹੀਂ ਸਰੋਤਿਆਂ ਦੇ ਧੁਰ ਅੰਦਰ ਤੱਕ ਉਤਰ ਜਾਣ ਦੀ ਸਮਰੱਥਾ ਰੱਖਦਾ ਹੈ। ਉਹ ਆਪਣੇ ਗੀਤਾਂ ਨੂੰ ਬਿਨਾਂ ਸੰਗੀਤਕ ਸਾਜ਼ਾਂ ਤੋਂ ਹੀ ਲੈਅ ਤੇ ਸੁਰ ਵਿਚ ਜਦੋਂ ਕੰਨ 'ਤੇ ਹੱਥ ਰੱਖ ਕੇ ਬਾਂਹ ਉਚੀ ਕਰਕੇ ਹੇਕ ਲਾ ਕੇ ਗਾਉਂਦਾ ਸੀ ਤਾਂ ਵਗਦੀ ਹਵਾ ਵੀ ਨੀਝ ਲਾ ਕੇ ਸੁਣਦੀ ਜਾਪਦੀ ਸੀ ਤੇ ਹਜ਼ਾਰਾਂ ਸਰੋਤੇ ਸਾਹ ਰੋਕ ਕੇ ਕਵੀ ਦੇ ਰੋਹ ਭਰੇ ਬੋਲਾਂ ਨੂੰ ਸੁਣਦੇ ਸਨ। ਉਦਾਸੀ ਦੇ ਗੀਤਾਂ ਨੇ ਅਨੇਕਾਂ ਜਮਾਤੀ ਘੋਲਾਂ ਨੂੰ ਸਿਖਰਾਂ 'ਤੇ ਪੁਚਾਇਆ ਤੇ ਜੇਤੂ ਲਲਕਾਰਿਆਂ ਵਿਚ ਬਦਲਿਆ।

ਕਵੀ ਇਨਕਲਾਬੀ ਵਿਚਾਰਧਾਰਾ ਨਾਲ ਲੈਸ ਹੋ ਕੇ ਇਤਿਹਾਸਕ ਤੇ ਅਨੇਕਾਂ ਮਿਥਿਹਾਸਕ ਹਵਾਲਿਆਂ ਦੇ ਅੰਦਰਲੇ ਸੱਚ ਨੂੰ ਪਛਾਨਣ ਦੇ ਕਾਬਲ ਹੋ ਸਕਿਆ ਸੀ। ਹਾਕਮ ਜਮਾਤਾਂ ਵਲੋਂ ਪਰਚਾਰੇ ਤੇ ਸਥਾਪਤ ਕੀਤੇ 'ਇਤਿਹਾਸ' ਨੂੰ ਉਹ ਆਪਣੀ ਕਲਮ ਦੀ ਨੋਕ ਨਾਲ ਬੇਪਰਦ ਕਰਦਾ ਹੈ ਤੇ ਆਪਣੀ ਕਵਿਤਾ 'ਜਨਮ ਅਸ਼ਟਮੀ' ਵਿਚ 'ਕ੍ਰਿਸ਼ਨ ਭਗਵਾਨ' ਦੇ ਅਖੌਤੀ 'ਭਗਵਾਨ' ਦੇ ਬੁਰਕੇ ਨੂੰ ਲੀਰੋ-ਲੀਰ ਕਰ ਦਿੰਦਾ ਹੈ।

ਸੰਤ ਰਾਮ ਉਦਾਸੀ ਮਜ਼ਦੂਰ ਵਿਹੜਿਆਂ ਵਿਚ ਉਗੀ ਤੇ ਪਸਰੀ ਭੁੱਖ ਨੰਗ ਤੇ ਗਰੀਬੀ ਦਾ ਚਸ਼ਮ ਦੀਦ ਗਵਾਹ ਹੈ। ਉਹ ਭਲੀ ਭਾਂਤ ਸਮਝਦਾ ਹੈ ਕਿ ਇਨ੍ਹਾਂ ਬਸਤੀਆਂ ਵਿਚ ਪਲਣ ਵਾਲੀ ਜ਼ਿੰਦਗੀ ਜਿਉਣਯੋਗ ਨਹੀਂ। ਜਿਥੇ ਵਾਲ ਕੰਘੀਆਂ ਨੂੰ ਤਰਸਦੇ ਹਨ। ਇਥੇ ਰਹਿਣ ਵਾਲੇ ਬੱਚਿਆਂ ਦੇ ਨੱਕ ਵਗਦੇ ਹਨ, ਅੱਖਾਂ ਚੁੰਨੀਆਂ ਤੇ ਦੰਦ ਕਰੇੜੇ ਨਾਲ ਭਰੇ ਹੋਏ ਹਨ। ਜਿਹੜੇ ਵਹਿਮਾਂ ਤੇ ਭਰਮਾਂ ਦੀ ਦਲਦਲ ਤੇ ਹਨੇਰੇ ਵਿਚ ਜੀਅ ਰਹੇ ਹਨ। ਕਵੀ ਬੜੀ ਉਚੀ ਸੁਰ ਵਿਚ ਆਪਣੇ ਆਪ ਨੂੰ ਇਨ੍ਹਾਂ ਵਿਹੜਿਆਂ ਦਾ ਹਨੇਰਾ ਦੂਰ ਕਰਨ ਵਾਲਾ 'ਮਘਦਾ ਸੂਰਜ' ਬਣਾਉਣਾ ਲੋਚਦਾ ਹੈ। ਉਹ ਬੜੀ ਬੇਬਾਕੀ ਨਾਲ ਆਖਦਾ ਹੈ ਕਿ ਧਰਤੀ ਨੂੰ ਰੁਸ਼ਨਾਉਣ ਲਈ ਹੋਰ ਬਥੇਰੇ 'ਚੰਨ' ਨਸੀਬ ਹੋ ਸਕਦੇ ਹਨ ਪਰ ਕੰਮੀਆਂ ਦੇ ਵਿਹੜੇ ਲਈ ਉਸ ਵਰਗੇ 'ਸੂਰਜ' ਦੀ ਬਹੁਤ ਲੋੜ ਹੈ।

**"ਮਾਂ ਧਰਤੀਏ,**
**ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,**
**ਤੂੰ ਮਘਦਾ ਰਹੀਂ ਵੇ ਸੂਰਜਾ,**
**ਕੰਮੀਆਂ ਦੇ ਵਿਹੜੇ।"**

'ਕੰਮੀਆਂ ਦੇ ਵਿਹੜੇ ਦੇ ਇਸ ਮਘਦੇ ਸੂਰਜ' ਦੀ ਸਮੁੱਚੀ ਕਵਿਤਾ ਨੂੰ ਵਿਹੜਿਆਂ ਤੱਕ ਲੈ ਜਾਣ ਦੀ ਅੱਜ ਦੇ ਸਾਮਰਾਜੀ ਲੁੱਟ ਦੇ ਦੌਰ ਵਿਚ ਹੋਰ ਵੀ ਵੱਧ ਜ਼ਰੂਰਤ ਹੈ।

# ਹਾਂਗ ਕਾਂਗ ਵਿਚ ਹੋ ਰਹੇ ਵਿਰੋਧੀ ਪ੍ਰਦਰਸ਼ਨਾਂ ਦੀ ਹਕੀਕਤ

ਮਲਕੀਤ

ਹਾਂਗ ਕਾਂਗ ਦਾ ਪੂਰਾ ਵਿਧਾਨਕ ਸਾਓ, ਚੀਨ ਲੋਕ ਗਣਰਾਜ ਦਾ ਸਪੈਸ਼ਲ ਪ੍ਰਸ਼ਾਸਨ ਖੇਤਰ ਹੈ। ਇਹ ਪਿਛਲੇ ਚਾਰ ਕੁ ਹਫ਼ਤਿਆਂ ਤੋਂ ਅੰਤਰਰਾਸ਼ਟਰੀ ਮੀਡੀਏ ਦੀਆਂ ਸੁਰਖੀਆਂ ਵਿਚ ਛਾਇਆ ਹੋਇਆ ਹੈ। ਵਿਦਿਆਰਥੀਆਂ ਨੌਜਵਾਨਾਂ ਦੇ ਪ੍ਰਦਰਸ਼ਨ ਹੋ ਰਹੇ ਹਨ। ਪ੍ਰਿੰਟ ਮੀਡੀਏ ਅਤੇ ਇਲੈਕਟ੍ਰੋਨਿਕ ਮੀਡੀਏ ਨੇ ਪ੍ਰਦਰਸ਼ਨਾਂ ਦੇ ਲਈ ਨਾਂਰੱਖ ਛੱਡੇ ਹਨ। ਕੋਈ ਚੈਨਲ ਇਸ ਨੂੰ 'ਆਕੂਪਾਈ ਸੈਂਟਰਲ ਆਖ ਰਿਹਾ ਹੈ; ਤਾਂਕੋਈ ਇਸ ਨੂੰ ਛੱਤਰੀ ਇਨਕਲਾਬ ਆਖ ਰਿਹਾ ਹੈ। ਤਰ੍ਹਾਂ ਤਰ੍ਹਾਂ ਦੇ ਨਾਉਂ ਸਰਮਾਏਦਾਰੀ ਮੀਡੀਏ ਵਲੋਂ ਘੜੇ ਜਾ ਰਹੇ ਹਨ। ਸਰਮਾਏਦਾਰੀ ਮੀਡੀਏ ਦੀ ਸਰਦਾਰੀ 'ਰਾਇਟਰਜ਼' ਖ਼ਬਰ ਏਜੰਸੀ ਕਰ ਰਹੀ ਹੈ। ਯੂਰਪੀਨ ਅਤੇ ਏਸ਼ੀਅਨ ਮੁਲਕਾਂ ਦਾ ਇੰਸਬੰਡਿਡ ਮੀਡੀਆ ਵੀ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਮੇਰੇ ਸਾਹਮਣੇ ਚੰਡੀਗੜ੍ਹ ਤੋਂ ਛਪਦਾ ਇਕ ਅੰਗਰੇਜ਼ੀ ਅਖ਼ਬਾਰ ਹੈ। ਇਸ ਦੇ ਸਫ਼ਾ ਨੰਬਰ 18 'ਤੇ ਆਮ ਕਰਕੇ ਆਲਮੀ ਖ਼ਬਰਾਂ ਹੁੰਦੀਆਂ ਹਨ ਜਿਸ ਦਿਨ ਤੋਂ ਪ੍ਰਦਰਸ਼ਨ ਸ਼ੁਰੂ ਹੋਏ ਹਨ, ਕੋਈ ਦਿਨ ਵੀ ਐਸਾ ਨਹੀਂ ਲੰਘਿਆ, ਜਿਸ ਦਿਨ ਹਾਂਗ ਕਾਂਗ ਦੀ ਸੁਰਖੀ ਨਾ ਲੱਗੀ ਹੋਵੇ। ਪੂਰੇ ਇਕ ਕਾਲਮ ਤੋਂ ਲੈ ਕੇ ਪੰਜ ਕਾਲਮਾਂ ਤੱਕ ਦੀਆਂ ਖ਼ਬਰਾਂ ਫੋਟੋਆਂ ਸਮੇਤ ਲੱਗ ਰਹੀਆਂ ਹਨ। ਜ਼ਿਆਦਾ ਕਰਕੇ ਰਾਇਟਰਜ਼ ਦੇ ਹਵਾਲੇ ਨਾਲ ਹੀ ਲੱਗੀਆਂ ਹਨ। ਸਿਰਫ਼ ਇਕ ਦਿਨ, 17 ਅਕਤੂਬਰ ਦੀ ਖ਼ਬਰ ਪੀ.ਟੀ.ਆਈ. ਦੇ ਹਵਾਲੇ ਨਾਲ ਲੱਗੀ ਹੈ ਅਤੇ ਇਹੋ ਖ਼ਬਰ ਪ੍ਰਦਰਸ਼ਨਕਾਰੀਆਂ ਦੇ ਵਿਰੋਧ ਵਾਲੀ ਹੈ। ਖ਼ਬਰ ਅਨੁਸਾਰ ਅਮਰੀਕਾ ਨੇ ਹੀ ਇਨ੍ਹਾਂ ਪ੍ਰਦਰਸ਼ਨਾਂ ਦਾ ਮੁੱਢ ਬੰਨ੍ਹਿਆਂ ਹੈ ਅਤੇ ਅਗਵਾਈ ਕਰ ਰਿਹਾ ਹੈ। ਪੈਸਾ ਦੇ ਰਿਹਾ ਹੈ। ਨਾਲ ਲੱਗਦੇ ਮੈਂ 'ਰਾਇਟਰਜ਼' ਬਾਰੇ ਤੁਹਾਡੇ ਨਾਲ ਇਕ ਇਤਿਹਾਸਕ ਤੱਥ ਵੀ ਸਾਂਝਾ ਕਰ ਲਵਾਂ। ਦੂਜੀ ਸੰਸਾਰ ਜੰਗ ਤੋਂ ਪਹਿਲਾਂ, ਵੱਡੇ ਆਰਥਿਕ ਮੰਦਵਾੜੇ ਦੇ ਅਖ਼ੀਰਲੇ ਸਾਲਾਂ ਵਿਚ ਇਸੇ ਖ਼ਬਰ ਏਜੰਸੀ ਨੇ ਆਪਣਾ ਇਕ ਉਘਾ ਪੱਤਰਕਾਰ ਜਰਮਨੀ ਦੀ ਰਾਜਧਾਨੀ ਵਿਚ ਭੇਜ ਦਿੱਤਾ। ਉਸ ਨੂੰ ਆਖਿਆ ਗਿਆ ਕਿ ਯੂਰਪ ਵਿਚ ਜੰਗ ਦਾ ਮਾਹੌਲ ਬਣ ਰਿਹਾ ਹੈ; ਤੇਰੀ ਡਿਊਟੀ ਹੈ ਕਿ ਉਥੋਂ ਜੰਗੀ ਤਿਆਰੀਆਂ ਬਾਰੇ ਹਰ ਰੋਜ਼ ਇਕ ਰਿਪੋਰਟ ਭੇਜਿਆ ਕਰ। ਪਰ ਆਖਰ ਜਦੋਂ ਉਸਨੇ ਦੇਖਿਆ ਕਿ ਇਸ ਤਰ੍ਹਾਂ ਦਾ ਕੋਈ ਮਾਹੌਲ ਨਾਜ਼ੀ ਜਰਮਨੀ ਵਿਚ ਨਹੀਂ ਉਸਰ ਰਿਹਾ ਤਾਂ ਉਸਨੇ ਇਕ ਸਾਫਗੋ ਰਿਪੋਰਟ ਭੇਜ ਦਿੱਤੀ ਕਿ ਸੰਸਾਰ ਜੰਗ ਛਿੜਨ ਦਾ ਕੋਈ ਅਸਾਰ ਨਹੀਂ ਹੈ। ਖ਼ਬਰ ਏਜੰਸੀ ਦੇ ਮਾਲਕ ਨੇ ਉਸ ਨੂੰ ਤਾੜਨਾ ਭਰੀ ਤਾਰ ਭੇਜੀ ਅਤੇ ਲਿਖਿਆ ਕਿ ਤੇਰੀ ਡਿਊਟੀ ਜੰਗ ਨੂੰ ਉਕਸਾਉਣ ਵਾਲੀਆਂ ਖ਼ਬਰਾਂ ਭੇਜਣ ਦੀ ਹੈ, ਤੂੰ ਖ਼ਬਰਾਂ ਭੇਜੀ ਚੱਲ। ਜੰਗ ਅਸੀਂ ਆਪੇ ਸ਼ੁਰੂ ਕਰਵਾ ਲਿਆਂਗੇ। ਦੂਜੀ ਸੰਸਾਰ ਜੰਗ ਨੇ ਦੁਨੀਆਂ ਦੀ ਜੋ ਤਬਾਹੀ ਕੀਤੀ ਉਹ ਕਿਸ ਤੋਂ ਭੁੱਲੀ ਹੈ ਅਤੇ ਅੱਜ ਕੱਲ੍ਹ ਇਸ ਖ਼ਬਰ ਏਜੰਸੀ ਦਾ ਮਾਲਕ ਆਲਮੀ ਸਰਮਾਏਦਾਰੀ ਦਾ ਵੱਡਾ ਭਾਈਵਾਲ ਹੈ।

ਹਾਂਗ ਕਾਂਗ, ਚੀਨ ਗਣਰਾਜ ਦਾ ਇਕ ਵਿਸ਼ੇਸ਼ ਖੇਤਰ ਹੈ। ਇਹ ਚੀਨ ਦੇ ਦੱਖਣ ਪੂਰਬ ਵਿਚ ਸਥਿਤ ਹੈ। ਇਸ ਦਾ ਕੁਲ ਰਕਬਾ 1092 ਵਰਗ ਕਿਲੋਮੀਟਰ ਹੈ ਅਤੇ 2014 ਵਿਚ ਇਸ ਦੀ ਕੁੱਲ ਵਜੋਂ 72 ਲੱਖ 35 ਹਜ਼ਾਰ ਹੈ। ਇਹ ਵਸੋਂ 1965 ਵਿਚ ਸਵਾ ਲੱਖ ਸੀ। ਇਸਦੇ ਉਤਰ ਵਿਚ ਲੋਕ ਚੀਨ ਗਣਰਾਜ ਹੈ ਅਤੇ 30 ਕਿਲੋਮੀਟਰ ਲੰਬਾ ਸਾਂਝਾ ਬਾਰਡਰ ਹੈ। ਇਸਦੇ ਤਿੰਨ ਪਾਸੀਂ ਦੱਖਣੀ ਚੀਨ ਸਾਗਰ ਹੈ। ਇਸਦਾ ਸਮੁੰਦਰੀ ਤਟ 733 ਕਿਲੋਮੀਟਰ ਹੈ। ਹਾਂਗਕਾਂਗ ਬੰਦਰਗਾਹ ਬੜੀ ਮਸ਼ਹੂਰ ਕੁਦਰਤੀ ਡੂੰਘੇ ਪਾਣੀਆਂ ਦੀ ਬੰਦਰਗਾਹ ਹੈ। ਇਸ ਛੋਟੇ ਜਿਹੇ ਖੇਤਰ ਦੇ ਅੱਗੋਂ ਚਾਰ ਉਪ ਖੇਤਰ ਹਨ। 1. ਹਾਂਗਕਾਂਗ ਟਾਪੂ, 2. ਕੋਲੂਨ 3. ਨਵੀਆਂ ਬਸਤੀਆਂ ਅਤੇ 4. ਨਾਲ ਖਿਲਰੇ ਛੋਟੇ ਟਾਪੂ ਜਿਨ੍ਹਾਂ ਦੀ ਗਿਣਤੀ 234 ਹੈ।

ਇਸ ਦੀ ਵਸੋਂ ਦੀ ਵੱਡੀ ਗਿਣਤੀ, 92% ਚੀਨੀ ਨਸਲ ਦੇ ਲੋਕ ਹਨ। ਬਾਕੀ 8% ਦੂਜੇ ਏਸ਼ੀਆਈ ਲੋਕ ਹਨ। ਇਨ੍ਹਾਂ ਵਿਚ ਹੀ ਥੋੜ੍ਹੇ ਯੂਰਪੀਅਨ ਅਤੇ ਭਾਰਤੀ ਵੀ ਹਨ। ਬੋਲੀਆਂ ਵਿਚ ਪ੍ਰਧਾਨਤਾ ਚੀਨੀ ਕੈਂਪਟਨੀ ਭਾਸ਼ਾ ਦੀ ਹੈ ਕੁਝ ਕੁ ਚੀਨੀ ਮੈਂਡਾਰਿਨ ਵੀ ਬੋਲੀ ਜਾਂਦੀ ਹੈ। ਲੰਬਾ ਸਮਾਂ ਅੰਗਰੇਜ਼ਾਂ ਦੀ ਗੁਲਾਮੀ ਹੇਠ ਰਿਹਾ ਹੋਣ ਕਰਕੇ ਅੰਗਰੇਜ਼ੀ ਵੀ ਆਮ ਬੋਲ ਚਾਲ ਦੀ ਭਾਸ਼ਾ ਹੈ।

**ਅੰਗਰੇਜ਼ੀ ਗੁਲਾਮੀ ਦਾ ਦੌਰ**

ਇਤਿਹਾਸ ਵਿਚ ਜਦੋਂ ਕੁ ਪੰਜਾਬ ਅੰਗਰੇਜ਼ ਬਸਤੀਵਾਦੀ ਗੁਲਾਮੀ ਹੇਠ ਗਿਆ ਉਦੋਂ ਕੁ ਹੀ ਹਾਂਗਕਾਂਗ ਵੀ ਗੁਲਾਮੀ ਦੇ ਜੂਲੇ ਹੇਠ ਨੱਪਿਆ ਗਿਆ। ਗੱਲ 1839-42 ਦੀ ਪਹਿਲੀ ਅਫ਼ੀਮ ਜੰਗ ਤੋਂ ਸ਼ੁਰੂ ਹੁੰਦੀ ਹੈ। 1839 ਦਾ ਵਰ੍ਹਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦਾ ਵਰ੍ਹਾ ਹੈ। ਉਸ ਵੇਲੇ ਦੇ ਚੀਨ ਵਿਚ ਯੂਰਪੀਅਨ ਬਸਤੀਵਾਦੀ ਤਾਕਤਾਂ ਅਫ਼ੀਮ ਦੀ ਖੇਤੀ (ਡੋਡਿਆਂ) ਨੂੰ ਉਤਸ਼ਾਹਿਤ ਕਰਕੇ; ਇਸਦੇ ਅੰਤਰ ਰਾਸ਼ਟਰੀ ਵਪਾਰ ਤੋਂ ਬਹੁਤ ਪੈਸਾ ਕਮਾ ਰਹੀਆਂ ਹਨ। ਖੇਤੀ ਕਰਨ ਦੇ ਨਾਲ ਨਾਲ ਚੀਨੀ ਲੋਕ ਵੀ ਵੱਡੀ ਪੱਧਰ 'ਤੇ ਨਸ਼ੇ ਦਾ ਸ਼ਿਕਾਰ ਹੋ ਰਹੇ ਸਨ। ਜਿਵੇਂ ਅੱਜ ਕੱਲ੍ਹ ਦੇ ਪੰਜਾਬ ਵਿਚ ਵਰਤਾਰਾ ਚਲ ਰਿਹਾ ਹੈ। ਨਸ਼ੱਈਆਂ ਵਲੋਂ ਨਸ਼ੇ ਦਾ ਕਰਜ਼ਾ ਨਾ ਮੋੜਨ ਦੀ ਸੂਰਤ ਵਿਚ ਉਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਸਨ। ਇਸ ਵਰਤਾਰੇ ਤੋਂ ਕੌਮਪ੍ਰਸਤ ਤਾਕਤਾਂ ਬਹੁਤ ਪ੍ਰੇਸ਼ਾਨ ਸਨ। ਉਨ੍ਹਾਂ ਨੇ ਇਸ ਦਬਾਅ ਨੂੰ ਖਤਮ ਕਰਨ ਵਾਸਤੇ ਅਫ਼ੀਮ ਦੀ ਖੇਤੀ ਅਤੇ ਇਸਦੇ ਵਪਾਰੀਆਂ ਵਿਰੁੱਧ ਸੰਘਰਸ਼ ਵਿੱਢ ਦਿੱਤਾ। ਸੰਘਰਸ਼ ਦੇ ਸਿੱਟੇ ਵਜੋਂ ਅੰਗਰੇਜ਼ੀ ਹਾਕਮ ਤੇ ਵਪਾਰੀ ਚੀਨ ਦੀ ਮੁੱਖ ਭੂਮੀ ਤੋਂ ਪਿਛੇ ਹਟ ਕੇ ਹਾਂਗ ਕਾਂਗ ਦੀ ਬੰਦਰਗਾਹ ਦੇ ਖੇਤਰ ਵਿਚ ਡੱਟ ਗਏ। ਅੰਗਰੇਜ਼ਾਂ ਨੇ ਇਥੇ ਪੱਕਾ ਅੱਡਾ ਜਮਾ ਲਿਆ ਅਤੇ ਅਫ਼ੀਮ ਦੇ ਅੰਤਰ ਰਾਸ਼ਟਰੀ ਵਪਾਰ ਤੇ ਕਾਬਜ਼ ਹੋ ਗਏ। ਅੰਗਰੇਜ਼ਾਂ ਵੇਲੇ, ਪੰਜਾਬ ਦੇ ਪਿੰਡਾਂ ਵਿਚ ਅਫ਼ੀਮ ਦੇ ਠੇਕੇ ਹੁੰਦੇ ਸਨ। ਠੇਕਿਆਂ ਵਾਸਤੇ ਅਫ਼ੀਮ ਹਾਂਗਕਾਂਗ ਤੋਂ ਸਪਲਾਈ ਹੁੰਦੀ ਸੀ।

ਅੰਗਰੇਜ਼ਾਂ ਦਾ ਹਾਂਗਕਾਂਗ ਉਪਰ ਕਬਜ਼ਾ 1997 ਤੱਕ ਬਰਕਰਾਰ ਰਿਹਾ; ਭਾਵੇਂ ਕਿ 1949 ਵਿਚ ਚੀਨ ਦੀ ਮੁੱਖ ਭੂਮੀ ਉਪਰ ਲੋਕ ਇਨਕਲਾਬ ਤੋਂ ਬਾਅਦ ਚੀਨ ਦੇਸ਼ ਭਗਤ ਤਾਕਤਾਂ ਨੇ ਕਬਜ਼ਾ ਕਰ ਲਿਆ ਸੀ। ਇਸ ਪਰਿਪੇਖ ਨੂੰ ਅਸੀਂ ਗੋਆ ਦੀ ਆਜ਼ਾਦੀ ਨਾਲ ਜੋੜ ਕੇ ਸਮਝ ਸਕਦੇ ਹਾਂ। ਭਾਰਤ 1947 ਵਿਚ ਆਜ਼ਾਦ ਹੋ ਗਿਆ ਪਰ ਗੋਆ ਉਪਰ ਬਸਤੀਵਾਦੀ ਪੁਰਤ ਸਾਲ 1961 ਤੱਕ ਕਾਬਜ਼ ਰਿਹਾ। ਗੋਆ ਦੀ ਲੜਾਈ ਵਿਚ ਮਾਸਟਰ ਕਰਨੈਲ ਸਿੰਘ ਈਸੜੂ ਦੀ ਸ਼ਹਾਦਤ ਹਰ ਪੰਜਾਬੀ ਨੂੰ ਯਾਦ ਹੈ।

ਦੂਜੀ ਸੰਸਾਰ ਜੰਗ ਦੇ ਚਲਦਿਆਂ 1941 ਵਿਚ ਜਪਾਨ ਨੇ ਹਾਂਗਕਾਂਗ 'ਤੇ ਕਬਜ਼ਾ ਕਰ ਲਿਆ। ਪਰ 1945 ਵਿਚ ਜਪਾਨ ਦੀ ਹਾਰ ਤੋਂ ਬਾਅਦ ਹਾਂਗਕਾਂਗ ਵਿਚ ਅੰਗਰੇਜ਼ੀ ਸਾਮਰਾਜ ਦੇ ਕਬਜ਼ੇ ਹੇਠ ਆ ਗਿਆ।

**ਗੁਲਾਮੀ ਦਾ ਜੂਲਾ ਅਤੇ ਲੋਕਤੰਤਰ**

1947 ਤੱਕ ਹਾਂਗਕਾਂਗ ਵਾਸੀਆਂ ਵਾਸਤੇ ਲੋਕਤੰਤਰੀ ਮੰਗਾਂ ਬਾਰੇ ਗੱਲ ਕਰਨੀ ਵੀ ਵਿਵਰਜਤ ਸੀ। ਚੀਨੀ ਲੋਕ ਗਣਰਾਜ ਵਿਚ ਰਲਣ ਤੋਂ ਬਾਅਦ ਹੀ ਹਾਂਗਕਾਂਗ ਵਾਸੀਆਂ ਵਾਸਤੇ ਲੋਕਤੰਤਰੀ ਖੁੱਲ੍ਹਾਂ ਦਿੱਤੀਆਂ ਗਈਆਂ। ਫਿਰ ਵੀ ਇਥੇ ਲੋਕਤੰਤ੍ਰਿਕ ਸ਼ਕਤੀਆਂ ਦਾ ਵਿਕਾਸ ਹੇਠ ਲਿਖੇ ਅਨੁਸਾਰ ਹੋਇਆ।

1841-42 ਤੋਂ ਲੈ ਕੇ 1946 ਤੱਕ ਤਾਂ ਲੋਕਾਂ ਵਾਸਤੇ ਰਾਜਨੀਤੀ ਉਕਾ ਹੀ ਬੰਦ ਸੀ। ਸਭ ਕਾਨੂੰਨ ਲੰਡਨ ਤੋਂ ਬਣੇ ਹੋਏ ਲਾਗੂ ਹੁੰਦੇ ਸਨ। ਮੁੱਖ ਪ੍ਰਸ਼ਾਸਨ ਤੋਂ ਲੈ ਕੇ ਛੋਟੇ ਤੋਂ ਛੋਟੇ ਕਲਰਕ ਤੱਕ ਲੰਡਨ ਤੋਂ ਭਰਤੀ ਕਰਕੇ ਭੇਜੇ ਜਾਂਦੇ ਸਨ। ਸ਼ਾਮ ਪ੍ਰਸ਼ਾਸਨ ਲੰਡਨ ਅੱਗੇ ਹੀ ਜਵਾਬਦੇਹ ਹੁੰਦਾ ਸੀ। ਸਥਾਨਕ ਲੋਕਾਂ ਦੀ ਕੋਈ ਹਿੱਸੇਦਾਰੀ ਨਹੀਂ ਸੀ। ਪ੍ਰਸ਼ਾਸਨ ਅਤੇ ਅਫ਼ਸਰ ਆਮ ਕਰਕੇ ਹਿੰਦੋਸਤਾਨ ਵਿਚੋਂ ਹੀ ਅਦਲ ਬਦਲ ਕਰ ਦਿੱਤੇ ਜਾਂਦੇ ਸਨ। ਪੰਜਾਬ ਵਿਚ ਰਹਿ ਚੁੱਕੇ ਕਈ ਅਫ਼ਸਰ ਉਥੇ ਤਬਦੀਲ ਕੀਤੇ ਗਏ ਸਨ।

1946 ਵਿਚ, ਜਦੋਂ ਹਿੰਦੋਸਤਾਨ ਦੀਆਂ ਦੇਸ਼ ਭਗਤ ਤਾਕਤਾਂ ਆਜ਼ਾਦੀ ਦੀਆਂ ਬਾਰੂਹਾਂ ਤੇ ਦਸਤਕ ਦੇ ਰਹੀਆਂ ਸਨ। ਉਦੋਂ ਅੰਗਰੇਜ਼ਾਂ ਨੇ ਹਾਂਗਕਾਂਗ ਬਸਤੀ ਨੂੰ ਬਚਾਈ ਰੱਖਣ ਵਾਸਤੇ ਸਥਾਨਕ ਲੋਕਾਂ ਨੂੰ ਮਾੜੀਆਂ ਮੋਟੀਆਂ ਰਾਜਨੀਤਕ ਛੋਟਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਚੀਨ ਦੀ ਮੁੱਖ ਭੂਮੀ ਵਲੋਂ ਉਠ ਰਹੇ ਲੋਕ ਇਨਕਲਾਬ ਦੀਆਂ ਕਾਂਗਾਂ ਵੀ ਲੋਕਾਂ ਉਪਰ ਅਸਰ ਅੰਦਾਜ਼ ਹੋ ਰਹੀਆਂ ਸਨ। ਪਰ 1946 ਤੋਂ ਮਿਲੀਆਂ ਰਾਜਨੀਤਕ ਖੁੱਲ੍ਹਾਂ ਵੀ ਨਿਗੂਣੀਆਂ ਸਨ। ਸਿਰਫ਼ ਸਲਾਹ ਮਸ਼ਵਰੇ ਵਾਸਤੇ ਕਾਉਂਸਲਾਂ ਨਾਮਜ਼ਦ ਕੀਤੀਆਂ ਗਈਆਂ ਸਨ। ਇਹ ਨਾਮਜ਼ਦ ਕਾਉਂਸਲਾਂ ਪੂਰਨ ਰੂਪ ਵਿਚ ਅੰਗਰੇਜ਼ੀ ਮੁੱਖ ਪ੍ਰਸ਼ਾਸਨ ਦੇ ਰਹਿਮੋ ਰਕਮ 'ਤੇ ਸਨ। ਇਸ ਤਰ੍ਹਾਂ ਦਾ ਸਿਲਸਿਲਾ ਅੱਗੋਂ 1984 ਤੱਕ ਚਲਦਾ ਰਿਹਾ।

ਉਧਰ ਚੀਨ ਵਿਚ 1949 ਵਿਚ ਲੋਕ ਜਮਹੂਰੀ ਇਨਕਲਾਬ ਹੋ ਚੁੱਕਾ ਸੀ ਅਤੇ ਦੇਸ਼ ਭਗਤ ਤਾਕਤਾਂ ਹਾਂਗਕਾਂਗ ਨੂੰ ਵੀ ਆਜ਼ਾਦ ਹੋਇਆ ਦੇਖਣਾ ਚਾਹੁੰਦੀਆਂ ਸਨ। ਹਾਂਗਕਾਂਗ ਦੀ ਆਜ਼ਾਦੀ ਵਾਸਤੇ ਇਕ ਵੱਡੀ ਲੋਕ ਲਹਿਰ ਚੱਲ ਰਹੀ ਸੀ। ਕੈਨਟਨ-ਹਾਂਗਕਾਂਗ ਦੀ ਵੱਡੀ ਹੜਤਾਲ ਹੋਈ ਜਿਸ ਕਾਰਨ ਲੰਬੇ ਸਮੇਂ ਤੱਕ ਹਾਂਗਕਾਂਗ ਪੂਰੀ ਤਰ੍ਹਾਂ ਚਲ ਚੁੱਪ ਰਿਹਾ। 1967 ਵਿਚ ਹਾਂਗਕਾਂਗ ਦੇ ਖੱਬੇ ਪੱਖੀਆਂ ਨੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ। ਇਨ੍ਹਾਂ ਰੋਸ ਪ੍ਰਦਰਸ਼ਨਾਂ ਅਤੇ ਵਿਰੋਧ ਦਾ ਮੂਲ ਕਾਰਨ ਹਾਂਗਕਾਂਗ ਦੀ ਕ੍ਰਿਤੀ ਸ਼੍ਰੇਣੀ ਦੀਆਂ ਮੰਗਾਂ ਸਨ। ਇਸ ਚਲਦੇ ਸੰਘਰਸ਼ ਵਿਚੋਂ ਗੁਲਾਮੀ ਵਿਰੋਧੀ ਸੰਘਰਸ਼ ਕਮੇਟੀ ਹੋਂਦ ਵਿਚ ਆਈ। ਇਸਨੇ ਹਾਂਗਕਾਂਗ ਨੂੰ ਚੀਨ ਲੋਕ ਗਣਰਾਜ ਵਿਚ ਸ਼ਾਮਲ ਕਰਨ ਵਾਸਤੇ ਆਗੂ ਰੋਲ ਕੀਤਾ। ਇਸਨੇ ਹੀ ਜਮਹੂਰੀ ਅਜ਼ਾਦੀਆਂ ਦੀ ਮੰਗ ਜ਼ੋਰ ਨਾਲ ਉਠਾਈ। ਜਿਸਦੇ ਸਿੱਟੇ ਵਜੋਂ 1984 ਵਿਚ 'ਜੰਗ ਪਲਾਨ' ਅਨੁਸਾਰ ਅੰਗਰੇਜ਼ਾਂ ਨੇ; ਇਸ ਆਸ ਨਾਲ ਹਾਂਗਕਾਂਗ ਦੇ ਸਭ ਬਾਲਗਾਂ ਨੂੰ ਵੋਟ ਦਾ ਅਧਿਕਾਰ ਦੇਦਿੱਤਾ ਕਿ ਉਹ ਚੀਨ ਲੋਕ ਗਣਰਾਜ ਨਾਲ ਸ਼ਾਮਲ ਨਹੀਂ ਹੋਣਾ ਚਾਹੁਣਗੇ।

ਆਖਰਕਾਰ ਅੰਗਰੇਜ਼ਾਂ ਨੂੰ 1997 ਤੱਕ ਇਹ ਅਹਿਸਾਸ ਹੋ ਹੀ ਗਿਆ ਕਿ ਹਾਂਗਕਾਂਗ ਇਤਿਹਾਸਕ ਤੌਰ 'ਤੇ ਚੀਨ ਲੋਕ ਗਣਰਾਜ ਦਾ ਹਿੱਸਾ ਹੈ। ਸੋ ਇਹ ਚੀਨ ਨੂੰ ਵਾਪਸ ਕਰਨ ਵਾਸਤੇ ਮਜ਼ਬੂਰ ਹੋਣਾ ਪਿਆ।

ਇਕ ਜੁਲਾਈ 1997 ਦੀ ਸੰਧੀ ਅਨੁਸਾਰ ਇਹ ਚੀਨ ਨੂੰ ਸੌਂਪ ਦਿੱਤਾ ਗਿਆ। ਸੰਧੀ ਦੀ ਮੁੱਖ ਸ਼ਰਤ ਇਹ ਹੈ ਕਿ ਹਾਂਗਕਾਂਗ ਵਿਚ ਚਲਦਾ ਸਰਮਾਏਦਾਰੀ ਆਰਥਿਕ ਸਿਸਟਮ 50 ਸਾਲਾਂ ਵਾਸਤੇ ਚਾਲੂ ਰਹਿਣ ਦਿੱਤਾ ਜਾਵੇਗਾ ਅਤੇ ਚੀਨ ਵਾਲੀ ਸਮਾਜਵਾਦੀ ਆਰਥਿਕਤਾ ਲਾਗੂ ਨਹੀਂ ਕੀਤੀ ਜਾਵੇਗੀ। ਇਸ ਤਰ੍ਹਾਂ ਚੀਨ ਦੋ ਅਰਥ ਵਿਵਸਥਾਵਾਂ ਵਾਲਾ ਸਮਾਜਵਾਦੀ ਦੇਸ਼ ਹੈ।

**ਕਾਰਜਕਾਰਨੀ ਅਤੇ ਨਿਆਂਪਾਲਿਕਾ**

ਇਸਦਾ ਪ੍ਰਬੰਧ ਚਲਾਉਣ ਵਾਸਤੇ ਸੱਤਰ ਮੈਂਬਰਾਂ ਵਾਲੀ ਵਿਧਾਨ ਸਭਾ ਹੈ। ਜਿਸਦੀ ਚੋਣ ਯੂਨੀਵਰਸਲ ਵੋਟ ਅਧਿਕਾਰ ਰਾਹੀਂ ਕੀਤੀ ਜਾਂਦੀ ਹੈ। ਕਾਰਜਕਾਰਨੀ ਵਿਧਾਨ ਸਭਾ ਅੱਗੇ ਹੀ ਜਵਾਬਦੇਹ ਹੈ। ਚੀਨ ਸਰਕਾਰ ਦਾ ਕੋਈ ਦਖ਼ਲ ਨਹੀਂ ਹੈ। ਸੰਧੀ ਅਨੁਸਾਰ ਚੀਨ ਸਰਕਾਰ ਕੋਲ ਰੱਖਿਆ ਤੇ ਵਿਦੇਸ਼ ਮਾਮਲੇ ਹੀ ਹਨ। ਕਾਰਜਕਾਰਨੀ ਦਾ ਇਕ ਚੀਫ਼ ਐਗਜ਼ੀਕਿਊਟਿਵ ਹੈ ਜੋ ਅੱਜ ਕੱਲ੍ਹ ਸੀ. ਵਾਈ. ਲਿਆਂਗ ਹੈ। ਇਕ ਚੀਫ਼ ਸੈਕਟਰੀ ਹੈ ਜੋ ਇਸ ਵੇਲੇ ਕੋਈ ਲਾਮ ਹੈ। ਜੌਹਨ ਸੰਗ ਖਜ਼ਾਨਾ ਮੰਤਰੀ ਹੈ ਅਤੇ ਨਿਆਂ ਮੰਤਰੀ ਰਿਮਸਕੀਜਿਊਨ ਹੈ। ਸੱਤਰ ਮੈਂਬਰੀ ਵਿਧਾਨ ਸਭਾ ਦੀ ਅਗਲੀ ਚੋਣ 2017 ਵਿਚ ਹੋਣ ਵਾਲੀ ਹੈ।

**ਵਿਰੋਧ ਪ੍ਰਦਰਸ਼ਨਾਂ ਦਾ ਮੂਲ ਮੁੱਦਾ**

ਜੋ ਚੋਣ 2017 ਵਿਚ ਹੋਣ ਵਾਲੀ ਹੈ, ਅਜੋਕਾ ਸੰਘਰਸ਼ ਉਸਦੇ ਸਬੰਧ ਵਿਚ ਹੀ ਚਲ ਰਿਹਾ ਹੈ। ਚੀਨ ਦਾ ਅਧਿਕਾਰ ਹੈ ਕਿ ਵਿਧਾਨ ਸਭਾ ਵਾਸਤੇ ਜੋ ਲੋਕ ਉਮੀਦਵਾਰ ਹੋਣਗੇ; ਉਨ੍ਹਾਂ ਦੇ ਪੇਪਰਾਂ ਦੀ ਜਾਂਚ ਪੜਤਾਲ ਕੀਤੀ ਜਾਵੇ। ਪ੍ਰਦਰਸ਼ਨਕਾਰੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਨ।

ਕਿਸੇ ਵੀ ਲੋਕਤੰਤਰੀ ਦੇਸ਼ ਨੂੰ ਲੈ ਲਵੋ। ਸਭ ਥਾਂ ਇਸ ਤਰ੍ਹਾਂ ਦੀ ਪੁਣਛਾਣ ਚਲਦੀ ਹੈ। ਅਮਰੀਕਾ ਹੋਵੇ, ਇੰਗਲੈਂਡ ਹੋਵੇ ਜਾਂ ਹਿੰਦੋਸਤਾਨ ਸਭ ਥਾਂ ਚੋਣਾਂ ਲਈ ਉਮੀਦਵਾਰਾਂ ਦੇ ਕਾਗਜ਼ਾਂ ਦੀ ਜਾਂਚ ਹੜਤਾਲ ਹੁੰਦੀ ਹੈ। ਜੇ ਕੋਈ ਅਯੋਗ ਪਾਇਆ ਜਾਵੇ ਤਾਂ ਪਾਬੰਦੀ ਲੱਗ ਜਾਂਦੀ ਹੈ। ਭਾਰਤ ਵਿਚ ਤਾਂ ਇਹ ਅਧਿਕਾਰ ਚੋਣ ਕਮਿਸ਼ਨ ਦੇ ਨਾਲ ਨਾਲ ਸੁਪਰੀਮ ਕੋਰਟ ਕੋਲ ਵੀ ਹੈ। ਸੁਪਰੀਮ ਕੋਰਟ ਨੇ ਸਜ਼ਾਵਾਂ ਭੁਗਤ ਰਹੇ; ਵੱਡੇ ਵੱਡੇ ਆਗੂਆਂ ਤੋਂ ਚੋਣ






ਲੜਨ ਦਾ ਅਧਿਕਾਰ ਖੋਹ ਲਿਆ ਹੈ। ਹੁਣੇ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਨੈਸ਼ਨਲ ਲੋਕ ਦਲ ਪਾਰਟੀ ਦਾ ਪ੍ਰਧਾਨ ਓ. ਪੀ. ਚੌਟਾਲਾ ਇਸੇ ਕਰਕੇ ਚੋਣ ਨਹੀਂ ਲੜ ਸਕਿਆ। ਕੀ ਅਸੀਂ ਇਹ ਆਖਾਂਗੇ ਕਿ ਹਰਿਆਣੇ ਵਿਚ ਜਮਹੂਰੀਅਤ ਨਹੀਂ ਹੈ? ਅਖੌਤੀ ਲੋਕਤੰਤਰਿਕ ਸਰਮਾਏਦਾਰੀ ਮੁਲਕਾਂ ਵਿਚ ਇਹ ਪਾਬੰਦੀਆਂ ਆਮ ਗੱਲ ਹਨ। ਮੈਂ ਤਾਂ ਇਹ ਆਈ. ਐਮ. ਐਫ. ਦੀ ਚੋਣ ਵਿਚ ਵੀ ਦੇਖਿਆ ਹੈ।

**ਰੱਜ ਨੂੰ ਚੱਜ? ਹਾਂਗਕਾਂਗ ਦੀ ਆਰਥਿਕਤਾ**

ਚੀਨ ਦੀ ਤਾਂ ਗੱਲ ਹੀ ਛੱਡੋ। ਅੱਜ ਹਾਂਗਕਾਂਗ ਵਿਚ ਪ੍ਰਤੀ ਜੀ ਆਮਦਨ ਕੁੱਲ ਦੁਨੀਆ ਵਿਚੋਂ ਵੱਧ ਹੈ। ਔਸਤ ਪ੍ਰਤੀ ਜੀ ਆਮਦਨ 55,383 ਅਮਰੀਕੀ ਡਾਲਰ ਪ੍ਰਤੀ ਮਹੀਨਾ ਹੈ। ਇਹ ਔਸਤ ਧੰਨ ਕੁਬੇਰਾਂ ਦੇ ਦੋ ਸ਼ਹਿਰਾਂ ਲੰਡਨ ਅਤੇ ਨਿਊਯਾਰਕ ਤੋਂ ਬਾਅਦ ਤੀਜੇ ਨੰਬਰ 'ਤੇ ਹੈ।

ਹਾਂਗਕਾਂਗ ਵਿਚ ਟੈਕਸ ਦਰਾਂ ਬਹੁਤ ਘੱਟ ਹਨ। ਨਿੱਜੀ ਆਮਦਨ ਜਾਂ ਵਪਾਰਕ ਅਦਾਰਿਆਂ ਤੇ ਟੈਕਸ ਦਰ 15-16% ਹੈ। ਨਿੱਜੀ ਆਮਦਨ ਤੇ ਪੱਛਮੀ ਮੁਲਕਾਂ ਵਿਚ ਟੈਕਸ ਦਰ 35-40% ਆਮ ਹੈ। ਹਾਂਗਕਾਂਗ ਦੀ ਕਾਮਾ ਸ਼੍ਰੇਣੀ (61%) ਤੋਂ ਕੋਈ ਟੈਕਸ ਵਸੂਲਿਆ ਹੀ ਨਹੀਂ ਜਾਂਦਾ। 1998 ਵਿਚ ਚੀਨ ਸਰਕਾਰ ਨੇ ਹਾਂਗਕਾਂਗ ਵਿਚ ਪਹਿਲਾਂ ਤੋਂ ਚਲਦੀ ਦੂਹਰੀ ਟੈਕਸ ਪ੍ਰਣਾਲੀ ਵੀ ਖਤਮ ਕਰ ਦਿੱਤੀ ਹੈ। ਇਸ ਅਨੁਸਾਰ ਕੰਪਨੀਆਂ ਜਿਨ੍ਹਾਂ ਦੇ ਕਾਰੋਬਾਰ ਚੀਨ ਸਮੇਤ ਹਾਂਗਕਾਂਗ ਵਿਚ ਵੀ ਸਨ ਉਨ੍ਹਾਂ ਨੂੰ ਦੋਵਾਂ ਥਾਵਾਂ ਤੇ ਟੈਕਸ ਦੇਣਾ ਪੈਂਦਾ ਸੀ।

ਚੀਨ ਸਰਕਾਰ ਦੀ ਖੁਲਦਿਲੀ ਵੇਖੋ ਕਿ ਹਾਂਗਕਾਂਗ ਵਿਚੋਂ ਇਕੱਠੇ ਹੋਏ ਟੈਕਸਾਂ ਵਿਚੋਂ ਉਹ ਇਕ ਵੀ ਪਾਈ ਨਹੀਂ ਲੈਂਦੀ। ਭਾਰਤ ਦੀ ਕੇਂਦਰੀ ਸਰਕਾਰਾਂ ਸਾਰੇ ਟੈਕਸ ਹੂੰਝ ਲੈਂਦੀਆਂ ਹਨ ਅਤੇ ਸੂਬੇ ਵਿਚਾਰੇ ਬਿੱਲੀ ਵੱਡ ਵੱਲ ਝਾਕਦੇ ਰਹਿੰਦੇ ਹਨ।

**ਅਜ਼ਾਦੀ ਨਿਆਂਪਾਲਿਕਾ ਅਤੇ ਰਾਜਨੀਤੀ**

ਹਾਂਗਕਾਂਗ ਦੀ ਆਪਦੀ ਆਜ਼ਾਦ ਨਿਆਂਪਾਲਿਕਾ ਹੈ। ਇਹ ਚੀਨ ਤੋਂ ਅਤੇ ਹਾਂਗਕਾਂਗ ਕਾਰਜਕਾਰਨੀ ਤੋਂ ਆਜ਼ਾਦੀ ਹੈ। ਇਹ ਸਭ ਵਾਸਤੇ ਇਕੋ ਜਿਹੇ ਕਾਨੂੰਨ ਅਨੁਸਾਰ ਕੰਮ ਕਰਦੀ ਹੈ। ਆਰਥਿਕ ਖੇਤਰ ਵਿਚ ਵੀ ਇਹੋ ਸਿਧਾਂਤ ਲਾਗੂ ਹੈ।

ਹਾਂਗਕਾਂਗ ਦੀ ਰਾਜਨੀਤੀ ਬਹੁ ਪਾਰਟੀ ਸਿਸਟਮ ਵਾਲੀ ਹੈ। ਹਾਂਗਕਾਂਗ ਕਮਿਊਨਿਸਟ ਪਾਰਟੀ ਅਤੇ ਹਾਂਗਕਾਂਗ ਡੈਮੋਕਰੇਟਿਕ ਪਾਰਟੀ ਦੋ ਮੁੱਖ ਪਾਰਟੀਆਂ ਹਨ। ਅਜੋਕੀ ਵਿਧਾਨ ਸਭਾ ਵਿਚ ਵੱਡੀ ਗਿਣਤੀ ਵਿਚ ਕਮਿਊਨਿਸਟ ਮੈਂਬਰ ਹਨ।

**ਡੈਮੋਕਰੇਸੀ ਦਾ ਸ਼ੋਰਗੁਲ ਅਤੇ ਆਲਮੀ ਅਸਲੀਅਤ**

ਬਿੱਲੀ ਤਾਂ ਥੈਲਿਓਂ ਬਾਹਰ ਹੀ ਬੈਠੀ ਹੈ। ਡੈਮੋਕਰੇਸੀ ਦੇ ਸ਼ੋਰਗੁਲ ਥੱਲੇ ਆਲਮੀ ਸਰਮਾਏਦਾਰੀ ਕੁਚਾਲਾਂ ਹਨ। ਚੀਨੀ ਆਰਥਿਕਤਾ ਸਤੰਬਰ 2014 ਵਿਚ ਅਮਰੀਕੀ ਆਰਥਿਕਤਾ ਨੂੰ ਪਛਾੜ ਕੇ ਨੰਬਰ ਇਕ ਹੋ ਗਈ ਹੈ। ਅਮਰੀਕਾ ਵਲਚਰ (ਗਿਰਝ) ਸਰਮਾਏਦਾਰੀ ਨੂੰ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਅਮਰੀਕੀ ਡਾਲਰ ਜੋ ਅਸਲ ਵਿਚ ਪ੍ਰਾਈਵੇਟ ਮਾਲਕੀ ਵਾਲੀ ਕਰੰਸੀ ਹੈ ਹੁਣ ਤੱਕ ਆਲਮੀ ਸਰਦਾਰੀ ਕਰਦਾ ਆਇਆ ਹੈ। ਇਸ ਦੀ ਸਰਦਾਰੀ ਹੁਣ ਖਤਰੇ ਵਿਚ ਹੈ। ਖਤਰਾ ਆਰਥਿਕ ਵਪਾਰਕ ਹਿੱਤਾਂ ਨੂੰ ਹੈ। ਥੋੜ੍ਹਾ ਸਮਾਂ ਪਹਿਲਾਂ ਹੀ ਰੂਸ ਚੀਨ ਨੇ 30 ਅਰਬ ਡਾਲਰ ਦਾ ਗੈਸ ਸਮਝੌਤਾ ਕੀਤਾ ਹੈ। ਇਹ ਅੱਜ ਤੱਕ ਦਾ ਦੁਨੀਆਂ ਦਾ ਸਭ ਤੋਂ ਵੱਡਾ ਵਪਾਰਕ ਸੌਦਾ ਹੈ। ਡਾਲਰ ਇਸ ਤੋਂ ਬਾਹਰ ਹੈ। ਪੱਛਮੀ ਸਰਮਾਏਦਾਰੀ ਮੁਲਕਾਂਦੀ ਅਰਥ ਵਿਵਸਥਾ 2007-08 ਤੋਂ ਡਾਵਾਂਡੋਲ ਹੈ ਇਹ ਆਏ ਦਿਨ ਨਿਘਾਰ ਵੱਲ ਜਾ ਰਹੀ ਹੈ। ਇਸ ਦੀਆਂ ਦੱਖਣੀ-ਅਮਰੀਕੀ ਮਹਾਂਦੀਪ ਦੀਆਂ ਬਸਤੀਆਂ ਜਿਨ੍ਹਾਂ ਨੂੰ ਇਹ ਆਪਣਾ ਬਾਹਰਲਾ ਘਰ ਆਖਦੇ ਸਨ ਆਜ਼ਾਦ ਹੋ ਚੁੱਕੇ ਹਨ। ਉਥੇ ਵੀ ਡਾਲਰ ਅਰਥ ਵਿਵਸਥਾ ਮੁੱਕ ਚੁੱਕੀ ਹੈ। ਸੋ ਇਸ ਸੰਦਰਭ ਵਿਚ ਲੂੰਬੜ ਚਾਲਾਂ ਚਲੀਆਂ ਜਾ ਰਹੀਆਂ ਹਨ। ਅੱਜ ਜਦੋਂ ਮੈਂ ਇਹ ਆਰਟੀਕਲ ਲਿਖ ਰਿਹਾ ਹਾਂ ਤਾਂ ਖਬਰ ਨਸ਼ਰ ਹੋ ਰਹੀ ਹੈ ਕਿ ਚੀਨ ਨੇ ਅਗਵਾਈ ਕਰਕੇ (AIIB) (ਏਸ਼ੀਅਨ ਇਨਫਰਾਸਟਰਕਚਰ ਇਨਵੈਸਟਮੈਂਟ ਬੈਂਕ) ਬੀਜਿੰਗ ਵਿਚ ਖੋਲ੍ਹ ਦਿੱਤੀ ਹੈ। ਬੈਂਕ ਵਿਚ 50% ਹਿੱਸੇਦਾਰੀ ਚੀਨ ਦੀ ਹੈ। ਭਾਰਤ ਸਮੇਤ ਏਸ਼ੀਆ ਦੇ 21 ਮੁਲਕ ਕੱਲ੍ਹ ਹੀ ਇਸ ਦੇ ਮੈਂਬਰ ਬਣ ਗਏ ਹਨ। ਸੰਸਾਰ ਬੈਂਕ ਦੀਆਂ ਲੁਟੇਰੀਆਂ ਵਿਆਜ ਦਰਾਂ ਅਤੇ ਰਾਜਨੀਤਕ ਕੁਚਾਲਾਂ ਤੋਂ ਏਸ਼ੀਆ ਨੂੰ ਰਾਹਤ ਮਿਲੇਗੀ।

ਹਾਂਗਕਾਂਗ ਸਬੰਧੀ ਇਕ ਗੱਲ ਹੋਰ ਧਿਆਨ ਦੀ ਮੰਗ ਕਰਦੀ ਹੈ। ਇਥੇ ਅਮੀਰ ਗਰੀਬ ਵਿਚ ਪਾੜਾ ਬਹੁਤ ਵੱਡਾ ਹੈ। ਹੁਣੇ ਇਕ ਏਜੰਸੀ ਰਿਪੋਰਟ ਆਈ ਹੈ ਕਿ ਦੁਨੀਆ ਦੇ ਕੁੱਲ ਸਰਮਾਏ ਵਿਚੋਂ 50% ਤੇ ਸਿਰਫ਼ 1% ਆਬਾਦੀ ਕਾਬਜ਼ ਹੈ। ਬਾਕੀ 99% ਆਲਮੀ ਵਸੋਂ 50% ਸਰਮਾਏ ਵਿਚ ਗੁਜਰ ਬਸਰ ਕਰਦੀ ਹੈ। ਇਨ੍ਹਾਂ ਇਕ ਪ੍ਰਤੀਸ਼ਤ ਧਨ ਕੁਬੇਰਾਂ, ਵਿਚ ਚੌਥੀ ਗਿਣਤੀ ਹਾਂਗਕਾਂਗ ਵਿਚੋਂ ਹੀ ਹੈ।

**ਉਪਰੋਕਤ ਲੂੰਬੜ ਚਾਲਾਂ ਦੇ ਸਰਦਾਰ ਕੌਣ ਹਨ**

ਚੀਨ ਦੇ ਪੀਪਲਜ਼ ਡੇਲੀ ਨੇ ਲਿਖਿਆ ਹੈ ਕਿ "ਅਮਰੀਕਾ ਦੀ ਲੌਜ਼ਾ ਗ੍ਰੇਵ, "ਕੌਮੀ ਇੰਡੋਮੈਂਟ ਫਾਰ ਡੈਮੋਕਰੇਸੀ" ਦੀ ਡਾਇਰੈਕਟਰ ਹੈ। ਉਸ ਨੇ ਕੁਝ ਸਮਾਂ ਪਹਿਲਾਂ ਵਿਰੋਧ ਪ੍ਰਦਰਸ਼ਨਾਂ ਦੇ ਤਿੰਨ ਮੁੱਖ ਆਗੂਆਂ ਨੂੰ ਅਮਰੀਕਾ ਸੱਦ ਕੇ ਖੂਬ ਖਾਤਰਦਾਰੀ ਕੀਤੀ ਹੈ ਅਤੇ ਵਿਰੋਧ ਪ੍ਰਦਰਸ਼ਨਾਂ ਦੀ ਸਾਰੀ ਰੂਪ ਰੇਖਾ ਤਿਆਰ ਕੀਤੀ ਹੈ। ਉਸ ਕੋਲ ਏਸ਼ੀਆ, ਅਰਬ ਮੁਲਕ ਅਤੇ ਉਤਰੀ ਅਫ਼ਰੀਕੀ ਦੇਸ਼ਾਂ ਦਾ ਚਾਰਜ ਹੈ। ਉਹ ਤਿਬਤ, ਚੀਨ ਦੇ ਪੱਛਮੀ ਤੁਰਕਸਤਾਨ ਦੇ ਵਿਰੋਧੀ ਆਗੂਆਂ ਨਾਲ ਵੀ ਮੀਟਿੰਗਾਂ ਕਰਦੀ ਰਹੀ ਹੈ। ਉਸ ਦਾ ਹੱਥ ਹੀ ਹਾਂਗਕਾਂਗ ਦੇ ਵਿਰੋਧ ਪ੍ਰਦਰਸ਼ਨਾਂ ਪਿਛੇ ਹੈ। ਅਰਬ ਮੁਲਕਾਂ ਵਿਚ ਵੀ ਹਿੰਸਾ ਦੀ ਜੋ ਜਵਾਲਾ ਭੜਕ ਰਹੀ ਹੈ ਉਸ ਦਾ ਕਾਰਨ ਵੀ ਇਹੀ ਹੈ।

ਅਮਰੀਕਾ ਇੰਗਲੈਂਡ ਵਲੋਂ ਲੋਕਤੰਤਰ ਦੇ ਨਾਅਰੇ ਲਾਉਣੇ ਤਾਂ ਇਉਂ ਲੱਗਦਾ ਹੈ ਜਿਵੇਂ ਬਿੱਲੀ ਆਖੇ ਕਿ ਦੁੱਧ ਦੀ ਰਾਖੀ ਮੈਂ ਹੀ ਕਰਨੀ ਹੈ। ਅਫ਼ਗਾਨੀ ਲੋਕ ਅਮਰੀਕਾ ਵਲੋਂ ਸਥਾਪਤ ਕੀਤੀ ਡੈਮੋਕਰੇਸੀ ਦਾ ਸੇਕ ਅੱਜ ਤੱਕ ਹੰਢਾ ਰਹੇ ਹਨ। ਸਦਾਮ ਹੁਸੈਨ ਵੇਲੇ ਦਾ ਇਰਾਕ ਸਭ ਅਰਬ ਮੁਲਕਾਂ ਵਿਚੋਂ ਅਗਾਂਹਵਧੂ ਅੱਜ ਲਗਾਤਾਰ ਮੱਘਦਾ ਸਿਵਾ ਲੱਗ ਰਿਹਾ ਹੈ। ਲਿਬੀਆ, ਯੂਕਰੇਨ, ਅੱਜ ਇਨ੍ਹਾਂ ਦੁਆਰਾ ਭੜਕਾਈ ਖਾਨਾਜੰਗੀ ਵਿਚ ਸੁਲਘ ਰਹੇ ਹਨ। ਇਸ ਤੋਂ ਪਹਿਲਾਂ ਯੂਰਪ ਦੇ ਸਾਬਕਾ ਸਮਾਜਵਾਦੀ ਦੇਸ਼ ਯੂਗੋਸਲਾਵੀਆ, ਚੈਕੋਸਲਾਵੀਆ ਅਤੇ ਪੋਲੈਂਡ ਆਦਿ ਵੀ ਵਿਕਸਤ ਮੁਲਕਾਂ ਦੀ ਸੂਚੀ ਵਿਚੋਂ ਕਿਤੇ ਥੱਲੇ ਖਿਸਕ ਚੁੱਕੇ ਹਨ। ਥਾਂ ਪੁਰ ਥਾਂ ਤਾਨਾਸ਼ਾਹਾਂ ਨਾਲ ਹੀ ਇਨ੍ਹਾਂ ਦੀ ਚੰਗੀ ਨਿਭਦੀ ਹੈ। ਸਾਊਦੀ ਅਰਬ,ਅਰਬ ਮੁਲਕ ਵਿਚ ਅਤੇ ਕੋਲੰਬੀਆ ਦੱਖਣੀ ਅਮਰੀਕਾ ਮਹਾਂਦੀਪ ਵਿਚ ਦੇਖਿਆ ਜਾ ਸਕਦਾ ਹੈ।

ਪਰ ਕੀ ਹਾਂਗਕਾਂਗ ਦੇ ਨੌਜਵਾਨ ਅਤੇ ਵਿਦਿਆਰਥੀ ਇਹ ਗੱਲਾਂ ਸੋਚਣ? ਉਤਰ ਹਾਂ ਵਿਚ ਦਿੱਤਾ ਜਾ ਸਕਦਾ ਹੈ। ਚੀਨ ਨੇ ਇਕ ਕਰੜਾ ਇਮਤਿਹਾਨ ਤਾਂ ਪਾਸ ਕਰ ਹੀ ਲਿਆ ਹੈ। ਕੁਚਾਲ ਚੱਲੀ ਜਾ ਰਹੀ ਹੈ ਕਿ ਚੀਨ ਭੜਕਾਹਟ ਵਿਚ ਆ ਕੇ ਤਾਇਨ ਮਾਇਨ ਚੌਂਕ ਵਾਂਗ ਵਤੀਰਾ ਕਰੇਗਾ ਅਤੇ ਆਲਮੀ ਭੰਡੀ ਪ੍ਰਚਾਰ ਵਿਢਿਆ ਜਾਵੇਗਾ ਪਰ ਅਜਿਹਾ ਨਹੀਂ ਹੋਇਆ। **ਆਮੀਨ**

# ਝੂਠੇ ਪੁਲਿਸ ਮੁਕਾਬਲੇ ਬਨਾਮ ਅਦਾਲਤੀ ਨਿਰਦੇਸ਼

**ਪ੍ਰਿਤਪਾਲ**

ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਵੱਲੋਂ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਦਾਇਰ ਕੀਤੀਆਂ ਵੱਖ ਵੱਖ ਰਿਟ ਪਟੀਸ਼ਨਾਂ ਦਾ ਫ਼ੈਸਲਾ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ 23 ਸਤੰਬਰ 2014 ਨੂੰ ਅਜਿਹੇ ਮੁਕਾਬਲਿਆਂ ਦੀ ਲਾਜ਼ਮੀ ਜਾਂਚ ਕਰਾਉਣ, ਕਾਰਵਾਈ ਸਮੇਂ ਫੋਰਸ ਦਾ ਬਾ-ਵਰਦੀ ਹੋਣਾ ਅਤੇ ਜਾਂਚ ਮੁਕੰਮਲ ਹੋਣ ਤੱਕ ਕਿਸੇ ਅਧਿਕਾਰੀ ਜਾਂ ਮੁਲਾਜ਼ਮ ਨੂੰ ਸਨਮਾਨਤ ਨਾ ਕਰਨ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਇਹਨਾਂ ਖ਼ਬਰਾਂ ਦੀ ਸਿਆਹੀ ਹਾਲੇ ਸੁੱਕੀ ਨਹੀਂ ਸੀ ਕਿ ਲੁਧਿਆਣੇ ਸ਼ਹਿਰ ਵਿੱਚ ਦੋ ਨੌਜਵਾਨਾਂ ਦੇ ਮੁਕਾਬਲੇ ਵਿੱਚ ਮਾਰੇ ਜਾਣ ਨਾਲ ਪੁਲਸ ਸਿਆਸੀ ਗੱਠਜੋੜ ਦਾ ਰੋਲ ਲੋਕਾਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ। ਪ੍ਰਸ਼ਾਸਨ ਨੇ ਅਦਾਲਤ ਦੇ ਇਹ ਨਿਰਦੇਸ਼ ਵੀ ਹਵਾ 'ਚ ਉਡਾ ਦਿੱਤੇ।

ਜਿਉਣ ਦਾ ਅਧਿਕਾਰ ਮਨੁੱਖ ਦੇ ਮੁੱਢਲਾ ਅਧਿਕਾਰ ਹੈ ਜਿਸ ਨੂੰ ਕੋਈ ਵੀ ਰਾਜ ਕਾਨੂੰਨੀ ਪ੍ਰਕ੍ਰਿਆ ਤੋਂ ਬਿਨ੍ਹਾਂ ਖੋਹ ਨਹੀਂ ਸਕਦਾ। ਮਨੁੱਖਤਾ ਨੂੰ ਇਹ ਅਧਿਕਾਰ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਸਮਾਜਵਾਦੀ ਰੂਸ ਦੀ ਅਗਵਾਈ ਵਿੱਚ ਫਾਸ਼ੀਵਾਦੀ ਤਾਕਤਾਂ ਨੂੰ ਹਾਰ ਦੇਣ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਤਿੱਖੀ ਹੋਈ ਚੇਤਨਤਾ ਕਾਰਨ ਮਿਲੇ ਹਨ। ਜਰਮਨ ਵਿੱਚ ਫਾਸ਼ੀਵਾਦੀ ਤਾਕਤਾਂ ਵੱਲੋਂ ਯਹੂਦੀਆਂ ਦੇ ਕਤਲੇਆਮ ਵਿਰੁੱਧ ਇਹ ਗੱਲ ਵਿਸ਼ਵ ਪੱਧਰ 'ਤੇ ਉੱਭਰੀ ਕਿ ਰਾਜ ਭਾਵੇਂ ਜਮਹੂਰੀ ਹੋਵੇ ਜਾਂ ਡਿਕਟੇਟਰਸ਼ਿਪ ਜਾਂ ਕਿਸੇ ਦੇ ਗੁਲਾਮ ਪਰ ਜਿਉਣ ਦੇ ਅਧਿਕਾਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ। ਇਸ ਕਰਕੇ ਸੰਯੁਕਤ ਰਾਸ਼ਟਰ ਸੰਘ ਨੂੰ ਇਹ ਅਧਿਕਾਰ ਸਮੇਤ ਮਨੁੱਖੀ ਅਧਿਕਾਰਾਂ ਦਾ ਐਲਾਨ-ਨਾਮਾ ਜਾਰੀ ਕਰਨਾ ਪਿਆ ਅਤੇ ਦੁਨੀਆਂ ਦੇ ਬਹੁਤੇ ਮੁਲਕਾਂ ਦੀਆਂ ਹਕੂਮਤਾਂ ਨੇ ਇਸ ਉੱਪਰ ਸਹਿਮਤੀ ਪਾਈ। ਬਸਤੀਵਾਦੀ ਰਾਜ ਤੋਂ ਬੰਦਖਲਾਸੀ ਲਈ ਲੜੇ ਸੰਘਰਸ਼ ਦੇ ਦਬਾਅ ਕਾਰਨ 1947 ਦੀ ਸੱਤਾਬਦਲੀ ਕਾਰਨ ਸਥਾਪਤੀ ਹੋਈ ਹਕੂਮਤ ਨੇ ਵੀ ਇਸ 'ਤੇ ਦਸਤਖ਼ਤ ਕੀਤੇ ਅਤੇ ਸੰਵਿਧਾਨ ਵਿੱਚ ਵੀ ਦਰਜ ਕੀਤਾ।

1947 ਤੋਂ ਪਿਛੋਂ ਦਾ ਰੁਝਾਣ ਵੱਖਰੀ ਕਹਾਣੀ ਪੇਸ਼ ਕਰ ਰਿਹਾ ਹੈ। 20 ਸਾਲ ਬਾਅਦ ਲੋਕਾਂ ਦੀਆਂ ਮਿੱਟੀ ਹੋਈਆਂ ਉਮੀਦਾਂ ਨੇ ਨਕਸਲਵਾੜੀ ਕਿਸਾਨ ਬਗਾਵਤ ਨੂੰ ਜਨਮ ਦਿੱਤਾ। ਰਾਜ ਨੇ ਇਸ ਬਗਾਵਤ ਨੂੰ ਦਬਾਉਣ ਲਈ ਬੰਗਾਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਮਹਾਂਰਾਸ਼ਟਰਾ ਕਰਨਾਟਕਾ ਅਤੇ ਪੰਜਾਬ ਸਮੇਤ ਦੇਸ਼ ਭਰ ਵਿੱਚ ਕਮਿਊਨਿਸਟ ਕਾਰਕੁਨਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾਉਣ ਦਾ ਰਸਤਾ ਅਖਤਿਆਰ ਕੀਤਾ। ਫਿਰ ਪੰਜਾਬ ਦੇ ਕਾਲੇ ਦੌਰ ਦੀਆਂ ਅਣਪਛਾਤੀਆਂ ਲਾਸ਼ਾਂ, ਕਸ਼ਮੀਰ ਵਿੱਚ ਹਜ਼ਾਰਾਂ ਕਬਰਾਂ ਵਿੱਚ ਦਫਨਾਏ ਅਣਪਛਾਤੇ ਕਸ਼ਮੀਰੀ, ਉੱਤਰ ਪੂਰਬ ਦੇ ਮੀਜ਼ੋਰਮ, ਮਨੀਪੁਰ ਰਾਜਾਂ ਵਿੱਚ ਲਾਪਤਾ ਹਜ਼ਾਰਾਂ ਲੋਕਾਂ ਦੇ ਸਾਹਮਣੇ ਆ ਚੁੱਕੇ ਝੂਠੇ ਮੁਕਾਬਲਿਆਂ ਦੀਆਂ ਰਿਪੋਰਟਾਂ ਅਤੇ ਭਾਰਤ ਦੇ ਕੇਂਦਰੀ ਰਾਜਾਂ ਵਿੱਚ ਆਦਿਵਾਸੀਆਂ ਅਤੇ ਮਾਓਵਾਦੀਆਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾਉਣਾ ਇਸੇ ਲੜੀ ਦਾ ਜਾਰੀ ਰੂਪ ਹੈ। ਜਮਹੂਰੀ ਅਤੇ ਮਨੁੱਖੀ ਅਧਿਕਾਰ ਕਾਰਕੁਨ ਇਹਨਾਂ ਗ਼ੈਰ ਕਾਨੂੰਨੀ ਕਾਰਵਾਈਆਂ ਦੀ ਲਗਾਤਾਰ ਪੋਲ ਖੋਲ੍ਹ ਰਹੇ ਹਨ। ਭਾਵੇਂ ਦੇਸ਼ ਭਰ 'ਚ ਵਿਸ਼ੇਸ਼ ਕਰਕੇ ਨਕਸਲੀ ਪ੍ਰਭਾਵਤ ਅਤੇ ਉੱਤਰ ਪੂਰਬੀ ਰਾਜਾਂ ਵਿੱਚ ਝੂਠੇ ਮੁਕਾਬਲਿਆਂ ਦੇ ਮਾਮਲੇ ਵੱਧ ਰਹੇ ਹਨ ਪਰ ਇਸ ਰੁਝਾਣ ਉੱਪਰ ਬਹਿਸ ਤਿੱਖੀ ਹੋ ਰਹੀ ਹੈ।

ਪੰਜਾਬ 'ਚ ਸੀਬੀਆਈ ਤਫਤੀਸ਼ ਵਿੱਚ ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੁਲਸ ਹਿਰਾਸਤ ਅਤੇ ਝੂਠੇ ਮੁਕਾਬਲਿਆਂ ਨਾਲ ਮਾਰੇ 2097 ਕਤਲ ਸਾਬਤ ਹੋਏ । ਇਸ ਰਿਪੋਰਟ ਦੇ ਆਧਾਰ 'ਤੇ 1997 'ਚ ਸੁਪਰੀਮ ਕੋਰਟ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਮਾਮਲੇ ਦੀ ਪੜਤਾਲ ਲਈ ਆਪਣੇ ਪੂਰੇ ਅਧਿਕਾਰ ਦੇ ਦਿੱਤੇ। ਪਰ ਕਮਿਸ਼ਨ ਨੇ ਦੋ-ਦੋ ਲੱਖ ਦੇ ਮੁਆਵਜ਼ੇ ਤੋਂ ਅੱਗੇ ਕੋਈ ਕਾਰਵਾਈ ਨਹੀਂ ਕੀਤੀ। 2002 ਵਿੱਚ ਮੌਕੇ ਦੇ ਗ੍ਰਿਹ ਮੰਤਰੀ ਐਲ.ਕੇ.ਅਡਵਾਨੀ ਅਤੇ ਪੰਜਾਬ ਦੇ ਤੱਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਦਾਗ਼ੀ ਪੁਲਸ ਅਧਿਕਾਰੀਆਂ ਨੂੰ ਮਾਫ਼ੀ ਹੀ ਦੇ ਦਿੱਤੀ।

ਆਂਧਰਾ ਪ੍ਰਦੇਸ਼ ਸਿਵਲ ਲਿਬਰਟੀਜ਼ ਕਮੇਟੀ ਨੇ 1993 'ਚ ਤੱਥਾਂ ਸਮੇਤ 285 ਝੂਠੇ ਮੁਕਾਬਲਿਆਂ ਦੇ ਕੇਸ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਧਿਆਨ 'ਚ ਲਿਆਂਦੇ। ਕਮਿਸ਼ਨ ਵੱਲੋਂ 5 ਦੀ ਪੜਤਾਲ ਕਰਨ 'ਤੇ ਮੁਕਾਬਲੇ ਝੂਠੇ ਸਾਬਤ ਹੋਏ। ਰਾਜ ਸਰਕਾਰ ਨੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ 1996 'ਚ ਪੁਲਸ ਮੈਨੂਅਲ 'ਚ ਸੋਧਾਂ ਤਾਂ ਕਰ ਦਿੱਤੀਆਂ। ਪਰ ਇਸ ਦੇ ਬਾਵਜੂਦ 1997 ਤੇ 2003 ਦੇ ਦਰਮਿਆਨ 1314 ਝੂਠੇ ਮੁਕਾਬਲਿਆਂ ਚੋਂ ਇੱਕ ਵੀ ਐੱਫ.ਆਈ.ਆਰ. ਦਰਜ ਨਹੀਂ ਕੀਤੀ ਗਈ। ਮਨੁੱਖੀ ਅਧਿਕਾਰਾਂ ਦੇ ਉੱਘੇ ਕਾਰਕੁਨ ਬਾਲਗੋਪਾਲ ਦੀ ਅਣਥੱਕ ਜੱਦੋਜਹਿਦ ਸਦਕਾ ਆਂਧਰਾ ਹਾਈ ਕੋਰਟ ਨੇ ਅਜਿਹੇ ਮਾਮਲਿਆਂ ਵਿੱਚ ਐੱਫ.ਆਈ.ਆਰ. ਦਰਜ ਕਰਨੀ ਲਾਜ਼ਮੀ ਕਰ ਦਿੱਤੀ। ਪਰ ਇਸ ਫ਼ੈਸਲੇ ਨੂੰ ਕੇਂਦਰ ਸਰਕਾਰ ਸੁਪਰੀਮ ਕੋਰਟ ਰਾਹੀਂ ਰੱਦ ਕਰਵਾਉਦ ਦੇ ਯਤਨਾਂ 'ਚ ਹੈ।

ਸਰਕਾਰੀ ਅੰਕੜਿਆਂ ਮੁਤਾਬਿਕ ਪਿਛਲੇ ਚਾਰ ਸਾਲਾਂ(2009-10 ਤੋਂ 2012-13) ਵਿੱਚ 555 ਝੂਠੇ ਮੁਕਾਬਲਿਆਂ ਦੇ ਕੇਸ ਦਰਜ ਹੋਏ ਹਨ। ਉੱਤਰ ਪ੍ਰਦੇਸ ਵਿੱਚ 138 (ਸੱਭ ਤੋਂ ਵੱਧ), ਮਨੀਪੁਰ 62, ਆਸਾਮ 52, ਪੱਛਮੀ ਬੰਗਾਲ 62, ਝਾਰਖੰਡ 30, ਛਤੀਸਗੜ੍ਹ 29, ਓੜੀਸਾ 27, ਜੰਮੂ-ਕਸ਼ਮੀਰ 26, ਤਾਮਿਲਨਾਡੂ 23, ਮੱਧ ਪ੍ਰਦੇਸ਼ 20 ਮਾਮਲੇ ਦਰਜ ਹੋਏ। ਇਹਨਾਂ ਦਸ ਰਾਜਾਂ ਵਿੱਚੋਂ 5 ਨਕਸਲ ਪ੍ਰਭਾਵਤ ਸੂਬੇ ਹਨ। ਜਿਹੜੇ ਵੀ ਸ਼ੱਕੀ ਝੂਠੇ ਮੁਕਾਬਲਿਆਂ ਦੇ ਮਾਮਲੇ ਦਰਜ ਹੋਏ ਹਨ ਉਹ ਮੁੱਖ ਤੌਰ 'ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਖ਼ਲ ਨਾਲ ਹੋਏ ਹਨ। ਏਸ਼ੀਅਨ ਸੈਂਟਰ ਫਾਰ ਹਿਉਮਨ ਰਾਈਟਸ ਦੇ ਡਾਇਰੈਕਟਰ ਸੁਹਾਸ ਚਕਮਾ ਮੁਤਾਬਿਕ ਮਾਓਵਾਦੀਆਂ ਨਾਲ ਪ੍ਰਭਾਵਿਤ ਖਿੱਤਿਆਂ ਚੋਂ ਝੂਠੇ ਮੁਕਾਬਲਿਆਂ ਦੇ ਸਾਰੇ ਮਾਮਲੇ ਰਿਪੋਰਟ ਨਹੀਂ ਹੋ ਰਹੇ। ਗੁਜਰਾਤ ਜੋ ਇਸ਼ਰਤ ਜਹਾਂ ਦੇ ਝੂਠੇ ਮੁਕਾਬਲੇ ਕਾਰਨ ਸੁਰਖ਼ੀਆਂ 'ਚ ਰਿਹਾ ਹੈ, ਵਿੱਚ 2012-13 ਵਿੱਚ ਹੀ ਚਾਰ ਝੂਠੇ ਮੁਕਾਬਲਿਆਂ ਦੇ ਮਾਮਲੇ ਸਾਹਮਣੇ ਆਏ ਹਨ।

ਪੰਜਾਬ 'ਚ 2012 ਤੋਂ ਹੁਣ ਤੱਕ ਚਾਰ ਝੂਠੇ ਮੁਕਾਬਲੇ (ਕਮਲਾ ਨਹਿਰੂ ਕਾਲੋਨੀ, ਬਠਿੰਡਾ; ਬਹਿਣੀਵਾਲ, ਮਾਨਸਾ; ਮੋਗਾ; ਲੁਧਿਆਣਾ) ਰਚਾਏ ਜਾ ਚੁੱਕੇ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਬਹਿਣੀਵਾਲ ਅਤੇ ਲੁਧਿਆਣਾ ਦੇ ਮੁਕਾਬਲੇ ਤੱਥਾਂ ਨਾਲ ਝੂਠੇ ਸਾਬਤ ਕੀਤੇ ਹਨ। ਮੋਗੇ ਵਿੱਚ ਚੰਡੀਗੜ੍ਹ ਦੀ ਪੁਲਸ ਬਿਨਾ ਵਰਦੀ ਅਤੇ ਮੋਗਾ ਪੁਲਸ ਨੂੰ ਸੂਚਿਤ ਕੀਤੇ ਬਿਨ੍ਹਾਂ ਆਈ ਅਤੇ ਮੁਲਜ਼ਮਾਂ ਨੂੰ ਜਿਉਂਦੇ ਫੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਸਗੋਂ ਮਾਰਨ ਦੇ ਮਨਸੇ ਨਾਲ ਅੰਨੀ ਗੋਲਾਬਾਰੀ ਕੀਤੀ। ਬਠਿੰਡੇ ਸ਼ਹਿਰ ਅੰਦਰ ਵੀ ਮੁਲਜ਼ਮ ਨੂੰ ਫੜਨ ਦਾ ਕੋਈ ਯਤਨ ਸਾਹਮਣੇ ਨਹੀਂ ਆਇਆ।

ਅਜਿਹੇ ਠੋਸ ਤੱਥਾਂ ਅਤੇ ਹਾਲਤਾਂ 'ਚ ਸੁਪਰੀਮ ਕੋਰਟ ਨੇ ਇਹ ਨਿਰਦੇਸ਼ ਜ਼ਾਰੀ ਕੀਤੇ ਹਨ। ਸੁਪਰੀਮ ਕੋਰਟ ਇਸ ਤੋਂ ਪਹਿਲਾਂ ਵੀ ਇਸ਼ਰਤ ਜਹਾਂ ਦੇ ਮਾਮਲੇ ਸਮੇਤ ਅਨੇਕਾਂ ਮਾਮਲਿਆਂ ਵਿੱਚ ਇਹ ਫ਼ੈਸਲੇ ਦੇ ਚੁੱਕਿਆ ਹੈ ਕਿ ਸਟੇਟ ਨੂੰ ਕਿਸੇ ਵੀ ਅਪਰਾਧੀ ਨੂੰ ਉਸਦੇ ਪਿਛੋਕੜ ਦੇ ਅਧਾਰ 'ਤੇ ਮਾਰ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਪਰ ਇਹ ਰੁਝਾਣ ਜਾਰੀ ਹੈ। ਮੁੰਬਈ ਅਤੇ ਦਿੱਲੀ ਵਰਗੇ ਮਹਾਂ ਸ਼ਹਿਰਾਂ ਵਿੱਚ ਵੀ ਕੁੱਝ ਪੁਲਸ ਅਧਿਕਾਰੀ ਬਤੌਰ ਇੰਨਕਾਊਂਟਰ ਸਪੈਸ਼ਲਿਸਟ ਸਥਾਪਤ ਹੋਏ ਜਿਹਨਾਂ ਦੇ ਸੰਬੰਧ ਭੌਂ ਮਾਫੀਏ ਨਾਲ ਸਾਬਤ ਹੋ ਚੁੱਕੇ ਹਨ।

ਹਾਕਮਾਂ ਵੱਲੋਂ ਅਪਨਾਈਆਂ ਲੋਕ ਵਿਰੋਧੀ ਨੀਤੀਆਂ ਮੰਗ ਕਰਦੀਆਂ ਹਨ ਕਿ ਹਰ ਵਿਰੋਧ ਨੂੰ ਕੁਚਲ ਦਿਓ। ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਉੱਪਰ ਕਿੰਤੂ ਉਠਾਉਂਦੇਸਮੇਂ ਪੁਲਸ ਨੂੰ ਅਪਰਾਧੀਆਂ ਨਾਲ ਨਜਿੱਠਣ ਦੀਆਂ ਔਖੀਆਂ ਹਾਲਤਾਂ, ਅਦਾਲਤਾਂ ਵਿੱਚੋਂ ਅਪਰਾਧੀਆਂ ਦੇ ਬਚ ਨਿੱਕਲਣ ਅਤੇ ਮੁਕਾਬਲੇ ਦੀ ਹੋਣ ਵਾਲੀ ਪੜਤਾਲ ਵਿੱਚ ਦੇਰੀ ਹੋਣ ਨਾਲ ਸੁਰੱਖਿਆ ਕਰਮਚਾਰੀਆਂ ਦੇ ਹੌਂਸਲੇ ਟੁੱਟਣ ਨੂੰ ਆਧਾਰ ਬਣਾਇਆ ਜਾ ਰਿਹਾ ਹੈ। ਪਰ ਕਿਧਰੇ ਵੀ ਅਪਰਾਧਾਂ ਦੀ ਜੰਮਣ ਭੋਏਂ ਇਸ ਆਰਥਕ, ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਉੱਪਰ ਉਂਗਲ ਨਹੀਂ ਧਰੀ ਜਾ ਰਹੀ। ਪ੍ਰਬੰਧ ਤੋਂ ਬੇਚੈਨ ਹੋਏ ਲੋਕਾਂ ਦੇ ਅੱਡ ਅੱਡ ਹਿੱਸੇ ਆਪੋ ਆਪਣੇ ਢੰਗ ਨਾਲ ਇਸ ਲੋਕ ਵਿਰੋਧੀ ਪ੍ਰਬੰਧ ਤੋਂ ਉਪਰਾਮਤਾ ਅਤੇ ਬੇਚੈਨੀ ਦਾ ਇਜਹਾਰ ਕਰਦੇ ਹਨ। ਇਹਨਾਂ ਚੋਂ ਕੁੱਝ ਹਿੱਸੇ ਨਿਰਾਸਤਾ ਦੇ ਆਲਮ 'ਚ ਅਪਰਾਧਾਂ ਦਾ ਰਸਤਾ ਅਖਤਿਆਰ ਕਰਦੇ ਹਨ। "ਥਾਣਿਆਂ 'ਚ ਮਾਰ ਮੁਕਾਉਂਣਾ"ਪੁਲਸ ਦੇ ਅਧਿਕਾਰ ਬਾਰੇ ਲੁਕਾਈ ਦਾ ਭੁਲੇਖਾ ਦੂਰ ਹੋਣ ਨਾਲ ਇਹ ਵਰਤਾਰਾ ਸੀਮਤ ਹੋਇਆ ਹੈ। ਅੱਜ ਵੀ ਲੋਕਾਂ ਦਾ ਇੱਕ ਹਿੱਸਾ ਕੁੱਟ-ਮਾਰ ਕਰਨਾ, ਤਸੀਹੇ ਦੇਣਾ ਅਤੇ ਮੁਕਾਬਲੇ 'ਚ ਮਾਰ ਦੇਣਾ ਪੁਲਸ ਦਾ ਅਧਿਕਾਰ ਸਮਝਦਾ ਹੈ। ਦੁਨੀਆਂ ਦੇ 140 ਮੁਲਕ ਤਾਂ ਰਾਜ ਵੱਲੋਂ ਕਾਨੂੰਨਣ ਜਿਉਣ ਦਾ ਹੱਕ ਖੋਹਣ ਨੂੰ ਵੀ ਰੱਦ ਕਰ ਚੁੱਕੇ ਹਨ। ਲੋੜ ਹੈ ਲੁਕਾਈ ਨੂੰ ਇਸ ਸੱਭ ਕੁੱਝ ਤੋਂ ਅਤੇ ਉਹਨਾਂ ਦੇ ਅਧਿਕਾਰ ਤੋਂ ਜਾਣੂ ਕਰਾਉਂਦੀ, ਇਸ ਦਾ ਜਥੇਬੰਦਕ ਵਿਰੋਧ ਉਸਾਰਣ ਦੀ। 14 ਸਾਲਾਂ ਤੋਂ ਭੁੱਖ ਹੜਤਾਲ 'ਤੇ ਬੈਠੀ ਮਨੀਪੁਰ ਦੀ ਬਹਾਦਰ ਔਰਤ ਇਰੋਮ ਸ਼ਰਮੀਲਾ ਦੇ ਸੰਘਰਸ਼ ਨੂੰ ਅੱਗੇ ਵਧਾਉਣ ਦੀ। ਚੇਤੇ ਰਹੇ ਇਰੋਮ ਸ਼ਰਮੀਲਾ ਭਾਰਤ ਦੇ ਉਸ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰ ਰਹੀ ਹੈ ਜਿਸ ਵਿੱਚ ਸੁਰੱਖਿਆ ਬਲ ਬਿਨਾਂ ਕਿਸੇ ਕਾਨੂੰਨੀ ਡਰ ਭੈ ਦੇ ਕਿਸੇ ਨੂੰ ਵੀ ਮਾਰ ਦਿੰਦੇ ਹਨ। ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ ਪਹਿਲਾਂ ਦੀ ਤਰ੍ਹਾਂ ਕਾਗ਼ਜ਼ੀ ਬਣ ਕੇ ਰਹਿ ਜਾਣਗੇ।

98760-60280

# ਸੰਤ ਰਾਮ ਉਦਾਸੀ ਦੀਆਂ ਚੋਣਵੀਆਂ ਕਵਿਤਾਵਾਂ

## ਅਜੇ

ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜ੍ਹਾ ਏ
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ

ਅਜੇ ਮੁੱਸਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜ਼ਬੀ ਜ਼ੰਜੀਰਾਂ ਨੂੰ

ਅਜੇ ਇਸ਼ਕ ਦਾ ਕਾਸਾ ਖਾਲੀ, ਖ਼ੈਰ ਹੁਸਨ ਨੇ ਪਾਇਆ ਨਾ
ਮਾਨਵਤਾ ਦੇ ਬੂਹੇ 'ਤੇ ਕੋਈ ਰਾਂਝਾ ਮੰਗਣ ਆਇਆ ਨਾ

ਹਰ ਦਿਲ ਦੇ ਵਿਚ ਸ਼ਿਕਵੇ, ਝੋਰੇ, ਹਰ ਦਿਲ ਦੇ ਵਿਚ ਸਾੜਾ ਏ
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨ੍ਹੇਰਾ ਗਾੜ੍ਹਾ ਏ

ਅਜੇ ਕਿਰਤ ਦੀ ਚੁੰਝ ਹੈ ਖਾਲੀ, ਵਿਹਲੜ ਰੱਜ ਕੇ ਖਾਂਦੇ ਨੇ
ਮੁੱਲਾਂ, ਪੰਡਤ, ਭਾਈ, ਧਰਮ ਦੇ ਠੇਕੇਦਾਰ ਕਹਾਂਦੇ ਨੇ

ਅਜੇ ਮਨੁੱਖ ਦੀ ਕਾਇਆ ਉਤੇ, ਸਾਇਆ ਹੈ ਜਗੀਰਾਂ ਦਾ
ਅਜੇ ਮਨੁੱਖ ਨਾ ਮਾਲਿਕ ਬਣਿਆ, ਆਪਣੀਆਂ ਤਕਦੀਰਾਂ ਦਾ

ਅਜੇ ਕਿਸੇ ਬੇਵੱਸ ਜਿਸਮ ਦਾ, ਮਿਲਦਾ ਏਥੇ ਭਾੜਾ ਏ
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨੇਰਾ ਗਾੜ੍ਹਾ ਏ

ਅਜੇ ਤਾਂ ਏਥੇ ਲੋਕਾਂ ਦੇ, ਅਰਮਾਨ ਵੀ ਵੇਚੇ ਜਾਂਦੇ ਨੇ
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ

ਅਜੇ ਹੈ ਪਰਬਤ ਓਡਾ-ਕੋਡਾ, ਅਜੇ ਨਾ ਤੇਜ਼ ਕੁਹਾੜਾ ਏ
ਅਜੇ ਨਾ ਸ਼ੀਰੀ, ਹੱਥ ਵਟਾਇਆ, ਅਜੇ ਹਨੇਰਾ ਗਾੜ੍ਹਾ ਏ

ਅਜੇ ਤੇ ਹਿੰਸਾ ਖੁੱਲ੍ਹੀ ਚਰਦੀ, ਅਮਨ ਅਮਨ ਦੇ ਨਾਅਰੇ ਥੱਲੇ
ਅਜੇ ਹੈ ਦੁਨੀਆ ਨਰਕ ਭੋਗਦੀ, ਜੰਨਤ ਦੇ ਇਕ ਲਾਰੇ ਥੱਲੇ

ਅਜੇ ਨਾ ਕਾਲ਼ੇ ਬੱਦਲਾਂ ਵਿਚੋਂ, ਚਮਕੀ ਕੋਈ ਕਿਰਨ ਸੁਨਹਿਰੀ
ਭਾਵੇਂ ਮੰਤਰ ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ

ਅਜੇ ਅਸੀਂ ਹੈ ਰੱਬ ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ
ਅਜੇ ਨਾ 'ਹੂਟਰ' ਵੱਜਿਆ ਸਾਥੀਓ, ਅਜੇ ਹਨੇਰਾ ਗਾੜ੍ਹਾ ਏ।

• • •

## ਦਿੱਲੀਏ ਦਿਆਲਾ ਵੇਖ

ਦਿੱਲੀਏ ਦਿਆਲਾ ਵੇਖ ਦੇਗ਼ 'ਚ ਉਬਲਦਾ ਨੀ
ਅਜੇ ਤੇਰਾ ਦਿਲ ਨ੍ਹਾ ਠਰੇ
ਮਤੀਦਾਸ ਤਾਈਂ ਚੀਰ ਆਰੇ ਵਾਂਙੂੰ ਜੀਭ ਤੇਰੀ
ਅਜੇ ਮਨ ਮੱਤੀਆਂ ਕਰੇ

ਲੋਕਾਂ ਦੀਆਂ ਭੁੱਖਾਂ ਉਤੇ ਫਤਹਿ ਸਾਡੀ ਦੇਗ਼ ਦੀ
ਲੋਕਾਂ ਦਿਆਂ ਦੁੱਖਾਂ ਉਤੇ ਫਤਹਿ ਸਾਡੀ ਤੇਗ਼ ਦੀ
ਅਸੀਂ ਤਾਂ ਆ ਮੌਤ ਦੇ ਚਬੂਤਰੇ 'ਤੇ ਆਣ ਖੜ੍ਹੇ
ਇਹ ਤਾਂ ਭਾਵੇਂ ਖੜ੍ਹੇ ਨਾ ਖੜ੍ਹੇ

ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪ੍ਰੇਤ ਨੀ
ਤਿਲਾਂ ਦੀ ਤਾਂ ਪੂਲੀ ਵਾਂਗੂੰ ਝਾੜ ਲੈਂਦੇ ਖੇਤ ਨੀ
ਵੇਖ ਕਿਵੇਂ ਨਰਮੇ ਦੇ ਢੇਰਾਂ ਦੇ ਵਿਚਾਲੇ ਲੋਕੀਂ
ਸੌਂਦੇ ਨੇ ਘਰੋੜੇ ਤੇ ਰੜੇ

ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ
ਤੇਰੇ ਮਹਿਲੀਂ ਵੜੇ ਕਿ ਵੜੇ

ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆ ਬੇਓੜ ਨੀ
ਇਕ ਦਾ ਤੂੰ ਮੁੱਲ ਭਾਵੇਂ ਰੱਖਦੀ ਕਰੋੜ ਨੀ
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ
ਸਿੰਘ ਤੈਥੋਂ ਜਾਣੇ ਨਾ ਫੜੇ

ਸੱਚ ਮੂਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ
ਗੱਲ ਨਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ
ਸੰਗਤਾਂ ਦੀ ਸੱਥ ਵਿਚ ਜਦੋਂ ਤੈਨੂੰ ਖੂਨਣੇ ਨੀ
ਲੈ ਕੇ ਫ਼ੌਜੀ ਖ਼ਾਲਸੇ ਖੜ੍ਹੇ

ਦਿੱਲੀ ਦਿਆਲਾ ਵੇਖ ਦੇਗ਼ 'ਚ ਉਬਲਦਾ ਨੀ
ਅਜੇ ਤੇਰਾ ਦਿਲ ਨ੍ਹਾ ਠਰੇ
ਮਤੀਦਾਸ ਤਾਈਂ ਚੀਰ ਆਰੇ ਵਾਂਙੂੰ ਜੀਭ ਤੇਰੀ
ਅਜੇ ਮਨ ਮੱਤੀਆਂ ਕਰੇ।

• • •

## ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਦਾ ਜੇਰਾ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ
ਝੋਰਾ ਕਰੀਂ ਨ੍ਹਾ ਕਿਲ੍ਹੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ

ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ

ਬਾਪੂ! ਸੱਚੇ ਇਕ ਕੌਮੀ ਸਰਦਾਰ ਤਾਈਂ
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ
ਖ਼ੂਨ ਜਿਗਰ ਦੇ ਨਾਲ ਤਾਂ ਜ਼ਫ਼ਰਨਾਮਾ
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏ
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ
ਗੂਠਾ ਲਾਇਆ ਨਹੀਂ ਬੇਦਾਵਿਆਂ 'ਤੇ
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀਂ
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ
ਅਸੀਂ ਇਹੋ ਜਹੀ ਜ਼ਹਿਰ ਨ੍ਹਾ ਪੀ ਸਕਦੇ
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸ ਨੂੰ
ਅਸੀਂ ਜੂਨ ਅਜਿਹੀ ਨ੍ਹਾ ਜੀ ਸਕਦੇ।

• • •

## ਬੁਰਜੁਆ ਤਾਣੇ ਬਾਣੇ

ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਉਏ
ਦੂਜੇ ਤੇਰਾ ਸ਼ਾਹਾਂ ਨਾਲ ਜੋੜ
ਤੇਰੀ ਨੀਂਦ ਉਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ
ਕੁੱਤੇ ਰੱਖਣ ਦੀ ਨਹੀਂ ਲੋੜ

ਤੇਰੇ ਬੂਹੇ 'ਤੇ 'ਸਮਾਜਵਾਦ' ਦਿਆਂ ਚੂਰਨਾਂ ਦੇ
ਲੱਗੇ ਹੋਏ ਸੁਣੀਂਦੇ ਅੰਬਾਰ
ਜੀਹਦਾ ਗਾਹਕ ਲੋਹੇ, ਇੱਟਾਂ, ਖੰਡ ਤੇ ਸੀਮਿੰਟ ਤਾਈਂ
ਹੱਕਾਂ ਵਾਂਗੂੰ ਜਾਂਦਾ ਏ ਡਕਾਰ
ਜ਼ਿੰਦਗੀ ਦੀ ਬਲੀ ਬਾਝੋਂ, ਤੇਰਿਆਂ ਪੈਗੰਬਰਾਂ ਦਾ
ਸਕੇ ਨਾ ਉਧਾਰ ਕੋਈ ਮੋੜ
ਤੇਰੀ ਨੀਂਦ ਉਤੇ ਪਹਿਰਾ....

ਤੈਨੂੰ ਰੱਖਾਂ ਰੱਬ ਦੀਆਂ ਜਦੋਂ ਤੀਕ ਵੀਰ ਮੇਰਾ
ਸਕਦਾ ਨਾ ਤੈਨੂੰ ਵੇ ਪਛਾਣ
ਉਸੇ ਹੀ ਸਿਪਾਹੀ ਦੇ ਨਾਂ ਸਿਰਾਂ ਦੀ ਵਸੀਅਤ ਸਾਡੀ
ਜੀਹਦੀ ਰੰਡੀ ਹੀਰ ਵੇ ਜੁਆਨ
ਤੇਰੀਆਂ ਬੰਦੂਕਾਂ ਪਿੱਛੋਂ ਹੱਥ ਮੇਰੇ ਵੀਰਨੇ ਦੇ
ਆਪੇ ਵੀਰ ਲੈਣਗੇ ਤਰੋੜ
ਤੇਰੀ ਨੀਂਦ ਉਤੇ ਪਹਿਰਾ...

ਵਰ੍ਹਿਆ ਏ ਸੌਣ ਉਨ੍ਹਾਂ ਬੱਚਿਆਂ ਦੇ ਨਾਂ 'ਤੇ
ਜਿਨ੍ਹਾਂ ਖੀਰ ਦਾ ਨਾ ਚੱਖਿਆ ਸੁਆਦ
ਕੰਮੀਆਂ ਦੀ 'ਜੀਤੋ' ਦੇ ਨਾਂ ਲੱਗੀਆਂ ਨੇ ਤੀਆਂ
ਜੀਹਦੇ ਰਸ ਪੀ ਗੇ ਸੰਘਣੇ ਕਮਾਦ
ਕਰੇਂ ਛੇੜਖਾਨੀਆਂ ਤੂੰ ਰੂਪ ਨਾਲ, ਤੇਰੇ ਉੱਤੇ
ਦੰਦ ਪੀਹੇ ਤੀਆਂ ਵਾਲਾ ਬੋਹੜ
ਤੇਰੀ ਨੀਂਦ ਉਤੇ ਪਹਿਰਾ

ਕੱਲ੍ਹ, 'ਜੈਲੂ' ਚੌਕੀਦਾਰ ਦਿੰਦਾ ਫਿਰੇ ਹੋਕਾ
ਅਖੇ 'ਖੇਤਾਂ' ਵਿਚ ਬੀਜੋ ਹਥਿਆਰ,
ਕੱਠੇ ਹੋ 'ਵਲਾਇਤੀ ਸੰਗਲਾਂ' ਦੀ ਵਾੜ ਤੋੜਨੀ ਜੁ
ਬੁਥ ਰਹੀ ਦੋਧਿਆਂ ਨੂੰ ਮਾਰ
ਤੁਸੀਂ ਰਾਜੇ ਸ਼ੀਸ਼ੇ ਦੀ ਪੁਸ਼ਾਕ ਪਾ ਕੇ ਰੱਖੋ
ਦੇਣੀ ਉੱਘਰੇ ਹਥੌੜਿਆਂ ਨੇ ਤੋੜ
ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਉਏ
ਦੂਜੇ ਤੇਰਾ ਸ਼ਾਹਾਂ ਨਾਲ ਜੋੜ
ਤੇਰੀ ਨੀਂਦ ਉਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ
ਕੁੱਤੇ ਰੱਖਣ ਦੀ ਨਹੀਂ ਲੋੜ।

• • •

## ਲਲਕਾਰ-ਮਜ਼ਦੂਰਾਂ ਦੇ ਨਾਂ !

ਲੋਕੋ ਬਾਜ਼ ਆ ਜਾਓ! ਝੂਠੇ ਲੀਡਰਾਂ ਤੋਂ
ਇਨ੍ਹਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ
ਇਨ੍ਹਾਂ ਦੇਸ਼ ਦਾ ਕੁਝ ਵੀ ਛੱਡਿਆ ਨੀ
ਇਨ੍ਹਾਂ ਥੋਨੂੰ ਵੀ ਵੇਚ ਕੇ ਖਾ ਛੱਡਣੈ
ਕਾਰਖਾਨਿਆਂ ਦੀਆਂ ਕਾਲੀਆਂ ਚਿਮਨੀਆਂ 'ਚੋਂ
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ
ਸਾਡੇ ਉੱਡਦੇ ਅਰਮਾਨ ਨੇ ਰੂੰ ਬਣ ਕੇ

ਅਸੀਂ ਆਪਣੇ ਸਮਝ ਕੇ ਵੋਟ ਪਾਈ
ਇਨ੍ਹਾਂ ਵੋਟ ਦਾ ਸਿਲਾ ਵੀ ਤਾਰਿਆ ਨਾ
ਸਾਨੂੰ ਮਹਿੰਗੇ ਉਬਾਲਿਆ ਦੁੱਧ ਵਾਂਗੂੰ
ਇਨ੍ਹਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ

ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ
ਆਪੂੰ ਸਾਂਭ ਲੈਂਦੇ ਆਪੂੰ ਘੋਟ ਜਾਂਦੇ
ਵਾਅਦੇ ਕਰਦੇ ਨੇ ਕੱਚੇ ਮਹਿਬੂਬ ਵਾਂਗੂੰ
ਆਪੇ ਥੁੱਕ ਕੇ ਤੇ ਆਪੇ ਚੱਟ ਜਾਂਦੇ

ਸੀਨਾ-ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ
ਜੀਹਨੂੰ ਰਾਠ ਉਧਾਲ ਕੇ ਲੈ ਗਏ ਨੇ
ਆਪਣੀ ਕਿਸਮਤ ਦੀ ਮੁੱਢੋਂ ਪੜਤਾਲ ਕਰੀਏ

ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ
ਜਾਂ ਫਿਰ ਰਹੇਗੀ ਇਥੇ ਸਰਮਾਏਦਾਰੀ

ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ
ਨਿੱਤਰ ਆਏ ਹਾਂ ਏਕੇ ਦੀ ਲਾਮ ਉਤੇ
ਲਾਰੇ ਵੇਖ ਕੇ ਇਨ੍ਹਾਂ ਮੁਸਾਹਿਬਾਂ ਦੇ
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉਤੇ

ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ
ਸਾਰੇ ਬੱਚਿਆਂ ਦੇ ਵਿਹਨੇ ਚੋਹਲ ਜਲਦੇ
ਖੇਤਾਂ ਵਿਚ ਕਿਸਾਨ ਦੇ ਬੋਹਲ ਜਲਦੇ
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

• • •

## ਆਜ਼ਾਦੀ

ਭੁੱਖੇ ਅਤੇ ਨੰਗੇ ਨੇ ਕਿਸਾਨ, ਮਜ਼ਦੂਰ ਲੋਕੋ,
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।
ਲਾਠੀਆਂ ਤੇ ਗੋਲੀਆਂ ਦੀ ਆਈ ਏ ਬੁਛਾੜ,
ਫਿੱਕੀ ਲੱਗਦੀ ਏ ਰਾਤ ਚੰਨ-ਚਾਨਣੀ।

ਸਮਝ ਕੇ ਸਾਨੂੰ ਅਨਭੋਲ, ਅਨਜਾਣ
ਐਵੇਂ ਲਾਰਿਆਂ 'ਤੇ ਲਾਈ ਸਾਨੂੰ ਰੱਖਿਆ
ਸਾਡੇ ਸਿਰਾਂ ਉਤੇ ਬਣ ਰਾਖਸ਼ ਖਲੋਏ
ਸਾਡੇ ਖੂਨ ਦਾ ਸੁਆਦ ਇਨ੍ਹਾਂ ਚੱਖਿਆ
ਸਾਥੋਂ ਨੀ ਸਹਾਰੇ ਜਾਂਦੇ ਜ਼ਾਲਮਾਂ ਦੇ ਤੀਰ
ਸਾਥੋਂ ਚਿੱਤ ਨੀ ਕਰਾਇਆ ਜਾਂਦਾ ਛਾਨਣੀ
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ

ਫਿਰਨ ਕਾਨੂੰਨ ਅਤੇ ਕੌਮ ਦਾ ਜਨੂੰਨ
ਸਾਡੇ ਰਾਹਾਂ ਵਿਚ ਕੰਡੇ ਅਟਕਾਂਵਦਾ



ਪੂੰਜੀਪਤੀ ਢਾਂਚਾ ਦੋਵਾਂ ਨਾਗਾਂ ਤਾਈਂ ਪਾਲ਼
ਸਾਡੇ ਲੋਕਾਂ ਵਿਚ ਜ਼ਹਿਰ ਉਗਾਂਵਦਾ
ਐਨਾ ਚਿਰ ਰਾਜ 'ਤੇ ਬਹਾਇਆ ਏਸ ਤੱਤੜੇ ਨੂੰ
ਇਹਨੇ ਕੀ ਕਦਰ ਸਾਡੀ ਜਾਨਣੀ
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ

ਦਿੱਤਾ ਹੈ ਜਨਕ ਇਹਨੇ ਚੋਰਾਂ 'ਤੇ ਬਲੈਕੀਆਂ ਨੂੰ
ਰਾਜੇ ਜਰਵਾਣੇ ਇਹਦੇ ਘਰ ਦੇ
ਇਹ ਅਮਰੀਕਾ ਦਿਆਂ ਡਾਲਰਾਂ ਦੀ ਸੇਜ ਸੁੱਤੀ
ਲਾ ਕੇ ਗਾਂਧੀ ਖੱਦਰ ਦੇ ਪਰਦੇ
ਏਸ ਦੀ ਗ਼ਦਾਰੀ ਅਤੇ ਚਾਲ ਸਰਮਾਏਦਾਰੀ
ਔਖੀ ਹੁਣ ਰਹੀ ਨਾ ਪਛਾਨਣੀ
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ

ਕਿਰਤੀ, ਕਿਸਾਨ, ਸਾਰੇ ਬਣ ਕੇ ਚਟਾਨ ਖੜੋ
ਹੁਣ ਬਹੁਤਾ ਸਮਾਂ ਨਹੀਂਓਂ ਗਾਲਣਾ
ਕਿਰਤ-ਲੁਟੇਰਿਆਂ ਦੀ ਚਿੱਪ ਦਿਉ ਸਿਰੀ
ਅਸੀਂ ਨਾਗ਼ ਨੀ ਬੁਕਲ ਵਿਚ ਪਾਲਣਾ
ਫੜ ਕੇ ਚੁਆਤਾ ਅਸੀਂ ਹੱਥ ਵਿਚ ਏਕਤਾ ਦਾ
ਧਨੀਆਂ ਦੀ ਹਿਕੜੀ ਏ ਜਾਲਣੀ
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।

• • •

## ਪੰਦਰਾਂ ਅਗਸਤ ਦੇ ਨਾਂ

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ
ਬੜੇ ਹੀ ਅਸੀਂ ਦੁਖੜੇ ਜਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ

ਅੱਜ ਘਾਤ ਲਾਈ ਬੈਠੇ, ਸਾਮਰਾਜੀਏ ਵਪਾਰੀ
ਸਿਰੇ ਚੜ੍ਹਦੀ ਨੀ ਹੁੰਦੀ, ਜਿਹੜੀ ਪੈਸਿਆਂ ਦੀ ਯਾਰੀ
ਸਾਡੀ ਧੁੱਪ ਨਾਲ ਮੱਸਿਆ ਕਲੇਸ਼ ਨਾ ਕਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ

ਜਿੰਨਾ ਕੀਤਾ ਇਤਬਾਰ, ਓਨਾ ਹੋਏ ਹਾਂ ਖ਼ੁਆਰ
ਜਿੰਨਾ ਸੋਚਿਆ ਇਲਾਜ, ਓਨਾ ਹੋਏ ਹਾਂ ਬਿਮਾਰ
ਅੱਗੋਂ ਇਹੋ ਜਿਹੀ 'ਦਾਰੂ' ਕੋਈ ਪੇਸ਼ ਨਾ ਕਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ ਨਾ ਧਰੇ

ਉਤੋਂ ਬੁੱਧ ਦੀ ਏ ਚੇਲੀ, ਵਿਚੋਂ ਅੱਗ ਦੀ ਮਸ਼ੀਨ
ਕਰੇ ਹੱਕਾਂ ਨੂੰ ਕਤਲ, ਮਹਿੰਦੀ ਲਾਉਣ ਦੀ ਸ਼ੌਕੀਨ
ਸਾਡੇ ਲਹੂ ਵਿਚ ਆ ਕੇ ਪ੍ਰਵੇਸ਼ ਨਾ ਕਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ

ਜਾਗ ਉਠਿਆ, ਮਜ਼ੂਰ, ਜਾਗ ਉਠਿਆ ਕਿਸਾਨ
ਤੋੜ ਦਿਆਂਗੇ ਫ਼ਰੇਬ, ਹੋਇਆ ਸਮੇਂ ਦਾ ਐਲਾਨ

ਕੋਈ ਹੱਕਾਂ ਦਿਆਂ ਅੱਖਰਾਂ ਨੂੰ ਮੇਸ ਨਾ ਧਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ

ਉਚੀ ਕਰਕੇ ਆਵਾਜ਼, ਮਜ਼ਦੂਰ ਨੇ ਹੈ ਕਹਿਣਾ
ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ
ਅੱਜ ਸਾਡੇ ਰਾਹਾਂ ਵਿਚ ਕੋਈ ਠੇਸ ਨਾ ਧਰੇ
ਆਖਣਾ ਸਮੇਂ ਦੀ ਸਰਕਾਰ ਨੂੰ
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

• • •

## ਤੋੜ ਦੇਣੀ ਲਹੂ ਪੀਣੀ ਜੋਕ

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ
ਅਸਾਂ ਤੋੜ ਦੇਣੀ
ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ

ਸਾਡੀ ਪੈਲੀਆਂ ਦਾ ਨੂਰ, ਚੜ੍ਹੇ ਵੇਖ ਕੇ ਸਰੂਰ
ਤੋੜ ਦਿਆਂਗੇ ਗ਼ਰੂਰ, ਤੇਰਾ ਜ਼ੋਰ ਵੇਹਲੜਾ
ਹੁਣ ਚੱਲਣਾ ਨੀ
ਹੁਣ ਚੱਲਣਾ ਨਹੀਂ, ਤੇਰਾ ਕੋਈ ਜ਼ੋਰ ਵੇਹਲੜਾ

ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸਭੇ
ਰੱਜਣਗੇ ਕਿਰਤੀ ਕਿਸਾਨ ਮੁੜ ਕੇ
ਜ਼ਰਾ ਹੱਲਾ ਮਾਰੋ
ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ

ਰੁੱਸੀਆਂ ਬਹਾਰਾਂ ਅਸੀਂ ਮੋੜ ਕੇ ਲਿਆਉਣੀਆਂ ਨੇ
ਆਖਦੇ ਨੇ ਲੋਕ ਹਿੱਕਾਂ ਠੋਕ ਹਾਣੀਆਂ
ਹੜ੍ਹ ਲੋਕਤਾ ਦਾ
ਹੜ੍ਹ ਲੋਕਤਾ ਦਾ ਕਿਹੜਾ ਸਕੇ ਰੋਕ ਹਾਣੀਆਂ

ਬਣ ਕੇ ਘਟਾਵਾਂ ਅਸੀਂ ਧਰਤੀ 'ਤੇ ਵਸਣਾ ਏ
ਧੋਆਂਗੇ ਗੁਬਾਰ ਜਿਹੜੇ ਵਿਚ ਪੌਣ ਦੇ
ਸਿਰ ਵੱਢਣੇ ਨੇ
ਸਿਰ ਵੱਢਣੇ ਨੇ ਵੀਹਵੀਂ ਸਦੀ ਦੇ ਰੌਣ ਦੇ

ਵਿਹਲੜਾਂ ਨੇ ਮਾਣਿਆਂ ਸਵਾਦ ਹੈ ਆਜ਼ਾਦੀਆਂ ਦਾ
ਕਾਮਿਆਂ ਦੀ ਜਾਨ ਲੀਰੋ ਲੀਰ ਹੋਈ ਏ
ਤੇਰੇ ਜ਼ੁਲਮਾਂ ਦੀ
ਤੇਰੇ ਜ਼ੁਲਮਾਂ ਦੀ, ਜ਼ਾਲਮਾਂ ਅਖ਼ੀਰ ਹੋਈ ਏ,

ਸੁਣ ਲਵੋ ਕਾਗੋ ਅਸੀਂ ਕਰ ਦੇਣਾ ਥੋਨੂੰ ਪੁੱਠੇ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ
ਰੋਟੀ ਬੱਚਿਆਂ ਦੇ
ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ

ਕਿਰਨਾਂ ਦਾ ਆਲ੍ਹਣਾ ਤਾਂ ਬਣੇਗਾ ਆਕਾਸ਼ ਵਿਚ
ਭੌਰ ਵੀ ਵਸੇਗਾ ਵਿਚ ਨਵੇਂ ਯੁੱਗ ਦਾ
ਸਾਨੂੰ ਸੁਰਗਾਂ ਦਾ
ਸਾਨੂੰ ਸੁਰਗਾਂ ਦਾ ਲਾਰਾ ਅੱਜ ਨਹੀਂਓ ਪੁੱਗਦਾ

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ
ਅਸਾਂ ਤੋੜ ਦੇਣੀ
ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ।

• • •

## ਵਸੀਅਤ

ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।

ਮੇਰੀ ਵੀ ਜ਼ਿੰਦਗੀ ਕੀ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ ਤੀਲ੍ਹੀ ਬੇਸ਼ੱਕ ਨਾ ਲਾਇਓ।

ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ ਕਣ ਕਣ ਮੇਰਾ ਜਲਾਇਓ।

ਵਲਗਣ 'ਚ ਕੈਦ ਹੋਣਾ ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ।

ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ।

• • •

## ਕੰਮੀਆਂ ਦਾ ਵਿਹੜਾ

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।

ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ....

ਜਿਥੇ ਰੂਹ ਬਣਗੀ ਇਕ ਹਾਵਾ ਹੈ
ਜਿਥੇ ਜ਼ਿੰਦਗੀ ਇਕ ਪਰਛਾਵਾ ਹੈ।
ਜਿਥੇ ਕੈਦ ਅਣਖ ਦਾ ਲਾਵਾ ਹੈ।
ਜਿਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ
ਤੂੰ ਮਘਦਾ ਰਹੀਂ ਵੇ....

ਜਿਥੇ ਲੋਕ ਬੜੇ ਮਜ਼ਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ.....

ਜਿਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ...

ਜੇ ਸੋਕਾ ਇਹ ਵੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ
ਜਿਥੇ ਫਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ
ਤੂੰ ਮਘਦਾ ਰਹੀਂ ਵੇ....

ਜਿਥੇ ਹਾਰ ਮੰਨ ਨਹੀਂ ਚਾਵਾਂ ਨੇ
ਜਿਥੇ ਕੂੰਜ ਘੇਰ ਲਈ ਕਾਵਾਂ ਨੇ
ਜਿਥੇ ਅਣਵਿਆਹੀਆਂ ਹੀ ਮਾਵਾਂ ਨੇ
ਜਿਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜੜੇਰੇ
ਤੂੰ ਮਘਦਾ ਰਹੀਂਵੇ....

ਜਿਥੇ ਰੋਟੀ ਵਿਚ ਮਨ ਘੁੱਟਿਆ ਹੈ
ਜਿਥੇ ਨੇਰ੍ਹਾ ਦੱਬ ਕੇ ਜੁੱਟਿਆ ਹੈ
ਜਿਥੇ ਗ਼ੈਰਤ ਦਾ ਤਗ ਟੁੱਟਿਆ ਹੈ
ਜਿਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਤੂੰ ਮਘਦਾ ਰਹੀਂ ਵੇ....

ਤੂੰ ਆਪਣਾ ਆਪ ਮਚਾਂਦਾ ਹੈਂ
ਪਰ ਆਪਾ ਹੀ ਰਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਤੂੰ ਮਘਦਾ ਰਹੀਂ ਵੇ....

• • •

## ਵਰ ਕਿ ਸਰਾਪ ?

ਮੇਰੇ ਰੱਬਾ ਜੇ ਮੇਰੇ 'ਤੇ ਮਿਹਰ ਕਰਦਾ
ਘਰੇ ਕਿਰਤੀ ਦੇ ਦਿੰਦਾ ਨਾ ਜਨਮ ਮੈਨੂੰ
ਇਹ ਵੀ ਗ਼ਲਤੀ ਜੇ ਭੁੱਲਕੇ ਹੋ ਗਈ ਸੀ
ਕਾਹਨੂੰ ਦਿੱਤੀ ਸੀ ਕਵਿਤਾ ਤੇ ਕਲਮ ਮੈਨੂੰ

ਕੱਲੀ ਕਲਮ ਜੇ ਹੁੰਦੀ ਤਾਂ ਸਾਰ ਲੈਂਦਾ
(ਪਰ) ਮੱਲੋ ਮੱਲੀ ਤੂੰ ਅਣਖ ਤੇ ਲਾਜ ਦਿੱਤੀ
ਤੈਨੂੰ ਕਾਵਾਂ ਨੇ ਕਿਹਾ ਜ਼ਰੂਰ ਹੋਣੈ
ਖ਼ਬਰੇ ਕੋਇਲ ਦੀ ਤਾਂਹੀਓਂ ਆਵਾਜ਼ ਦਿੱਤੀ

ਸੱਚ, ਨਿਮਰਤਾ, ਭੁੱਖ ਤੇ ਦੁੱਖ ਦਿੱਤਾ
ਦਾਤਾਂ ਵਿਚ ਜੋ ਤੂੰ ਦਾਤਾਰ ਦਿੱਤਾ
ਤੇਰੀ ਉਦੋਂ ਸ਼ੈਤਾਨੀ ਦਾ ਪਤਾ ਲੱਗੇ,
ਜਦੋਂ ਵਿਚੇ ਤੂੰ ਲੋਕਾਂ ਦਾ ਪਿਆਰ ਦਿੱਤਾ।

ਲੋਕ ਪਿਆਰ ਦੀ ਗੁਥਲੀ ਜੇ ਖੋਲ੍ਹਦਾ ਨਾ
ਕਵਿਤਾ ਕਰਦੀ ਨਾ ਕਦੇ ਖੁਆਰ ਮੈਨੂੰ
ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ

ਤਿੰਨ ਬੰਦਰਾਂ 'ਤੇ ਮਹਾਂਕਾਵਿ ਲਿਖਕੇ
ਹੁਣ ਨੂੰ ਕੋਈ ਕਿਤਾਬ ਛਪਾਈ ਹੁੰਦੀ
ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ
ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ

ਪੁੱਠੇ ਬਲਦਾਂ ਨੂੰ ਜਦ ਕੋਈ ਕੁੜੀ ਪਾਉਂਦੀ
ਤਵਾ ਸਾਡਾ ਸਪੀਕਰ 'ਤੇ ਲੱਗ ਜਾਂਦਾ
ਟੈਲੀਵਿਜ਼ਨ 'ਤੇ ਕਿਸੇ ਮੁਟਿਆਰ ਦੇ ਸੰਗ
ਸਾਡੇ ਗਾਉਣ ਦਾ ਸਮਾਂ ਵੀ ਬੱਝ ਜਾਂਦਾ

ਲੰਡਨ ਵਿਚ ਵਿਸਾਖੀ ਦੀ ਸਾਈ ਹੁੰਦੀ
ਪੈਰ ਧੋਣੇ ਸੀ ਸਾਡੇ ਧਨਵੰਤੀਆਂ ਨੇ
ਗੱਫਾ ਦੇਗ ਦਾ ਪੰਜਾਂ ਪਿਆਰਿਆਂ 'ਚੋਂ
ਸਾਨੂੰ ਪਹਿਲਾਂ ਸੀ ਦੇਣਾ ਗ੍ਰੰਥੀਆਂ ਨੇ।

ਸਾਡੀ ਲੰਡਨ ਦੀ ਟਿਕਟ ਦੇ ਨਾਲ ਨੱਥੀ
ਸਾਡੀ ਪਤਨੀ ਦਾ ਟਿਕਟ ਵੀ 'ਬਾਈਂਡ' ਹੁੰਦਾ
ਕੱਚੇ ਕੋਠੇ ਵਿਚ ਬਾਕੀ ਤਾਂ ਜੰਮ ਲਏ ਸੀ
ਇਕ ਬੱਚਾ ਤਾਂ 'ਮੇਡ ਇਨ ਇੰਗਲੈਂਡ' ਹੁੰਦਾ

ਮੇਰੇ ਜਿੰਨੀ ਸੀ ਵਿਹੜੇ ਨੂੰ ਅਕਲ ਕਿਥੇ?
ਗੱਲ-ਗੱਲ 'ਤੇ ਸਾਡੀ ਅਗਵਾਈ ਹੁੰਦੀ
ਤੜਕੇ ਕੀਹਦੇ ਹੈ ਘਰੇ ਹਨੇਰ ਪਾਉਣਾ
ਨਾਲ ਪੁਲਿਸ ਦੇ ਸੀਟੀ ਮਿਲਾਈ ਹੁੰਦੀ

ਘਰੇ ਆਪਣੀ ਨਹੀਂ ਤਾਂ ਕਿਸੇ ਦੀ ਹੀ
ਕਾਰ ਕਦੇ ਕਦਾਈਂ ਤਾਂ ਖੜ੍ਹੀ ਰਹਿੰਦੀ
ਨਾਲੇ ਵਿਹੜੇ ਦੀਆਂ ਭੰਗਣਾਂ ਸ਼ੀਰਨਾਂ ਵਿਚ
ਸਾਡੀ ਤੀਵੀਂ ਦੀ ਗੁੱਡੀ ਵੀ ਚੜ੍ਹੀ ਰਹਿੰਦੀ

ਲੋਕ ਪਿਆਰ ਦਾ ਕੇਹਾ ਤੈਂ ਵਰ ਦਿੱਤੇ
ਕਿ ਸਾਡੇ ਲੱਗੀ ਸਰਾਪਾਂ ਦੀ ਝੜੀ ਰਹਿੰਦੀ
ਲੈ ਕੇ ਕੱਫਣ ਸਰਾਹਣੇਂ ਹਾਂ ਨਿੱਤ ਸੌਂਦੇ
ਚੱਤੋਂ ਪਹਿਰ ਦਿਮਾਗ਼ ਵਿਚ ਮੜ੍ਹੀ ਰਹਿੰਦੀ।

• • •

## ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ...

ਗਲ ਲੱਗ ਕੇ ਸਰੀਰ ਦੇ ਜੱਟ ਰੋਵੇ
ਬੋਹਲਾਂ ਵਿਚੋਂ ਨੀਰ ਵਗਿਆ
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ
ਤੂੜੀ ਵਿਚੋਂ ਪੁੱਤ 'ਜੱਗਿਆ'

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ
ਮੇਰੀਏ ਜੁਆਨ ਕਣਕੇ
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇ
ਤੂੰ ਸੋਨੇ ਦਾ ਪਟੋਲਾ ਬਣ ਕੇ
ਤੂੰ ਵੀ ਬਣ ਗਿਆ ਗਮਾਂ ਦਾ ਗੁਮੰਤਰੀ
ਓ! ਮੇਰੇ ਬੇਜ਼ੁਬਾਨ ਢੱਗਿਆ
ਗਲ ਲੱਗ ਕੇ....

ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ
ਤੇ ਖਾਦ ਖਾ ਗੀ ਹੱਡ ਖਾਰ ਕੇ
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ
ਬੋਹਲ ਨੂੰ ਖੰਘੂਰਾ ਮਾਰ ਕੇ
ਸਾਨੂੰ ਬਿਜਲੀ ਝਟੋਕਾ ਏਨਾ ਮਾਰਿਆ
ਕਿ ਸੱਧਰਾਂ ਨੂੰ ਲਾਂਬੂ ਲੱਗਿਆ
ਗਲ ਲੱਗ ਕੇ....

ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ
ਮੈਂ ਤੇਰੀਆਂ ਜੁਆਨ ਸੱਧਰਾਂ
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ
ਹੈ ਸਾਡੀਆਂ ਸਮਾਜੀ ਕਦਰਾਂ
ਧੀਏ ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ
ਕਿਉਂ ਚੰਨ ਨੂੰ ਸਰਾਪ ਲੱਗਿਆ?
ਗਲ਼ ਲੱਗ ਕੇ.....

ਸੁੱਕੇ ਜਾਣ ਨਾਂ ਬੋਹਲ੍ਹਾਂ ਦਾ ਮਾਰ ਮਗਰਾ
ਜੋ ਮਾਰਦੇ ਨੇ ਜਾਂਦੇ ਚਾਂਗਰਾਂ
ਅੱਜ ਝੱਖੜਾਂ ਨੇ ਤੂੜੀ ਨੂੰ ਬਖੇਰਿਆ
ਹੈ ਖੇਤਾਂ 'ਚ ਬਰੂਦ ਵਾਂਗਰਾਂ
ਹੁਣ ਸਾਡਿਆਂ ਹੀ ਹੱਥਾਂ ਨੇ ਹੈ ਚੋਵਣਾਂ
ਜੋ ਮਿਹਨਤਾਂ ਨੂੰ ਮਾਖੋ ਲੱਗਿਆ
ਗਲ਼ ਲੱਗ ਕੇ.....

• • •

## ਖ਼ੈਰ ਸੁੱਖ

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ
ਖ਼ੈਰ-ਸੁੱਖ ਦਾ ਸੁਨੇਹੜਾ ਲਿਆ
ਓਸ ਮਾਂ ਦਾ ਬਣਿਆ ਕੀ
'ਆਂਦਰਾਂ ਦੀ ਅੱਗ' ਜੀਹਦੀ, ਗਈ ਕਸਤੂਰੀਆਂ ਖਿੰਡਾ?

ਭਾਰ ਉਹਦੇ ਬਾਪੂ ਦਾ ਨੀ ਕੁੱਬੀ ਹੋਈ ਕੰਡ ਉਤੋਂ
ਕਿਸੇ ਨੇ ਵੰਡਾਇਆ ਸੀ ਕਿ ਨ੍ਹਾਂ?
ਸੁਣੀਂਦਾ ਸੀ ਭੈਣ ਉਹਦੀ ਸਾਂਭ ਕੇ ਸੁਗੰਧੀਆਂ ਨੂੰ
ਜਾਣਾ ਹੈ ਸੀ ਓਪਰੇ ਗਰਾਂ
ਜੀਹਦਾ ਵੀਰ ਅੱਜ ਖੱਟੀ ਚੁੰਨੀ ਨ੍ਹਾ ਲਿਆਇਆ
ਉਹਨੂੰ ਕਿੰਨਾ ਕੁ ਏ ਤੀਆਂ ਦਾ ਨੀ ਚਾਅ?
ਮਾਰੇ ਗਏ ਮਿੱਤਰਾਂ ਦੇ....

ਰਾਠਾਂ ਦੀ ਹਵੇਲੀ ਮੂਹਰੋਂ ਲੰਘਣਾ ਖੰਘੂਰਾ ਮਾਰ
(ਕਿਤੇ) ਭੁੱਲੇ ਤਾਂ ਨੀ ਓਸਦੇ ਭਰਾ
ਗੀਤਾਂ ਦੇ ਕਸਾਈ ਕਿਤੇ ਉਸ ਦੀ ਮਾਸ਼ੂਕ ਕੋਲੋਂ
ਗਾਣੇ ਤਾਂ ਨ੍ਹੀ ਰਹੇ ਸੀ ਗਵਾ
ਉਸ ਦੇ ਮੁਹਾਂਦਰੇ ਦਾ ਪਿੰਡ ਦੀ ਜਵਾਨੀ ਉਤੇ
ਚੜ੍ਹਿਐ ਜਾਂ ਨਹੀਂ ਕੋਈ ਪਾਹ
ਮਾਰੇ ਗਏ ਮਿੱਤਰਾਂ ਦੇ.....

ਪਿੰਡ ਦੇ ਕਸਾਈਖਾਨੇ ਕੋਲੋਂ ਜਦੋਂ ਲੰਘੀ ਸੀ ਤੂੰ
ਕਿੰਨਾ ਕੁ ਸੀ ਜ਼ੁਲਮਾਂ ਦਾ ਤਾਅ
ਦੱਸ ਮੇਰੇ ਵੀਰਨੇ ਤੋਂ ਕਿਹੜੀ ਗੱਲ ਪੁੱਛਦੇ ਸੀ
ਸੱਥ ਵਿਚ ਪੁੱਠਾ ਲਟਕਾ
ਜ਼ੁਲਮਾਂ ਦੇ ਹੌਸਲੇ 'ਚ ਪਿੰਡ ਦਿਆਂ ਚੌਧਰੀਆਂ
ਖਾਧਾ ਹੋਣੈ ਰੱਜ ਕੇ ਕੜਾਹ
ਮਾਰੇ ਗਏ ਮਿੱਤਰਾਂ ਦੇ....

ਸੁਣੀਂਦਾ ਏ 'ਕਾਗਜ਼ਾਂ ਦੇ ਸ਼ੇਰ' ਉਹਨੂੰ ਕਹਿੰਦੇ ਸਾਨੂੰ
'ਕਿਰਨਾਂ ਦਾ ਕਾਫ਼ਲਾ' ਫੜਾ
ਉਹਦੇ ਬੋਲਾਂ ਵਿਚੋਂ ਜੋ ਸੁਗੰਧੀਆਂ ਤੂੰ ਚੂਸੀਆਂ ਨੇ
ਹਾੜੇ ਮੇਰੇ ਬੋਲਾਂ ਨੂੰ ਛੁਹਾ
ਨੂੜੇ ਹੋਏ ਅੰਗਾਂ ਨੇ ਨੀ, ਤਿੱਖੀਆਂ ਸੰਗੀਨਾਂ ਮੂਹਰੇ
ਕੀਤਾ ਸੀ ਮੁਕਾਬਲਾ ਕਿ ਨ੍ਹਾ
ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ
ਖੈਰ ਸੁੱਖ ਦਾ ਸੁਨੇਹੜਾ ਲਿਆ

• • •

## ਮਾਂ ਧਰਤੀਏ

ਜੀਹਦੇ ਨਰਮੇ ਕਪਾਹਾਂ ਦੇ ਵਿਚ ਮੇਰੀ
ਮਾਂ ਮਰਗੀ ਕਿਰਤਾਂ ਦੀ ਕੂਕ ਬਣ ਕੇ
ਜੀਹਦੇ ਟਿੱਬਿਆਂ ਅੰਦਰ ਹੈ ਬਾਪ ਮੇਰਾ
ਰੁਲਿਆ ਪਿਆ ਏ ਰੇਤੇ ਦੀ ਹੂਕ ਬਣ ਕੇ
ਮਾਂ ਧਰਤੀਏ ਸਦਾ ਸੁਹਾਗਣੇ ਨੀ
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ

ਜਿਥੇ ਮਾਂ ਦੀ ਲਾਵਾਰਸ ਲਾਸ਼ ਉਤੇ
ਬੈਠਾ ਬਾਲ ਕੋਈ ਨਹਿਰ ਵਿਚ ਜਾਏ ਤਰਦਾ
ਸਾਡੇ ਬੋਹਲਾਂ ਦੀ ਕਣਕ ਦਾ ਰੰਗ ਜਿਥੇ
ਕਾਲ਼ੀ ਕੁਰਸੀ ਦੇ ਰੰਗ ਵਿਚ ਜਾਏ ਰਲ਼ਦਾ
ਮਾਂ ਧਰਤੀਏ ਸਦਾ ਸੁਹਾਗਣੇ ਨੀ
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ

ਜੀਹਦੇ ਸੋਹਣਿਆਂ ਸ਼ਹਿਰਾਂ ਦੀ ਸ਼ਾਨ ਮੂਹਰੇ
ਝੁਕੇ ਪਏ ਨੇ ਪਿੰਡ ਕਮਾਨ ਵਾਂਗੂੰ
ਅਰਥਚਾਰਾ ਹੈ ਵੇਸਵਾ ਵਾਂਗ ਜਿਸ ਦਾ
ਝੋਲੀ ਜੀਹਦੀ ਬੇਅਣਖੇ ਇਨਸਾਨ ਵਾਂਗੂੰ
ਮਾਂ ਧਰਤੀਏ ਸਦਾ ਸੁਹਾਗਣੇ ਨੀ
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ

ਜੀਹਦੇ ਲੋਕਾਂ ਨੇ ਗੁਰੂ ਗੋਬਿੰਦ ਵਰਗਾ
ਲੋਕ ਝਿੜੀ ਦੇ ਵਿਚ ਲੁਕੋ ਲਿਆ ਹੈ
ਜੀਹਦੀ ਗੋਦ ਪੁੱਤਰਾਂ ਨਕਸਲਬਾੜੀਆਂ ਦਾ
ਸੇਕ ਸਾਰਾ ਹੀ ਸੀਨੇ ਸਮੋ ਲਿਆ ਹੈ
ਮਾਂ ਧਰਤੀਏ ਸਦਾ ਸੁਹਾਗਣੇ ਨੀ
ਮੇਰੇ ਯਾਰਾਂ ਨੂੰ ਜਨਮ ਤੂੰ ਦੇਈਂ ਉਥੇ।

• • •

# ਪੰਜਾਬ ਦਾ ਅਗਲਾ ਮੁੱਖ ਮੰਤਰੀ ਭਾਜਪਾ ਆਗੂ ਹੋ ਸਕਦੈ

**ਦਰਬਾਰਾ ਸਿੰਘ ਕਾਹਲੋਂ**






ਫਰਾਂਸੀਸੀ ਇਨਕਲਾਬ ਬਾਰੇ ਫਰਾਂਸੀਸੀ ਚਿੰਤਕ ਅਤੇ ਕਵੀ ਵਿਕਟਰ ਹਿਊਗੋ ਨੇ ਬੜੇ ਖ਼ੂਬਸੂਰਤ, ਇਤਿਹਾਸਕ ਅਤੇ ਫਿਲਾਸੋਫਿਕ ਸ਼ਬਦਾਂ ਵਿਚ ਬਿਆਨ ਕੀਤਾ ਕਿ ਫੌਜਾਂ ਦਾ ਹਮਲਾ ਤਾਂ ਰੋਕਿਆ ਜਾ ਸਕਦਾ ਹੈ ਪਰ ਵਿਚਾਰਾਂ ਦਾ ਹਮਲਾ ਨਹੀਂ ਰੋਕਿਆ ਜਾ ਸਕਦਾ। ਸੋ ਜਿਸ ਵਿਚਾਰ ਦਾ ਸਮਾਂ ਆ ਗਿਆ ਹੋਵੇ ਉਸ ਨੂੰ ਕੋਈ ਤਾਕਤ ਨਹੀਂ ਰੋਕ ਸਕਦੀ।

ਭਾਰਤ ਵਰਗੇ ਵਿਸ਼ਾਲ ਦੇਸ਼ ਦੀ ਸੱਤਾ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੀ ਵਿਚਾਰਧਾਰਾ ਦਾ ਭਾਰਤੀ ਜਨਤਾ ਪਾਰਟੀ ਦੇ ਮਾਧਿਅਮ ਰਾਹੀਂ ਕਬਜ਼ਾ ਇਸ ਪ੍ਰਕਿਰਿਆ ਦਾ ਨਤੀਜਾ ਹੈ। ਇਹ ਕਿਸੇ ਵਿਅਕਤੀ ਵਿਸ਼ੇਸ਼ ਕਰਕੇ ਸੱਤਾ ਪ੍ਰਾਪਤ ਨਹੀਂ, ਤਾਕਤਵਾਰ ਵਿਚਾਰਧਾਰਾ ਅਤੇ ਸੰਗਠਨ ਕਰਕੇ ਸੱਤਾ ਪ੍ਰਾਪਤੀ ਹੈ। ਆਰ. ਐਸ. ਐਸ. ਸੰਗਠਨ ਸ਼ਕਤੀ ਇਸ ਕਾਰਜ ਲਈ ਦੇਸ਼ ਆਜ਼ਾਦੀ ਸਮੇਂ ਤੋਂ ਜਦੋ-ਜਹਿਦ ਕਰਦੀ ਚਲੀ ਆ ਰਹੀ ਸੀ।

ਰਾਸ਼ਟਰੀ ਪੱਧਰ 'ਤੇ ਪੂਰੇ ਆਤਮ ਵਿਸ਼ਵਾਸ ਅਤੇ ਤਨਦੇਹੀ ਨਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਰਕਾਰੀ ਢਾਂਚੇ ਅੰਦਰ ਪਿਛਲੇ 67 ਸਾਲਾਂ ਤੋਂ ਪੈਦਾ ਹੋਏ ਭ੍ਰਿਸ਼ਟਾਚਾਰ, ਲਾਲ ਫੀਤਾ ਸ਼ਾਹੀ, ਖੜੋਤ ਭਰੀ ਗੰਦਗੀ ਦੇ ਬਦਬੂਦਾਰ ਤੰਤਰ ਨੂੰ ਰਾਜਨੀਤਕ ਇੱਛਾ ਸ਼ਕਤੀ ਦੇ ਵਿਚਾਰਧਾਰਕ ਝਾੜੂ ਨਾਲ ਸਾਫ਼ ਕਰਕੇ, ਸਰਬ ਭਾਰਤੀ ਸੇਵਾਵਾਂ (ਕੰਡਕਟ) ਕਾਨੂੰਨ-1968 ਰਾਸ਼ਟਰੀ ਅਤੇ ਜਨਤਕ ਹਿੱਤ ਵਿਚ ਸੋਧ ਕੇ, ਛੋਟੇ ਗੁਆਂਢੀ ਦੇਸ਼ਾਂ, ਜਾਪਾਨ, ਰੂਸ, ਚੀਨ ਅਤੇ ਅਮਰੀਕਾ ਨਾਲ ਰਾਜਨੀਤਕ, ਆਰਥਿਕ, ਡਿਪਲੋਮੈਟਿਕ ਸਬੰਧਾਂ ਵਿਚ ਸੁਖਾਵੀਆਂ ਸੋਧਾਂ, ਦੇਸ਼ ਅੰਦਰ ਜਨ ਧੰਨ ਅਤੇ ਸਵੱਛ ਭਾਰਤ ਸਕੀਮਾਂ, ਆਰਥਿਕ ਮਜ਼ਬੂਤੀ, ਕੀਮਤਾਂ 'ਤੇ ਕੰਟਰੋਲ ਆਦਿ ਰਾਹੀਂ ਜੋ ਨਵਾਂ ਨਰੋਆ ਪ੍ਰਗਤੀਸ਼ੀਲ ਢਾਂਚਾ ਆਪਣੀ ਸਰਕਾਰ ਦੇ ਪਹਿਲੇ ਚਾਰ ਮਹੀਨਿਆਂ ਵਿਚ ਖੜ੍ਹਾ ਕੀਤਾ, ਉਸ ਨਾਲ ਪੂਰੇ ਰਾਸ਼ਟਰ ਅੰਦਰ ਰਾਜਨੀਤਕ ਸਥਿਤੀਆਂ ਨੇ ਬੜੀ ਤੇਜ਼ੀ ਨਾਲ ਕਰਵਟਾਂ ਬਦਲਣੀਆਂ ਸ਼ੁਰੂ ਕਰ ਦਿੱਤੀਆਂ।

ਆਪਣੇ ਰਾਜਨੀਤਕ, ਆਰਥਿਕ, ਸਭਿਆਚਾਰਕ ਏਜੰਡੇ ਨੂੰ ਤੇਜ਼ੀ ਨਾਲ ਲਾਗੂ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਰਾਜਾਂ ਵਿਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਚਾਹੁੰਦੇ ਹਨ। ਇਸੇ ਲਈ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਅਮਿਤ ਸ਼ਾਹ ਮਹਾਂਰਾਸ਼ਟਰ ਅਤੇ ਹਰਿਆਣਾ ਪ੍ਰਾਂਤਾਂ ਵਿਚ ਚੋਣ ਮੈਦਾਨ ਵਿਚ ਕੁੱਦਣ ਤੋਂ ਪਹਿਲਾਂ ਬੜੀ ਬੇਬਾਕੀ ਨਾਲ ਐਲਾਨ ਕੀਤਾ ਸੀ ਕਿ ਇਨ੍ਹਾਂ ਰਾਜਾਂ ਵਿਚ ਪਾਰਟੀ ਆਪਣੇ ਵਿਚਾਰਧਾਰਕ ਸੰਗਠਨ, ਸੰਗਠਨਾਤਮਿਕ, ਯੁਧਨੀਤਕ ਚੋਣ ਮੁਹਿੰਮ ਬਲਬੂਤੇ ਬਹੁਮਤ ਪ੍ਰਾਪਤ ਕਰੇਗੀ। ਕਿਸੇ ਵੀ ਤਰ੍ਹਾਂ ਦੇ ਰਾਜਨੀਤਕ ਗਠਜੋੜ ਸਾਰੇ ਬਾਅਦ ਵਿਚ ਸੋਚਿਆ ਜਾਵੇਗਾ। 'ਯੋ ਪਾਰਟੀ (ਭਾਜਪਾ) ਏਕ ਅੰਦੋਲਨ ਹੈ। ਵਿਚਾਰਧਾਰਾ ਇਸ ਕੇ ਪ੍ਰਾਨ ਹੈਂ' ਉਨ੍ਹਾਂ ਦਾ ਦੋ ਟੁੱਕ ਕਹਿਣਾ ਸੀ।

ਹਰਿਆਣਾ ਅੰਦਰ ਪੰਜਾਬ ਅਤੇ ਐਨ. ਡੀ. ਏ. ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਭ੍ਰਿਸ਼ਟਾਚਾਰੀ ਅਤੇ ਪਰਿਵਾਰਵਾਦੀ ਇਨੈਲੋ ਦੀ ਪੂਰੇ ਲਾਮ-ਲਸ਼ਕਰ ਨਾਲ ਹਮਾਇਤ ਦੇ 90 ਮੈਂਬਰੀ ਵਿਧਾਨ ਸਭਾ ਵਿਚ 47 ਸੀਟਾਂ ਜਿੱਤ ਕੇ ਪੂਰਨ ਬਹੁਮਤ ਪ੍ਰਾਪਤ ਕਰਨਾ, ਮਹਾਂਰਾਸ਼ਟਰ ਅੰਦਰ ਪਿਛਲੇ 25 ਸਾਲ ਤੋਂ ਸਹਿਯੋਗੀ ਸ਼ਿਵ ਸੈਨਾ ਦੇ ਵਿਰੋਧ ਦੇ ਬਾਵਜੂਦ ਛੋਟੇ ਸਹਿਯੋਗੀਆਂ ਨਾਲ ਮਿਲ ਕੇ 288 ਮੈਂਬਰੀ ਵਿਧਾਨ ਸਭਾ ਵਿਚ 123 ਸੀਟਾਂ ਹਾਸਲ ਕਰਨ ਜਿਹੀਆਂ ਅਸਾਧਾਰਨ ਸਫ਼ਲਤਾਵਾਂ ਨੇ ਆਰ. ਐਸ. ਐਸ. ਅਤੇ ਭਾਜਪਾ ਵਿਚ ਅੰਦਰ ਇਕ ਨਵੀਂ ਰੂਹ ਅਤੇ ਉਤਸ਼ਾਹ ਪੈਦਾ ਕਰ ਦਿੱਤਾ। ਦੋਹਾਂ ਰਾਜਾਂ ਵਿਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਗਠਤ ਹੋਈਆਂ। ਹੁਣ ਅੱਗੋਂ ਜੰਮੂ ਕਸ਼ਮੀਰ ਅਤੇ ਝਾਰਖੰਡ ਵਿਚ ਪੂਰੇ ਜੋਸ਼ੋ ਖਰੋਸ਼ ਨਾਲ ਭਾਜਪਾ ਆਪਣੀਆਂ ਸਰਕਾਰਾਂ ਦੇ ਗਠਨ ਵਲ ਵਧੇਗੀ।

ਪੰਜਾਬ ਵਿਚ ਵੀ ਐਸੇ ਰਾਜਨੀਤਕ ਬਦਲ ਅਤੇ ਮੋਦੀ ਲਹਿਰ ਦੀ ਸੁਨਾਮੀ ਦਸਤਕ ਦੇਣ ਲੱਗ ਪਈ ਹੈ। ਪਿਛਲੇ ਪੌਣੇ ਅੱਠ ਸਾਲਾਂ ਤੋਂ ਅਕਾਲੀ ਭਾਜਪਾ ਸਰਕਾਰ ਦੇ ਕੁਸ਼ਾਸਨ, ਵਿਕਾਸ ਅੰਦਰ ਖੜੋਤ, ਆਰਥਿਕ ਮੰਦਹਾਲੀ, ਨੌਜਵਾਨ ਸ਼ਕਤੀ ਦਾ ਨਸ਼ੀਲੇ ਪਦਾਰਥਾਂ ਦੇ ਸ਼ਿਕਾਰ, ਪਰਿਵਾਰਵਾਦੀ ਏਕਾਧਿਕਾਰ ਅਤੇ ਜਨਤਾ ਅੰਦਰ ਪੈਦਾ ਹੋਈ ਬੇਵਿਸ਼ਵਾਸੀ ਕਰਕੇ ਆਰ. ਐਸ. ਐਸ. ਅਤੇ ਭਾਜਪਾ ਬੁਰੀ ਤਰ੍ਹਾਂ ਆਹਤ ਹੋਈ ਪਈ ਹੈ। ਕੇਂਦਰੀ ਵਿੱਤ ਅਤੇ ਰੱਖਿਆ ਮੰਤਰੀ ਸ੍ਰੀ ਅਰੁਣ ਜੇਤਲੀ ਦੀ ਨਮੋਸ਼ੀ ਭਰੀ ਹਾਰ ਤੋਂ ਅਜੇ ਤੱਕ ਭਾਜਪਾ ਉਭਰੀ ਨਹੀਂ ਸੀ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਅੰਦਰ ਸ਼੍ਰੋਮਣੀ ਅਕਾਲੀ ਦਲ ਵਲੋਂ ਭ੍ਰਿਸ਼ਟ ਅਤੇ ਪਰਿਵਾਰਵਾਦੀ ਪਾਰਟੀ ਇਨੈਲੋ ਨਾਲ ਗਠਜੋੜ ਨੇ ਭਾਜਪਾ ਦੀ ਰਾਸ਼ਟਰੀ ਅਤੇ ਪ੍ਰਾਂਤਿਕ ਲੀਡਰਸ਼ਿਪ ਨੂੰ ਬਹੁਤ ਬੁਰੀ ਤਰ੍ਹਾਂ ਆਹਤ ਕੀਤਾ। ਜਿਸ ਤੋਂ ਦੁਖੀ ਹੋ ਕੇ ਅਕਾਲੀ ਦਲ ਦੇ ਪੋਲ ਖੋਲ੍ਹਣ ਅਤੇ ਇਸ 'ਤੇ ਸਿੱਧਾ ਹਮਲਾ ਕਰਨ ਲਈ ਸਾਬਕਾ ਕ੍ਰਿਕਟਰ ਸਾਂਸਦ ਸ੍ਰੀ ਨਵਜੋਤ ਸਿੰਘ ਸਿੱਧੂ ਨੂੰ ਚੋਣ ਮੈਦਾਨ ਵਿਚ ਭੇਜਣਾ ਪਿਆ।

ਇਨ੍ਹਾਂ ਚੋਣਾਂ ਦੇ ਨਤੀਜਿਆਂ ਨੇ ਰਾਸ਼ਟਰ ਅਤੇ ਪ੍ਰਾਂਤਿਕ ਪੱਧਰ 'ਤੇ ਪਰਿਵਾਰਵਾਦ ਅਤੇ ਪਰਿਵਾਰਵਾਦੀ ਏਕਾਧਿਕਾਰ ਅਤੇ ਭ੍ਰਿਸ਼ਟਾਚਾਰ ਨੂੰ ਭਵਿੱਖ ਵਿਚ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਸ੍ਰੀ ਮੋਦੀ ਦੇ ਕਾਂਗਰਸ ਮੁਕਤ ਭਾਰਤ ਨਾਲੋਂ ਵੀ ਦੋ ਕਦਮ ਅੱਗੇ ਵਧਦੇ ਨਹਿਰੂ-ਗਾਂਧੀ ਪਰਿਵਾਰ ਮੁਕਤ ਕਾਂਗਰਸ ਅਤੇ ਭਾਰਤ, ਸ਼ਰਦ ਪਵਾਰ ਪਰਿਵਾਰ ਅਤੇ ਮੁੰਡਲੀ ਪਰਿਵਾਰਾਂ ਮੁਕਤ ਮਹਾਂਰਾਸ਼ਟਰ, ਭ੍ਰਿਸ਼ਟ ਚੌਟਾਲਾ, ਹੁੱਡਾ, ਬੰਸੀ ਲਾਲ, ਭਜਨ ਲਾਲ ਪਰਿਵਾਰਾਂ ਮੁਕਤ ਹਰਿਆਣਾ ਦੀ ਰਾਜਨੀਤੀ 'ਤੇ ਮੋਹਰ ਲਾਈ ਹੈ। ਭਾਰਤੀ ਰਾਜਨੀਤੀ ਅੰਦਰ ਭਵਿੱਖ ਹੇਠਲੇ ਪੱਧਰ 'ਤੇ ਜਨਤਾ ਨਾਲ ਜੁੜੇ ਸਵੱਛ ਸਵੀ ਵਾਲਾ ਭ੍ਰਿਸ਼ਟਾਚਾਰ ਰਹਿਤ ਕਿਸੇ ਪਰਿਵਾਰ ਦਾ ਰਾਜਨੀਤਕ ਆਗੂ ਤਾਂ ਭਾਵੇਂ ਕਿਤੇ ਟਿਕ ਸਕੇ, ਲੇਕਿਨ ਦੇਸ਼ ਆਜ਼ਾਦੀ ਕਾਲ ਤੋਂ ਇਹ ਪਰਿਵਾਰਵਾਦ ਆਧਾਰ ਏਕਾਧਿਕਾਰਵਾਦੀ ਭ੍ਰਿਸ਼ਟਾਚਾਰੀ ਲੁਟੇਰੇ ਹੁਣ ਰਾਜਨੀਤੀ ਵਿਚ ਨਹੀਂ ਟਿਕ ਸਕਣਗੇ। ਇਹ ਲਹਿਰ ਦੱਖਣੀ ਰਾਜਾਂ ਨੂੰ ਆਪਣੀ ਲਪੇਟ 'ਚ ਲੈ ਲਵੇਗੀ।

ਵਿਸ਼ਵ ਪ੍ਰਸਿੱਧ ਅਖ਼ਬਾਰ 'ਵਾਲ ਸਟਰੀਟ ਜਰਨਲ' ਨੇ ਆਪਣੇ ਇਕ ਵਿਸ਼ਲੇਸ਼ਣਾਤਮਿਕ ਲੇਖ ਵਿਚ ਭਾਰਤ ਅੰਦਰ ਪਰਿਵਾਰਵਾਦੀ ਰਾਜਨੀਤੀ ਦੇ ਅੰਤ ਬਾਰੇ ਸਪਸ਼ਟ ਭਵਿੱਖਬਾਣੀ ਕੀਤੀ ਹੈ। ਜਿਸ ਨਹਿਰੂ-ਗਾਂਧੀ ਪਰਿਵਾਰ ਨੇ ਆਜ਼ਾਦੀ ਬਾਅਦ ਭਾਰਤੀ ਰਾਜਨੀਤੀ ਅਤੇ ਸਰਕਾਰਾਂ ਦੀ ਅਗਵਾਈ ਕੀਤੀ ਉਸ ਦਾ ਹੁਣ ਲੋਕ ਨਾਮ ਸੁਣਨ ਨੂੰ ਰਾਜ਼ੀ ਨਹੀਂ। 'ਕੈਸ਼ ਐਂਡ ਕੈਰੀ' ਨੀਤੀ ਵਾਲੀ ਸੋਨੀਆ ਗਾਂਧੀ, ਉਸਦਾ ਪੁੱਤਰ ਰਾਹੁਲ ਅਤੇ ਪੁੱਤਰੀ ਪ੍ਰਿਅੰਕਾ ਆਪਣੀ ਇੱਜ਼ਤ ਅਤੇ ਪ੍ਰਭਾਵ ਗੁਆ ਬੈਠੇ ਹਨ। ਵੱਡੀਆਂ ਗਲਤੀਆਂ ਦੇ ਬਾਵਜੂਦ ਸ੍ਰੀਮਤੀ ਇੰਦਰਾ ਗਾਂਧੀ ਮੀਡੀਏ ਅਤੇ ਲੋਕਾਂ ਵਿਚ ਥੋੜ੍ਹੀ ਬਹੁਤੀ ਇੱਜ਼ਤ ਅਤੇ ਪ੍ਰਭਾਵ ਰੱਖਦੀ ਸੀ। 'ਇੰਦਰਾ ਹੀ ਕਾਂਗਰਸ ਹੈ' ਦਾ ਪ੍ਰਭਾਵ ਵੀ ਰੱਖਦੀ ਸੀ ਪਰ ਹੁਣ ਸੋਨੀਆ ਹੀ ਕਾਂਗਰਸ ਹੈ, ਨੂੰ ਕੋਈ ਮਹੱਤਵ ਨਹੀਂ ਦਿੰਦਾ। ਰਾਹੁਲ ਗਾਂਧੀ ਤਾਂ ਕਿਤੇ ਵੀ ਟਿੱਕਦਾ ਨਹੀਂ। ਇਹੋ ਹਾਲ ਦੂਸਰੇ ਪਰਿਵਾਰਵਾਦੀ ਦਲਾਂ ਦਾ ਹੋਣ ਵਾਲਾ ਹੈ ਅਤੇ ਕੁਝ ਦਾ ਹੋ ਰਿਹਾ ਹੈ। ਹੁਣ ਪਿਠੂਆਂ ਨੌਟੰਕੀ ਵੀ ਨਹੀਂ ਬਚਾਅ ਸਕੇਗੀ।

ਪੰਜਾਬ ਅੰਦਰ ਆਰ. ਐਸ. ਐਸ. ਅਤੇ ਭਾਜਪਾ ਰਾਜਨੀਤਕ ਵਿਸ਼ਲੇਸ਼ਕ ਪਿਛਲੇ ਪੌਣੇ 8 ਸਾਲਾ ਸ਼ਾਸਨ ਦੀ ਨਿਰਾਸ਼ਾਜਨਕ ਅਤੇ ਭ੍ਰਿਸ਼ਟ ਕਾਰਗੁਜ਼ਾਰੀ ਅਤੇ ਆਰਥਿਕ ਮੰਦਹਾਲੀ ਲਈ ਪ੍ਰੌਢ ਸਿਆਸਤਦਾਨ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਸਾਸ਼ਨ ਚਲਾ ਰਹੇ ਉਨ੍ਹਾਂ ਦੇ ਪੁੱਤਰ ਸ੍ਰ. ਸੁਖਬੀਰ ਸਿੰਘ ਬਾਦਲ ਵਲੋਂ ਭਾਜਪਾ ਆਗੂਆਂ ਅਤੇ ਮੰਤਰੀਆਂ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰਨ, ਕਾਂਗਰਸ ਵਿਧਾਇਕਾਂ ਨੂੰ ਸ਼੍ਰੋਮਣੀ ਅਕਾਲੀ ਨੂੰ ਇਕੱਲਿਆਂ ਬਹੁਮਤ ਵਾਲੀ ਪਾਰਟੀ ਬਣਾਉਣ ਲਈ ਦਲ ਬਦਲੀ ਰਾਹੀਂ ਲਿਆਉਣ, ਨਜ਼ਦੀਕੀ ਰਿਸ਼ਤੇਦਾਰ ਮੰਤਰੀ ਬਿਕਰਮ ਮਜੀਠੀਆ ਨੂੰ ਆਪ ਹੁਦਰੀਆਂ ਲਈ ਖੁੱਲ੍ਹ ਦੇਣ, ਪ੍ਰਧਾਨ ਮੰਤਰੀ ਜਾਂ ਕੇਂਦਰੀ ਮੰਤਰੀਆਂ ਨੂੰ ਮਿਲਣ ਜਾਣ ਸਮੇਂ ਭਾਜਪਾ ਭਾਈਵਾਲਾਂ ਦੀ ਲਗਾਤਾਰ ਅਣਦੇਖੀ ਕਰਨ, ਸਰਕਾਰੀ ਸਮਾਰੋਹਾਂ ਨੂੰ ਭਾਜਪਾ ਆਗੂਆਂ ਨੂੰ ਬਰਾਬਰ ਸਨਮਾਨ ਨਾ ਦੇਣ, ਕਮਿਸ਼ਨਾਂ, ਬੋਰਡਾਂ, ਕਾਰਪੋਰੇਸ਼ਨਾਂ, ਕਮੇਟੀਆਂ ਵਿਚ ਸਤਿਕਾਰਤ ਪ੍ਰਤੀਨਿਧਤਾ ਨਾ ਦੇਣ, ਪ੍ਰਸ਼ਾਸਨਿਕ, ਟੈਕਸ ਅਤੇ ਰੈਵੀਨਿਊ ਸਬੰਧੀ ਫੈਸਲਿਆਂ ਤੋਂ ਦੂਰ ਰੱਖਣ ਲਈ ਜ਼ਿੰਮੇਵਾਰ ਸਮਝਦੇ ਹਨ।

ਪਾਰਟੀ ਤੇ ਚੌਟਾਲਿਆਂ ਵਾਂਗ ਏਕਾਧਿਕਾਰ ਅਤੇ ਪਰਿਵਾਰਵਾਦ ਰਾਜਨੀਤਕ ਜਕੜ ਰੱਖਣ ਦੇ ਸਾਂਝੇ ਕਾਜ, ਹਰਿਆਣਾ ਅੰਦਰ ਸਾਂਝੇ ਆਰਥਿਕ, ਵਪਾਰਕ, ਰਾਜਨੀਤਕ ਹਿੱਤਾਂ ਲਈ ਇਨੈਲੋ ਨਾਲ ਗਠਜੋੜ ਲਈ ਵੀ ਉਹ ਸ੍ਰ. ਸੁਖਬੀਰ ਬਾਦਲ ਨੂੰ ਜ਼ਿੰਮੇਵਾਰ ਮੰਨਦੇ ਹਨ।

ਇਸੇ ਕਰਕੇ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਂਗਰਸ ਦੀ ਸ੍ਰੀ ਭੁਪਿੰਦਰ ਹੁੱਡਾ ਸਰਕਾਰ ਵਲੋਂ ਗਠਨ ਦਾ ਸ੍ਰੀ ਮੋਦੀ ਸਰਕਾਰ ਨੇ ਵਿਰੋਧ ਨਾ ਕੀਤਾ। ਗੁਜਰਾਤ ਅੰਦਰ ਹਰਿਆਣਾ ਅਤੇ ਪੰਜਾਬ ਦੇ ਸਿੱਖ ਕਿਸਾਨਾਂ ਦੇ ਮਸਲੇ ਨੂੰ ਬਾਦਲਾਂ ਵਲੋਂ ਵਾਰ ਵਾਰ ਜ਼ੋਰ ਪਾਉਣ 'ਤੇ ਜ਼ਰਾ ਨਾ ਗੌਲਿਆ।

ਰਾਜ ਅੰਦਰ ਆਰਥਿਕ ਬਦਇੰਤਜ਼ਾਮੀ ਦੇ ਚਲਦੇ ਕੇਂਦਰ ਅੰਦਰ ਸ੍ਰੀ ਮੋਦੀ ਸਰਕਾਰ ਅਤੇ ਇਸਦੇ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਨੇ ਪੰਜਾਬ ਲਈ ਆਰਥਿਕ ਪੈਕੇਜ ਦੀ ਮੰਗ ਵਾਰ ਵਾਰ ਨਕਾਰ ਦਿੱਤੀ। ਇਸਦੇ ਨਾਲ ਹੀ ਉਲਟਾ ਡਾ. ਮਨਮੋਹਨ ਸਿੰਘ ਦੀ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਵਲੋਂ ਪਿਛਲੇ ਸਾਲਾਂ ਵਿਚ ਦਿੱਤੇ ਜਾਂਦੇ ਧੰਨ ਦੇ ਵੇਰਵੇ ਜਾਰੀ ਕੀਤੇ।

ਕੇਂਦਰ ਅੰਦਰ ਮੋਦੀ ਸਰਕਾਰ ਦੇ ਆਗਮਨ ਬਾਅਦ ਬਾਦਲ ਸਰਕਾਰ ਅੰਦਰ ਭਾਜਪਾ ਮੰਤਰੀਆਂ ਨੇ ਵੀ ਆਪਹੁਦਰੀਆਂ ਸ਼ੁਰੂ ਕਰ ਦਿੱਤੀਆਂ ਭਾਵੇਂ ਇਹ ਮੰਤਰੀ ਨਿਕੰਮੇ ਅਤੇ ਭ੍ਰਿਸ਼ਟਾਚਾਰੀ ਹਨ। ਭਾਜਪਾ ਹਾਈ ਕਮਾਂਡ ਇਨ੍ਹਾਂ ਦਾ ਬਦਲ ਨਾ ਲੱਭ ਸਕਣ ਮਜਬੂਰੀ ਵਸ ਇਨ੍ਹਾਂ ਨੂੰ ਢੋਅਣ ਲਈ ਮਜਬੂਰ ਹੈ।

ਹਕੀਕਤ ਵਿਚ ਉਹ ਪੰਜਾਬ ਅੰਦਰ ਪਰਿਵਾਰਵਾਦ ਭ੍ਰਿਸ਼ਟ ਅਕਾਲੀ ਦਲ ਪਾਰਟੀ, ਇਸ ਦੀ ਲੀਡਰਸ਼ਿਪ ਦੇ ਨਾਲ ਹੀ ਆਪਣੇ ਐਸੇ ਮੰਤਰੀਆਂ ਅਤੇ ਆਗੂਆਂ ਤੋਂ ਪੰਜਾਬ ਨੂੰ ਮੁਕਤ ਕਰਾਉਣ ਦਾ ਏਜੰਡਾ ਰੱਖਦੀ ਹੈ। ਸ੍ਰੀ ਨਵਜੋਤ ਸਿੱਧੂ ਅਤੇ ਉਸਦੀ ਪਤਨੀ ਪਾਰਲੀਮਾਨੀ ਸਕੱਤਰ ਡਾ. ਨਵਜੋਤ ਸਿੱਧੂ ਦੇ ਸ੍ਰ. ਬਾਦਲ ਪਰਿਵਾਰ ਅਤੇ ਅਕਾਲੀ ਦਲ 'ਤੇ ਹਮਲੇ ਇਸੇ ਏਜੰਡੇ ਦੇ ਟ੍ਰੇਲਰ ਹਨ।

ਆਰ. ਐਸ. ਐਸ. ਮੁਖੀ ਸ੍ਰੀ ਮੋਹਨ ਭਾਗਵਤ ਦੀਆਂ ਪੰਜਾਬ ਅੰਦਰ ਚਾਰ ਫੇਰੀਆਂ, ਰਾਧਾ ਸੁਆਮੀ ਡੇਰੇ ਦੇ ਆਗੂ ਗੁਰਿੰਦਰ ਸਿੰਘ ਨਾਲ ਗੁਪਤ ਮੁਲਾਕਾਤ, ਦੂਸਰੇ ਡੇਰੇਦਾਰ ਬਾਬਿਆਂ ਨਾਲ ਤਾਲਮੇਲ, ਸਿੱਖਾਂ, ਬੋਧੀਆਂ, ਜੈਨੀਆਂ ਨੂੰ ਹਿੰਦੂ ਦਰਸਾਉਣਾ, ਹਰਿਆਣਾ ਚੋਣਾਂ ਵੇਲੇ ਸਿਰਸਾ ਵਾਲੇ ਬਾਬੇ ਰਾਮ ਰਹੀਮ ਸਿੰਘ ਦੀ ਮਦਦ ਲੈਣਾ, ਸ੍ਰੀ ਮੋਦੀ ਵਲੋਂ ਉਸਦੀ ਉਸਤਤ ਕਰਨਾ, ਸ੍ਰੀ ਐਲ. ਕੇ. ਅਡਵਾਨੀ ਵਲੋਂ ਰਾਧਾ ਸੁਆਮੀ ਬਿਆਸ ਡੇਰੇ ਅੰਦਰ ਬਾਬਾ ਜੀ ਨੂੰ ਮਿਲਣਾ ਅਤੇ ਰਾਤ ਰਹਿਣਾ ਆਦਿ 'ਹਿੰਦੁਤਵੀ ਏਜੰਡੇ' ਰਾਹੀਂ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਦੇ ਸਪਸ਼ਟ ਇਰਾਦੇ ਹਨ।

ਦਰਅਸਲ ਅਕਾਲੀ-ਭਾਜਪਾ ਗਠਜੋੜ ਨਿਰਾ ਸੱਤਾ ਪ੍ਰਾਪਤੀ ਲਈ ਮੌਕਾਪ੍ਰਸਤ ਗਠਜੋੜ ਰਿਹਾ ਹੈ। ਇਸ ਵਿਚ ਵਿਚਾਰਧਾਰਕ, ਸਿਧਾਂਤਕ, ਕੁਦਰਤੀ ਇਕਜੁਟਤਾ ਅਤੇ ਇਕਸੁਰਤਾ ਕਦੇ ਕਿਧਰੇ ਦੇਖਣ ਨੂੰ ਨਹੀਂ ਮਿਲੀ। ਪਰਿਵਾਰਵਾਦੀ ਏਕਾਧਿਕਾਰ ਨੇ ਅਕਾਲੀ ਦਲ ਦੀ ਪੰਥਕ ਕਾਰਡ ਸ਼ਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦੀ ਬਾਂਦੀ ਬਣਾ ਰੱਖੀ ਹੈ ਜੋ ਰਾਜ ਅੰਦਰ ਆਰ. ਐਸ. ਐਸ. ਦੀ ਹਿੰਦੁਤਵੀ ਏਜੰਡੇ ਨੂੰ ਤਕੜੀ ਟੱਕਰ ਦੇਣ ਸਮਰਥ ਸੀ।

ਮਰਹੂਮ ਟਕਸਾਲੀ ਅਕਾਲੀ ਆਗੂ ਜਥੇਦਾਰ ਉਜਾਗਰ ਸਿੰਘ ਸੇਖਵਾਂ ਅਤੇ ਜਥੇਦਾਰ ਸੇਵਾ ਸਿੰਘ ਸੇਖਵਾਂ ਜੋ ਮਰਹੂਮ ਦਲਿਤ ਦਿਉਕੱਦ ਆਗੂ ਅਤੇ ਬਸਪਾ ਦੇ ਬਾਨੀ ਦੇ ਕਰੀਬੀ ਮਿੱਤਰ ਅਤੇ ਸਹਿਯੋਗੀ ਸਨ, ਹਮੇਸ਼ਾ ਅਕਾਲੀ ਦਲ ਅਤੇ ਬਸਪਾ ਦੇ ਵਿਚਾਰਧਾਰਕ, ਸਿਧਾਂਤਕ ਅਤੇ ਕੁਦਰਤੀ ਪੱਖੋਂ ਇਕਜੁਟ ਅਤੇ ਇਕਸੁਰ ਗਠਜੋੜ ਦੇ ਵੱਡੇ ਹਾਮੀ ਸਨ, ਜਿਨ੍ਹਾਂ ਨੂੰ ਸ੍ਰ. ਬਾਦਲ ਪਰਿਵਾਰ ਦੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ।

ਜੇਕਰ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਪਣੇ ਪਰਿਵਾਰ ਨੂੰ, ਸ਼੍ਰੋਮਣੀ ਅਕਾਲੀ ਦਲ ਨੂੰ ਭਵਿੱਖ ਵਿਚ ਸ੍ਰੀ ਮੋਦੀ ਦੀ ਸੁਨਾਮੀ ਅਤੇ ਜਨਤਾ ਖਾਸ ਕਰਕੇ ਬੇਰੁਜ਼ਗਾਰ ਨੌਜਵਾਨੀ ਦੇ ਰੋਹ ਤੋਂ ਬਚਾਉਣਾ ਚਾਹੁੰਦੇ ਹਨ ਤਾਂ ਸ੍ਰ. ਸੁਖਬੀਰ ਬਾਦਲ, ਬਿਕਰਮ ਮਜੀਠੀਆ, ਆਦੇਸ਼ ਪ੍ਰਤਾਪ ਕੈਰੋਂ ਤੋਂ ਮੰਤਰੀ ਮੰਡਲ ਵਿਚੋਂ ਅਸਤੀਫ਼ੇ ਤੁਰੰਤ ਲੈਣ। ਇਨ੍ਹਾਂ ਨੂੰ ਪਾਰਟੀ ਕਾਡਰ ਆਧਾਰਤ ਮਜ਼ਬੂਤ ਕਰਨ ਲਈ, ਜਨਤਾ ਅਤੇ ਪੰਥ ਨਾਲ ਜੋੜਨ ਦੀ ਜ਼ਿੰਮੇਵਾਰੀ ਸੌਂਪਣ। ਕੇਂਦਰੀ ਮੰਤਰੀ ਮੰਡਲ ਵਿਚੋਂ ਨੂੰਹ ਹਰਸਿਮਰਤ ਦਾ ਅਸਤੀਫ਼ਾ ਲੈ ਕੇ ਉਸਦੀ ਥਾਂ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਸਾਂਸਦ ਨੂੰ ਮੰਤਰੀ ਬਣਾਉਣ। ਇਕ ਵਿਅਕਤੀ, ਇਕ ਅਹੁਦਾ ਦਾ ਨਿਯਮ ਅਪਨਾਉਣ। ਭ੍ਰਿਸ਼ਟ ਅਕਾਲੀ ਆਗੂਆਂ, ਪਰਿਵਾਰਵਾਦੀ ਲੁਟੇਰਿਆਂ, ਅਪਰਾਧੀਆਂ ਅਤੇ ਮੌਕਾਪ੍ਰਸਤਾਂ ਨੂੰ ਪਾਰਟੀ ਵਿਚੋਂ ਲਾਂਭੇ ਕਰਨ। ਭ੍ਰਿਸ਼ਟ ਕਾਂਗਰਸੀਆਂ ਨੂੰ ਪਾਰਟੀ ਨੂੰ ਮਲੀਨ ਕਰਨ ਲਈ ਸ਼ਾਮਲ ਕਰਨ ਦੀ ਥਾਂ ਬਹੁਜਨ ਸਮਾਜ ਪਾਰਟੀ ਜਾਂ ਖੱਬੇ ਪੱਖੀਆਂ ਨਾਲ ਰਾਜਨੀਤਕ ਗਠਜੋੜ ਨੂੰ ਪਹਿਲ ਦੇਣ। ਲੋਕਾਂ ਨੂੰ ਭ੍ਰਿਸ਼ਟਾਚਾਰ ਰਹਿਤ ਜਵਾਬਦੇਹ ਸਰਕਾਰ ਮੁਹੱਈਆ ਕਰਨ।

ਅਜਿਹਾ ਨਾ ਹੋਣ ਦੀ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਨਿਸ਼ਚਿਤ ਤੌਰ 'ਤੇ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਤੇ ਸੱਤਾ 'ਤੇ ਕਾਬਜ਼ ਹੋ ਜਾਵੇਗੀ ਕਿਉਂਕਿ ਜਿਸ ਵਿਚਾਰ ਦਾ ਸਮਾਂ ਆ ਗਿਆ ਹੋਵੇ ਉਸ ਨੂੰ ਕੋਈ ਤਾਕਤ ਰੋਕ ਨਹੀਂ ਸਕਦੀ।

**ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ,**
**ਬਰੈਂਪਟਨ, ਕੈਨੇਡਾ**
001-416-857-7665

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

**ਸੰਪਾਦਕ ਮੰਡਲ (ਆਨਰੇਰੀ)**
ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿਨੀਪੈਗ ਮਾਨੀਟੋਬਾ
204-981-3375
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com
**'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।**

# ਗੁਰੂ ਨਾਨਕ ਦੇਵ ਜੀ ਦਾ ਮਾਨਵਵਾਦ ਅਤੇ ਅਜੋਕੇ ਸਾਧ ਸੰਤ



ਗੁਰਚਰਨ ਨੂਰਪੁਰ



Gurpurab ! Mubarkbad !! Sri Guru Nanak Dev Shahib stressed equality, dignity of labour, importance of interaction and dialogue, giving patient hearing to different views of others, and giving equal respect and value to women. Let us move in life in light of Guru's such valuable thought. Prof. B S Brar.

ਗੁਰੂ ਨਾਨਕ ਦੇਵ ਜੀ ਦੀ ਇੱਕ ਬਹੁਤ ਪਿਆਰੀ ਤਸਵੀਰ ਹੁੰਦੀ ਸੀ ਜਿਸ ਵਿੱਚ ਉਹ ਹਲ ਵਾਹ ਰਹੇ ਹਨ। ਬਲਦਾਂ ਦੇ ਮਗਰ ਹਲ ਦੀ ਜੰਘੀ ਫੜੀ ਉਹ ਆਪਣੇ ਕੰਮ ਵਿੱਚ ਮਸਤ ਹਨ। ਇਹ ਤਸਵੀਰ ਹੁਣ ਅਲੋਪ ਹੋ ਰਹੀ ਹੈ ਸਾਧਾਂ ਸੰਤਾਂ ਦੇ ਡੇਰਿਆਂ ਤੇ ਤਾਂ ਇਹ ਤਸਵੀਰ ਤੁਹਾਨੂੰ ਬਿਲਕੁਲ ਵੀ ਨਜ਼ਰ ਨਹੀਂ ਆਵੇਗੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਲਗਭਗ 17 ਸਾਲ ਕਰਤਾਰਪੁਰ ਸਾਹਿਬ ਵਿਖੇ ਖੇਤੀ ਕਰਦੇ ਰਹੇ। ਉਹ ਗਰੀਬ ਗੁਰਬੇ ਦੀ ਮਦਦ ਕਰਦੇ ਅਤੇ ਲੋੜਵੰਦਾਂ ਨੂੰ ਭੋਜਨ ਛਕਾਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ 'ਚ ਪੈਦਲ ਚੱਲ ਕੇ ਜੰਗਲੀ, ਮਾਰੂਥਲੀ, ਦਰਿਆਈ ਅਤੇ ਕਠਿਨ ਪਹਾੜੀ ਰਸਤਿਆਂ ਤੋਂ ਲੰਘ ਕੇ ਮਨੁੱਖਤਾ ਨੂੰ ਸੱਚ ਦਾ ਮਾਰਗ ਦਿਖਾਇਆ। ਉਹਨਾਂ ਦਾ ਮਾਨਵਵਾਦੀ ਫਲਸਫਾ ਸਮੇਂ ਦੀਆਂ ਧਾਰਮਿਕ ਅਤੇ ਰਾਜਨੀਤਕ ਲੋਟੂ ਧਿਰਾਂ ਦੇ ਖਿਲਾਫ ਸੀ।

ਗੁਰੂ ਜੀ ਚਾਹੁੰਦੇ ਤਾਂ ਉਸ ਸਮੇਂ ਵੀ ਆਪਣੇ ਨਾਲ ਐਸ਼ੋ ਇਸ਼ਰਤ ਦੇ ਸਾਰੇ ਸਾਧਨ ਰੱਖ ਸਕਦੇ ਸਨ ਪਰ ਉਹਨਾਂ ਨੇ ਅਜਿਹਾ ਨਹੀਂ ਕੀਤਾ। ਉਹਨਾਂ ਨੇ ਆਪਣੀ ਜ਼ਿੰਦਗੀ ਦੌਰਾਨ ਹਜ਼ਾਰਾਂ ਮੀਲਾਂ ਦਾ ਸਫਰ ਪੈਦਲ ਤੈਅ ਕੀਤਾ। ਉਹ ਸਾਉਦੀ ਅਰਬ ਵਿੱਚ ਮੱਕਾ ਮਦੀਨਾ ਅਤੇ ਤਿੱਬਤ, ਆਸਾਮ, ਬੰਗਲਾ ਦੇਸ਼ ਅਤੇ ਸ਼੍ਰੀ ਲੰਕਾ ਤੱਕ ਗਏ। ਉਹਨਾਂ ਨੇ ਭਾਈ ਲਾਲੋ ਦੀ ਹੱਥੀਂ ਮਿਹਨਤ ਕਰਕੇ ਕਮਾਈ ਰੁੱਖੀ ਰੋਟੀ ਖਾਣ ਨੂੰ ਤਰਜੀਹ ਦਿੱਤੀ ਅਤੇ ਮਲਿਕ ਭਾਗੋ ਦੇ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਹੜੱਪ ਕੇ ਕਈ ਪ੍ਰਕਾਰ ਦੇ ਪਕਵਾਨਾਂ ਨੂੰ ਠੁਕਰਾਇਆ। ਉਹਨਾਂ ਨੇ ਨਿਰਦੋਸ਼ ਲੋਕਾਂ ਤੇ ਹੁੰਦੇ ਜੁਲਮ ਵੇਖ ਕੇ ਬਾਬਰ ਨੂੰ ਸ਼ਰੇਆਮ ਵੰਗਾਰਿਆ ਅਤੇ ਇੱਥੋਂ ਤਕ ਕੇ ਰੱਬ ਨੂੰ ਵੀ ਨਾ ਬਖਸ਼ਿਆ। ਕਿਰਤੀ ਲੋਕਾਂ ਦੇ ਘਰਾਂ 'ਚ ਮੰਗ ਮੰਗ ਕੇ ਖਾਣ ਵਾਲੇ ਢੌਂਗੀ, ਜੋਗੀਆਂ ਨੂੰ ਸੱਚ ਦਾ ਮਾਰਗ ਦੱਸਿਆ ਕਿਹਾ ਕਿ ਕਿਰਤ ਕਰਨ ਵਾਲੇ ਲੋਕ ਤੁਹਾਡੇ ਤੋਂ ਕਿਤੇ ਜ਼ਿਆਦਾ ਉੱਚੇ ਸੁੱਚੇ ਹਨ। ਆਪਣੇ ਸਮੇਂ ਦੇ ਅਖੌਤੀ ਧਾਰਮਿਕ ਆਗੂਆਂ ਨੂੰ ਖਰੀਆਂ-2 ਸੁਣਾਈਆਂ। ਉਹਨਾਂ ਨੇ ਧਰਮ ਦੇ ਨਾਮ ਤੇ ਚਲਦੇ ਪਖੰਡ ਨੂੰ ਨੰਗਾ ਕੀਤਾ। ਉਹਨਾਂ ਫਰਮਾਇਆ :-

**ਕਾਜੀ ਕੂੜ ਬੋਲ ਮਲੁ ਖਾਇ।**
**ਬਰਾਹਮਣ ਨਾਵੇ ਜੀਆ ਘਾਇ।**
**ਜੋਗੀ ਜੁਗਤ ਨਾ ਜਾਣੇ ਅੰਧ**
**ਤੀਨੇ ਉਜਾੜੇ ਕਾ ਬੰਧ।।**

ਉਸ ਸਮੇਂ ਜਦੋਂ ਅੰਧਵਿਸ਼ਵਾਸ਼ ਦਾ ਗੁਬਾਰ ਚਾਰ ਚੁਫੇਰੇ ਫੈਲਿਆ ਹੋਇਆ ਸੀ ਤਾਂ ਅਜਿਹੀ ਸੱਚੀ ਸੁੱਚੀ ਅਤੇ ਇੰਕਲਾਬੀ ਸੋਚ ਨੂੰ ਸ਼ਬਦਾ ਦਾ ਅਮਲੀ ਜਾਮਾ ਪਹਿਨਾਉਣਾ ਬੜੀ ਵੱਡੀ ਗੱਲ ਸੀ। ਪਰ ਉਹਨਾਂ ਨੇ ਬਾਬਰਾਂ ਜਾਬਰਾਂ ਅਤੇ ਮਲਕ ਭਾਗੋਆਂ ਨੂੰ ਉਹਨਾਂ ਦੇ ਮੂੰਹ ਤੇ ਸੱਚ ਕਿਹਾ ਅਤੇ ਅਖੌਤੀ ਧਾਰਮਿਕ ਲੋਟੂ ਜਮਾਤ ਨੂੰ ਵੰਗਾਰਿਆ।

ਅੱਜ ਆਪਣੇ ਆਪ ਨੂੰ ਉਸ ਬਾਬੇ ਦੇ ਪੈਰੋਕਾਰ ਅਖਵਾਉਣ ਵਾਲੇ ਅਖੌਤੀ ਸਾਧ ਸੰਤ ਬਾਬੇ ਨਾਨਕ ਦਾ ਨਾਮ ਵਰਤ ਕੇ ਮਲਿਕ ਭਾਗੋਆਂ ਵਾਂਗ ਅਨੰਦ ਮਈ ਜੀਵਣ ਬਸਰ ਕਰਦੇ ਹਨ। ਬਾਬੇ ਨਾਨਕ ਦੀ ਉਹ ਬਾਣੀ "ਘਾਲੁ ਖਾਇ ਕਿਛੁ ਹੱਥੋ ਦੇਹ" ਇਹਨਾਂ ਦੇ ਹਿੱਸੇ ਨਹੀਂ ਅਉਂਦੀ। ਮਲਿਕ ਭਾਗੋਆਂ ਵਾਂਗ ਇਹ ਲੋਕ ਆਪਣੇ ਵੱਡੇ-2 ਮਹੱਲ ਡੇਰੇ ਉਸਾਰ ਰਹੇ ਹਨ। ਗਰੀਬ ਬੇਵੱਸ ਤੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਕਰਕੇ ਲੋਕਾਂ ਦੇ ਖ਼ੂਨ ਪਸੀਨੇ ਨਾਲ ਉਸਰੇ ਮਹਿਲਨੁਮਾਂ ਡੇਰਿਆਂ ਵਿੱਚ ਰਾਜਿਆਂ ਮਹਾਂਰਾਜਿਆਂ ਵਾਂਗ ਬੜੀ ਐਸ਼ਮਈ ਜ਼ਿੰਦਗੀ ਬਸਰ ਕਰ ਰਹੇ ਹਨ। ਆਪਣੇ ਆਪ ਨੂੰ ਬਾਬੇ ਨਾਨਕ ਦੇ ਵੱਡੇ ਪੈਰੋਕਾਰ ਅਖਵਾਉਣ ਵਾਲੇ ਅਜੋਕੇ ਸਾਧਾਂ ਸੰਤਾਂ ਵੱਲੋਂ ਆਪ ਹੱਥੀਂ ਕੰਮ ਕਰਨਾ ਤਾਂ ਬੜੀ ਦੂਰ ਦੀ ਗਲ ਹੈ ਇਹਨਾਂ ਦੇ ਨਿੱਜੀ ਸੇਵਕ ਵੀ ਕਿਰਤ ਕਰਨ ਤੋਂ ਕੋਹਾਂ ਦੂਰ ਹਨ। ਇੱਥੇ ਹੀ ਬਸ ਨਹੀਂ ਅੱਜ ਇਹ ਗੱਲਾਂ ਵੀ ਇਹਨਾਂ ਦੇ ਧਿਆਨ ਵਿੱਚ ਹਨ ਕਿ ਕਿਹੜੇ ਸਾਧਨਾਂ ਤੋਂ ਵਧੇਰੇ ਕਮਾਈ ਕੀਤੀ ਜਾ ਸਕਦੀ ਹੈ। ਮੋਟੀਆਂ ਕਮਾਈਆਂ ਕਰਨ ਦੀ ਮਨਸ਼ਾ ਨਾਲ ਇਹਨਾਂ ਨੇ ਵੱਡੇ ਸਕੂਲ, ਕਾਲਜ, ਅਕੈਡਮੀਆਂ ਅਤੇ ਇੰਸਟੀਚਿਊਟ ਖੋਲ ਦਿੱਤੇ ਹਨ। ਇਹਨਾਂ ਦੀ ਉਸਾਰੀ ਤਾਂ ਕਾਰ ਸੇਵਾ ਸਮਝਕੇ ਗਰੀਬ ਗੁਰਬੇ ਕਰਦੇ ਹਨ, ਪਰ ਇਹਨਾਂ ਵਿੱਚ ਬੱਚੇ ਸਿਰਫ ਧਨਾਢ ਲੋਕਾਂ ਦੇ ਹੀ ਪੜ੍ਹ ਸਕਦੇ ਹਨ। ਇਸ ਸ਼ਰਧਾ ਦੇ ਕਾਰੋਬਾਰ ਚੋਂ ਗੁਰੂ ਨਾਨਕ ਦੇਵ ਜੀ ਦੀ ਮਾਨਵਵਾਦੀ ਵਿਚਾਰਧਾਰ ਮਨਫੀ ਹੋ ਚੁੱਕੀ ਹੈ।

ਅਜੋਕੇ ਸਮੇਂ ਵਿੱਚ ਪੰਜਾਬ ਅਤੇ ਇਸ ਦੇ ਆਸ ਪਾਸ ਵੱਡੀ ਪੱਧਰ ਤੇ ਅਖੌਤੀ ਧਾਰਮਿਕ ਡੇਰੇ ਉਸਰੇ ਅਤੇ ਉਸਾਰੇ ਵੀ ਜਾ ਰਹੇ ਹਨ। ਇਹਨਾਂ ਡੇਰਿਆਂ ਦੇ ਮੁਖੀ ਅੱਜ ਬਾਬੇ ਨਾਨਕ ਦੀ ਬਾਣੀ ਵਰਤ ਕੇ ਵਿਦੇਸ਼ੀ ਗੱਡੀਆਂ ਤੇ ਚੜੇ ਫਿਰਦੇ ਹਨ ਅਤੇ ਆਪਣੇ ਡੇਰਿਆਂ ਦੀਆਂ ਜਾਇਦਾਦਾਂ ਦਾ ਵਿਸਥਾਰ ਕਰ ਰਹੇ ਹਨ। ਹਾੜੀ ਸਾਉਣੀ ਮੰਗ ਕੇ ਲਿਆਉਣ ਲਈ ਇਹਨਾਂ ਨੇ ਵੱਡੀ ਤਾਦਾਦ ਵਿੱਚ ਆਪਣੇ ਕਾਰਸੇਵਕ ਰੱਖੇ ਹੋਏ ਹਨ। ਆਪਣੇ ਡੇਰਿਆਂ ਵਿੱਚ ਬੈਠੇ ਅਖੌਤੀ ਸਾਧ ਸੰਤ ਠਾਠਾਂ ਲੈ ਰਹੇ ਹਨ ਅਤੇ ਸਾਡੇ ਸਮਾਜ ਦੇ ਭੋਲੇ ਭਾਲੇ ਗਰੀਬ ਲੋਕ ਉਹਨਾਂ ਤੋਂ ਆਪਣੇ ਘਰਾਂ ਦੀ ਗਰੀਬੀ ਕੰਗਾਲੀ ਅਤੇ ਦੁਖਾਂ ਦੀ ਨਵਿਰਤੀ ਲੋੜਦੇ ਹਨ।

ਅਨਿਆਂ ਅੱਜ ਵੀ ਹੁੰਦੇ ਹਨ। ਮਲਿਕ ਭਾਗੋ ਅੱਜ ਵੀ ਹਨ। ਗਰੀਬ ਲਾਲੋਆਂ ਦੇ ਭਰਾ ਉਦੋਂ ਵੀ ਭੁੱਖੇ ਮਰਦੇ ਸੀ ਅੱਜ ਵੀ ਮਰਦੇ ਹਨ। ਬਾਬਰ ਕੱਲ ਵੀ ਸੀ ਤੇ ਉਹ ਅੱਜ ਵੀ ਹੈ। ਅੱਜ ਵੀ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਵਧ ਰਿਹਾ ਹੈ। ਤਾਕਤ ਦੇ ਨਸ਼ੇ ਵਿੱਚ ਟੁੰਨ ਹਾਕਮ ਕੱਲ੍ਹ ਵੀ ਵਧੀਕੀਆਂ ਕਰਦੇ ਸਨ ਅੱਜ ਵੀ ਕਰਦੇ ਹਨ। ਪਰ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਅਨੁਆਈ ਅਖਵਾਉਣ ਵਾਲੇ ਅਤੇ ਉਹਨਾਂ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਦੇ ਦਾਹਵੇ ਕਰਨ ਵਾਲੇ ਅੱਜ ਦੇ ਭ੍ਰਿਸ਼ਟਤੰਤਰ ਖਿਲਾਫ ਕਦੇ ਨਹੀਂ ਬੋਲਦੇ। ਆਪਣੇ ਸਮੇਂ ਵਿੱਚ ਅਜਿਹੇ ਅਨਿਆਂ ਹੁੰਦੇ ਵੇਖ ਕੇ ਗੁਰੂ ਨਾਨਕ ਨੇ ਲੋਕਾਈ ਨੂੰ ਜਗਾਉਂਦਿਆਂ ਆਵਾਜ ਬੁਲੰਦ ਕੀਤੀ:-

**ਸ਼ਰਮ ਧਰਮੁ ਦੋਇ ਛੁਪ ਖਲੋਇ ਕੂੜ ਫਿਰੇ ਪਰਧਾਨੁ ਵੇ ਲਾਲੋ।**

**ਪਾਪ ਕੀ ਜੰਞ ਲੈ ਕਾਬਲੋ ਧਾਇਆ ਜੋਰੀ ਮੰਗਹਿ ਦਾਨੁ ਵੇ ਲਾਲੋ।।**

ਲੋਕਾਂ ਤੇ ਅਤਿਆਚਾਰ ਹੁੰਦੇ ਵੇਖ ਕੇ ਉਹਨਾਂ ਰੱਬ ਨੂੰ ਵੀ ਨਾ ਬਖਸ਼ਿਆ ਤੇ ਕਿਹਾ:-

**ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦੁ ਨਾ ਆਇਆ।**

ਅਜੋਕੇ ਅਖੌਤੀ ਸਾਧਾਂ ਸੰਤਾਂ ਵੱਲੋਂ ਭ੍ਰਿਸ਼ਟ ਹੋ ਚੁੱਕੇ ਅਤੇ ਗਲੇ ਸੜੇ ਤੰਤਰ ਖਿਲਾਫ ਬੋਲਣਾ ਤਾਂ ਦੂਰ ਦੀ ਗੱਲ ਹੈ ਇੱਥੇ ਤਾਂ ਸਾਧਾਂ ਤੇ ਨੇਤਾਵਾਂ ਦੀਆਂ ਯਾਰੀਆਂ ਹਨ। ਨੇਤਾ ਦਾ ਧਿਆਨ ਡੇਰੇ 'ਤੇ ਜੁੜੀ ਸੰਗਤ ਦੀ ਵੋਟ ਤੇ ਹੈ ਕਿਉਂਕਿ ਉਹ ਸਮਝਦਾ ਹੈ ਜ਼ਿਆਦਾ ਲੋਕਾਂ ਦੇ ਤਰਲੇ ਕਰਨ ਨਾਲੋਂ ਇੱਕੋ ਸਾਧ ਦੇ ਪੈਰੀ ਪੈਣਾ ਚੰਗਾ ਹੈ। ਸਾਧ ਦਾ ਧਿਆਨ ਵੀ ਡੂੰਘਾਈ ਵਿੱਚ ਆਪਣੀ ਕਮਾਈ ਤੇ ਹੈ ਕਿ ਕਲ ਨੂੰ ਅਖਬਾਰ ਵਿੱਚ ਖਬਰ ਛਪੇਗੀ ਕਿ ਨੇਤਾ ਜੀ ਵੀ ਸੰਤਾਂ ਦੇ ਸੇਵਕ ਹਨ ਤਾਂ ਭੀੜ ਦੀ ਤਾਦਾਦ ਵਿੱਚ ਹੋਰ ਵਾਧਾ ਹੋਵੇਗਾ। ਭਾਰਤੀ ਰਾਜਨੀਤੀ ਵਿੱਚ ਕਈ ਅਜਿਹੀਆਂ ਉਦਾਹਰਣਾਂ ਹਨ ਜਦੋਂ ਸਾਧਾਂ ਸਾਧਣੀਆਂ, ਸੰਤਾਂ, ਤਾਂਤਰਿਕਾਂ ਨੇ ਚੋਣਾਂ ਲੜੀਆਂ ਤੇ ਮੰਤਰੀ ਵੀ ਬਣੇ। ਇਸ ਤਰ੍ਹਾਂ ਜਿੱਥੇ ਅੱਜ ਤੋਂ ਕੁਝ ਸਮਾਂ ਪਹਿਲਾਂ ਸਭ ਕੁਝ ਤਿਆਗ ਦੇਣ ਵਾਲੇ ਸਾਧ ਦੀ ਤਿਆਗ ਦੀ ਭਾਵਨਾਂ ਵੇਖ ਕੇ ਲੋਕ ਉਹਦਾ ਸਤਿਕਾਰ ਕਰਦੇ ਸਨ ਉੱਥੇ ਅੱਜ ਸਾਧਪੁਣਾ ਅੱਜ ਪੈਸਾ ਇਕੱਠਾ ਕਰਨ ਅਤੇ ਸੱਤਾ ਦੀ ਤਾਕਤ ਹਾਸਲ ਕਰਨ ਦਾ ਇੱਕ ਜ਼ਰੀਆ ਬਣ ਗਿਆ ਹੈ। ਅੱਜ ਗੁਰੂ ਨਾਨਕ ਦੇਵ ਜੀ ਦੇ ਹਰ ਸਿੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਅੱਜ ਜੋ ਇਹਨਾਂ ਸਾਧਾਂ ਸੰਤਾਂ ਵੱਲੋਂ ਸਿੱਖੀ ਦੇ ਨਾਮ ਤੇ ਫੇਲਾਇਆ ਤੇ ਪ੍ਰਚਾਰਿਆ ਜਾ ਰਿਹਾ ਹੈ ਇਹ ਸਭ ਕੁਝ ਸਿੱਖੀ ਦਾ ਫਲਸਫਾ ਨਹੀਂ। ਸਿੱਖੀ ਦਾ ਫਲਸਫਾ ਤਾਂ ਸਾਨੂੰ ਹਮੇਸ਼ਾ ਇਹ ਸਿਖਾਉਂਦਾ ਰਿਹਾ ਹੈ ਜੇਕਰ ਬਹੁਤ ਸਾਰੀਆਂ ਸ਼ਿੰਗਾਰੀਆਂ ਹੋਈਆਂ ਬੇੜੀਆਂ ਤੁਹਾਡੇ ਸਾਹਮਣੇ ਖੜੀਆਂ ਹਨ ਤਾਂ ਤੁਸੀਂ ਕਿਸੇ ਨਿਮਾਣੇ ਸਿੱਖ ਦੀ ਟੁੱਟੀ ਫੁੱਟੀ ਬੇੜੀ ਵਿੱਚ ਸਵਾਰ ਹੋਣਾ ਹੈ। ਸਿੱਖੀ ਦਾ ਫਲਸਫਾ ਦੱਸਦਾ ਰਿਹਾ ਹੈ ਕਿ ਤੁਸੀਂ ਮਲਿਕ ਭਾਗੋਆਂ ਦੇ ਨਹੀਂ ਬਲਕਿ ਸਦਾ ਭਾਈ ਲਾਲੋਆਂ ਦੇ ਹੱਕ ਵਿੱਚ ਖੜਨਾ ਹੈ। ਜਦੋਂ ਸਾਡੇ ਸਾਧ ਸੰਤ ਡਾਲਰਾਂ ਦੀ ਬੋਰੀਆਂ ਭਰਨ ਲਈ ਅਮਰੀਕਾ, ਕਨੇਡਾ ਅਤੇ ਇੰਗਲੈਂਡ ਦੇ ਗੇੜੇ ਲਾਉਂਦੇ ਹਨ ਤਾਂ ਮਨ ਵਿੱਚ ਵਿਚਾਰ ਪੈਦਾ ਹੁੰਦਾ ਹੈ ਕਿ ਕੀ ਇਹਨਾਂ ਨੂੰ ਅਫਗਾਨਸਤਾਨ ਵਿੱਚ ਜਾਂ ਬੰਗਲਾ ਦੇਸ਼ ਵਿੱਚ ਵਸਦੇ ਸਿੱਖ ਨਜਰ ਨਹੀਂ ਆਉਂਦੇ। ਗੁਰੂ ਜੀ ਇਹਨਾਂ ਥਾਵਾਂ 'ਤੇ ਵੀ ਗਏ ਸੀ। ਇਹਨਾਂ ਦੇਸ਼ਾਂ ਵਿੱਚ ਕਈ ਥਾਵਾਂ ਨਾਲ ਗੁਰੂ ਜੀ ਦੀਆਂ ਯਾਦਾਂ ਵੀ ਜੁੜੀਆਂ ਹਨ। ਇੱਥੇ ਗੁਰਦੁਆਰ ਵੀ ਹਨ। ਸਿੱਖ ਵੀ ਹਨ। ਇਹਨਾਂ ਦੇਸ਼ਾਂ ਵੱਲ ਸਾਡੇ ਸਾਧਾਂ ਬਾਬਿਆਂ ਦੇ ਕਦੇ ਵੀ ਮੁਬਾਰਕ ਚਰਨ ਨਹੀਂ ਪੈਂਦੇ। ਕਿਉਂ ਨਹੀਂ ਪੈਂਦੇ ? ਉੱਥੇ ਵੱਸਦੇ ਸਿੱਖਾਂ ਕੋਲ ਕੋਲ ਸਾਡੇ ਸਾਧ ਬਾਬਿਆਂ ਨੂੰ ਭੇਂਟ ਕਰਨ ਲਈ ਡਾਲਰ ਨਹੀਂ ਹਨ ਤੇ ਤੇ ਜਿੱਥੇ ਡਾਲਰ ਨਹੀਂ ਪੌਂਡ ਨਹੀਂ ਉੱਥੇ ਬਾਬਾ ਜੀ ਦਾ ਜਾਣ ਭਲਾ ਕੀ ਕੰਮ ?

ਅੱਜ ਸਾਨੂੰ ਵਿਚਾਰਨ ਦੀ ਲੋੜ ਹੈ ਜੇਕਰ ਕੁਝ ਕੁ ਹੱਥਾਂ ਵਿੱਚ ਬੇਤਾਹਾਸ਼ਾ ਦੋਲਤ ਇਕੱਠੀ ਹੁੰਦੀ ਹੈ ਤਾਂ ਇਸ ਵਰਤਾਰਾ ਆਮ ਮਨੁੱਖ ਲਈ ਹਮੇਸ਼ਾ ਘਾਤਕ ਸਿੱਧ ਹੁੰਦਾ ਹੈ। ਕਿਉਂ ਕਿ ਇਹ ਦੋਲਤ ਜਿੱਥੋਂ ਆਉਂਦੀ ਹੈ ਉੱਥੇ ਇਸ ਨਾਲ ਖੱਪੇ ਵੀ ਪੈਂਦੇ ਹਨ। ਜਿਵੇਂ ਕਿਸੇ ਥਾਂ ਟਿੱਬਾ ਬਣਾਉਣ ਲਈ ਕਿਤੇ ਟੋਇਆ ਪੈ ਜਾਂਦਾ ਹੈ ਇਸ ਤਰ੍ਹਾਂ ਲੋਕਾਂ ਦੀ ਭਾਵਨਾਵਾਂ ਨੂੰ ਕੈਸ਼ ਕਰਕੇ ਮਾਇਆ ਇਕੱਠੀ ਕਰਨੀ ਸਿੱਖੀ ਦਾ ਫਲਸਫਾ ਨਹੀਂ ਹੈ। ਸਿੱਖੀ ਦਾ ਫਲਸਫਾ ਕਿਰਤ ਕਰਨ ਵਾਲਿਆਂ ਦਾ ਫਲਸਫਾ ਹੈ। ਇਹ ਤਾਂ ਇਹ ਕਹਿੰਦਾ ਹੈ ਜੇਕਰ ਕੋਈ ਬੰਦਾ ਹੱਥੀ ਕਿਰਤ ਨਹੀਂ ਕਰਦਾ ਤਾਂ ਉਸ ਤੋਂ ਪਾਣੀ ਪੀਣਾ ਵੀ ਪਾਪ ਹੈ। ਜਿਵੇਂ ਇੱਕ ਹੱਥੀਂ ਕੰਮ ਨਾ ਕਰਨ ਵਾਲੇ ਤੋਂ ਦਸਵੇਂ ਗੁਰੂ ਸ੍ਰੀਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਹਿ ਕੇ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਸੀ ਜੋ ਜਿਹੜੇ ਹੱਥ ਕਿਰਤ ਨਹੀਂ ਨਹੀਂ ਕਰਦੇ ਉਹ ਪਵਿੱਤਰ ਨਹੀਂ ਹੋ ਸਕਦੇ। ਸਵਾਲ ਇੱਥੇ ਇਹ ਪੈਦਾ ਹੁੰਦਾ ਹੈ ਕਿ ਜੇਕਰ ਅੱਜ ਸਾਡੇ ਗੁਰੂ ਜੀ ਆਉਣ ਤਾਂ ਕੀ ਉਹ ਇਹਨਾਂ ਸਾਧਾ ਸੰਤਾਂ ਤੋਂ ਪਾਣੀ ਪੀ ਲੈਣਗੇ ? ਜਿਹਨਾਂ ਦੇ ਭੋਰੇ ਗਰਮੀਆਂ ਵਿੱਚ ਠੰਡੇ ਹੁੰਦੇ ਹਨ ਸਰਦੀਆਂ ਵਿੱਚ ਗਰਮ ਹੁੰਦੇ ਹਨ। ਲੋੜ ਇਸ ਗੱਲ ਦੀ ਨਹੀ ਕਿ ਕਿਹੜੇ ਸੰਤਾਂ ਨੇ ਆਪਣੇ ਮਗਰ ਕਿੰਨੀ ਭੀੜ ਇਕੱਠੀ ਕੀਤੀ ਜਾਂ ਕਿਹੜੇ ਸੰਤਾਂ ਕਿੰਨੇ ਪਾਠ ਕਰਵਾਏ ਸਗੋਂ ਲੋੜ ਅੱਜ ਇਹ ਹੈ ਕਿਹੜਾ ਸੰਤ ਅੱਜ ਸਾਡੇ ਲਈ ਰੋਲ ਮਾਡਲ ਹੈ ਕਿਹੜਾ ਸੰਤ ਹੈ ਜੋ ਬਾਬੇ ਨਾਨਕ ਵਾਂਗ ਕਹਿੰਦਾ ਹੈ ਅਖੌਤੀ ਰੱਬ ਦੇ ਘਰਾਂ ਧਾਰਮਿਕ, ਅਸਥਾਨਾਂ, ਡੇਰਿਆਂ ਤੇ ਜਾਣਾ ਵਿਅਰਥ ਹੈ ਇਮਾਨਦਾਰੀ ਨਾਲ ਆਪਣੇ ਗਹ੍ਰਿਸਥੀ ਜੀਵਣ ਦਾ ਨਿਰਬਾਹ ਕਰਨ ਤੋਂ ਵੱਡੀ ਕੋਈ ਹੋਰ ਭਗਤੀ ਨਹੀਂ ਹੈ। ਸਾਡੇ ਪੰਜਾਬੀ ਲੋਕ ਅੱਜ ਕੰਮ ਕਰਨ ਤੋਂ ਲਗਾਤਾਰ ਦਰਕਿਨਾਰ ਕਰ ਰਹੇ ਹਨ। ਕਾਰਨ ਭਾਵੇਂ ਹੋਰ ਵੀ ਹੋਣਗੇ ਪਰ ਇੱਕ ਕਾਰਨਾ ਇਹ ਹੈ ਸਾਡੇ ਕੋਲ ਰੋਲ ਮਾਡਲਾਂ ਦਾ ਵੱਡਾ ਸੰਕਟ ਹੈ। ਸਾਡਾ ਉਹ ਫਲਸਫਾ ਕਿੱਥੇ ਹੈ ਜਿਸ ਵਿੱਚ ਭਗਤ ਕਬੀਰ ਜੀ ਆਪ ਖੱਡੀ ਬੁਣਦੇ ਹਨ ਤੇ ਲੋਕਾਂ ਨੂੰ ਕਿਰਤ ਕਰਨ ਦਾ ਉਪਦੇਸ਼ ਦਿੰਦੇ ਹਨ। ਸਾਡੇ ਸਮਾਜ ਨੂੰ ਇਸ ਵੇਲੇ ਕਰੋੜਾਂ ਰੁਪਏ ਦੀਆਂ ਗੱਡੀਆਂ ਵਿੱਚ ਚੜ੍ਹਨ ਵਾਲੇ ਅਮੀਰ ਸੰਤਾਂ ਦੀ ਲੋੜ ਨਹੀਂ। ਅੱਜ ਸਿੱਖ ਧਰਮ ਨੂੰ ਜਿਸ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਇਹ ਸਭ ਇਹਦੀ ਅਸਲੀਅਤ ਤੋਂ ਕੋਹਾਂ ਦੂਰ ਹੈ। ਫੋਕੇ ਦਿਖਾਵਿਆਂ ਅਤੇ ਫੋਕੀਆਂ ਚੌਧਰਾਂ ਤੋਂ ਸਿੱਖ ਹਮੇਸ਼ਾਂ ਦੂਰ ਹੀ ਰਹਿੰਦੇ ਰਹੇ ਹਨ। ਇਹੋ ਕਾਰਨ ਸੀ ਕਿ ਇਹਨਾਂ ਨੇ ਕਦੇ ਘੋੜਿਆਂ ਦੀ ਲਿੱਦ ਚੁੱਕਣ ਵਾਲੇ ਦੇ ਸਿਰ ਤਾਜ ਸਜਾ ਦਿੱਤਾ। ਅੱਜ ਜਿਵੇਂ ਵਿਖਾਵੇ ਕਰਨ ਲਈ ਡੇਰਿਆਂ ਦੇ ਜਲਸਿਆਂ ਜਲੂਸਾਂ ਤੇ ਜਹਾਜਾਂ ਨਾਲ ਫੁੱਲਾਂ ਦੀ ਵਰਖਾ ਕਰਵਾਈ ਜਾਂਦੀ ਹੈ ਹਾਥੀਆਂ ਘੋੜਿਆਂ ਦੇ ਵੱਡੇ ਵੱਡੇ ਜਲਸੇ ਜਲੂਸ ਕੱਢੇ ਜਾਂਦੇ ਹਨ। ਵਿਸ਼ਾਲ ਦਰਬਾਰ ਸਜਾਏ ਜਾਂਦੇ ਹਨ। ਜਦੋਂ ਕੋਈ ਸਾਧ ਆਪਣੇ ਚੇਲਿਆਂ ਦੀਆਂ ਵੱਡੀ ਵੱਡੀਆਂ ਬਰਾਤਾਂ ਲੈ ਕੇ ਹੂਟਰ ਮਾਰਦੀਆਂ ਸ਼ਾਂ ਸ਼ਾਂ ਗੱਡੀਆਂ ਵਿੱਚ ਸੜਕ ਤੋਂ ਗੁਜਰਦਾ ਹੈ ਤਾਂ ਆਮ ਬੰਦਾ ਤਾਂ ਸਹਿਮ ਕੇ ਰਹਿ ਜਾਂਦਾ ਹੈ। ਉਸ ਨੂੰ ਸਮਝ ਨਹੀਂ ਆਉਂਦੀ ਕਿ ਕੋਈ ਇਹ ਕੋਈ ਧਨਾਡ ਲੰਘ ਰਿਹਾ ਹੈ ਕਿ ਕੋਈ ਸਾਧ ਲੰਘ ਰਿਹਾ ਹੈ। ਇਹਨਾਂ ਡੇਰਿਆਂ ਵਿੱਚ ਵੱਡੇ ਵੱਡੇ ਲੰਗਰਹਾਲ, ਪ੍ਰਵਚਨ ਹਾਲ, ਸਰੋਵਰ ਅਤੇ ਆਲੀਸ਼ਾਨ ਪਾਰਕਾਂ ਕਰੋੜਾਂ ਰੁਪਏ ਦੀਆਂ ਜਾਇਦਾਦਾਂ ਐਵੇ ਨਹੀਂ ਬਣ ਜਾਂਦੀਆਂ ? ਆਖਿਰ ਇਹ ਪੈਸਾ ਆਮ ਲੋਕਾਂ ਨੂੰ ਭਾਵੁਕ ਕਰਕੇ ਹੀ ਉਹਨਾਂ ਦੀਆਂ ਜੇਬਾਂ ਵਿੱਚੋਂ ਕਢਾਇਆ ਜਾਂਦਾ ਹੈ। ਅੱਜ ਦੁਨੀਆਂ ਜਦੋਂ ਇਕੀਵੀ ਸਦੀ ਵਿੱਚ ਪ੍ਰਵੇਸ਼ ਕਰ ਰਹੀ ਹੈ ਤਾਂ ਅੱਜ ਵੀ ਆਮ ਲੋਕਾਂ ਨੂੰ ਨਰਕ ਸਵਰਗ ਮੁਕਤੀ ਦੇ ਦਾਤੇ ਬਣ ਉਹਨਾਂ ਨੂੰ ਠੱਗਿਆ ਜਾ ਰਿਹਾ ਹੈ ਜੋ ਕਿ ਅਤਿ ਨਿੰਦਣ ਵਾਲੀ ਗੱਲ ਹੈ।

ਸਾਨੂੰ ਚਾਹੀਦਾ ਹੈ ਸਮਾਜ ਵਿੱਚ ਪਨਪ ਰਹੇ ਅਜਿਹੇ ਵਰਤਾਰਿਆਂ ਖਿਲਾਫ ਆਵਾਜ ਉਠਾਈਏ। ਅੱਜ ਜਦੋਂ ਦੁਨੀਆਂ ਬੜੀ ਤੇਜੀ ਨਾਲ ਤਰੱਕੀ ਕਰ ਰਹੀ ਹੈ ਤਾਂ ਇਹ ਢੋਗੀ ਕਿਸਮ ਦੇ ਲੋਕ ਆਪਣੇ ਸੌੜੇ ਹਿੱਤਾਂ ਲਈ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਸਾਨੂੰ ਜਿੱਥੇ ਗਿਆਨਵਾਨ ਹੋਣ ਦੀ ਲੋੜ ਹੈ ਉਥੇ ਸੁਚੇਤ ਹੋਣ ਦੀ ਵੀ ਬੜੀ ਜਰੂਰਤ ਹੈ।

ਮੋ: 98550-51099



## ਮਾ. ਭਜਨ ਕੈਲਗਰੀ ਰਾਹੀਂ ਆਈ ਸਹਾਇਤਾ

| | |
|---|---|
| 1. ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਗਲਰੀ | 500 ਡਾਲਰ |
| 2. ਰੁਪਿੰਦਰਪਾਲ ਪੰਧੇਰ | 225 ਡਾਲਰ |
| 3. ਹਰਿੰਦਰ ਸਿੰਘ | 225 ਡਾਲਰ |
| 4. ਮਾ. ਰਣਜੀਤ ਸਿੰਘ ਬੜਿੰਗ | 100 ਡਾਲਰ |
| 5. ਸੁਰਿੰਦਰ ਸਿੰਘ ਢਿੱਲੋਂ | 20 ਡਾਲਰ |

AVTAR SINGH KAMBOJ
Real Estate Representative
Dir: 416-319-9830
Email: akamboj@trebnet.com
Sutton
Residential, Commercial & Investment
SUTTON-ROYAL REALTY BROKERAGE
INDEPENDENTLY OWNED AND OPERATED
45 Woodbine Downs Blvd., #3
Toronto, Ontario M9W 6N5
Bus: 416-748-7900 Fax: 416-674-1682



Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative






S. Mehanga Singh Saraf
M.S. Int. Jewellers Inc.
22Kt./24kt. Gold Jewellery
CASH FOR GOLD
CASH FOR DIAMOND
& CASH FOR PLATINUM
DIAMONDS



14K, 18K Yellow & White Gold, Platinum Jewellery
905-671-9934
2985 DREW RD, UNIT #116, MISSISSAUGA



SUPERVISA & LIFE INSURANCE
* RESP (with govt. grants & extra bonus)
* VISITORS INSURANCE
* TRAVEL INSURANCE
* DISABILITY INSURANCE
* RRSP & TFSA
RAVINDERJIT BASRA
416-845-6232
www.ravinderjitbasra.com

INSURANCE
* Auto * Home
* Commercial
* Business
Call us for lowest rates
MULTIRISK
Harleen Basra
416-817-1600
hbasra@multirisk.ca



Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca
Harbans Singh
416-817-7142

